Monthly

THE PUNJAB HERALD

ਮਾਨਵੀ ਪਰਚਮ ਨੂੰ ਸਿਦਕ ਦਿਲੀ ਨਾਲ ਬੁਲੰਦ ਰੱਖਣ ਦਾ ਹਸਤਾਖਰ

Bilingual

# ਦਾ ਪੰਜਾਬ ਹੈਰਲਡ

The Punjab Herald

Chief Editor & Publisher - Dr.Avtar S.Sangha B.A.Hons., M.A., Ph.D.(English)-India | Graduate Dip. In Edu. - English & History (NSW) Certificate IV Course in Trg. & Assess. (TAFE)-Australia

Free Copy

Edition - (141) Mar. 2026, Sydney, Phone - 0437641033 , Email - thepunjabherald1@gmail.com

www.thepunjabherald.com

FOR ALL TYPES OF ADVERTISEMENTS IN THE PUNJAB HERALD PLEASE CALL 0437641033




Psychological pursuit of ease adranaline rush
(This term is the theme of Avtar S. Sangha's short story 'The Trolley-Pusher andthe FireBoy' which had appeared in this paper in Sept. 2024.

SINGH TRUCK DRIVING SCHOOL



Get your truck licence for MR,HR, HC or MC classes.

One day courses Available

Friendly trainer speaks Punjabi, Hindi and English.

Established 2012



CALL JATINDER SINGH : 0433572723

ਦਾ ਪੰਜਾਬ ਹੈਰਲਡ

ਵਿਚ ਕਿਸੇ ਵੀ ਤਰ੍ਹਾਂ ਦੀਆਂ ਖਬਰਾਂ, ਸਾਹਿਤਕ ਕ੍ਰਿਤਾਂ, ਜਾਇਦਾਦ ਸੰਬੰਧੀ ਸੂਚਨਾਵਾਂ ਤੇ ਵਿਆਹ ਸ਼ਾਦੀਆਂ ਸੰਬੰਧੀ ਇਸ਼ਤਿਹਾਰ ਛਪਵਾਉਣ ਲਈ ਤੁਸੀਂ ਸਾਡੇ ਨਾਲ ਹੇਠ ਲਿਖੇ ਨੰਬਰ ਅਤੇ ਈ-ਮੇਲ ਤੇ ਸੰਪਰਕ ਕਰ ਸਕਦੇ ਹੋ। ਚੰਗਾ ਹੋਵੇਗਾ ਜੇ ਇਹ ਸਭ ਪ੍ਰਕਾਰ ਦੀ ਸਮਗਰੀ ਹਰ ਮਹੀਨੇ 20 ਤਰੀਖ ਤੋਂ ਪਹਿਲਾਂ ਪਹਿਲਾਂ ਸਾਡੇ ਪਾਸ ਪਹੁੰਚ ਜਾਵੇ। ਸੰਪਰਕ 0437641033

ਜੇਕਰ ਕਿਸੇ ਨੇ ਇਸ਼ਤਿਹਾਰ ਛਪਵਾਉਣਾ ਬੰਦ ਕਰਾਉਣਾ ਹੋਵੇ ਤਾਂ ਉਹ ਮਹੀਨੇ ਦੀ 20 ਤਾਰੀਖ ਤੋਂ ਪਹਿਲਾਂ ਪਹਿਲਾਂ ਸਾਨੂੰ ਸੂਚਿਤ ਕਰੇ।

If somebody wishes to discontinue the advertisement, then please intimate us by calling 0437641033 before 20th every month.

thepunjabherald1@gmail.com







**ਮਿਤੀ 7 ਮਾਰਚ ਨੂੰ ਡਾ: ਅਵਤਾਰ ਐਸ ਸੰਘਾ ਦੀ ਅੰਗਰੇਜ਼ੀ ਦੀ ਕਹਾਣੀ** The Trolley Pusher and the Fireboy **ਦੀ ਚੈਨਲ ਤੇ ਚਰਚਾ ਹੋਈ। ਇਸ ਕਹਾਣੀ ਦੇ ਵਿਸ਼ਾ ਵਸਤੂ ਤੇ ਲੇਖਕ ਨਾਲ਼ ਪ੍ਰਿੰਸੀਪਲ (ਡਾ:) ਗੁਰਜੰਟ ਸਿੰਘ (ਸੇਵਾ ਮੁਕਤ) ਨੇ ਗੱਲ ਕੀਤੀ। ਅਵਤਾਰ ਐਸ. ਸੰਘਾ ਦਾ ਅਪਬੋਲੀ ਬਾਰੇ ਉਹ ਹਿੱਸਾ ਪੇਸ਼ ਕੀਤਾ ਗਿਆ ਸੀ ਜਿਹੜਾ ਉਨ੍ਹਾਂ ਸਾਹਿਤਿਕ ਦਰਬਾਰ ਵਿੱਚ ਬੋਲਿਆ ਸੀ। 8 ਮਾਰਚ ਨੂੰ ਉਰਦੂ ਸ਼ਾਇਰ ਤੇ ਫਿਲਮੀ ਗੀਤ ਲੇਖਕ ਸਾਹਿਰ ਲੁਧਿਆਣਵੀ ਦੀ ਜਨਮ ਵਰ੍ਹੇਗੰਢ ਆ ਰਹੀ ਏ। ਇਸ ਬਾਰੇ ਡਾ: ਅਵਤਾਰ ਐਸ. ਸੰਘਾ ਤੇ ਡਾ: ਦਵਿੰਦਰ ਸਿੰਘ ਜੀਤਲਾ ਦਾ ਪ੍ਰੋਗਰਾਮ ਯੂ-ਟਿਊਬ ਤੇ ਚਲ ਰਿਹਾ ਏ।**

# ਵਗੀ ਪੁਰੇ ਦੀ 'ਵਾ ਪੰਜਾਬੇ



ਇੱਕੋ ਸਾਲ ਰਹਿ ਗਿਆ ਪੰਜਾਬ ਦੇ ਹਾਕਮਾਂ ਦੀ ਮੁੜ ਚੋਣ ਲਈ। ਹੁਣੇ ਤੋਂ ਸਿਆਸੀ ਧਿਰਾਂ ਨੇ ਕਮਰਕੱਸੇ ਕਰ ਲਏ ਹਨ, ਉਹਨਾਂ ਪਰ ਤੋਲਣੇ ਸ਼ੁਰੂ ਕਰ ਲਏ ਹਨ। ਰਾਸ਼ਟਰੀ ਧਿਰਾਂ ਕਾਂਗਰਸ, ਭਾਜਪਾ, ਹਾਕਮ ਧਿਰ ਆਮ ਆਦਮੀ ਪਾਰਟੀ, ਖੇਤਰੀ ਧਿਰਾਂ-ਅਕਾਲੀ ਦਲ, ਬਸਪਾ ਅਤੇ ਖੱਬੀਆਂ ਧਿਰਾਂ ਸਮਾਂ ਰਹਿੰਦਿਆਂ ਹੀ ਸਰਗਰਮ ਦਿਸਣ ਲੱਗ ਪਈਆਂ ਹਨ। ਪੰਜਾਬ ਦੀ ਡੋਰ ਸੰਭਾਲਣ ਵਾਲੀ ਮਜ਼ਬੂਤ ਧਿਰ 'ਕਾਂਗਰਸ' ਦੇ ਨੇਤਾ ਰਾਹੁਲ ਗਾਂਧੀ ਨੇ ਬਰਨਾਲਾ 'ਚ ਚੋਣ ਬਿਗਲ ਵਜਾਉਂਦਿਆਂ ਦੇਸ਼ ਦੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਉੱਤੇ ਦੇਸ਼ ਦੇ ਕਿਸਾਨਾਂ, ਮਜ਼ਦੂਰਾਂ, ਵਪਾਰੀਆਂ ਦੇ ਹਿੱਤ ਅਮਰੀਕਾ ਕੋਲ ਗਹਿਣੇ ਰੱਖਣ ਦੇ ਦੋਸ਼ ਲਾਏ। ਉੱਥੇ ਕਾਂਗਰਸ ਪ੍ਰਧਾਨ ਨੇ ਦੋਸ਼ ਲਾਇਆ ਕਿ ਆਮ ਆਦਮੀ ਪਾਰਟੀ 'ਭਾਜਪਾ' ਦੀ "ਬੀ" ਟੀਮ ਵਜੋਂ ਕੰਮ ਕਰ ਰਹੀ ਹੈ।

ਨਰੇਂਦਰ ਮੋਦੀ ਕੁਝ ਦਿਨ ਪਹਿਲਾਂ ਜਲੰਧਰ ਲਾਗਲੇ ਡੇਰਾ ਬੱਲਾਂ ਪਧਾਰੇ। ਇੱਕ ਨਵੀਂ ਇਬਾਰਤ ਲਿਖ ਗਏ। ਇੱਕ ਸ਼ਕਤੀਸ਼ਾਲੀ ਧਿਰ ਨੂੰ ਆਪਣੇ ਹੱਕ 'ਚ ਕਰਨ ਲਈ ਕੁਝ ਇਹੋ ਜਿਹੇ "ਬਚਨ-ਵਿਲਾਸ" ਕਰ ਗਏ, ਜਿਹਨਾਂ ਨੇ "ਡਬਲ ਇੰਜਣ" ਸਰਕਾਰ ਬਣਾਉਣ ਦਾ ਰਾਹ ਪੱਧਰਾ ਕਰਨਾ ਹੈ। ਹਾਕਮ ਧਿਰ ਆਮ ਆਦਮੀ ਪਾਰਟੀ ਦਾ ਰਾਸ਼ਟਰੀ ਕਨਵੀਨਰ ਕੇਜਰੀਵਾਲ ਅਤੇ ਪੰਜਾਬ ਸਰਕਾਰ "ਯੁੱਧ ਨਸ਼ਿਆਂ ਵਿਰੁੱਧ" ਦੇ ਦੂਜੇ ਪੜਾਅ 'ਚ ਲੋਕਾਂ ਨੂੰ ਸ਼ਾਮਲ ਕਰਨ ਲਈ ਪੱਬਾਂ ਭਾਰ ਹੈ। ਖੇਤਰੀ ਧਿਰਾਂ ਸ਼੍ਰੋਮਣੀ ਅਕਾਲੀ ਦਲ ਦੇ ਨੇਤਾ, ਥਾਂ-ਥਾਂ ਪੁੱਜਕੇ ਆਪਣੇ "ਇਲਾਕਾ ਉਮੀਦਵਾਰਾਂ" ਹੁਣੇ ਤੋਂ ਐਲਾਨਣ ਲੱਗ ਪਏ ਹਨ। ਪਿਛਲੇ ਦਿਨੀਂ ਕਰਵਾਈਆਂ ਗਈਆਂ ਬਲਾਕ ਸੰਮਤੀ ਚੋਣਾਂ 'ਚ ਲੋਕਾਂ ਦੇ ਚੰਗੇ ਹੁੰਗਾਰੇ ਤੋਂ ਉਹ ਵਾਹਵਾ ਉਤਸ਼ਾਹਿਤ ਹਨ।

ਇਸੇ ਸਭ ਕੁਝ ਦਰਮਿਆਨ ਕੱਲ੍ਹ ਖ਼ਬਰ ਛਪੀ ਰਾਮਾਮੰਡੀ (ਬਠਿੰਡਾ) ਨੇੜਲੇ ਪਿੰਡ ਕਮਾਲੂ ਦੇ 20 ਵਰ੍ਹਿਆਂ ਦਾ ਨੌਜਵਾਨ ਚਿੱਟੇ ਵੀ ਭੇਟ ਚੜ੍ਹ ਗਿਆ। ਪਿੰਡ ਪ੍ਰੇਸ਼ਾਨ ਹੈ।

ਫਿਰੋਜ਼ਪੁਰ ਦੇ ਬਲਾਕ ਮਖੂ ਦੇ ਪਿੰਡ ਨਿਜ਼ਾਮਵਾਲਾ ਦਾ 25 ਸਾਲ ਦਾ ਨੌਜਵਾਨ ਨਸ਼ੇ ਦੀ ਵੱਧ ਮਾਤਰਾ ਲੈਣ ਨਾਲ ਮਰ ਗਿਆ। ਮਰਨ ਵਾਲਾ ਪਿਛੇ ਪਤਨੀ, ਪੁੱਤਰ, ਦੋ ਪੁੱਤਰੀਆਂ ਛੱਡ ਗਿਆ। ਮਾਪੇ ਤੇ ਪੂਰਾ ਸਮਾਜ ਉਦਾਸ ਹੈ। ਹਾਲੇ ਦੋ ਕੁ ਦਿਨ ਪਹਿਲਾਂ ਪੰਜਾਬ ਪੁਲਸ ਦਾ ਇੱਕ ਸਿਪਾਹੀ ਤੇ ਇੱਕ ਹੋਮ ਗਾਰਡ ਗੋਲੀਆਂ ਨਾਲ ਬੈਠੇ-ਸੁੱਤੇ ਭੁੰਨ ਦਿੱਤੇ ਗਏ। ਨੌਜਵਾਨ ਕਰਨੈਲ ਸਿੰਘ ਦਾ ਇਸੇ ਘਟਨਾ ਦੇ ਸਿੱਟੇ ਵਜੋਂ ਪੁਲਿਸ ਮੁਕਾਬਲਾ ਹੋਇਆ ਦੱਸਿਆ ਜਾਂਦਾ ਹੈ। ਗੈਂਗਸਟਰ ਸਰਗਰਮੀਆਂ ਜ਼ੋਰਾਂ 'ਤੇ ਹਨ। ਪੰਜਾਬੀ ਗਾਇਕ ਪਰਮੀਸ਼ ਵਰਮਾ ਤੋਂ ਗੈਂਗਸਟਰਾਂ ਨੇ 10 ਕਰੋੜ ਦੀ ਫ਼ਿਰੌਤੀ ਮੰਗੀ ਹੈ। ਕੁਝ ਦਿਨ ਪਹਿਲਾਂ ਕਿਸਾਨ ਜੱਥੇਬੰਦੀ ਉਗਰਾਹਾਂ ਵਲੋਂ ਕੀਤੇ ਜਾ ਰਹੇ ਅੰਦੋਲਨ ਨੂੰ ਨਜਿੱਠਣ ਲਈ ਇੱਕ ਪੂਰੇ ਪਿੰਡ ਦੇ ਵਸ਼ਿੰਦਿਆਂ ਨੂੰ ਸਬਕ ਸਿਖਾਉਣ ਲਈ ਅੱਥਰੂ ਗੈਸ ਦੇ ਗੋਲੇ ਪੰਜਾਬ ਪੁਲਿਸ ਵੱਲੋਂ ਛੱਡੇ ਗਏ। ਇੱਕ ਕਿਸਾਨ ਦੀਆਂ ਲੱਤਾਂ ਬੁਰੀ ਤਰ੍ਹਾਂ ਤੋੜ ਦਿੱਤੀਆਂ ਗਈਆਂ । ਪੂਰੇ ਪੰਜਾਬ 'ਚ ਇਹੋ ਜਿਹਾ ਮਾਹੌਲ ਸਿਰਜਿਆ ਗਿਆ ਕਿ ਹਾਕਮ ਧਿਰ, ਪਰਜਾ ਤੋਂ ਉੱਪਰ ਹੈ, ਉਸ ਉੱਤੇ ਚੁੱਕੇ ਗਏ ਸਵਾਲ ਬਰਦਾਸ਼ਤ ਕਰਨ ਯੋਗ ਨਹੀਂ। ਸੂਬੇ 'ਚ ਕਿਸਾਨ ਅੰਦੋਲਨ ਕਰ ਰਹੇ ਹਨ, ਉਹਨਾਂ ਦੀਆਂ ਹੱਕੀ ਮੰਗਾਂ ਮੰਨੀਆਂ ਨਹੀਂ ਜਾ ਰਹੀਆਂ। ਮੁਲਾਜ਼ਮਾਂ ਦੀਆਂ ਉਹ ਮੰਗਾਂ ਜਿਹਨਾਂ ਨੂੰ ਮੰਨਣ ਦਾ ਵਾਇਦਾ "ਆਮ ਆਦਮੀ ਪਾਰਟੀ" ਨੇ ਆਪਣੇ ਚੋਣ ਪ੍ਰਚਾਰ ਸਮੇਂ ਕੀਤਾ ਸੀ, ਉਸ ਤੋਂ ਮੁਕਰਿਆ ਜਾ ਰਿਹਾ ਹੈ। ਗੱਲ ਦੂਰ ਦੀ ਕਿਉਂ ਕਰੀਏ, ਇੱਕ ਉਸ ਵਾਰ ਦੀ ਕਰ ਲੈਂਦੇ ਹਾਂ, ਜਦੋਂ ਅਕਾਲੀ-ਭਾਜਪਾ ਇਕੱਠੇ ਪ੍ਰਕਾਸ਼ ਸਿੰਘ ਬਾਦਲ ਦੀ ਸਰਕਾਰ ਬਣਾਈ ਬੈਠੇ ਸਨ। ਗੱਲ ਉਸ ਵੇਲੇ ਦੀ ਵੀ ਕਰ ਲੈਂਦੇ ਹਨ ਜਦੋਂ ਕਾਂਗਰਸ ਦਾ ਕੈਪਟਨ ਅਮਰਿੰਦਰ ਸਿੰਘ ਮੁੱਖ ਮੰਤਰੀ ਬਣਿਆ ਰਿਹਾ ਅਤੇ ਗੱਲ ਤਾਂ ਆਮ ਆਦਮੀ ਪਾਰਟੀ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਵੀ ਕਰਨੀ ਬਣਦੀ ਹੈ। ਗੱਲ ਇਹਨਾਂ ਦੀਆਂ ਸਖ਼ਸ਼ੀਅਤਾਂ ਦੀ ਕਿਉਂ ਕਰੀਏ ਕਿ ਉਹ ਕੀ ਸਨ, ਕੀ ਹਨ, ਗੱਲ ਤਾਂ ਉਹਨਾਂ ਦੇ ਕਾਰਜ ਕਾਲ ਦੌਰਾਨ "ਪੰਜਾਬ" ਨੂੰ ਦਿੱਤੇ ਯੋਗਦਾਨ ਦੀ ਕਰਨੀ ਚਾਹੀਦੀ ਹੈ। ਉਸ ਪੰਜਾਬ ਦੀ ਜਿਹੜਾ ਆਜ਼ਾਦੀ ਤੋਂ ਬਾਅਦ ਲਗਾਤਾਰ ਕੋਹਿਆ ਗਿਆ, ਕੁੱਟਿਆ ਗਿਆ, ਭੰਨਿਆ ਗਿਆ ਅਤੇ ਜਿਸ ਦਾ ਪੋਟਾ-ਪੋਟਾ ਨਪੀੜਿਆ, ਲਿਤਾੜਿਆ ਗਿਆ ਅਤੇ ਜਿਸਦੇ ਵਸ਼ਿੰਦੇ ਇਹਨਾਂ ਵਰ੍ਹਿਆਂ 'ਚ ਦੇਸੋਂ ਪਰਦੇਸੀ ਹੋਏ, ਓਪਰੇ ਹੋਏ, ਪਰਾਏ ਕਰ ਦਿੱਤੇ ਗਏ ਅਤੇ ਜਿਹਨਾਂ ਪੰਜਾਬੀਆਂ ਇੱਥੇ ਰਹਿਕੇ ਹੱਕ-ਸੱਚ ਲਈ ਅਵਾਜ਼ ਉਠਾਈ, ਉਹ ਇਸ ਜਹਾਨ ਤੋਂ ਹੀ ਤੋਰ ਦਿੱਤੇ ਗਏ।

ਇਹਨਾਂ ਵਰ੍ਹਿਆਂ 'ਚ ਪੰਜਾਬ ਨੂੰ ਨਾ '47 ਭੁਲਿਆ, ਨਾ ਚੌਰਾਸੀ। ਨਾ ਪੰਜਾਬ ਨੂੰ ਗਰਮ ਲਹਿਰਾਂ 'ਚ ਬੇਦੋਸ਼ੇ ਮਾਰੇ ਗਏ ਨੌਜਵਾਨ ਭੁਲੇ, ਨਾ ਬੱਸਾਂ 'ਚੋਂ ਕੱਢ-ਕੱਢ ਕੇ ਮਾਰੇ ਗਏ ਬੇਕਸੂਰੇ। ਨਾ ਪੰਜਾਬ ਨੂੰ ਇਹ ਭੁਲਿਆ ਕਿ ਪੰਜਾਬ ਦੇ ਪਾਣੀ ਖੋਹੇ ਗਏ, ਅਤੇ ਨਾ ਹੀ ਭੁਲਿਆ ਕਿ 1966 'ਚ ਪੁਨਰਗਠਨ ਸਮੇਂ ਉਸ ਦੀ ਉਹ ਰਾਜਧਾਨੀ ਖੋਹ ਲਈ ਗਈ, ਜਿਹੜੀ ਪੰਜਾਬ ਦੇ ਪਿੰਡਾਂ ਨੂੰ ਉਜਾੜਕੇ ਬਣਾਈ ਗਈ। ਨਾ ਹੀ ਪੰਜਾਬ ਇਹ ਭੁਲ ਸਕਿਆ ਕਿ ਦਿੱਲੀ ਦੇ ਹਾਕਮ ਨਿਤ-ਦਿਹਾੜੇ, ਉਸ ਨਾਲ ਦੁਪਰਿਆਰਾ ਸਲੂਕ ਕਰਦੇ ਹਨ, ਬਾਵਜੂਦ ਇਸ ਗੱਲ ਦੇ ਕਿ ਉਹ ਦੇਸ਼ ਦਾ ਅੰਨਦਾਤਾ ਹੈ। ਬਾਵਜੂਦ ਇਸ ਗੱਲ ਦੇ ਕਿ ਹਰੀ ਕ੍ਰਾਂਤੀ ਨੇ ਉਸਦੀ ਉਪਜਾਊ ਧਰਤੀ ਖੋਹ ਲਈ, ਖੋਖਲੀ ਕਰ ਦਿੱਤੀ, ਜ਼ਹਿਰਾਂ ਨਾਲ ਭਰ ਦਿੱਤੀ ਤੇ ਸਿੱਟੇ ਵਜੋਂ ਪੰਜਾਬ ਦਾ ਪਾਣੀ ਮੁਕਾ ਦਿੱਤਾ। ਪੱਲੇ ਕੈਂਸਰ ਪਾ ਦਿੱਤਾ। ਖ਼ੁਦਕੁਸ਼ੀਆਂ ਕਰਨ ਵਾਲੇ ਜੀਵਨ ਦੇ ਰਾਹ ਪਾ ਦਿੱਤਾ।

ਪੰਜ ਦਰਿਆਵਾਂ ਦੀ ਧਰਤੀ, ਵੱਢ-ਟੁੱਕ ਕੇ ਢਾਈ ਦਰਿਆਵਾਂ ਤੱਕ ਸੀਮਤ ਕਰ ਦਿੱਤੀ ਗਈ। ਕਿਸਾਨ ਮਜ਼ਦੂਰ ਔਖੇ ਰਾਹੀਂ ਪਾ ਦਿੱਤੇ ਗਏ। ਕਿਸਾਨਾਂ ਦੀਆਂ ਜ਼ਮੀਨਾਂ ਦੇ ਛੋਟੇ-ਛੋਟੇ ਟੁੱਕੜੇ ਹਥਿਆਉਣ ਲਈ ਵੀ ਪਹਿਲਾਂ ਕੇਂਦਰ ਨੇ ਤਿੰਨ ਕਾਲੇ ਕਾਨੂੰਨ ਪਾਸ ਕੀਤੇ ਅਤੇ ਫਿਰ ਮੌਜੂਦਾ ਸੂਬਾ ਸਰਕਾਰ ਨੇ ਕਿਸਾਨਾਂ ਦੀ ਜ਼ਮੀਨ ਹਥਿਆਉਣ ਲਈ ਨਵੀਆਂ ਤਰਕੀਬਾਂ ਕੱਢ ਮਾਰੀਆਂ। ਵੱਡੇ-ਵੱਡੇ ਮਾਰਗ ਪੰਜਾਬ ਦੀ ਛਾਤੀ ਚੀਰ ਕੇ ਬਣਾਏ ਜਾਣ ਲੱਗੇ ਹਨ। ਹਾਈਵੇ ਥਾਂ-ਥਾਂ ਬਣਾਕੇ ਕਿਸਾਨਾਂ ਦੀ ਜ਼ਮੀਨ ਕਿਧਰੇ ਟੋਟਿਆਂ 'ਚ ਵੰਡੀ ਜਾ ਰਹੀ ਹੈ ਅਤੇ ਕਿਧਰੇ ਹਾਈਵੇਜ਼ ਬਣਾਏ ਜਾ ਰਹੇ ਹਨ। ਪਰ ਇਹਨਾਂ ਹਾਈਵੇਜ਼ ਦਾ ਫ਼ਾਇਦਾ ਕਿਸਨੂੰ ਹੋਏਗਾ? ਕੀ ਪੰਜਾਬ ਨੂੰ ? ਕੀ ਪੰਜਾਬੀਆਂ ਨੂੰ? ਜਾਂ ਫਿਰ ਕਾਰਪੋਰੇਟਾਂ ਨੂੰ, ਜੋ ਇਥੋਂ ਅਤੇ ਲਾਗਲੇ ਸੂਬਿਆਂ 'ਚੋਂ ਕੱਚਾ ਮਾਲ ਢੋਕੇ ਵੱਧ ਮੁਨਾਫ਼ਾ ਕਮਾਉਣਗੇ। 'ਤੇ ਕਿਸਾਨ ਜਿਹਨਾਂ ਦੀ ਜ਼ਮੀਨ ਖੋਈ ਜਾਣੀ ਹੈ, ਦਿਹਾੜੀਆਂ ਕਰਨ'ਤੇ ਮਜ਼ਬੂਰ ਹੋ ਜਾਣਗੇ। ਕੀ ਇਸ ਨਾਲ ਪੰਜਾਬ ਖੁਸ਼ਹਾਲ ਹੋਏਗਾ? ਕੀ ਇਥੋਂ ਦੇ ਨੌਜਵਾਨਾਂ ਨੂੰ ਇਸ ਨਾਲ ਕੋਈ ਰੁਜ਼ਗਾਰ ਮਿਲੇਗਾ?

ਪੰਜਾਬ ਦੀ ਸਥਿਤੀ ਗੰਭੀਰ ਹੈ! ਨੌਜਵਾਨ ਹਰ ਹੀਲੇ ਸੂਬੇ 'ਚੋਂ ਭੱਜਣਾ ਚਾਹੁੰਦੇ ਹਨ, ਕਿਉਂਕਿ ਉਹਨਾਂ ਨੂੰ ਆਪਣਾ ਭਵਿੱਖ ਇੱਥੇ ਸਾਵਾਂ, ਸੁਖਾਵਾਂ ਨਹੀਂ ਦਿਸਦਾ। ਪੰਜਾਬ ਦੇ ਪਿੰਡ ਅਤੇ ਹੁਣ ਤਾਂ ਸ਼ਹਿਰਾਂ 'ਚ ਵੀ ਨਸ਼ਿਆਂ ਦਾ ਅਤਿਅੰਤ ਬੋਲਬਾਲਾ ਹੈ। ਵਿਦੇਸ਼ ਗਏ ਨੌਜਵਾਨਾਂ ਦੇ ਮਾਪੇ ਇਕੱਲਤਾ ਦਾ ਜੀਵਨ ਬਿਤਾ ਰਹੇ ਹਨ। ਵਿਦੇਸ਼ ਵਸਦੇ ਪੰਜਾਬੀ ਆਪਣੀ ਜ਼ਮੀਨ ਜਾਇਦਾਦ ਵੇਚਣ ਲਈ ਪੰਜਾਬ ਆਉਂਦੇ, ਇਹ ਕਹਿੰਦੇ ਸੁਣੀਂਦੇ ਹਨ ਕਿ ਉਹਨਾਂ ਦੀ ਔਲਾਦ ਨੇ ਪੰਜਾਬ ਨਹੀਂ ਪਰਤਣਾ, ਹੁਣ ਪੰਜਾਬ "ਰਹਿਣਯੋਗ" ਨਹੀਂ ਰਿਹਾ। ਆਪਣੀ ਜਨਮ ਭੂਮੀ ਨੂੰ ਅੰਤਾਂ ਦਾ ਪਿਆਰ ਕਰਨ ਵਾਲੇ ਇਹ ਪੰਜਾਬੀ ਆਖ਼ਿਰ ਸਾਡੇ ਹਾਕਮਾਂ, ਸਾਡੀਆਂ ਸਰਕਾਰਾਂ ਨੇ ਇੰਨੇ ਉਪਰਾਮ ਕਿਉਂ ਕਰ ਦਿੱਤੇ ਹਨ? ਕੀ ਦੋਸ਼ ਇਹਨਾਂ ਸਿਆਸਤਦਾਨਾਂ, ਹਾਕਮਾਂ ਦਾ ਨਹੀਂ ਹੈ, ਜਿਹਨਾਂ ਪੰਜਾਬ ਦੀ ਸੱਤਾ ਹਥਿਆਉਣ ਲਈ ਤਾਂ ਹਰ ਹੀਲਾ ਵਰਤਿਆ, ਪਰ ਇੱਥੇ ਅਮਨ ਕਾਨੂੰਨ ਦੀ ਸਥਿਤੀ ਸੁਖਾਵਾਂ ਕਰਨ, ਇੱਥੇ ਬੇਰੁਜ਼ਗਾਰੀ ਰੋਕਣ, ਇੱਥੇ ਦੇ ਵਾਤਾਵਰਨ ਨੂੰ ਸੁੰਦਰ ਪ੍ਰਦੂਸ਼ਣ ਰਹਿਤ ਬਣਾਉਣ ਲਈ ਢਿੱਡੋਂ ਯਤਨ ਨਹੀਂ ਕੀਤਾ। ਕੀਤਾ ਹੁੰਦਾ ਤਾਂ ਅੱਜ ਪੰਜਾਬ ਦੇ ਵਿਦੇਸ਼ ਵਸਦੇ ਪੰਜਾਬੀ ਆਪਣੇ ਪੰਜਾਬ ਨੂੰ ਹਿੱਕ ਨਾਲ ਲਾਉਂਦੇ।

ਅਜ਼ਾਦੀ ਦੇ 78 ਵਰ੍ਹਿਆਂ ਬਾਅਦ ਪੰਜਾਬ ਅੱਜ ਵੀ ਵਿਕਾਸ ਪੱਖੋਂ ਊਣਾ ਹੈ। ਸਿੱਖਿਆ ਪੱਖੋਂ ਪਿਛੇ ਹੈ। ਉਦਯੋਗ ਵਿੱਚ ਤਾਂ ਇਸਦਾ ਥਾਂ ਹੀ ਕੋਈ ਨਹੀਂ। ਤੇ ਫੇਰ ਰੁਜ਼ਗਾਰ ਕਿੱਥੋਂ ਮਿਲੂ? ਆਮ ਸਿਹਤ ਸੁਵਿਧਾਵਾਂ, ਕਹਿਣ ਲਈ ਵੱਡੀਆਂ ਦਿਸ ਰਹੀਆਂ ਹੋਣਗੀਆਂ, ਪਰ ਕੀ ਇਹ ਆਮ ਆਦਮੀ ਦੀ ਪਹੁੰਚ 'ਚ ਹਨ?

ਕੀ ਸਿੱਖਿਆ, ਸਿਹਤ, ਵਾਤਾਵਰਨ ਅਤੇ ਪੰਜਾਬ ਦੇ ਪਾਣੀਆਂ ਅਤੇ ਹੋਰ ਹੱਕਾਂ ਦੀ ਰਾਖੀ, ਉਦਯੋਗਿਕ ਵਿਕਾਸ ਲਈ ਪਿਛਲੀਆਂ ਤਿੰਨ ਸਰਕਾਰਾਂ ਦੇ ਉੱਦਮ ਉਪਰਾਲੇ ਜਾਂ ਕੋਸ਼ਸ਼ਾਂ ਸਾਰਥਕ ਸਨ। ਬਾਦਲ ਦੀ ਅਗਵਾਈ ਵਾਲੀ (2012-17) ਦੀ ਸਰਕਾਰ ਕੇਂਦਰ ਸਰਕਾਰ 'ਚ ਭਾਜਪਾ ਸਰਕਾਰ ਹੋਣ ਦੇ ਬਾਵਜੂਦ 'ਨਾ ਕੋਈ ਵੱਡਾ ਪ੍ਰਾਜੈਕਟ' ਪੰਜਾਬ ਲਿਆ ਸਕੀ ਅਤੇ ਨਾ ਹੀ ਚੰਡੀਗੜ੍ਹ ਪੰਜਾਬ ਨੂੰ ਦੁਆ ਸਕੀ। ਭਾਸ਼ਾ ਦੇ ਆਧਾਰ ਉੱਤੇ ਬਣੇ ਸੂਬੇ ਪੰਜਾਬ ਲਈ ਸੰਘਰਸ਼ ਕਰਨ ਵਾਲੀ ਪਾਰਟੀ ਪੰਜਾਬੀ ਨੂੰ ਵੀ ਦਫ਼ਤਰਾਂ, ਅਦਾਲਤਾਂ 'ਚ ਲਾਗੂ ਨਾ ਕਰ ਸਕੀ। ਦਰਿਆਈ ਪਾਣੀਆਂ ਦਾ ਮਸਲਾ ਦਿੱਲੀ ਹਾਕਮਾਂ ਤੋਂ ਹੱਲ ਨਾ ਕਰਵਾ ਸਕੀ। ਨਸ਼ਿਆਂ ਦਾ ਚਲਣ ਇਸ ਸਰਕਾਰ ਵੇਲੇ ਵਧਿਆ। ਨੌਜਵਾਨਾਂ 'ਚ ਨਿਰਾਸ਼ਤਾ ਵਧੀ। ਸੂਬਾ ਕਰਜ਼ਾਈ ਹੋਇਆ ਅਤੇ ਨਸ਼ਿਆਂ ਤੋਂ ਮੁਕਤੀ ਕੁਝ ਦਿਨਾਂ 'ਚ ਦੇਣ ਦੇ ਨਾਹਰੇ ਦੇ ਕੇ ਕੈਪਟਨ ਅਮਰਿੰਦਰ ਸਿੰਘ ਅਤੇ ਕਾਂਗਰਸ ਦੀ ਸਰਕਾਰ (2017-2022) ਪੰਜੇ ਵਰ੍ਹੇ ਨਸ਼ਾ ਮੁਕਤ ਪੰਜਾਬ, ਦਾ ਨਾਹਰਾ ਦਿੰਦੀ ਰਹੀ। ਗੱਲੀਂ ਬਾਤੀ ਭਾਜਪਾ ਦੀ ਕੇਂਦਰ ਸਰਕਾਰ ਨਾਲ ਲੜਦੀ ਰਹੀ, ਅਸੰਬਲੀ 'ਚ ਮਤੇ ਵੀ ਪਾਉਂਦੀ ਰਹੀ, ਪਰ ਨਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਹੁਰਮਤੀ ਦਾ ਮਸਲਾ ਹੱਲ ਕਰ ਸਕੀ, ਨਾ ਪੰਜਾਬ ਦੇ ਪਾਣੀਆਂ ਦਾ। ਨੌਜਵਾਨਾਂ ਦੀ ਬੇਰੁਜ਼ਗਾਰੀ, ਨਸ਼ਿਆਂ ਦੀ ਦਲਦਲ 'ਚ ਫਸਣ ਅਤੇ ਵਿਦੇਸ਼ਾਂ ਵੱਲ ਭੱਜਣ ਦਾ ਰੁਝਾਨ ਉਹਨਾਂ ਦੇ ਸਮੇਂ ਚਰਮ ਸੀਮਾਂ 'ਤੇ ਪੁੱਜਿਆ।

ਮੌਜੂਦਾ ਸਰਕਾਰ (2022 ਤੋਂ ਹੁਣ ਤੱਕ) ਇਹਨਾਂ ਮਸਲਿਆਂ 'ਚ ਵੱਡੇ ਨਾਹਰੇ ਲਾਉਂਦੀ ਰਹੀ। ਨਸ਼ਾ ਮੁਕਤੀ ਲਈ ਵੱਡੇ ਪ੍ਰਾਜੈਕਟ ਉਲੀਕਦੀ ਰਹੀ, ਪਰ ਹੱਥ ਪੱਲੇ ਕੀ ਪਿਆ? ਵਿਸ਼ਲੇਸ਼ਣ ਦਾ ਵਿਸ਼ਾ ਹੈ। ਪੰਜਾਬ ਸਿਰ ਕਰਜ਼ਾ ਵਧਿਆ ਹੈ। ਬੇਰੁਜ਼ਗਾਰੀ ਦੀ ਦਰ ਨਹੀਓਂ ਘੱਟੀ। ਜ਼ਮੀਨੀ ਪੱਧਰ 'ਤੇ ਸਿਹਤ ਸਹੂਲਤਾਂ ਦੀ ਕਮੀ ਹੁਣ ਵੀ ਅਖਰਦੀ ਹੈ ਅਤੇ ਸਭ ਤੋਂ ਅੱਖੜ ਰਿਹਾ ਹੈ, ਚੁੱਭ ਰਿਹਾ ਹੈ ਸਿਆਸਤਦਾਨਾਂ ਦਾ ਵਿਵਹਾਰ। ਇੱਕ-ਦੂਜੇ ਪ੍ਰਤੀ ਸ਼ਰੀਕੇਬਾਜੀ ਵਾਲਾ ਵਰਤਾਓ ਨੈਤਿਕ ਕਦਰਾਂ-ਕੀਮਤਾਂ ਉਲੰਘਕੇ ਬੋਲੇ ਗਏ ਭੈੜੇ, ਭੜਕਾਊ, ਬੋਲ! ਸਿਆਸਤ ਵਿੱਚ " ਚੱਕ ਦਿਆਂਗੇ, ਸਿੱਧ ਦਿਆਂਗੇ" ਵਰਗੇ ਬੋਲ ਕੀ ਸੱਚਮੁੱਚ ਸਿਆਸਤ ਹੈ ਜਾਂ ਹੰਕਾਰੀ ਬੋਲ?

ਪੰਜਾਬ 'ਚ ਸਿਆਸਤਦਾਨ, ਇੱਕ-ਦੂਜੇ ਵਿਰੁੱਧ ਜਿਸ ਕਿਸਮ ਦੀ ਅਭੱਦਰ ਭਾਸ਼ਾ ਬੋਲਦੇ ਹਨ, ਉਹ ਸਿਆਣਿਆਂ ਵਾਲੀ ਭਾਸ਼ਾ ਨਹੀਂ, ਜਿਸ ਕਿਸਮ ਦੀ ਨੀਵੇਂ ਦਰਜੇ ਦੀ ਉਹ ਸਿਆਸਤ ਕਰਦੇ ਹਨ, ਉਹ ਸੱਚਮੁਚ ਸਹਿਣਯੋਗ ਨਹੀਂ। ਪਾਰਟੀਆਂ ਚੋਣਾਂ ਲੜਨ, ਆਪਣਾ ਚੋਣ ਪ੍ਰੋਗਰਾਮ ਦੇਣ! ਸਿਆਸਤੀ ਧਿਰਾਂ ਪੰਜਾਬ ਦੀ ਬੇਰੁਜ਼ਗਾਰੀ ਦੀ ਗੱਲ ਕਰਨ। ਪੰਜਾਬ ਦੀ ਬੇਰੁਜ਼ਗਾਰੀ ਦੀ ਗੱਲ ਕਰਨ। ਪੰਜਾਬ ਦੀ ਖੇਤੀ, ਕਿਸਾਨਾਂ, ਮਜ਼ਦੂਰਾਂ ਦੀ ਗੱਲ ਕਰਨ, ਉਹਨਾਂ ਦੀਆਂ ਸਮੱਸਿਆਵਾਂ ਹੱਲ ਕਰਨ ਦਾ ਪ੍ਰੋਗਰਾਮ ਦੇਣ। ਪੰਜਾਬ 'ਚ ਚੰਗੇ ਸ਼ਾਸ਼ਨ ਪ੍ਰਬੰਧ ਅਤੇ ਭ੍ਰਿਸ਼ਟਾਚਾਰ ਮੁਕਤੀ ਦੀ ਗੱਲ ਕਰਨ ਜੋ ਹੁਣ ਸਾਡੀ ਨਸ-ਨਸ 'ਚ ਦੌੜ ਰਿਹਾ ਹੈ। ਪੰਜਾਬ ਦੇ ਪਿੰਡਾਂ ਦੇ ਸਮੂਹਿਕ ਵਿਕਾਸ ਦੀ ਗੱਲ ਕਰਨ, ਪੰਜਾਬ 'ਚੋਂ ਧੜੇਬੰਦੀ ਖ਼ਤਮ ਕਰਕੇ ਆਪਸੀ ਸਹਿਹੋਂਦ ਬਣਾਉਣ ਦੀ ਬਾਤ ਪਾਉਣ । ਪੰਜਾਬ 'ਚ ਖੇਤੀ ਉਦਯੋਗ ਲਿਆਉਣ ਦਾ ਖਾਕਾ ਤਿਆਰ ਕਰਨ। ਮਾਂ-ਬੋਲੀ ਪੰਜਾਬੀ ਅਤੇ ਸੱਭਿਆਚਾਰ ਦੇ ਵਿਕਾਸ ਲਈ, ਡਿਜ਼ੀਟਲ ਸਹੂਲਤਾਂ ਦੇ ਵਿਕਾਸ ਲਈ ਪ੍ਰੋਗਰਾਮ ਉਲੀਕਣ ਅਤੇ ਸਾਂਝੇ ਪਲੇਟਫਾਰਮ 'ਤੇ ਚਰਚਾ ਕਰਨ।

ਕਿਉਂ ਨਾ ਚਰਚਾ ਕਰਨ ਪੰਜਾਬ ਦੇ ਸਾਰੇ ਸਿਆਸਤਦਾਨ ਪੰਜਾਬ ਦੇ ਖੋਹੇ ਗਏ ਹੱਕਾਂ ਦੀ ਇੱਕ-ਜੁੱਟ ਹੋਕੇ, ਇਸ ਨਾਲ ਹੋ ਰਹੇ ਵਿਤਕਰਿਆਂ ਦੀ, ਭਾਵੇਂ ਉਹ ਕੇਂਦਰ 'ਚ ਰਾਜ ਕਰਨ ਵਾਲੀ ਪਾਰਟੀ ਦੇ ਸਰਗਰਮ ਮੈਂਬਰ ਹੀ ਕਿਉਂ ਨਾ ਹੋਣ?

ਪੰਜਾਬ ਦੇ ਭੱਦਰਪੁਰਸ਼ ਸਿਆਸਤਦਾਨੋ, ਕੰਧ 'ਤੇ ਲਿਖਿਆ ਪੜ੍ਹਨ ਦੀ ਲੋੜ ਹੈ। ਪੰਜਾਬ ਦੇ ਲੋਕ ਹਰ ਉਸ ਨਵੀਂ ਚੀਜ਼ ਨੂੰ ਜੀਅ ਆਇਆਂ ਆਖਦੇ ਹਨ, ਜਿਹੜੀ ਉਹਨਾਂ ਦੇ ਮਨ ਨੂੰ ਭਾਉਂਦੀ ਹੈ। ਪਰ ਹਰ ਉਸ ਚੀਜ਼ ਨੂੰ ਫਿਟਕਾਰ ਦਿੰਦੇ ਹਨ, ਜਿਹੜੇ ਇਸ ਸੂਬੇ ਦੇ ਵਸ਼ਿੰਦਿਆਂ 'ਚ ਪਾੜ ਪਾਉਂਦੀ ਹੈ, ਭਾਈਚਾਰਕ ਸਾਂਝ ਨੂੰ ਪਿੰਜਦੀ ਹੈ ਅਤੇ ਸੂਬੇ ਦੇ ਹਿੱਤਾਂ ਦੇ ਖ਼ਿਲਾਫ ਹੈ।

ਭਾਈ, ਨਹੀਂਓ ਚੰਗੇ ਹਾਲਾਤ ਪੰਜਾਬ ਦੇ । ਸੇਵਾ ਭਾਵਨਾ ਵਾਲੇ ਸਿਆਸਤਦਾਨ, ਬੁੱਧੀਜੀਵੀ ਸਿਆਣੇ ਹਾਲਾਤਾਂ ਨੂੰ ਸਮਝਣਗੇ ਤਾਹੀਓਂ ਪੁਰੇ ਦੀ ਵਗਦੀ ਗਰਮ ਹਵਾ ਰੁਕੇਗੀ। ਪੱਛੋਂ ਦੀਆਂ ਠੰਢੀਆਂ ਹਵਾਵਾਂ ਆਉਣਗੀਆਂ। ਪੰਜਾਬ 'ਚ ਮੁੜ ਖ਼ੁਸ਼ਹਾਲੀ ਆਏਗੀ। ਵੇਲਾ ਭੈੜੀ ਸਿਆਸਤ ਦਾ ਨਹੀਂ, ਪੰਜਾਬ ਨੂੰ ਸੰਭਾਲਣ ਲਈ ਇੱਕ-ਮੁੱਠ ਹੋ ਕੇ ਯਤਨ ਕਰਨ ਦਾ ਹੈ। ਕਲਮਾਂ ਵਾਲਿਓ, ਰਤਾ ਆਪਣੀ ਕਲਮ ਦੇ ਬੋਲ, ਲੋਕਾਂ ਦੇ ਬੋਲਾਂ ਵਰਗੇ ਬਣਨ ਲਈ ਤੁਸੀਂ ਵੀ ਤਾਂ ਸੁਪਨਈ ਨੀਂਦ 'ਚੋਂ ਬਾਹਰ ਆਓ!

ਗੁਰਮੀਤ ਸਿੰਘ ਪਲਾਹੀ

# ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ ਮੰਡਿਆਣੀ ਵਿਖੇ ਵਿਦਿਅਕ ਅਤੇ ਸਭਿਆਚਾਰਕ ਮੁਕਾਬਲੇ ਕਰਵਾਏ





ਮਿਤੀ ਫਰਵਰੀ 28, 2026 ਨੂੰ ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ ਮੰਡਿਆਣੀ ਵਿਖੇ ਵਿਦਿਅਕ ਅਤੇ ਸਭਿਆਚਾਰਕ ਮੁਕਾਬਲੇ ਕਰਵਾਏ ਗਏ। ਇਹ ਸਕੂਲ ਲੁਧਿਆਣਾ ਦੇ ਇਕ ਸੈਂਟਰ ਦਾ ਗਿਣਤੀ ਚ ਸਭ ਤੋਂ ਵੱਧ ਵਿਦਿਆਰਥੀਆਂ ਅਤੇ ਸਾਹਿਤਕ, ਸਭਿਆਚਾਰਕ ਅਤੇ ਖੇਡ ਮੁਕਾਬਲਿਆਂ ਦੀਆਂ ਪ੍ਰਾਪਤੀਆਂ ਵਿਚ ਨੰਬਰ ਇਕ ਸਮਾਰਟ ਸਕੂਲ ਹੈ। ਬਲਾਕ ਅਤੇ ਜਿਲ੍ਹਾ ਪੱਧਰ ਤੇ ਸਭ ਤੋਂ ਵਧ ਪਹਿਲੀਆਂ ਪੁਜੀਸਨਾ ਜਿਤਣ ਤੋਂ ਇਲਾਵਾ ਇਥੋਂ ਦੇ ਇਕ ਵਿਦਿਆਰਥੀ ਨੇ 70 ਤੱਕ ਪਹਾੜੇ ਸੁਣਾਕੇ ਗੋਲਡ ਮੈਡਲ ਜਿੱਤਿਆ ਹੈ। ਬਚਿਆਂ ਦੇ ਵਿਅਕਤੀਗਤ ਮੁਕਾਬਲਿਆਂ ਤੋਂ ਬਗੈਰ ਭੰਗੜੇ ਅਤੇ ਗਿੱਧੇ ਦੀਆਂ ਸੱਤ ਟੀਮਾਂ ਨੇ ਆਪਣੇ ਜੌਹਰ ਦਿਖਾਏ। ਬਚਿਆਂ ਨੂੰ ਇਨਾਮ ਦੀਆਂ ਟਰਾਫੀਆਂ, ਕਾਪੀਆਂ ਅਤੇ ਪੈਨ ਪੈਨਸਲਾਂ ਇਰੇਜਰ ਸਕੇਲ ਸਰਪਨਰ ਆਦਿ ਦਾ ਇਕ ਇਕ ਸੈਟ ਸਕੂਲ ਦੇ ਹਰੇਕ ਵਿਦਿਆਰਥੀ ਲਈ ਭਗਵੰਤ ਕੌਰ ਜੌਹਲ ਆਸਟ੍ਰੇਲੀਆ ਸਾਬਕਾ ਹੈਡ ਟੀਚਰ ਵਲੋਂ ਪਿਆਰ ਸਾਹਿਤ ਭੇਟ ਕੀਤਾ ਗਿਆ। ਇਸਤੋਂ ਇਲਾਵਾ ਸਕੂਲ ਦੀ ਹੋਰ ਬਿਹਤਰੀ ਲਈ NRIs ਅਤੇ ਪਿੰਡ ਵਾਸੀਆਂ ਵਲੋਂ ਦਿਲ ਖੋਲ੍ਹਕੇ ਮਾਇਆ ਦੇ ਗੱਫੇ ਵੰਡੇ ਗਏ।

ਇਸ ਸਮਾਗਮ ਵਿਚ ਲਗਪਗ 200 ਵਿਦਿਆਰਥੀਆਂ ਤੋਂ ਇਲਾਵਾ BEO, Central Head Teacher ਪਿੰਡ ਦੇ ਸਰਪੰਚ ਅਤੇ ਪਤਵੰਤੇ ਸੱਜਣ, ਬਚਿਆਂ ਦੇ ਮਾਪੇ ਆਦਿ 400 ਦੇ ਕਰੀਬ ਪਿੰਡ ਵਾਸੀਆਂ ਨੇ ਹਾਜਰੀ ਭਰੀ। ਸਭ ਸੰਗਤਾਂ ਲਈ ਚਾਹ ਪਾਣੀ, ਲੰਗਰ ਆਦਿ ਦਾ ਵਿਸੇਸ ਪ੍ਰਬੰਧ ਸਕੂਲ ਦੇ ਸਟਾਫ ਵਲੋਂ ਕੀਤਾ ਗਿਆ। ਸਕੂਲ ਦੇ ਹੈਡਮਾਸਟਰ ਬਲਦੇਵ ਸਿੰਘ ਅਤੇ ਮਿਹਨਤੀ ਸਟਾਫ ਦੀ ਹਰ ਪਾਸਿਉਂ ਭਰਪੂਰ ਸਲਾਘਾ ਕੀਤੀ ਗਈ। ਇਸ ਸਕੂਲ ਦੀ ਬਿਲਡਿੰਗ ਅਤੇ ਬਿਲਡਿੰਗ ਵਿਚ ਆਰਟ ਦੀ ਕੀਤੀ ਪੇਸਕਾਰੀ, ਬਚਿਆਂ ਅਤੇ ਟੀਚਰਾਂ ਦਾ ਡਸਿਪਲਨ ਵੇਖਣਯੋਗ ਹੈ।

# ਅਮੀਰ ਵਿਰਾਸਤ ਦਾ ਚਾਨਣ-ਮੁਨਾਰਾ, ਵਿੱਦਿਅਕ ਖੇਤਰ ਵਿਚ ਵਿਲੱਖਣ ਪੈੜਾਂ ਪਾ ਰਿਹਾ ਖਾਲਸਾ ਕਾਲਜ

ਕਿਤਾਬਾਂ ਵਿਚ ਦਰਜ ਇਤਿਹਾਸ ਭਾਵੇਂ ਪਹਿਲੀ ਨਜ਼ਰੇ ਵਰਕਿਆਂ ਉੱਤੇ ਉੱਕਰੀਆਂ ਤਰੀਕਾਂ, ਨਾਵਾਂ ਤੇ ਥਾਵਾਂ ਦਾ ਨਿਰਜੀਵ ਦਸਤਾਵੇਜ਼ ਲੱਗਦਾ ਹੈ ਪਰ ਇਤਿਹਾਸ ਦੇ ਸੁਨਹਿਰੀ ਪੰਨੇ ਜਦੋਂ ਪ੍ਰਤੱਖ ਰੂਪ 'ਚ ਨੰਗੀਆਂ ਅੱਖਾਂ ਦੇ ਸਾਹਮਣੇ ਖੜ੍ਹੇ ਆਪਣੀ ਗਵਾਹੀ ਆਪ ਭਰਦੇ ਹਨ ਤਾਂ ਉਨ੍ਹਾਂ ਵਿਚ ਧਕੜਣ ਆਪ-ਮੁਹਾਰੇ ਸੁਣਾਈ ਦੇਣ ਲੱਗਦੀ ਹੈ।

ਖ਼ਾਲਸਾ ਕਾਲਜ ਅੰਮ੍ਰਿਸਤਰ ਪੰਜਾਬ ਦੀ ਉਸੇ ਜਿਉਂਦੀ-ਜਾਗਦੀ ਵਿਰਾਸਤ ਦਾ ਰੋਸ਼ਨ ਮੀਨਾਰ ਹੈ। ਵਿਸ਼ਵ ਵਿਰਾਸਤ ਦਾ ਦਰਜਾ ਪ੍ਰਾਪਤ ਕਾਲਜ ਦੀ ਸ਼ਾਨਾਂਮੱਤੀ ਇਮਾਰਤ ਅਤੇ ਇਸ ਦੇ ਅੰਦਰ ਸਵਾ-ਸਦੀ ਤੋਂ ਵੱਧ ਤੋਂ ਚੱਲਦੀਆਂ ਆ ਰਹੀਆਂ ਕਦਰਾਂ-ਕੀਮਤਾਂ ਦੀ ਗੁੜ੍ਹਤੀ ਇਸ ਦੇ ਸਜੀਵ ਇਤਿਹਾਸ ਹੋਣ ਦੀ ਗਵਾਹੀ ਭਰਦੀਆਂ ਹਨ।

ਅੱਜ ਜਦੋਂ ਅਸੀਂ ਖ਼ਾਲਸਾ ਕਾਲਜ ਦੀ ਵਿਸ਼ਾਲ ਵਿਰਾਸਤੀ ਇਮਾਰਤ ਨੂੰ ਦੇਖਦੇ ਹਾਂ ਤਾਂ ਅਸੀਂ ਇਸ ਦੇ ਇਤਿਹਾਸ ਨੂੰ ਸਿਰਫ਼ ਭਵਨ ਉਸਾਰੀ ਤੱਕ ਸੀਮਤ ਕਰ ਦਿੰਦੇ ਹਾਂ। ਦਰਅਸਲ, 22 ਫਰਵਰੀ 1890-ਖ਼ਾਲਸਾ ਕਾਲਜ ਸਥਾਪਨਾ ਕਮੇਟੀ ਦੀ ਸਥਾਪਨਾ ਤੋਂ ਲੈ ਕੇ 5 ਮਾਰਚ 1892 ਨੂੰ ਨੀਂਹ ਪੱਥਰ ਰੱਖਣ ਤੱਕ, ਖ਼ਾਲਸਾ ਕਾਲਜ ਅੰਮ੍ਰਿਤਸਰ ਦੇ ਤਸੱਵੁਰ ਤੋਂ ਤਾਮੀਰ ਹੋਣ ਤੱਕ ਦਾ ਇਤਿਹਾਸ ਆਪਣੇ-ਆਪ ਵਿਚ ਪੰਜਾਬ ਦੀ ਧਰਤੀ ਉੱਤੇ ਇਕ ਨਵੇਂ ਇਤਿਹਾਸ ਦੇ ਪਰਤ-ਦਰ-ਪਰਤ ਉਸਰਨ ਦੀ ਗਾਥਾ ਹੈ।

ਇਸ ਘਟਨਾ ਤੋਂ ਤਾਂ ਸਾਰੇ ਭਲੀ-ਭਾਂਤ ਵਾਕਿਫ਼ ਹਨ ਕਿ ਜਦੋਂ ਚਾਰ ਬੱਚਿਆਂ (ਆਇਆ ਸਿੰਘ, ਸਾਧੂ ਸਿੰਘ, ਅਤਰ ਸਿੰਘ, ਸੰਤੋਖ ਸਿੰਘ) ਨੇ ਈਸਾਈ ਮਿਸ਼ਨਰੀ ਸਕੂਲ ਦੇ ਪ੍ਰਭਾਵ ਅਧੀਨ ਧਰਮ ਪਰਿਵਰਤਨ ਕੀਤਾ ਤਾਂ ਇਸ ਨੇ ਸਿੱਖ ਕੌਮ ਨੂੰ ਝੰਜੋੜ ਕੇ ਰੱਖ ਦਿੱਤਾ।

ਉਸੇ ਸਕੂਲ ਦੇ ਵਿਦਿਆਰਥੀ ਭਾਈ ਵੀਰ ਨੇ ਪ੍ਰੇਰਿਤ ਕਰਕੇ ਉਨ੍ਹਾਂ ਚਾਰਾਂ ਨੂੰ ਸਿੱਖੀ ਵੱਲ ਪ੍ਰੇਰਿਤ ਕੀਤਾ। ਇਸ ਘਟਨਾ ਤੋਂ ਬਾਅਦ ਹੀ 30 ਜੁਲਾਈ 1875 ਨੂੰ ਸਿੰਘ ਸਭਾ ਲਹਿਰ ਦੀ ਸਥਾਪਨਾ ਹੋਈ ਤੇ ਆਧੁਨਿਕ ਸਿੱਖਿਆ ਦੀ ਤਰਜ਼ 'ਤੇ ਖ਼ਾਲਸਾ ਵਿੱਦਿਆਕ ਅਦਾਰਿਆਂ ਦੀ ਸ਼ੁਰੂਆਤ ਦਾ ਮੁੱਢ ਬੱਝਾ। ਸਿੱਖ ਰਾਜ ਦੇ ਅੰਤ ਅਤੇ ਅੰਗਰੇਜ਼ੀ ਰਾਜ ਦੀ ਆਮਦ ਤੋਂ ਬਾਅਦ ਇਹ ਉਹ ਮੋੜ ਸੀ ਜਿੱਥੇ ਨਵੀਂ ਭੂਗੋਲਿਕ-ਸਿਆਸਤ ਦੇ ਮਾਹੌਲ ਵਿਚ ਕੌਮ ਨੇ ਆਪਣੀ ਹੋਂਦ ਤੇ ਹੋਣੀ ਦਾ ਖ਼ਾਕਾ ਘੜਨਾ ਸੀ। ਖ਼ਾਲਸਾ ਕਾਲਜ ਅੰਮ੍ਰਿਤਸਰ ਦਾ ਨੀਂਹ-ਪੱਥਰ 5 ਮਾਰਚ 1892 ਨੂੰ ਰੱਖਿਆ ਗਿਆ। ਇਹ ਨੀਂਹ-ਪੱਥਰ ਅੱਜ ਵੀ ਕੈਂਪਸ ਵਿਚ ਮੌਜੂਦ ਗੁਰਦੁਆਰਾ ਸਾਹਿਬ ਦੀ ਇਮਾਰਤ ਦੇ ਬਾਹਰ ਵੇਖਿਆ ਜਾ ਸਕਦਾ ਹੈ। ਖ਼ਾਲਸਾ ਕਾਲਜ ਅੰਮ੍ਰਿਤਸਰ ਦੀ ਸ਼ੁਰੂਆਤ ਮਿਡਲ ਸਕੂਲ ਦੇ ਰੂਪ ਵਿਚ 22 ਅਕਤੂਬਰ 1892 ਐਤਵਾਰ ਨੂੰ ਇਕ ਧਾਰਮਿਕ ਸਮਾਰੋਹ ਨਾਲ ਹੋਈ ਸੀ। ਤੇਈ ਅਕਤੂਬਰ 1893 ਨੂੰ ਦਾਖ਼ਲਾ ਸ਼ੁਰੂ ਹੋਇਆ ਤਾਂ ਦਾਖ਼ਲਾ ਲੈਣ ਵਾਲਾ ਪਹਿਲਾ ਵਿਦਿਆਰਥੀ ਬੇਦੀ ਈਸ਼ਰ ਸਿੰਘ ਸ਼ਾਹੂਕਾਰ ਦਾ ਸਾਢੇ ਅੱਠ ਸਾਲ ਦਾ ਬੇਟਾ ਕਰਤਾਰ ਸਿੰਘ ਪਹਿਲਾ ਵਿਦਿਆਰਥੀ ਸੀ।

ਪਹਿਲੇ ਦਿਨ ਨੌਂ ਵਿਦਿਆਰਥੀਆਂ ਨੇ ਦਾਖ਼ਲੇ ਲਏ ਸਨ। ਜ਼ਿਲ੍ਹਾ ਗੁਰਦਾਸਪੁਰ ਦੇ ਬਹਿਰਾਮਪੁਰ ਵਾਸੀ



ਮਜ਼ਦੂਰ ਹੀਰਾ ਲਾਲ ਦਾ ਬੇਟਾ ਮਿਹਰ ਚੰਦ ਪਹਿਲੇ ਬੈਚ ਵਿਚ ਦਾਖ਼ਲ ਹੋਣ ਵਾਲਾ ਪਹਿਲਾ ਗ਼ੈਰ-ਸਿੱਖ ਵਿਦਿਆਰਥੀ ਸੀ। ਅੰਮ੍ਰਿਤਸਰ ਵਿਚ ਰਹਿੰਦੇ ਕਸ਼ਮੀਰੀ ਵਲੀ ਮੁਹੰਮਦ ਦਾ 7 ਸਾਲਾਂ ਦਾ ਬੇਟਾ ਅਬਦੁੱਲਾ 2 ਨਵੰਬਰ 1893 ਨੂੰ 40ਵੇਂ ਨੰਬਰ 'ਤੇ ਦਾਖ਼ਲ ਹੋਣ ਵਾਲਾ ਪਹਿਲਾ ਮੁਸਲਮਾਨ ਵਿਅਕਤੀ ਸੀ। ਭਾਈ ਮੋਹਨ ਸਿੰਘ ਸਕੂਲ ਦੇ ਪਹਿਲੇ ਹੈੱਡ-ਮਾਸਟਰ ਸਨ। ਆਪਣੀ ਸ਼ੁਰੂਆਤ ਦੇ ਪਹਿਲੇ ਦਿਨ ਤੋਂ ਲੈ ਕੇ 134 ਸਾਲਾਂ ਬਾਅਦ ਤੱਕ, ਅੱਜ ਵੀ ਕਾਲਜ ਸਭ ਨੂੰ ਨਾਲ ਲੈ ਕੇ ਉੱਚੀਆਂ ਮੰਜ਼ਿਲਾਂ ਸਰ ਕਰਦਾ ਜਾ ਰਿਹਾ ਹੈ।

ਇਹ ਨਹੀਂ ਹੈ ਕਿ ਇਹ ਵਿੱਦਿਅਕ ਅਦਾਰਾ ਸਿਰਫ਼ ਆਪਣੇ ਇਤਿਹਾਸ ਕਰਕੇ ਜਾਣਿਆ ਜਾਂਦਾ ਹੈ। ਕਾਲਜ ਦੀ ਸਰਪ੍ਰਸਤ ਖ਼ਾਲਸਾ ਕਾਲਜ ਚੈਰੀਟੇਬਲ ਸੁਸਾਇਟੀ ਅਤੇ ਕਾਲਜ ਦਾ ਸਮੁੱਚਾ ਪ੍ਰਬੰਧਕੀ ਤੇ ਵਿੱਦਿਅਕ ਅਮਲਾ ਵਰਤਮਾਨ ਵਿਚ ਲਗਾਤਾਰ ਆਪਣੇ ਇਤਿਹਾਸ ਦੀ ਸ਼ਾਨ ਨੂੰ ਕਾਇਮ ਰੱਖਦਾ ਹੋਇਆ ਆਪਣੇ ਸਮੇਂ ਦਾ ਨਵਾਂ ਇਤਿਹਾਸ ਸਿਰਜ ਰਿਹਾ ਹੈ। ਅੱਜ ਕਾਲਜ 'ਚ ਦਾਖ਼ਲਿਆਂ ਦੀ ਗਿਣਤੀ 10 ਹਜ਼ਾਰ ਵਿਦਿਆਰਥੀਆ ਦਾ ਅੰਕੜਾ ਪਾਰ ਚੁੱਕੀ ਹੈ।

ਕਾਲਜ ਦੇ ਮੈਦਾਨਾਂ 'ਚ ਅਭਿਆਸ ਕਰ ਰਹੀਆਂ 38 ਖੇਡ ਟੀਮਾਂ ਨੇ ਦੇਸ਼-ਦੁਨੀਆ ਦੇ ਖੇਡ ਮੁਕਾਬਲਿਆਂ ਵਿਚ ਵੱਡੀਆਂ ਮੱਲਾਂ ਮਾਰੀਆਂ ਹਨ। ਸਾਲ 2023-24 ਵਿਚ ਕਾਲਜ ਦੇ ਖਿਡਾਰੀ ਕੌਮਾਂਤਰੀ ਮੁਕਾਬਲਿਆਂ ਲਈ 12 ਦੇਸ਼ਾਂ ਵਿਚ ਖੇਡਣ ਗਏ। ਇਸ ਦੌਰਾਨ ਦੇਸ਼ ਦੀ ਨੁਮਾਇੰਦਗੀ ਕਰਦਿਆਂ 02 ਸੋਨ, 05 ਚਾਂਦੀ ਅਤੇ 04 ਕਾਂਸੀ ਦੇ ਤਗਮੇ ਜਿੱਤੇ। ਕਾਲਜ ਦੇ 122 ਖਿਡਾਰੀਆਂ ਨੇ ਕੌਮੀ ਅਤੇ ਸਰਬ-ਭਾਰਤੀ ਯੂਨੀਵਰਸਿਟੀ ਮੁਕਾਬਲਿਆਂ ਵਿਚ ਆਪੋ-ਆਪਣੀ ਖੇਡ ਦਾ ਲੋਹਾ ਮਨਵਾ ਕੇ 36 ਸੋਨੇ, 27 ਚਾਂਦੀ ਅਤੇ 21 ਕਾਂਸੀ ਦੇ ਮੈਡਲ ਜਿੱਤੇ। ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਤਰ ਕਾਲਜ ਟੂਰਨਾਮੈਂਟ ਵਿਚ 43 ਵੱਖ-ਵੱਖ ਖੇਡਾਂ ਵਿਚ ਹਿੱਸਾ ਲਿਆ ਜਿਨ੍ਹਾਂ ਵਿੱਚੋਂ ਕਾਲਜ ਨੇ 22 ਯੂਨੀਵਰਸਿਟੀ ਚੈਂਪੀਅਨਸ਼ਿਪਾਂ ਜਿੱਤੀਆਂ, 12 ਰਨਰਅੱਪ ਅਤੇ 3 ਸੈਕਿੰਡ ਰਨਰਅੱਪ ਪੁਜੀਸ਼ਨਾਂ ਪ੍ਰਾਪਤ ਕੀਤੀਆਂ।

ਸੈਸ਼ਨ 2023-24 ਦੌਰਾਨ ਕਾਲਜ ਨੇ ਸੱਭਿਆਚਾਰਕ ਗਤੀਵਿਧੀਆ ਵਿਚ ਯੂਨੀਵਰਸਿਟੀ ਦੇ ਜ਼ੋਨਲ ਮੁਕਾਬਲਿਆਂ ਵਿਚ 36 ਤੇ ਇੰਟਰ-ਜ਼ੋਨਲ ਮੁਕਾਬਲਿਆਂ ਵਿਚ 31 ਪੁਜ਼ੀਸਨਾਂ ਹਾਸਲ ਕੀਤੀਆਂ। ਕਾਲਜ ਨੇ ਯੂਨੀਵਰਸਿਟੀ ਦੇ ਜ਼ੋਨਲ ਯੂਥ ਫੈਸਟੀਵਲ ਵਿਚ ਓਵਰਆਲ ਚੈਂਪੀਅਨਸ਼ਿਪ ਜਿੱਤੀ। ਪੰਜਾਬ ਇੰਟਰ ਯੂਨੀਵਰਸਿਟੀ ਯੂਥ ਫੈਸਟੀਵਲ ਦੌਰਾਨ ਕਾਲਜ ਨੇ 27 ਈਵੈਂਟਾਂ ਵਿਚ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੀ ਨੁਮਾਇੰਦਗੀ ਕੀਤੀ ਅਤੇ ਕਾਲਜ ਦੀਆਂ ਵੱਖ-ਵੱਖ ਟੀਮਾਂ ਸ਼ਬਦ ਗਾਇਨ, ਲੋਕ ਸਾਜ਼, ਲੋਕ ਗੀਤ ਅਤੇ ਝੂੰਮਰ ਨੇ ਪੰਜਾਬ ਵਿੱਚੋਂ ਪਹਿਲਾ ਸਥਾਨ ਹਾਸਲ ਕੀਤਾ ਹੈ।

ਖ਼ਾਲਸਾ ਕਾਲਜ ਚੈਰੀਟੇਬਲ ਸੁਸਾਇਟੀ ਦੇ ਪ੍ਰਧਾਨ ਸਤਿਆਜੀਤ ਸਿੰਘ ਮਜੀਠੀਆ ਅਤੇ ਆਨਰੇਰੀ ਸਕੱਤਰ ਰਜਿੰਦਰ ਮੋਹਨ ਛੀਨਾ ਦੀ ਸਰਪ੍ਰਸਤੀ ਅਤੇ ਸਾਲ ਪਹਿਲਾਂ ਨਿਯੁਕਤ ਹੋਏ ਪ੍ਰਿੰਸੀਪਲ ਡਾ. ਆਤਮ ਰੰਧਾਵਾ ਦੀ ਦੂਰ-ਦਰਸ਼ੀ ਦ੍ਰਿਸ਼ਟੀ ਅਤੇ ਸਭ ਨੂੰ ਨਾਲ ਲੈ ਕੇ ਚੱਲਣ ਵਾਲੇ ਸਹਿਚਾਰ ਭਰਪੂਰ ਅੰਦਾਜ਼ ਨਾਲ ਕਾਲਜ ਵਿੱਦਿਅਕ ਮਾਨਤਾਵਾਂ ਦੇ ਦਰਜਿਆਂ ਵਿਚ ਲਗਾਤਾਰ ਨਵੇਂ ਦਿਸਹੱਦੇ ਛੂਹ ਰਿਹਾ ਹੈ।

ਪੰਜ ਸਾਲਾਂ ਬਾਅਦ ਹੋਣ ਵਾਲੀ ਪੜਤਾਲ ਤੋਂ ਬਾਅਦ ਕਾਲਜ ਨੂੰ ਨੈਕ ਵੱਲੋਂ ਏ ਪਲੱਸ ਗ੍ਰੇਡ ਨਾਲ ਸਨਮਾਨਿਤ ਕੀਤਾ ਗਿਆ ਅਤੇ ਕਾਲਜ ਦੇ ਖੇਤੀਬਾੜੀ ਵਿਭਾਗ ਨੂੰ ਭਾਰਤੀ ਖੇਤੀ ਖੋਜ ਕੌਂਸਲ (ਆਈਸੀਏਆਰ) ਨਵੀਂ ਦਿੱਲੀ ਅਤੇ ਖੇਤੀ ਸਿੱਖਿਆ ਦੀ ਪੰਜਾਬ ਸੂਬਾ ਕੌਂਸਲ (ਪੀਐੱਸਸੀਏਈ) ਵੱਲੋਂ ਪ੍ਰਸ਼ੰਸਾਮਈ ਸ਼ਬਦਾਂ ਵਿਚ ਮਾਨਤਾ ਮਿਲੀ। ਕਾਲਜ ਐੱਨਈਆਰਐੱਫ ਵਿਚ 101-150 ਵਾਲੇ ਦਰਜੇ ਵਿਚ ਸ਼ਾਮਲ ਹੋ ਗਿਆ ਹੈ। ਜਦੋਂ ਅਸੀਂ ਖ਼ਾਲਸਾ ਕਾਲਜ ਦੇ 134ਵੇਂ ਸਥਾਪਨਾ ਦਿਵਸ ਉੱਤੇ ਇਸ ਦੇ ਇਤਿਹਾਸ ਤੋਂ ਵਰਤਮਾਨ ਵਿਚ ਬਣ ਰਹੇ ਇਤਿਹਾਸ ਤੱਕ ਦਾ ਸਫ਼ਰ ਕਰ ਰਹੇ ਹਾਂ ਤਾਂ ਉਨ੍ਹਾਂ ਹਸਤੀਆਂ ਨੂੰ ਯਾਦ ਕਰਨਾ ਬਣਦਾ ਹੈ ਜਿਨ੍ਹਾਂ ਦਾ ਪਸੀਨਾ ਇਸ ਦੀ ਮਿੱਟੀ ਨੂੰ ਸਿੰਜਦਾ ਰਿਹਾ ਹੈ। ਜੋ ਕੁਝ ਨਾਂ ਚੇਤੇ ਆਉਂਦੇ ਹਨ, ਉਨ੍ਹਾਂ ਵਿਚ ਮਸੂਦ ਮਿਨਹਾਸ ਦਾ ਨਾਂ ਵੀ ਹੈ ਜੋ 1932 ਵਿਚ ਲਾਸ ਏਂਜਲਸ 'ਚ ਹਾਕੀ ਖੇਡਣ ਗਿਆ।

ਬਲਬੀਰ ਸਿੰਘ ਕੁਲਾਰ ਨੇ ਓਲੰਪਿਕਸ ਵਿਚ 3 ਵਾਰ ਸੋਨੇ ਦੇ ਤਗਮੇ ਜਿੱਤੇ ਅਤੇ ਪਦਮਸ੍ਰੀ ਦਾ ਸਨਮਾਨ ਹਾਸਲ ਕੀਤਾ। ਅਰਸ਼ਦੀਪ ਸਿੰਘ ਭਾਰਤੀ ਫ਼ੌਜ ਵਿਚ ਮੇਜਰ ਬਣਿਆ। ਬਹਾਦੁਰ ਸਿੰਘ ਨੇ ਕੋਚ ਬਣ ਕੇ ਭਾਰਤ ਦੀਆਂ ਕਈ ਪੀੜ੍ਹੀਆਂ ਦੀ ਐਥਲੈਟਿਕਸ ਟੀਮਾਂ ਨੂੰ ਖੇਡਾਂ ਦੇ ਗੁਰ ਸਿਖਾਏ, ਪਦਮਸ੍ਰੀ ਤੋਂ ਲੈ ਕੇ ਖੇਡਾਂ ਦਾ ਮਾਣਮੱਤਾ ਸਨਮਾਨ ਦ੍ਰੋਣਾਚਾਰੀਆ ਐਵਾਰਡ ਹਾਸਲ ਕੀਤਾ।

ਭਾਰਤੀ ਕ੍ਰਿਕਟ ਟੀਮ ਦੀ ਕਪਤਾਨੀ ਕਰਨ ਵਾਲਾ ਪਹਿਲਾ ਸਿੱਖ ਖੱਬੂ ਸਪਿੰਨਰ ਬਿਸ਼ਨ ਸਿੰਘ ਬੇਦੀ ਵੀ ਯਾਦ ਆਉਂਦਾ ਹੈ। ਭਲਵਾਨ ਕਰਤਾਰ ਸਿੰਘ ਓਲੰਪਿਕ ਖੇਡਿਆ ਅਤੇ ਪੰਜਾਬ ਪੁਲਿਸ ਦਾ ਆਈਜੀ ਰਿਹਾ। ਪ੍ਰਵੀਨ ਕੁਮਾਰ ਨੇ ਦੋ ਵਾਰ ਓਲੰਪਿਕਸ ਵਿਚ ਨਾਂ ਚਮਕਾਇਆ। ਬਾਵਾ ਬਲਵੰਤ ਵਰਗੇ ਮਾਣਮੱਤੇ ਸਾਹਿਤਕਾਰ ਇਸ ਕਾਲਜ ਦਾ ਹਿੱਸੇ ਰਹੇ। ਪੰਜਾਬੀ ਸਾਹਿਤ ਤੇ ਆਲੋਚਨਾ ਦੇ ਬਾਬਾ ਬੋਹੜ ਸੰਤ ਸਿੰਘ ਸੇਖੋਂ ਇਸ ਕਾਲਜ ਦੇ ਪੰਜਾਬੀ ਅਧਿਐਨ ਸਕੂਲ ਦੇ ਪਹਿਲੇ ਮੁਖੀ ਰਹੇ। ਅੱਜ ਉਹੀ ਪੰਜਾਬੀ ਵਿਭਾਗ ਅੰਮ੍ਰਿਤਸਰ ਸਾਹਿਤ ਉਸਤਵ ਤੇ ਪੁਸਤਕ ਮੇਲੇ ਦੇ ਰੂਪ 'ਚ ਉਨ੍ਹਾਂ ਵੱਲੋਂ ਆਰੰਭੀ ਸਾਹਿਤਕ ਵਿਰਾਸਤ ਨੂੰ ਵਡੇਰੀਆਂ ਮੰਜ਼ਿਲਾਂ ਸਰ ਕਰਵਾ ਰਿਹਾ ਹੈ।

# ਖਾਮਨੇਈ ਮਗਰੋਂ ਈਰਾਨ ਦਾ ਭਵਿੱਖ

ਇਜਰਾਈਲ ਨੇ ਅਮਰੀਕਾ ਨਾਲ ਸਾਂਝੀ ਮੁਹਿੰਮ ਵਿਚ ਈਰਾਨ 'ਤੇ ਧਾਵਾ ਬੋਲ ਹੀ ਦਿੱਤਾ। ਹਮਲੇ ਦੇ ਸ਼ੁਰੂਆਤੀ ਦੌਰ ਵਿਚ ਹੀ ਈਰਾਨ ਦੇ ਸਿਖਰਲੇ ਨੇਤਾ ਅਯਾਤੁੱਲਾ ਖਾਮਨੇਈ ਦੀ ਮੌਤ ਕਾਰਨ ਦੋਵਾਂ ਦੇਸ਼ਾਂ ਨੇ ਆਪਣੇ ਇਰਾਦੇ ਪੂਰੀ ਤਰ੍ਹਾਂ ਜਾਹਰ ਕਰ ਦਿੱਤੇ ਸਨ। ਸਪਸ਼ਟ ਹੈ ਕਿ ਉਨ੍ਹਾਂ ਨੇ ਈਰਾਨ ਵਿਚ ਤਬਾਹੀ ਹੀ ਨਹੀਂ, ਬਲਕਿ ਸੱਤਾ ਪਰਿਵਰਤਨ ਦੀ ਅੜੀ ਨੂੰ ਆਪਣਾ ਟੀਚਾ ਬਣਾ ਲਿਆ ਹੈ।

ਅਮਰੀਕੀ ਰਾਸ਼ਟਰਪਤੀ ਡੌਨਾਲਡ ਟਰੰਪ ਨੇ ਤਾਂ ਈਰਾਨ ਦੀ ਜਨਤਾ ਨੂੰ ਸੱਦਾ ਤੱਕ ਦੇ ਦਿੱਤਾ ਹੈ ਕਿ ਆਪਣੇ ਦੇਸ਼ ਦੀ ਕਮਾਨ ਆਪਣੇ ਹੱਥ ਵਿਚ ਲਓ ਅਤੇ ਅਜਿਹਾ ਮੌਕਾ ਫਿਰ ਪਤਾ ਨਹੀਂ ਕਦੋਂ ਮਿਲੇ। ਦੇਖਿਆ ਜਾਵੇ ਤਾਂ ਈਰਾਨ 'ਤੇ ਇਹ ਹਮਲਾ ਕਿਸੇ ਵੱਡੇ ਖਤਰੇ ਤੋਂ ਜਿਆਦਾ ਅਮਰੀਕੀ ਸੱਤਾ ਅਦਾਰੇ ਦੇ ਸਿਆਸੀ ਗੁਣਾ-ਭਾਗ, ਇਜਰਾਈਲ ਦੀਆਂ ਸੁਰੱਖਿਆ ਚਿੰਤਾਵਾਂ ਅਤੇ ਕਥਿਤ ਡੌਨਰੋ ਸਿਧਾਂਤ ਦੀਆਂ ਧਾਕੜ ਖਾਹਿਸ਼ਾਂ ਦਾ ਨਤੀਜਾ ਹੈ। ਡੌਨਰੋ ਸਿਧਾਂਤ ਜਰੀਏ ਟਰੰਪ ਅਮਰੀਕੀ ਚੜ੍ਹਤ ਦਾ ਵਿਆਪਕ ਵਿਸਥਾਰ ਕਰਨਾ ਚਾਹੁੰਦੇ ਹਨ। ਇਸ ਸਾਲ ਦੀ ਸ਼ੁਰੂਆਤ ਵਿਚ ਵੈਨੇਜ਼ੁਏਲਾ ਵਿਚ ਤਖਤਾਪਲਟ ਅਤੇ ਗ੍ਰੀਨਲੈਂਡ ਨੂੰ ਲੈ ਕੇ ਸਖਤ ਤੇਵਰ ਇਸੇ ਰਣਨੀਤੀ ਦਾ ਹਿੱਸਾ ਰਹੇ ਹਨ। ਇਸੇ ਲੜੀ ਵਿਚ ਹੁਣ ਈਰਾਨ 'ਤੇ ਵੱਡਾ ਹਮਲਾ ਕੀਤਾ ਗਿਆ ਹੈ। ਹੁਣ ਅਮਰੀਕੀ ਏਜੰਡਾ ਈਰਾਨ ਵਿਚ ਸੱਤਾ ਤਬਦੀਲੀ ਦਾ ਭਾਵੇਂ ਹੋਵੇ ਪਰ ਇਤਿਹਾਸ ਗਵਾਹ ਹੈ ਕਿ ਜਿੱਥੇ ਸਮਾਜ, ਸੈਨਾ ਅਤੇ ਰਾਜ ਸੱਤਾ ਦੀਆਂ ਜੜ੍ਹਾਂ ਡੂੰਘੀਆਂ ਹੋਣ, ਉੱਥੇ ਸਿਰਫ ਬਾਹਰਲੀ ਬੰਬਾਰੀ ਨਾਲ ਸੱਤਾ ਦੀ ਬਣਤਰ ਨੂੰ ਨਹੀਂ ਬਦਲਿਆ ਜਾ ਸਕਦਾ।

ਖਾਮਨੇਈ ਦੀ ਮੌਤ ਦੇ ਸਿਲਸਿਲੇ ਵਿਚ ਟਰੰਪ ਪ੍ਰਸ਼ਾਸਨ ਸਿਖਰਲੀ ਲੀਡਰਸ਼ਿਪ ਦੇ ਸਫਾਏ ਅਤੇ ਹਕੀਕੀ ਸੱਤਾ ਤਬਦੀਲੀ ਵਿਚਾਲੇ ਫਰਕ ਨੂੰ ਜਾਂ ਤਾਂ ਸਮਝ ਨਹੀਂ ਸਕਿਆ ਜਾਂ ਫਿਰ ਉਸ ਦੀ ਅਣਦੇਖੀ ਕਰ ਰਿਹਾ ਹੈ। ਚੇਤੇ ਰਹੇ ਕਿ ਈਰਾਨੀ ਇਸਲਾਮੀ ਗਣਰਾਜ ਕੋਈ ਇਕ ਵਿਅਕਤੀ ਦੀ ਤਾਨਾਸ਼ਾਹੀ ਨਹੀਂ ਸਗੋਂ ਸਮਾਨਾਂਤਰ ਸੰਸਥਾਵਾਂ ਵਾਲਾ ਇਕ ਹਾਈਬ੍ਰਿਡ ਮਾਡਲ ਹੈ। ਇਹ ਮਾਡਲ ਸਰਬਉੱਚ ਨੇਤਾ ਉੱਪਰ ਸਿਧਾਂਤਕ ਵੈਧਤਾ ਦੇ ਛਤਰ ਹੇਠਾਂ ਰੈਵੋਲਿਊਸ਼ਨਰੀ ਗਾਰਡਜ ਯਾਨੀ ਆਈਆਰਜੀਸੀ, ਬਸੀਜ ਮਿਲਸ਼ੀਆ, ਗਾਰਜੀਅਨ ਕੌਂਸਲ, ਮਾਹਰ ਸਭਾ, ਨਿਆਪਾਲਿਕਾ ਅਤੇ ਵਿਸ਼ਾਲ ਧਾਰਮਿਕ-ਆਰਥਿਕ ਟਰੱਸਟਾਂ ਦੇ ਜਾਲ ਨਾਲ ਮਿਲ ਕੇ ਬਣਦਾ ਹੈ।

ਇਹ ਰਾਜਨੀਤਕ, ਆਰਥਿਕ ਅਤੇ ਸਮਾਜਿਕ ਪਹਿਲੂਆਂ 'ਤੇ ਨਿਯੰਤਰਣ ਰੱਖਦੇ ਹੋਏ ਦਮਨ ਦਾ ਸਹਾਰਾ ਵੀ ਲੈਂਦਾ ਹੈ। ਇਸ ਬਣਤਰ ਦੇ ਇਕ ਸਿਰੇ ਨੂੰ ਉਡਾ ਦੇਣ ਨਾਲ ਹੀ ਇਹ ਸਮਾਪਤ ਨਹੀਂ ਹੁੰਦੀ ਬਲਕਿ ਹੋਰ ਖਤਰਨਾਕ ਰੂਪ ਵੀ ਲੈ ਲੈਂਦੀ ਹੈ। ਵਰਤਮਾਨ ਹਾਲਾਤ ਵਿਚ ਈਰਾਨ ਵਿਚ ਜੋ ਸੰਭਾਵੀ ਮੁਹਾਂਦਰੇ ਆਕਾਰ ਲੈਂਦੇ ਦਿਸ ਰਹੇ ਹਨ, ਉਨ੍ਹਾਂ ਵਿਚ ਸੰਭਵ ਹੈ ਕਿ ਕਿਸੇ ਪ੍ਰਤੀਕਾਤਮਕ ਧਰਮ-



ਗੁਰੂ ਨੂੰ ਕੇਂਦਰ ਵਿਚ ਰੱਖਦੇ ਹੋਏ ਆਈਆਰਜੀਸੀ ਹੀ ਕਮਾਨ ਆਪਣੇ ਹੱਥ ਵਿਚ ਲੈ ਲਵੇ। ਇਸ ਤਰ੍ਹਾਂ ਮੁੱਲਾ-ਰਾਜ ਦੀ ਜਗ੍ਹਾ ਫੌਜੀ ਰਾਜ ਸ਼ੁਰੂ ਹੋਵੇਗਾ ਅਤੇ ਵਿਵਸਥਾਗਤ ਤਾਨਾਸ਼ਾਹੀ ਜਿਵੇਂ ਦੀ ਤਿਵੇਂ ਰਹੇਗੀ। ਦੂਜੇ ਮੁਹਾਂਦਰੇ ਵਿਚ ਸੰਭਵ ਹੈ ਕਿ ਆਈਆਰਜੀਸੀ ਦੇ ਅੰਦਰ ਮਜਹਬੀ ਤਾਕਤਾਂ ਅਤੇ ਪ੍ਰਾਂਤੀ ਕਮਾਂਡਰਾਂ ਵਿਚਾਲੇ ਲੰਬੀ ਖਿੱਚੋਤਾਣ ਅਤੇ ਧੜੇਬਾਜੀ ਵਾਲੇ ਟਕਰਾਅ ਦੀ ਸਥਿਤੀ ਬਣੇ ਜਿਸ ਵਿਚ ਅਸਪਸ਼ਟ ਸੱਤਾ ਸਾਂਝੇਦਾਰੀ ਅਤੇ ਹਿੰਸਕ ਅਸਥਿਰਤਾ ਕਾਇਮ ਰਹਿ ਸਕਦੀ ਹੈ। ਤੀਜੀ ਸਥਿਤੀ ਲੋਕ-ਬਗਾਵਤ ਵੀ ਦਿਸਦੀ ਹੈ ਜਿਸ ਵਿਚ ਜਨਵਰੀ ਵਿਚ ਹੋਏ ਵਿਆਪਕ ਰੋਸ ਮੁਜਾਹਰਿਆਂ ਅਤੇ ਹੁਣ ਖਾਮਨੇਈ ਦੀ ਹੱਤਿਆ ਤੋਂ ਉਪਜੀਆਂ ਭਾਵਨਾਵਾਂ ਦੇ ਬਲਬੂਤੇ ਕੋਈ ਨਵਾਂ ਸਿਆਸੀ ਸੰਤੁਲਨ ਬਣਾਉਣ ਦੀ ਜਗ੍ਹਾ ਹੋ ਸਕਦੀ ਹੈ। ਹਾਲਾਂਕਿ ਸੰਗਠਨਾਤਮਕ ਢਾਂਚੇ ਦੀ ਘਾਟ ਅਤੇ ਅਗਵਾਈ ਦੇ ਪੱਧਰ 'ਤੇ ਇਹ ਸੰਭਾਵਨਾ ਕਮਜ਼ੋਰ ਹੀ ਦਿਸਦੀ ਹੈ। ਚੌਥੀ ਸਥਿਤੀ ਚੁਫੇਰੇ ਹਫੜਾ-ਦਫੜੀ ਫੈਲਣ ਦੀ ਵੀ ਹੋ ਸਕਦੀ ਹੈ।

ਹਾਲਾਂਕਿ ਇਸ ਦੇ ਆਸਾਰ ਹਾਲੇ ਬਹੁਤ ਘੱਟ ਦਿਸਦੇ ਹਨ ਪਰ ਜੇ ਅਜਿਹਾ ਹੋਇਆ ਤਾਂ ਖੇਤਰੀ ਅਤੇ ਆਲਮੀ ਵਿਵਸਥਾ ਲਈ ਇਸ ਦੇ ਨਤੀਜੇ ਬਹੁਤ ਘਾਤਕ ਹੋਣਗੇ। ਪੁਰਾਣੇ ਤਜਰਬੇ ਇਹੀ ਦੱਸਦੇ ਹਨ ਕਿ ਹਵਾਈ ਹਮਲਿਆਂ ਨਾਲ ਪਰਮਾਣੂ ਟਿਕਾਣੇ ਤਬਾਹ ਕੀਤੇ ਜਾ ਸਕਦੇ ਹਨ, ਵਿਰੋਧੀ ਫੌਜ ਦੀ ਤਾਕਤ ਘੱਟ ਕੀਤੀ ਜਾ ਸਕਦੀ ਹੈ, ਨੇਤਾਵਾਂ ਦੀ ਹੱਤਿਆ ਕੀਤੀ ਜਾ ਸਕਦੀ ਹੈ ਪਰ ਸਬੰਧਤ ਮੁਲਕ ਦੀ ਅੰਦਰੂਨੀ ਸਿਆਸੀ ਬਣਤਰ ਨੂੰ ਪੂਰੀ ਤਰ੍ਹਾਂ ਨਹੀਂ ਬਦਲਿਆ ਜਾ ਸਕਦਾ। ਲੀਬੀਆ ਨੂੰ ਛੱਡ ਕੇ ਕੋਈ ਮਿਸਾਲ ਯਾਦ ਨਹੀਂ ਆਉਂਦੀ ਜਿੱਥੇ ਸਿਰਫ ਹਵਾਈ ਹਮਲਿਆਂ ਅਤੇ ਸੀਮਤ ਜਮੀਨੀ ਦਖਲ ਨਾਲ ਸਥਿਰ ਅਤੇ ਲੋਕਤੰਤਰੀ ਸ਼ਾਸਨ ਵਿਵਸਥਾ ਸਥਾਪਤ ਹੋਈ ਹੋਵੇ।

ਹਾਲਾਂਕਿ ਅੱਜ ਉਹ ਵੀ ਬਦਇੰਤਜਾਮੀ ਦਾ ਸ਼ਿਕਾਰ ਹੈ। ਉਸ ਦੇ ਉਲਟ ਈਰਾਨ ਨੂੰ ਦੇਖੀਏ ਤਾਂ ਬਦਲੇ ਨੂੰ ਲੈ ਕੇ ਉਸ ਦਾ ਲੰਬਾ ਇਤਿਹਾਸ ਰਿਹਾ ਹੈ। ਉਹ ਉਮੀਦ ਮੁਤਾਬਕ ਸਾਧਨਾਂ ਨਾਲ ਭਰਪੂਰ ਵੀ ਹੈ। ਜਦ 1980-88 ਦੀ ਜੰਗ ਵਿਚ ਲੱਖਾਂ ਜਾਨਾਂ ਗੁਆ ਕੇ ਵੀ ਉਸ ਨੇ ਝੁਕਣ ਤੋਂ ਇਨਕਾਰ ਕਰ ਦਿੱਤਾ ਸੀ ਤਾਂ ਕੀ ਉਹ ਹੁਣ ਆਪਣੇ ਸਿਖਰਲੇ ਨੇਤਾ ਨੂੰ ਮਾਰ ਸੁੱਟੇ ਜਾਣ 'ਤੇ ਸਮਰਪਣ ਕਰ ਦੇਵੇਗਾ? ਈਰਾਨੀ ਸਮਾਜ ਦੀ ਅੰਦਰੂਨੀ ਹਾਲਤ ਵੀ ਕੁਝ ਹੋਰ ਕਹਾਣੀ ਕਹਿੰਦੀ ਹੈ।

ਸੰਨ 1979 ਤੋਂ ਬਾਅਦ ਪੈਦਾ ਹੋਈ ਤਿੰਨ-ਚੌਥਾਈ ਆਬਾਦੀ ਲਈ ਇਸਲਾਮੀ ਗਣਰਾਜ ਦਾ ਤਜਰਬਾ ਰਾਜਨੀਤਕ ਦਮਨ ਦੇ ਨਾਲ-ਨਾਲ ਸਮਾਜਿਕ ਅਤੇ ਆਰਥਿਕ ਨਿਯੰਤਰਣ ਦਾ ਵੀ ਰਿਹਾ ਹੈ। ਕੀ ਪਹਿਨੋ, ਕੀ ਸੁਣੋ, ਕੀ ਪੜ੍ਹੋ, ਕਿਸ ਨਾਲ ਪ੍ਰੇਮ ਕਰੋ, ਕਿਸ ਨਾਲ ਵਿਆਹ ਕਰੋ, ਇਨ੍ਹਾਂ ਸਭ 'ਤੇ ਨਿਗਰਾਨੀ ਹੈ।

ਇਸ ਦੀ ਪ੍ਰਤੀਕਿਰਿਆ ਵਿਚ ਇਹ ਸਮਾਜ ਅੱਜ ਪੱਛਮੀ ਏਸ਼ੀਆ ਵਿਚ ਕੁਝ ਸੈਕੂਲਰ ਦਿਸਦਾ ਹੈ। ਜਨਤਾ ਦੇ ਇਕ ਵਰਗ ਵਿਚ ਅਮਰੀਕਾ ਵਿਰੋਧੀ ਭਾਵਨਾਵਾਂ ਵੀ ਘੱਟ ਹਨ। ਇਸ ਦੇ ਬਾਵਜੂਦ ਅਸੰਤੋਸ਼ ਅਤੇ ਲੋਕਤੰਤਰੀ ਲਾਗ ਦਰਮਿਆਨ ਡੂੰਘਾ ਖੱਪਾ ਕਾਇਮ ਹੈ ਜਿਸ ਨੂੰ ਸਿਰਫ ਬਾਹਰਲੀ ਬੰਬਾਰੀ ਨਾਲ ਹਟਾਇਆ ਨਹੀਂ ਜਾ ਸਕਦਾ।

ਈਰਾਨ ਨੇ ਬਹਿਰੀਨ, ਕਤਰ, ਕੁਵੈਤ ਅਤੇ ਯੂਏਈ ਵਿਚ ਅਮਰੀਕੀ ਫੌਜੀ ਟਿਕਾਣਿਆਂ 'ਤੇ ਹਮਲੇ ਕਰ ਕੇ ਆਪਣੀ ਬਦਲਾ ਲਊ ਸਮਰੱਥਾ ਦਾ ਸੰਕੇਤ ਦਿੱਤਾ ਹੈ ਅਤੇ ਹੋਰਮੁਜ ਸਟਰੇਟ ਵਿਚ ਤੇਲ ਦੀ ਆਵਾਜਾਈ 'ਤੇ ਗ੍ਰਹਿਣ ਲਗਾ ਦਿੱਤਾ ਹੈ। ਅਰਬ ਦੇਸ਼ਾਂ ਦੇ ਸ਼ਾਸਕ ਈਰਾਨੀ ਪ੍ਰਭਾਵ ਤੋਂ ਕਦੇ ਵੀ ਖੁਸ਼ ਨਹੀਂ ਰਹੇ ਕਿਉਂਕਿ ਉਨ੍ਹਾਂ ਨੂੰ ਸ਼ੰਕਾ ਸਤਾਉਂਦੀ ਰਹੀ ਹੈ ਕਿ ਅਰਾਜਕ ਈਰਾਨ ਪੂਰੀ ਪੱਛਮੀ ਏਸ਼ਿਆਈ ਵਿਵਸਥਾ ਨੂੰ ਅਸਥਿਰ ਕਰ ਦੇਵੇਗਾ।

ਤੇਲ ਬਾਜਾਰਾਂ ਵਿਚ ਹਲਚਲ, ਆਲਮੀ ਮਹਿੰਗਾਈ 'ਤੇ ਦਬਾਅ ਅਤੇ ਅਫਗਾਨਿਸਤਾਨ-ਇਰਾਕ-ਸੀਰੀਆ ਤੋਂ ਬਾਅਦ ਇਕ ਹੋਰ ਲੰਬੀ ਜੰਗ ਤੋਂ ਤੰਗ ਆ ਚੁੱਕੇ ਅਮਰੀਕੀ ਸਮਾਜ ਵਰਗੇ ਪਹਿਲੂ ਇਨ੍ਹਾਂ ਹਾਲਤਾਂ ਨੂੰ ਹੋਰ ਨਾਜੁਕ ਬਣਾ ਦਿੰਦੇ ਹਨ। ਬਦਲਾਂ ਦੀ ਗੱਲ ਕਰੀਏ ਤਾਂ ਸਥਿਤੀ ਬਹੁਤ ਸੁਖਾਵੀਂ ਨਹੀਂ ਦਿਸ ਰਹੀ। ਰਜਾ ਪਹਲਵੀ ਵਰਗੀ ਜਲਾਵਤਨੀ ਕੱਟ ਰਹੀ ਸ਼ਖਸੀਅਤ ਪ੍ਰਤੀਕਾਤਮਕ ਆਕਰਸ਼ਣ ਤਾਂ ਰੱਖਦੀ ਹੈ ਅਤੇ ਸੁਤੰਤਰ ਚੋਣਾਂ ਵਿਚ ਉਹ ਬਿਹਤਰ ਪ੍ਰਦਰਸ਼ਨ ਵੀ ਕਰ ਸਕੇ ਪਰ ਉਨ੍ਹਾਂ ਕੋਲ ਨਾ ਜਮੀਨੀ ਸੰਗਠਨ ਹੈ ਅਤੇ ਨਾ ਕੋਈ ਕਾਰਗਰ ਗੱਠਜੋੜ। ਇਸ ਲਈ ਬਿਹਤਰ ਇਹੀ ਹੋਵੇਗਾ ਕਿ ਈਰਾਨ ਵਿਚ ਹਮਲਾਵਰ ਸੱਤਾ ਪਰਿਵਰਤਨ ਮੁਹਿੰਮ ਦੀ ਬਜਾਏ ਉੱਥੇ ਲੋਕ-ਸ਼ਕਤੀ, ਲੰਬੇ ਸਮੇਂ ਦੇ ਸੰਸਥਾਗਤ ਸੁਧਾਰ ਅਤੇ ਖੇਤਰੀ ਕੂਟਨੀਤੀ ਵਿਚਾਲੇ ਸੰਤੁਲਨ ਦੀ ਸੋਚ ਨੂੰ ਮਜਬੂਤ ਕੀਤਾ ਜਾਵੇ। ਈਰਾਨ ਵਿਚ ਸੱਤਾ ਪਰਿਵਰਤਨ ਦਾ ਹਕੀਕੀ ਪੜਾਅ ਜਰੂਰ ਆਵੇਗਾ ਪਰ ਗੱਲ ਉਦੋਂ ਬਣੇਗੀ ਜਦੋਂ ਪੜਾਅਬੱਧ ਅਤੇ ਅੰਦਰੂਨੀ ਪ੍ਰੇਰਨਾ ਤੋਂ ਉਪਜੇ। ਇਕਦਮ ਵਿਦੇਸ਼ੀ ਦਬਾਅ ਅਰਾਜਕਤਾ ਨੂੰ ਹੀ ਵਧਾਵੇਗਾ।

# ਵਿਕਸਤ ਭਾਰਤ ਦੀ ਖਿੜਕੀ ਗੁਜਰਾਤ

ਗੁਜਰਾਤ ਖ਼ੁਆਬਾਂ ਨੂੰ ਦ੍ਰਿੜ੍ਹ ਹੌਸਲਾ ਦੇਣ ਵਾਲਾ ਸੂਬਾ ਹੈ। ਇਹ ਸੂਬਾ ਇਸ ਗੱਲ ਦਾ ਗਵਾਹ ਹੈ ਕਿ ਜੋ ਖ਼ੁਆਬ ਨਿੱਜ ਤੋਂ ਉੱਪਰ ਉੱਠ ਕੇ ਲੋਕ-ਹਿਤ ਲਈ ਦੇਖੇ ਜਾਣ ਉਹ ਜ਼ਰੂਰ ਸਾਕਾਰ ਹੁੰਦੇ ਹਨ। ਇਸ ਦੀ ਇਕ ਮਿਸਾਲ ਹੈ, ਗੁਜਰਾਤ ਦੇ ਏਕਤਾ ਨਗਰ ਦਾ 'ਸਟੈਚੂ ਆਫ ਯੂਨਿਟੀ'। ਇਹ ਸਰਦਾਰ ਵੱਲਭ ਭਾਈ ਪਟੇਲ ਦੀ 182 ਮੀਟਰ ਉੱਚੀ ਦੁਨੀਆ ਦੀ ਸਭ ਤੋਂ ਉੱਚੀ ਮੂਰਤ ਹੈ। ਇਸ ਮੂਰਤ 'ਤੇ ਸਰਦਾਰ ਪਟੇਲ ਵੱਲੋਂ ਪਹਿਨੀ ਜੈਕੇਟ ਦੇ ਦੂਜੇ ਅਤੇ ਤੀਜੇ ਬਟਨ ਵਿਚਕਾਰ ਬਣੀ ਜਗ੍ਹਾ ਵਿਚ ਖੜ੍ਹ ਕੇ ਜਦੋਂ ਕੋਈ ਸ਼ਖ਼ਸ ਬਾਹਰ ਵੱਲ ਦੇਖਦਾ ਹੈ ਤਾਂ ਪਹਿਲੀ ਨਜ਼ਰੇ ਉਸ ਨੂੰ ਸਰਦਾਰ ਵੱਲਭ ਭਾਈ ਪਟੇਲ ਦਾ ਖ਼ੁਆਬ ਸਾਕਾਰ ਹੋਇਆ ਨਜ਼ਰ ਆਉਂਦਾ ਹੈ। ਇਹ ਖ਼ੁਆਬ ਸੀ 'ਸਰਦਾਰ ਸਰੋਵਰ ਡੈਮ"।

ਸਰਦਾਰ ਪਟੇਲ ਦੇ ਇਸ ਡੈਮ ਦੇ ਖ਼ੁਆਬ ਨੂੰ ਸਾਕਾਰ ਹੁੰਦੇ ਹੋਏ ਬੇਸ਼ੱਕ ਦਹਾਕੇ ਲੱਗ ਗਏ ਪਰ ਉਨ੍ਹਾਂ ਦੀ ਦੂਰ-ਦ੍ਰਿਸ਼ਟੀ ਅੱਜ ਸਿਰਫ਼ 'ਦਿ ਲਾਈਫਲਾਈਨ ਆਫ ਗੁਜਰਾਤ' ਹੀ ਨਹੀਂ ਹੈ, ਸਗੋਂ ਇਸ ਡੈਮ ਦਾ ਕਈ ਗੁਆਂਢੀ ਸੂਬਿਆਂ ਨੂੰ ਵੀ ਫਾਇਦਾ ਹੋ ਰਿਹਾ ਹੈ। ਸਰਦਾਰ ਸਰੋਵਰ ਡੈਮ ਦਾ ਪਾਣੀ ਗੁਜਰਾਤ ਅਤੇ ਰਾਜਸਥਾਨ ਦੇ ਕੁਝ ਹਿੱਸਿਆਂ ਵਿਚ ਲਗਪਗ 18 ਲੱਖ ਹੈਕਟੇਅਰ ਜਮੀਨ ਨੂੰ ਸਿੰਚਾਈ ਪ੍ਰਦਾਨ ਕਰਦਾ ਹੈ। ਇਹ ਹਜਾਰਾਂ ਪਿੰਡਾਂ ਅਤੇ ਕਈ ਸਹਿਰੀ ਕੇਂਦਰਾਂ ਨੂੰ ਪੀਣਯੋਗ ਪਾਣੀ ਸਪਲਾਈ ਕਰਦਾ ਹੈ। ਇਸ ਦੀ ਬਿਜਲੀ ਉਤਪਾਦਨ ਸਮਰੱਥਾ 1,450 ਮੈਗਾਵਾਟ ਹੈ, ਜੋ ਗੁਜਰਾਤ, ਮਹਾਰਾਸਟਰ ਅਤੇ ਮੱਧ ਪ੍ਰਦੇਸ ਵਿਚ ਸਾਂਝੀ ਵੰਡੀ ਜਾਂਦੀ ਹੈ। ਇਸ ਇਲਾਕੇ ਦਾ ਵਿਕਾਸ ਸਿਰਫ਼ ਸਰਦਾਰ ਸਰੋਵਰ ਡੈਮ ਦੇ ਖ਼ੁਆਬ ਦੇ ਸਾਕਾਰ ਹੋਣ 'ਤੇ ਹੀ ਨਹੀਂ ਰੁਕਿਆ, ਸਗੋਂ ਸਰਦਾਰ ਵੱਲਭ ਭਾਈ ਪਟੇਲ ਦੀ ਮੂਰਤ ਵਾਂਗ ਨਿਰੰਤਰ ਅੱਗੇ ਵਧਣ ਦਾ ਸੁਨੇਹਾ ਦੇ ਰਿਹਾ ਹੈ। 'ਵਿਕਾਸ ਤੋਂ ਅਗਾਂਹ ਵਿਕਾਸ' ਦੀ ਸੋਚ ਸਦਕਾ ਇਸ ਇਲਾਕੇ ਦੇ ਆਲ਼ੇ-ਦੁਆਲ਼ੇ ਦੇ ਜੰਗਲ ਵਿਚ ਮੰਗਲ ਵਾਲੀ ਗੱਲ ਨਜ਼ਰ ਆਉਂਦੀ ਹੈ।

ਸਰਦਾਰ ਸਰੋਵਰ ਡੈਮ ਦੇ ਨੇੜੇ-ਤੇੜੇ ਸਟੈਚੂ ਆਫ ਯੂਨਿਟੀ ਸਮੇਤ ਕਈ ਸੈਰ-ਸਪਾਟਾ ਕੇਂਦਰ ਸਥਾਪਤ ਕੀਤੇ ਗਏ ਹਨ, ਜੋ ਇਸ ਇਲਾਕੇ ਨੂੰ ਸੈਲਾਨੀਆਂ ਦੀ ਖਿੱਚ ਦਾ ਕੇਂਦਰ ਬਣਾ ਰਹੇ ਹਨ। ਇਸ ਖੇਤਰ ਵਿਚ ਲਗਪਗ 375 ਏਕੜ ਵਿਚ ਫੈਲਿਆ ਸਰਦਾਰ ਪਟੇਲ ਜ਼ੂਓਲੋਜੀਕਲ ਪਾਰਕ, ਫੁੱਲਾਂ ਦੀ ਘਾਟੀ, ਅਰੋਗਿਆ ਵਣ, ਮੀਆਵਾਕੀ ਜੰਗਲ, ਕੈਕਟਸ ਗਾਰਡਨ ਅਤੇ ਏਕਤਾ ਕਰੂਜ ਵਰਗੀਆਂ ਕਰੀਬ 27 ਤੋਂ ਵੱਧ ਅਜਿਹੀਆਂ ਦਿਲਕਸ਼ ਸੈਰ-ਸਪਾਟੇ ਦੀਆਂ ਥਾਂਵਾਂ ਹਨ, ਜੋ ਇੱਥੇ ਸੈਲਾਨੀਆਂ ਨੂੰ ਦੋ-ਤਿੰਨ ਦਿਨ ਰਹਿਣ ਲਈ ਮੱਲੋ-ਮੱਲੀ ਮਜਬੂਰ ਕਰਦੀਆਂ ਹਨ। ਗੁਜਰਾਤ ਦਾ ਇਹ ਇਲਾਕਾ ਮਹਿਲਾ ਸਸ਼ਕਤੀਕਰਨ ਅਤੇ ਰੁਜ਼ਗਾਰ ਸਿਰਜਣਾ ਦੀ ਬਹੁਤ ਉਮਦਾ ਮਿਸਾਲ ਹੈ।

ਏਕਤਾ ਨਗਰ ਤੋਂ ਕਰੀਬ 200 ਕਿਲੋਮੀਟਰ ਦੂਰ ਜੇਕਰ ਅਹਿਮਦਾਬਾਦ ਪਹੁੰਚਿਆ ਜਾਵੇ ਤਾਂ ਇੱਥੇ ਭਾਰਤ ਦੀ ਪਹਿਲੀ ਬੁਲੇਟ ਟ੍ਰੇਨ ਪ੍ਰਾਜੈਕਟ ਆਪਣੇ ਆਪ ਵਿਚ ਭਾਰਤ ਦੀ ਵਿਕਸਤ ਟਰਾਂਸਪੋਰਟ ਦੀ ਤਸਵੀਰ ਹੈ। ਲਗਪਗ 508 ਕਿਲੋਮੀਟਰ ਦੀ ਦੂਰੀ ਵਾਲਾ ਮੁੰਬਈ-ਅਹਿਮਦਾਬਾਦ ਬੁਲੇਟ ਟ੍ਰੇਨ ਪ੍ਰਾਜੈਕਟ ਵਿਕਸਤ ਭਾਰਤ ਦੀ ਉਹ ਤਸਵੀਰ ਹੈ, ਜਿੱਥੇ ਆਉਣ ਵਾਲੇ ਕੁਝ ਸਾਲਾਂ ਵਿਚ 320 ਕਿਲੋਮੀਟਰ ਪ੍ਰਤੀ ਘੰਟੇ ਦੀ ਰਫ਼ਤਾਰ ਨਾਲ ਟ੍ਰੇਨ ਦੌੜੇਗੀ। ਅਹਿਮਦਾਬਾਦ ਵਿਚਲੇ ਇਸ ਪ੍ਰਾਜੈਕਟ ਦੇ ਸਟੇਸ਼ਨ ਇਸ ਤਰ੍ਹਾਂ ਅਤਿ



ਆਧੁਨਿਕ ਸਹੂਲਤਾਂ ਨਾਲ ਤਿਆਰ ਹੋ ਰਹੇ ਹਨ, ਜਿੱਥੇ ਇੱਕੋ ਜਗ੍ਹਾ ਮੈਟਰੋ, ਰੇਲਗੱਡੀ ਅਤੇ ਬੁਲੇਟ ਟ੍ਰੇਨ ਦੀਆਂ ਸਹੂਲਤਾਂ ਮੁਸਾਫ਼ਰਾਂ ਨੂੰ ਮਿਲਣਗੀਆਂ। ਬੇਸ਼ੱਕ ਗੁਜਰਾਤ ਦਾ ਵਿਕਾਸ ਬੁਲੇਟ ਟ੍ਰੇਨ ਦੀ ਰਫ਼ਤਾਰ ਨਾਲ ਅੱਗੇ ਵੱਧ ਰਿਹਾ ਹੈ ਪਰ ਨਾਲੋ-ਨਾਲ ਇਹ ਸੂਬਾ ਆਪਣੀ 4500 ਸਾਲ ਪੁਰਾਣੀ ਵਿਰਾਸਤ ਨੂੰ ਵੀ ਸੰਭਾਲ ਰਿਹਾ ਹੈ।

ਅਹਿਮਦਾਬਾਦ ਤੋਂ ਸਿਰਫ਼ 80 ਕਿਲੋਮੀਟਰ ਦੂਰ ਜਾਈਏ ਤਾਂ ਇੱਥੇ 'ਲੋਥਲ ਹੜੱਪਾਕਾਲੀਨ ਬੰਦਰਗਾਹ ਨਗਰ' ਦੇ ਦੀਦਾਰ ਹੁੰਦੇ ਹਨ। ਇਹ ਬੰਦਰਗਾਹ ਇਕ ਨਦੀ ਦੇ ਕੰਢੇ 'ਤੇ ਬਣਾਈ ਗਈ ਸੀ, ਜੋ ਸਮੁੰਦਰ ਨਾਲ ਜੁੜਦੀ ਸੀ, ਜਿਸ ਨਾਲ ਵਪਾਰ ਅਤੇ ਆਵਾਜਾਈ ਆਸਾਨ ਹੋ ਜਾਂਦੀ ਸੀ। ਇੱਥੇ ਲਗਾਤਾਰ ਚੱਲ ਰਹੀ ਖੁਦਾਈ ਤੋਂ ਪਤਾ ਲਗਦਾ ਹੈ ਕਿ ਬੰਦਰਗਾਹ ਦੀ ਬਨਾਵਟ ਬਹੁਤ ਹੀ ਸੁਚੱਜੀ ਅਤੇ ਵਿਗਿਆਨਕ ਸੀ, ਜਿਸ ਵਿਚ ਪਾਣੀ ਦੇ ਪ੍ਰਵਾਹ ਨੂੰ ਨਿਯੰਤਰਿਤ ਕਰਨ ਲਈ ਨਿਕਾਸ ਦੇ ਰਸਤੇ ਬਣਾਏ ਗਏ ਸਨ। ਇਸ ਬੰਦਰਗਾਹ ਦੇ ਜਰੀਏ ਹੜੱਪਾ ਦੇ ਲੋਕ ਸਮੁੰਦਰੀ ਵਪਾਰ ਕਰਦੇ ਸਨ, ਜਿਸ ਨਾਲ ਉਹ ਦੂਜੇ ਖੇਤਰਾਂ ਨਾਲ ਸੰਪਰਕ ਵਿਚ ਰਹਿੰਦੇ ਸਨ। ਇਹ ਸਥਾਨ ਪ੍ਰਾਚੀਨ ਭਾਰਤੀ ਇਤਿਹਾਸ ਵਿਚ ਵਪਾਰ ਅਤੇ ਆਰਥਿਕਤਾ ਦੇ ਵਿਕਾਸ ਦਾ ਪ੍ਰਤੀਕ ਹੈ।

ਇਸ ਸਥਾਨ ਤੋਂ ਕੁਝ ਦੂਰੀ 'ਤੇ ਰਾਸ਼ਟਰੀ ਸਮੁੰਦਰੀ ਵਿਰਾਸਤੀ ਕੰਪਲੈਕਸ ਦਾ ਪ੍ਰਾਜੈਕਟ ਬੜੀ ਤੇਜ਼ੀ ਨਾਲ ਚੱਲ ਰਿਹਾ ਹੈ। ਇਸ ਪ੍ਰਾਜੈਕਟ ਦਾ ਵਿਕਾਸ ਕੇਂਦਰੀ ਬੰਦਰਗਾਹਾਂ, ਜਹਾਜਰਾਨੀ ਅਤੇ ਜਲ ਮਾਰਗ ਮੰਤਰਾਲੇ ਵੱਲੋਂ ਕੀਤਾ ਜਾ ਰਿਹਾ ਹੈ। ਇਸ ਕੰਪਲੈਕਸ ਦੇ ਕੇਂਦਰ ਵਿਚ ਆਈਕਾਨਿਕ ਨੈਸਨਲ ਮੈਰੀਟਾਈਮ ਮਿਊਜੀਅਮ ਤਿਆਰ ਹੋ ਰਿਹਾ ਹੈ, ਜਿਸ ਵਿਚ 14 ਥੀਮ ਅਧਾਰਿਤ ਗੈਲਰੀਆਂ ਬਣਾਈਆਂ ਜਾ ਰਹੀਆਂ ਹਨ। ਇਨ੍ਹਾਂ ਗੈਲਰੀਆਂ ਵਿਚ ਵੱਖ-ਵੱਖ ਪ੍ਰਭਾਵਸ਼ਾਲੀ ਤਰੀਕਿਆਂ ਨਾਲ ਭਾਰਤ ਦੀ ਸਮੁੰਦਰੀ ਇਤਿਹਾਸਕ ਵਿਰਾਸਤ ਨੂੰ ਪੇਸ ਕੀਤਾ ਜਾਵੇਗਾ। ਇਕ ਵਾਰ ਮੁਕੰਮਲ ਹੋ ਜਾਣ ਤੋਂ ਬਾਅਦ ਇਹ ਦੁਨੀਆ ਦਾ ਸਭ ਤੋਂ ਵੱਡਾ ਮੈਰੀਟਾਈਮ ਮਿਊਜ਼ੀਅਮ ਹੋਵੇਗਾ, ਜਿਸ ਨੂੰ ਦੇਖਣ ਵਾਲੀਆਂ ਅੱਖਾਂ ਯਕੀਨਨ ਖੁੱਲ੍ਹੀਆਂ ਦੀਆਂ ਖੁੱਲ੍ਹੀਆਂ ਰਹਿ ਜਾਣਗੀਆਂ। ਇੱਥੋਂ ਦੇ ਗਾਂਧੀਨਗਰ ਵਿਖੇ 'ਨੈਸ਼ਨਲ ਫੋਰੈਂਸਿਕ ਸਾਇੰਸ ਯੂਨੀਵਰਸਿਟੀ' ਇਸ ਦੀ ਇਕ ਮਿਸਾਲ ਹੈ, ਜੋ ਵਿਸ਼ਵ ਦੀ ਪਹਿਲੀ ਅਤੇ ਇਕੋ ਇਕ ਫੋਰੈਂਸਿਕ ਸਾਇੰਸ ਯੂਨੀਵਰਸਿਟੀ ਹੈ।

ਵਿਗਿਆਨ ਤੋਂ ਇਲਾਵਾ ਪੁਲਾੜ ਦੇ ਖੇਤਰ ਵਿਚ ਵੀ ਗੁਜਰਾਤ ਦੀ ਅਹਿਮ ਥਾਂ ਹੈ। ਇੱਥੋਂ ਦੇ ਅਹਿਮਦਾਬਾਦ ਦੇ ਸਪੇਸ ਐਪਲੀਕੇਸ਼ਨਜ਼ ਸੈਂਟਰ (ਐੱਸਏਸੀ) ਇਸਰੋ ਦੇ ਕੇਂਦਰ ਦੀ ਪੁਲਾੜ ਖੇਤਰ ਵਿਚ ਬਹੁਤ ਹੀ ਖ਼ਾਸ ਭੂਮਿਕਾ ਹੈ। ਇਹ ਕੇਂਦਰ ਮੁੱਖ ਤੌਰ 'ਤੇ ਸੰਚਾਰ ਉਪਗ੍ਰਹਿ ਅਤੇ ਰਿਮੋਟ ਸੈਂਸਿੰਗ ਉਪਗ੍ਰਹਿਾਂ ਲਈ ਉਪਕਰਨ ਵਿਕਸਤ ਕਰਦਾ ਹੈ। ਸੰਚਾਰ ਉਪਗ੍ਰਹਿ ਟੈਲੀਵਿਜਨ ਪ੍ਰਸਾਰਣ, ਟੈਲੀਫ਼ੋਨ ਸੇਵਾਵਾਂ, ਇੰਟਰਨੈੱਟ ਅਤੇ ਆਫਤ ਪ੍ਰਬੰਧਨ ਵਰਗੀਆਂ ਸੇਵਾਵਾਂ ਨੂੰ ਸਮਰੱਥ ਬਣਾਉਂਦੇ ਹਨ। ਰਿਮੋਟ ਸੈਂਸਿੰਗ ਉਪਗ੍ਰਹਿਾਂ ਤੋਂ ਤਸਵੀਰਾਂ ਅਤੇ ਡੇਟਾ ਖੇਤੀਬਾੜੀ, ਜਲ ਸਰੋਤਾਂ, ਜੰਗਲਾਤ ਸੰਭਾਲ, ਸਹਿਰੀ ਯੋਜਨਾਬੰਦੀ ਅਤੇ ਵਾਤਾਵਰਨ ਨਿਗਰਾਨੀ ਵਿਚ ਵਰਤੇ ਜਾਂਦੇ ਹਨ।

ਜੇਕਰ ਗੁਜਰਾਤ ਦੇ ਊਰਜਾ ਖੇਤਰ ਵਿਚ ਹੋ ਰਹੇ ਵਿਕਾਸ ਦੀ ਗੱਲ ਕੀਤੀ ਜਾਵੇ ਤਾਂ ਸਾਲ 1966 ਵਿਚ ਦੇਸ਼ ਨੂੰ ਸਮਰਪਿਤ ਹੋਈ, ਗੁਜਰਾਤ ਦੇ ਵਡੋਦਰਾ ਦੀ ਇੰਡੀਅਨ ਆਇਲ ਕਾਰਪੋਰੇਸਨ ਲਿਮਟਿਡ (ਆਈਓਸੀਐੱਲ) ਰਿਫਾਇਨਰੀ ਸਿਰਫ਼ ਗੁਜਰਾਤ ਦੀ ਹੀ ਨਹੀਂ, ਸਗੋਂ ਸਮੁੱਚੇ ਦੇਸ਼ ਦੀ ਊਰਜਾ ਨੂੰ ਹੁਲਾਰਾ ਦੇ ਰਹੀ ਹੈ। ਊਰਜਾ ਤੋਂ ਬਾਅਦ ਜੇਕਰ ਡੇਅਰੀ ਉਤਪਾਦਨ ਦੀ ਗੱਲ ਕੀਤੀ ਜਾਵੇ ਤਾਂ ਇੱਥੋਂ ਦੇ ਆਨੰਦ ਦੀ 'ਅਮੂਲ ਡੇਅਰੀ' ਦਾ ਨਾਂ ਸਿਰਫ਼ ਭਾਰਤ ਵਿਚ ਹੀ ਨਹੀਂ ਸਗੋਂ ਦੁਨੀਆ ਭਰ ਵਿਚ ਮਕਬੂਲ ਹੈ। ਅਮੂਲ ਦਾ ਜਨਮ 1946 ਵਿਚ ਹੋਇਆ, ਜਦੋਂ ਸਥਾਨਕ ਕਿਸਾਨਾਂ ਨੇ ਆਪਣੇ ਦੁੱਧ ਦੀਆਂ ਬਿਹਤਰ ਕੀਮਤਾਂ ਪ੍ਰਾਪਤ ਕਰਨ ਲਈ ਇਕ ਸਹਿਕਾਰੀ ਸੰਸਥਾ ਬਣਾਉਣ ਦਾ ਫੈਸਲਾ ਕੀਤਾ ਸੀ।

ਇਸ ਮਾਡਲ ਨੇ ਭਾਰਤ ਵਿਚ ਚਿੱਟੀ ਕ੍ਰਾਂਤੀ ਲਿਆਂਦੀ। ਅੱਜ ਇਹ ਫੈਡਰੇਸਨ ਲਗਪਗ 3.6 ਮਿਲੀਅਨ ਕਿਸਾਨਾਂ ਤੋਂ ਸਾਲਾਨਾ ਲਗਪਗ 11 ਬਿਲੀਅਨ ਲੀਟਰ ਦੁੱਧ ਖਰੀਦਦੀ ਹੈ। ਆਨੰਦ ਡੇਅਰੀ ਦੀ ਪ੍ਰੋਸੈਸਿੰਗ ਸਮਰੱਥਾ ਹੀ ਇਸ ਨੂੰ ਦੁਨੀਆ ਦੀਆਂ ਸਭ ਤੋਂ ਵੱਡੀਆਂ ਡੇਅਰੀਆਂ ਵਿਚੋਂ ਇਕ ਬਣਾਉਂਦੀ ਹੈ, ਜਿਸ ਦੀ ਕੁੱਲ ਹੈਂਡਲਿੰਗ ਸਮਰੱਥਾ ਲਗਪਗ 50 ਮਿਲੀਅਨ ਲੀਟਰ ਪ੍ਰਤੀ ਦਿਨ ਹੈ, ਜੋ ਇਸ ਨੂੰ ਦੁਨੀਆ ਭਰ ਵਿਚ ਚੋਟੀ ਦੇ ਰੋਜਾਨਾ ਦੁੱਧ ਪ੍ਰੋਸੈਸਰਾਂ ਵਿੱਚੋਂ ਇਕ ਬਣਾਉਂਦੀ ਹੈ। ਆਨੰਦ ਯੂਨੀਅਨ ਨਾਲ 1,278 ਗ੍ਰਾਮ ਸਹਿਕਾਰੀ ਸਭਾਵਾਂ ਰਾਹੀਂ ਲਗਪਗ 8 ਲੱਖ ਕਿਸਾਨ ਜੁੜੇ ਹੋਏ ਹਨ। ਅਸਲ ਵਿਚ ਗੁਜਰਾਤ, ਭਾਰਤ ਦਾ ਉਹ ਸੂਬਾ ਹੈ, ਜੋ ਵਿਕਸਤ ਭਾਰਤ ਦੇ ਖ਼ੁਆਬ ਵਿਚ ਹਕੀਕਤ ਦੇ ਰੰਗ ਭਰ ਰਿਹਾ ਹੈ। ਗੁਜਰਾਤ ਦੀ ਇਹ ਤਰੱਕੀ ਰਾਤੋ ਰਾਤ ਨਹੀਂ ਹੋਈ, ਇਸ ਵਿਚ ਸਰਕਾਰ ਦੇ ਨਾਲ-ਨਾਲ ਇੱਥੋਂ ਦੇ ਲੋਕਾਂ ਦੀ ਸਖ਼ਤ ਮਿਹਨਤ ਅਤੇ ਦੇਸ਼ ਪ੍ਰਤੀ ਉਨ੍ਹਾਂ ਦਾ ਸਮਰਪਣ ਵੀ ਸ਼ਾਮਲ ਹੈ। ਗੁਜਰਾਤ ਦੇਸ਼ ਨੂੰ ਇਹ ਗੱਲ ਵੀ ਦੱਸਦਾ ਹੈ ਕਿ ਸਰਕਾਰ ਦੇ ਨਾਲ-ਨਾਲ ਦੇਸ਼ ਦੇ ਨਾਗਰਿਕਾਂ ਨੂੰ ਵੀ ਆਪਣਾ ਬਣਦਾ ਸਹਿਯੋਗ ਦੇਣਾ ਪਵੇਗਾ ਤਾਂ ਜੋ ਵਿਕਸਤ ਭਾਰਤ ਬਣਨ ਦੀ ਰਫਤਾਰ ਹੋਰ ਵੀ ਤੇਜ਼ ਹੋ ਸਕੇ।

ਡਾ. ਵਿਕਰਮ ਸਿੰਘ

# ਪੰਜਾਬ ਵਿੱਚ ਔਰਤਾਂ ਦੀ ਸਥਿਤ

ਪੰਜਾਬ ਦਾ ਇੱਕ ਅਮੀਰ ਸੱਭਿਆਚਾਰ, ਵਿਰਾਸਤ, ਬਹਾਦਰੀ ਅਤੇ ਕੁਰਬਾਨੀ ਮਾਣ-ਮੱਤਾ ਇਤਿਹਾਸ ਹੈ। ਪੰਜਾਬ ਦੀਆਂ ਔਰਤਾਂ ਨੇ ਵੀ ਇਸ ਇਤਿਹਾਸਿਕ ਸਮੇਂ ਤੋਂ ਆਧੁਨਿਕ ਸਮੇਂ ਤੱਕ ਸਮਾਜ ਨੂੰ ਢਾਲਣ ਦੇ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ ਹੈ ਪੰਜਾਬ ਦੇ ਅੰਦਰ ਨਿਡਰ, ਬੁੱਧੀਮਾਨ ਅਤੇ ਪ੍ਰਭਾਵਸਾਲੀ ਔਰਤਾਂ ਦਾ ਅਮੀਰ ਇਤਿਹਾਸ ਹੈ। ਜਿਨਾਂ ਨੇ ਰਾਜਨੀਤੀ, ਸਹਿਤ,ਆਜਾਦੀ ਸੰਗਰਾਮ ਅਤੇ ਸਮਾਜ ਸੇਵਾ ਵਿੱਚ ਮਹੱਤਵਪੂਰਨ ਪ੍ਰਭਾਵ ਪਾਇਆ ਹੈ ਇਤਿਹਾਸਿਕ ਯੋਧੇ ਅਤੇ ਨੇਤਾ ਦੇ ਖੇਤਰ ਦੇ ਵਿੱਚ ਮਾਈ ਭਾਗੋ (ਮਾਤਾ ਭਾਗ ਕੌਰ ) ਜਿਨਾਂ ਨੇ 1705 ਈਸਵੀ ਵਿੱਚ ਮੁਗਲ ਦੇ ਵਿਰੁੱਧ ਲੜਾਈ ਵਿੱਚ ਸਿੱਖਾਂ ਦੀ ਅਗਵਾਈ ਕੀਤੀ। ਮਹਾਰਾਣੀ ਜਿੰਦ ਕੌਰ( ਰਾਣੀ ਜਿੰਦਾ) ਉਨਾਂ ਨੇ ਬ੍ਰਿਟਿਸ ਸਰਕਾਰ ਦਾ ਸਭ ਤੋਂ ਸਖਤ ਵਿਰੁੱਧ ਕੀਤਾ।

ਰਾਣੀ ਸਦਾ ਕੌਰ ਨੇ 18ਵੀਂ ਸਦੀ ਵਿੱਚ ਇੱਕ ਸਾਨਦਾਰ ਫੌਜੀ ਰਾਜਨੀਤਿਕ ਕਾਰ ਸਨ। ਬੀਬੀ ਸਾਹਿਬ ਕੌਰ ਨੇ ਮਹਾਰਾਜਿਆਂ ਤੇ ਬ੍ਰਿਟਿਸ ਫੌਜਾਂ ਦੇ ਵਿਰੁੱਧ ਕੀਤਾ ਤੇ ਮਸਹੂਰ ਫੌਜਾਂ ਦੀ ਅਗਵਾਈ ਕੀਤੀ। ਗਦਰੀ ਗੁਲਾਬ ਕੌਰ, ਰਾਜਕੁਮਾਰੀ ਸੋਫੀਆ (ਮਹਾਰਾਜਾ ਦਲੀਪ ਸਿੰਘ ਦੀ ਪੋਤੀ). ਅੰਮ੍ਰਿਤਾ ਪ੍ਰੀਤਮ 20ਵੀਂ ਸਦੀ ਵਿੱਚ ਮੋਹਰੀ ਕਵਿਤਰੀ, ਨਾਵਲਕਾਰ ਅਤੇ ਨਿਬੰਧਕਾਰ ਪਹਿਲੇ ਪ੍ਰਮੁੱਖ ਮਹਿਲਾ ਪੰਜਾਬੀ ਲੇਖਕ ਮੰਨੇ ਜਾਂਦੇ ਹਨ। ਡਾਕਟਰ ਦਲੀਪ ਕੌਰ ਮਾਤਾ ਖੀਵੀ ਆਦਿ ਹੋਰ ਮਹਾਨ ਸਖਸੀਅਤਾਂ ਹਨ ਜਿਨਾਂ ਨੇ ਇਤਿਹਾਸਿਕ ਸਮੇਂ ਤੋਂ ਲੈ ਕੇ ਆਧੁਨਿਕ ਯੁੱਗ ਤੱਕ ਸਮਾਜ ਨੂੰ ਢਾਲਣ ਦੇ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ । ਹਾਲਾਂਕਿ ਉਹਨਾਂ ਦੀ ਸਥਿਤੀ ਪੁਰਾਤਨ ਸਮੇਂ ਤੋਂ ਲੈ ਕੇ ਹੁਣ ਤੱਕ ਦੇ ਸਮੇਂ ਤੱਕ ਕਈਆਂ ਸਥਿਤੀਆਂ ਵਿੱਚ ਪਰਿਸਥਿਤੀਆਂ ਵਿੱਚੋਂ ਲੰਘਣਾ ਪਿਆ ਭਾਵ ਕਿ ਕਈ ਪ੍ਰਕਾਰ ਦੀਆਂ ਮੁਸਕਲਾਂ ਦਾ ਸਾਹਮਣਾ ਕਰਨਾ ਪਿਆ।

ਔਖੇ ਸਮੇਂ ਔਰਤਾਂ ਆਪਣੀ ਧਰਤੀ ਅਤੇ ਸਭਿਆਚਾਰ ਦੀ ਰੱਖਿਆ ਲਈ ਮਰਦਾਂ ਦੇ ਨਾਲ ਬਹਾਦਰੀ ਨਾਲ ਖੜੀਆਂ ਹਨ ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਨੇ ਮਰਦਾਂ ਅਤੇ ਔਰਤਾਂ ਵਿਚਕਾਰ ਸਮਾਨਤਾ ਦਾ ਜੋਰਦਾਰ ਸਮਰਥਨ ਕੀਤਾ ਉਹਨਾਂ ਨੇ ਉਪਦੇਸ ਦਿੱਤਾ ਕਿ ਔਰਤਾਂ ਸਮਾਜ ਵਿੱਚ ਬਰਾਬਰ ਸਤਿਕਾਰ ਅਤੇ ਮਾਨ ਦੀਆਂ ਹੱਕਦਾਰ ਹਨ ਅਜਿਹੀਆਂ ਪ੍ਰਗਤੀਸੀਲ ਸਿੱਖਿਆਵਾਂ ਦੇ ਬਾਵਜੂਦ ਸਮਾਜ ਵਿੱਚ ਕਈ ਅਸਮਾਨਤਾ ਨੂੰ ਜਨਮ ਦਿੱਤਾ। ਅਜੋਕੇ ਸਮੇਂ ਵਿੱਚ ਭਾਵੇਂ ਔਰਤਾਂ ਨੂੰ ਮਰਦਾਂ ਦੇ ਬਰਾਬਰ ਸਮਝਿਆ ਜਾਂਦਾ ਹੈ ਅਤੇ ਬਰਾਬਰ ਦੇ ਅਧਿਕਾਰ ਪ੍ਰਾਪਤ ਹਨ, ਪਰ ਜੇਕਰ ਜਮੀਨੀ ਪੱਧਰ ਤੇ ਦੇਖਿਆ ਜਾਵੇ ਤਾਂ ਅਸਲੀਅਤ ਵਿੱਚ ਜਮੀਨ ਅਸਮਾਨ ਦਾ ਫਰਕ ਹੈ।

2011 ਦੀ ਜਨਗਣਨਾ ਦੇ ਅਨੁਸਾਰ : ਪੰਜਾਬ ਦੀ ਜਨਗਣਨਾ 27743338 ਹੈ, ਜਿਸ ਔਰਤਾਂ ਦੀ ਗਿਣਤੀ 13 10 38 73, ਮਰਦਾਂ ਦੀ ਗਿਣਤੀ 14 63 9465, 13.1 ਮਿਲੀਅਨ ਪੰਜਾਬ ਵਿੱਚ ਔਰਤਾਂ ਦੀ ਗਿਣਤੀ ਹੈ।

2011 ਦੀ ਜਨ ਸੰਖਿਆ ਦੇ ਅਨੁਸਾਰ ਦੇ ਪੰਜਾਬ ਵਿੱਚ ਔਰਤਾਂ ਦੀ ਸਾਖਰਤਾ ਦੀ ਦਰ 70.73% ਸੀ ਜਦੋਂ ਕਿ ਮਰਦਾਂ ਦੀ ਸਾਖਰਤਾ 80.44% ਸੀ ਪੰਜਾਬ ਦੇ ਵੱਖ-ਵੱਖ ਜਿਲਿਆਂ ਵਿੱਚ ਔਰਤਾਂ ਦੀ ਸਾਖਰਤਾ ਹੁਸਿਆਰਪੁਰ ਵਿੱਚ ਸਭ ਤੋਂ ਵੱਧ 80.3% ਅਤੇ ਮਾਨਸਾ ਵਿੱਚ ਸਭ ਤੋਂ ਘੱਟ 55.7% ਸੀ। ਉੱਚ ਸਿੱਖਿਆ 2022-23 ਵਿੱਚ ਸਿੱਖਿਆ ਦੇ ਖੇਤਰ ਵਿੱਚ ਔਰਤਾਂ ਦੀ ਪ੍ਰਤੀਸਤ ਵਿੱਚ ਵਾਧਾ ਹੋਇਆ. ਤਰੱਕੀ ਦੇ ਬਾਵਜੂਦ ਮਹੱਤਵਪੂਰਨ ਅਸਮਾਨਤਾ ਬਰਕਰਾਰ ਹਨ।



ਖਾਸ ਕਰਕੇ ਅਨੁਸੂਚਿਤ ਜਾਤੀਆਂ ਦੀ ਔਰਤਾਂ ਜਿਨਾਂ ਦੀ ਸਾਖਰਤਾ ਦੀ ਦਰ ਗੈਰ ਅਨੁਸੂਚਿਤ ਔਰਤਾਂ 57.6% ਦੇ ਮੁਕਾਬਲੇ ਘੱਟ 31.03% ਹੈ ਪੰਜਾਬ ਸਰਕਾਰ ਔਰਤਾਂ ਦੀ ਸਮਾਜਿਕ ਆਰਥਿਕ ਨੂੰ ਬਿਹਤਰ ਬਣਾਉਣ ਦੇ ਲਈ ਸਿੱਖਿਆ ਨੂੰ ਉਤਸਾਹਿਤ ਕਰਨਾ ਚਾਹੀਦਾ ਹੈ ਖਾਸ ਕਰਕੇ ਅਨੁਸੂਚਿਤ ਜਾਤੀਆਂ ਦੀਆਂ ਲੜਕੀਆਂ ਨੂੰ ਉਤਸਾਹਿਤ ਕਰਨ ਲਈ ਸਿੱਖਿਆ ਦੇ ਖੇਤਰ ਵਿੱਚ ਮੁਢਲੀਆਂ ਸਹਾਇਤਾਵਾਂ ਦੀ ਜਰੂਰਤ ਹੈ ਕਿਸੇ ਔਰਤ ਦਾ ਸਮਾਜ ਵਿੱਚ ਯੋਗਦਾਨ ਆਤਮ ਨਿਰਭਰ, ਆਰਥਿਕ ਜੀਵਨ, ਰਾਜਨੀਤਿਕ ਖੇਤਰ ਵਿੱਚ ਯੋਗਦਾਨ ਪਾਉਣ ਉਸਦਾ ਸਿੱਖਿਅਤ ਹੋਣਾ ਬਹੁਤ ਜਰੂਰੀ ਹੈ।

ਪੰਜਾਬੀ ਔਰਤਾਂ ਆਰਥਿਕਤਾ ਖੇਤਰ ਵਿੱਚ ਮਹੱਤਵਪੂਰਨ ਯੋਗਦਾਨ ਨਿਭਾਉਂਦੀਆਂ ਹਨ। ਆਰਥਿਕ ਖੇਤਰ ਵਿੱਚ ਦੇਖਿਆ ਜਾਵੇ ਤਾਂ 2022 -23 ਤੱਕ ਪੰਜਾਬ ਵਿੱਚ 26.2% ਔਰਤਾਂ ਰੁਜਗਾਰ ਪ੍ਰਾਪਤ ਕਰਦੀਆਂ ਜੋ ਕਿ 2021- 22 ਵਿੱਚ 21. 9% ਦੀ ਦਰ ਤੋਂ ਵੱਧ ਸੀ ਜੋ ਕਿ 2011-12 ਵਿੱਚ ਪੰਜਾਬ ਵਿੱਚ ਔਰਤਾਂ ਦੀ ਕੰਮ ਦੀ ਭਾਗੀਦਾਰੀ ਸਿਰਫ 13.9% ਸੀ ਜੋ ਕਿ ਮਰਦਾਂ ਦੀ ਦਰਦ 55.15% ਤੋਂ ਘੱਟ ਸੀ। ਸਹਿਰੀ ਖੇਤਰਾਂ ਵਿੱਚ ਨਾਲੋਂ ਪਿੰਡਾਂ ਦੇ ਖੇਤਰਾਂ ਵਿੱਚ ਔਰਤਾਂ ਦੀ ਰੁਜਗਾਰ ਦੀ ਦਰ ਜਿਆਦਾ ਹੈ,ਸਹਿਰੀ ਖੇਤਰ ਵਿੱਚ ਸਿਰਫ 13.2% ਔਰਤਾਂ ਹੀ ਕੰਮ ਕਰਦੀਆਂ ਹਨ ਅਤੇ ਪੇਂਡੂ ਖੇਤਰ ਵਿੱਚ 14.3% ਹਨ ਜਿਸ ਜਨਰਲ ਵਰਗ ਦੇ ਨਾਲੋਂ ਅਨੁਸੂਚਿਤ ਜਾਤੀ ਦੀਆਂ ਔਰਤਾਂ ਜਿਆਦਾ ਮਾਤਰਾ ਵਿੱਚ ਰੁਜਗਾਰ ਉੱਪਰ ਜਾਂਦੀਆਂ ਹਨ ਭਾਵੇਂ ਕਿ ਉਹਨਾ ਦੇ ਰੁਜਗਾਰ ਦੀ ਵੱਡੀ ਮਾਤਰਾ ਨਹੀਂ ਹੁੰਦੀ ਪਰ ਉਹਨਾਂ ਦਾ ਵੇਤਨ ਮਰਦ ਦੇ ਨਾਲੋਂ ਘੱਟ ਹੁੰਦਾ ਹੈ ਜਿਵੇਂ ਨਰੇਗਾ ਉੱਪਰ ਕੰਮ ਕਰਨਾ, ਖੇਤਾਂ ਵਿੱਚ ਨਦੀਨ ਕੱਢਣਾ, ਝੋਨਾ ਲਾਉਣਾ ਜਿਸ ਵਿੱਚ ਉਹਨਾਂ ਦਾ ਕੇਵਲ ਬਜਵੇ ਦਿਨ ਹੀ ਕੰਮ ਮਿਲਦਾ ਹੈ। ਪੰਜਾਬ ਵਿੱਚ ਮਹਿਲਾਵਾਂ ਦੀ ਲੇਬਰ ਫੋਰਸ ਭਾਗੀਦਾਰੀ ਪੁਰਸਾਂ ਦੇ ਮੁਕਾਬਲੇ ਕਾਫੀ ਘੱਟ ਹੈ। ਕਈ ਔਰਤਾਂ ਘਰੇਲੂ ਕੰਮ -ਕਾਜ, ਖੇਤੀਬਾੜੀ ਤੌਰ ਤੇ ਕੰਮ ਕਰਦੀਆਂ ਹਨ ਪਰ ਉਹਨਾਂ ਨੂੰ ਨਾ ਤਾਂ ਨਿਧਾਰਿਤ ਤਨਖਾਹ ਮਿਲਦੀ ਹੈ ਤੇ ਨਾ ਹੀ ਸਮਾਜਿਕ ਸੁਰੱਖਿਆ। ਉਹਨਾਂ ਦਾ ਕੰਮ ਅਕਸਰ ਇਨਫੋਰਮਲ ਹੀ ਹੁੰਦਾ ਹੈ

ਟੀ ਡਬਲ ਯੂ ਪੀ ਆਰ () ਫੀਮਰ ਵਰਕ ਫੋਰਸ ਪਾਰਟੀਸਪੇਸਨ ਰੇਟਸ ਪੰਜਾਬ ਵਿੱਚ ਸਭ ਤੋਂ ਘੱਟ ਮਹਿਲਾ ਕਾਰਜ ਬਲ ਭਾਗੀਦਾਰੀ ਦਰਾਂ ਵਿੱਚੋਂ ਇੱਕ ਹੈ,,ਹਾਲਾਂਕਿ ਪੇਂਡੂ ਖੇਤਰਾਂ ਵਿੱਚ ਟੀ ਡਬਲ ਪੀ ਆਰ ਦੇ ਸੁਧਾਰ ਦਿਖਾਇਆ ਹੈ। 2017 -18 ਅਤੇ 2020-21 ਦੇ ਵਿਚਕਾਰ 9.9% ਤੋਂ ਦੁਗਣਾ ਹੋ ਕੇ 17.9% ਹੋ ਗਿਆ ਹੈ। ਵੱਡੀ ਗਿਣਤੀ ਵਿੱਚ ਔਰਤਾਂ ਬਿਨਾਂ ਤਨਖਾਹ ਵਾਲਾ ਅਤੇ ਗੈਰ ਰਸਮੀ ਕੰਮ ਕਰਦੀਆਂ ਹਨ। ਔਰਤਾਂ ਬਿਨਾਂ ਤਨਖਾਹ ਵਾਲੇ ਪਰਿਵਾਰਿਕ ਕੰਮ ਲਗਭਗ 7.6 ਘੰਟੇ ਪ੍ਰਤੀ ਦਿਨ ਹੈ ਜਾਂ ਸਮਾਜਿਕ ਲਾਭ ਤੋਂ ਬਿਨਾਂ ਗੈਰ ਰਸਮੀ ਕੰਮ ਕੰਮ ਅਕਸਰ ਹੀ ਇਨਫੋਰਮਲ ਹੁੰਦਾ ਹੈ ਜਿਸ ਦਾ ਉਹਨਾਂ ਨੂੰ ਕਈ ਵਾਰ ਵੇਤਨ ਮਿਲਦਾ ਹੈ ਤੇ ਕਈ ਵਾਰ ਉਹਨਾਂ ਨੂੰ ਵੇਤਨ ਬਿਲਕੁਲ ਵੀ ਨਹੀਂ ਮਿਲਦਾ। ਸਧਾਰਨ ਸਮਾਜ ਵਿੱਚ ਦੇਖਿਆ ਜਾਵੇ ਤਾਂ ਘਰੇਲੂ ਔਰਤਾਂ ਸਾਰਾ ਦਿਨ ਘਰ ਦਾ ਕੰਮ ਕਰਦੀਆਂ ਹਨ ਬੱਚਿਆਂ ਦਾ ਪਾਲਣ ਪੋਸਣ ਕਰਦੀਆਂ ਹਨ, ਬਜੁਰਗਾਂ ਦੀ ਸਾਂਭ ਸੰਭਾਲ ਕਰਦੀਆਂ ਹਨ ਪਰ ਉਹਨਾਂ ਦੇ ਇਸ ਕੰਮ ਕਾਰ ਨੂੰ ਕੋਈ ਕੰਮ ਨਹੀਂ ਮੰਨਿਆ ਜਾਂਦਾ ਉਹਨਾਂ ਨੂੰ ਇਸ ਕੰਮ ਦੇ ਬਦਲੇ ਨਾ ਤਾਂ ਕੋਈ ਵੇਤਨ ਮਿਲਦਾ ਹੈ ਤੇ ਨਾ ਹੀ ਜਿਆਦਾ ਉਹਨਾਂ ਦੀ ਇਸ ਕਿਰਤ ਦੀ ਕੋਈ ਕਦਰ ਕਰਦਾ ਹੈ।

ਇੱਕ ਮਜਦੂਰ ਔਰਤ ਜੋ ਖੇਤਾਂ ਵਿੱਚ ਝੋਨਾ ਲਾਉਣ ਜਾਂਦੀ ਹੈ ਉਹ ਸਾਰਾ ਦਿਨ ਖੇਤਾਂ ਵਿੱਚ ਮਰਦ ਦੇ ਬਰਾਬਰ ਕੰਮ ਕਰਦੀ ਹੈ ਉਸ ਤੋਂ ਇਲਾਵਾ ਉਹ ਮਰਦ ਤੋਂ ਪਹਿਲਾਂ ਉੱਠ ਕੇ ਰੋਟੀ ਟੁੱਕ,ਘਰ ਦੀ ਸਫਾਈ,ਬੱਚਿਆਂ ਦੀ ਸਾਂਭ ਸੰਭਾਲ, ਬਜੁਰਗਾਂ ਦੀ ਸਾਂਭ ਸੰਭਾਲ ਪਸੂਆਂ ਦੀ ਸਾਂਭ ਸੰਭਾਲ ਆਦਿ ਕੰਮ ਕਰਦੀ ਹੈ ਅਤੇ ਫਿਰ ਖੇਤਾਂ ਵਿੱਚ ਸਾਰਾ ਦਿਨ ਬਰਾਬਰ ਕੰਮ ਕਰਨਾ ਪੈਂਦਾ ਹੈ ਅਤੇ ਸਾਮ ਨੂੰ ਉਹ ਘਰ ਦਾ ਕੰਮ ਫਿਰ ਤੋਂ ਕਰਨਾ ਪੈਂਦਾ ਹੈ ਭਾਵੇਂ ਸਮਾਜ ਵਿੱਚ ਔਰਤ ਨੂੰ ਕਮਜੋਰ ਸਮਝਦਾ ਹੈ ਪਰ ਔਰਤ ਮਰਦ ਨਾਲੋਂ ਜਿਆਦਾ ਕੰਮ ਕਰਦੀ ਹੈ। ਔਰਤਾਂ ਦੀ ਲੇਬਰ ਫੋਰਸ ਭਾਗੀਦਾਰੀ ਮਰਦਾਂ ਨਾਲੋਂ ਘੱਟ ਹੈ ਬਹੁਤੀ ਵਾਰ ਜਿੱਥੇ ਔਰਤਾਂ ਕੰਮ ਕਰਦੀਆਂ ਹਨ,ਜਿਵੇਂ ਕਿ ਖੇਤੀਬਾੜੀ,ਘਰੇਲੂ ਸੇਵਾਵਾਂ, ਛੋਟੇ ਕਾਰੋਬਾਰ ਉਹਨਾਂ ਦਾ ਕੰਮ ਕਈ ਵਾਰ ਪੱਕਾ ਰੁਜਗਾਰ ਨਹੀਂ ਹੁੰਦਾ। ਪੰਜਾਬ ਦੀਆਂ ਔਰਤਾਂ ਘਰ ਅਤੇ ਘੱਟ ਉਤਪਾਦਕ ਕੰਮਾਂ ਦੇ ਵਿੱਚ ਲੱਗੀਆਂ ਹੋਈਆਂ ਹਨ। ਪੰਜਾਬ ਵਿੱਚ ਔਰਤਾਂ ਦੀ ਲੇਬਰ ਫੋਰਸ ਭਾਗੀਦਾਰੀ ਦਰ ਕੌਮੀ ਦਰ ਨਾਲੋਂ ਘੱਟ ਮੰਨੀ ਜਾਂਦੀ ਹੈ। ਕਈ ਮਹਿਲਾਵਾਂ ਖੇਤੀਬਾੜੀ,ਡੇਅਰੀ ਅਤੇ ਉਦਯੋਗ ਖੇਤਰਾਂ ਵਿੱਚ ਕੰਮ ਕਰਦੀਆਂ ਹਨ,, ਪਰ ਉਹਨਾਂ ਦਾ ਖੇਤੀਬਾੜੀ ਦੋਹਾਂ ਖੇਤਰਾਂ ਵਿੱਚ ਵੱਡਾ ਆਰਥਿਕ ਯੋਗਦਾਨ ਪਾਉਂਦੀਆਂ ਹਨ ਭਾਵੇਂ ਉਹਨਾਂ ਦਾ ਕੰਮ ਕਈ ਵਾਰ ਗਿਣਤੀ ਵਿੱਚ ਨਹੀਂ ਆਉਂਦਾ ਪਰ ਪਰਿਵਾਰ ਦੀ ਆਮਦਨੀ ਅਤੇ ਸਥਿਰਤਾ ਵਿੱਚ ਉਹਨਾਂ ਦੀ ਭੂਮਿਕਾ ਬਹੁਤ ਮਹੱਤਵਪੂਰਨ ਹੈ ਕਈ ਵਾਰ ਇਹ ਔਰਤਾਂ ਦੀ ਇਹ ਮਿਹਨਤ ਨੂੰ ਪਰਿਵਾਰਿਕ ਕੰਮ ਮੰਨਿਆ ਜਾਂਦਾ ਹੈ ਪਰ ਅਸਲ ਵਿੱਚ ਇਹ ਆਮਦਨੀ ਦਾ ਵੱਡਾ ਸਰੋਤ ਹੈ,ਔਰਤਾਂ ਦਾ ਕੰਮ ਬਿਨਾਂ ਤਨਖਾਹ ਮੰਨਿਆ ਜਾਂਦਾ ਹੈ ਉਹਨਾਂ ਨੂੰ ਜਾਇਦਾਦ ਅਤੇ ਵਿੱਤੀ ਫੈਸਲਿਆਂ ਤੋਂ ਅਜੇ ਵੀ ਵਾਂਝਾ ਰੱਖਿਆ ਹੋਇਆ ਹੈ। ਪੇਂਡੂ ਖੇਤਰਾਂ ਦੇ ਬਹੁਤਿਆਂ ਹਿੱਸਿਆਂ ਵਿੱਚ ਨੌਕਰੀਸੁਦਾ ਔਰਤਾਂ ਨੂੰ ਅਜੇ ਵੀ ਆਪਣੀ ਨਿੱਜੀ ਖਰਚਿਆਂ ਵਾਸਤੇ ਘਰ ਦੇ ਮਰਦਾਂ ਕੋਲੋਂ ਮਨਜੂਰੀ ਲੈਣੀ ਪੈਂਦੀ ਹੈ।

ਪੰਜਾਬ ਦੀਆਂ ਪਰਿਵਾਰਿਕ ਖੇਤਰ ਵਿੱਚ ਮਜਬੂਤ ਆਰਥਿਕ ਸੰਦਰਭ ਹੈ ਖੇਤੀਬਾੜੀ ਤੋਂ ਲੈ ਕੇ ਘਰੇਲੂ ਉਦਯੋਗ ਅਤੇ ਨੌਕਰੀ ਤੱਕ ਉਹਨਾਂ ਦਾ ਯੋਗਦਾਨ ਪਰਿਵਾਰ ਦੀ ਤਰੱਕੀ ਅਤੇ ਸਥਿਰਤਾ ਲਈ ਬੁਨਿਆਦੀ ਹੈ, ਜੇਕਰ ਔਰਤਾਂ ਨੂੰ ਬਰਾਬਰ ਮੌਕੇ ਅਤੇ ਮਾਣ ਮਿਲੇ ਤਾਂ ਉਹ ਆਰਥਿਕ ਤੌਰ ਤੇ ਹੋਰ ਮਜਬੂਤ ਭੂਮਿਕਾ ਨਿਭਾ ਸਕਦੀਆਂ ਹਨ।

ਕਾਨੂੰਨੀ ਹੱਕ ਹੋਣ ਦੇ ਬਾਵਜੂਦ ਜਿਵੇਂ ਕਿ ਹਿੰਦੂ ਸਕਸੈਸਨ ਐਕਟ ਤਹਿਤ ਅਸਲ ਵਿੱਚ ਔਰਤਾਂ ਨੂੰ ਜਮੀਨ ਅਤੇ ਜਾਇਦਾਦ ਵਿੱਚ ਪੂਰਾ ਹਿੱਸਾ ਨਹੀਂ ਮਿਲਦਾ ਪਿੰਡਾਂ ਵਿੱਚ ਖਾਸ ਤੌਰ ਤੇ ਜਮੀਨ ਦੀ ਮਲਕੀਅਤ ਅਕਸਰ ਪੁਰਸਾਂ ਦੇ ਨਾਮ ਉੱਪਰ ਹੀ ਹੁੰਦੀ ਰਹਿੰਦੀ ਹੈ। 2021 ਦੇ ਪੰਜਾਬ ਜੈਂਡਰ ਪਿਓਰਟੀ ਰਿਪੋਰਟ ਅਨੁਸਾਰ ਕੁਲ ਲੈਂਡ ਵਿੱਚੋਂ ਤਕਰੀਬਨ 31% ਔਰਤਾਂ ਕੋਲ ਹੈ,ਜੋ ਜਾਇਦਾਦ ਦੇ ਮਾਲਕ ਹੱਕ ਹੈ, ਜਦਕਿ ਬਾਕੀ 69% ਮਰਦ ਜਾਇਦਾਦ ਦੇ ਮਾਲਕ ਹਨ.। ਜਾਇਦਾਦ ਦੇ ਮਾਲਕ ਕੀ ਹੱਕ ਪਿੱਛੇ ਵੀ ਔਰਤਾਂ ਨਾਲ ਬਹੁਤ ਵੱਡੇ ਪੱਧਰ ਤੇ ਵਿਤਕਰਾ ਕੀਤਾ ਜਾਂਦਾ ਹੈ। ਕਿਸਾਨ ਅੰਦੋਲਨ ਦਿੱਲੀ ਵਿੱਚ ਇਹ ਦੇਖਣ ਨੂੰ ਮਿਲਿਆ ਕਿ ਭਾਵੇਂ ਅੰਦੋਲਨ ਵਿੱਚ ਔਰਤਾਂ ਦੀ ਸਮੂਲੀਅਤ ਕਾਫੀ ਸੀ,ਪਰ ਸੰਯੁਕਤ ਕਿਸਾਨ ਮੋਰਚਾ (ਐਸ.ਕੇ.ਐਮ) ਜੋ ਸਰਕਾਰ ਨਾਲ ਗੱਲਬਾਤ ਕਰਨ ਜਾਂਦਾ ਸੀ ਤਾਂ ਉਸ ਸਮੇਂ ਕਿਸਾਨ ਯੂਨੀਅਨ ਭਾਵੇਂ ਖੱਬੀ ਪੱਖੀ ਸੀ ਜਾਂ ਸੱਜੇ ਪੱਖੀ ਉਨਾ ਕਿਸਾਨ ਜਥੇਬੰਦੀਆਂ ਦੇ ਨੁਮੰਦਿਆਂ ਵਿੱਚ ਵੀ ਔਰਤਾਂ ਦੀ ਗਿਣਤੀ ਨਾ ਬਰਾਬਰ ਸੀ ਇਹ ਐਸ.ਕੇ.ਐਮ ਦੀ ਮੀਟਿੰਗ ਵਿੱਚ ਵੀ ਔਰਤਾਂ ਦੀ ਗਿਣਤੀ ਨਾ ਮਾਤਰ ਸੀ। ਪੰਜਾਬ ਵਿੱਚ ਮਹਿਲਾਵਾਂ ਦੀ ਆਰਥਿਕ ਸਥਿਤੀ ਸੁਧਰੇ ਵੱਲ ਵੱਧ ਰਹੀ ਹੈ ਪਰ ਸਮਾਨਤਾ ਲਈ ਹੋਰ ਯਤਨਾਂ ਦੀ ਲੋੜ ਹੈ। ਸਿੱਖਿਆ ਕੌਸਲ ਵਿਕਾਸ ਅਤੇ ਹੋਰ ਕਈ ਤਰ੍ਹਾਂ ਦੀਆਂ ਸਹੂਲਤਾਂ ਦੀ ਲੋੜ ਹੈ ਜਿੰਨਾ ਸਹੂਲਤਾਂ ਦੇ ਨੂੰ ਪ੍ਰਾਪਤ ਕਰਕੇ ਉਹ ਆਪਣੇ ਭਵਿੱਖ ਨੂੰ ਉਜਵਲ ਕਰ ਸਕਣਗੀਆਂ।

ਜਗਰੂਪ ਕੌਰ

# ਬੋਲਣ ਦੀ ਮਰਿਆਦਾ

ਪਹਿਲਾਂ ਤੋਲੋ ਤੇ ਫਿਰ ਬੋਲੋ ਦੀ ਕਹਾਵਤ ਬਹੁਤ ਡੂੰਘੇ ਅਰਥ ਰੱਖਦੀ ਹੈ। ਗੱਲ ਕਹਿਣ ਦੀ ਇਕ ਮਰਿਆਦਾ ਹੁੰਦੀ ਹੈ। ਅਜੋਕੇ ਸਮਾਜ ’ਚ ਤਕਨੀਕ ਰਾਹੀਂ ਲੋਕਾਂ ਤੱਕ ਆਪਣੇ ਵਿਚਾਰ ਪ੍ਰਗਟਾਉਣ ਲਈ ਸੋਸ਼ਲ ਮੀਡੀਆ ਨੇ ਬਹੁਤ ਸਾਰੇ ਮੰਚ ਦਿੱਤੇ ਹਨ ਪਰ ਕਈ ਵਿਵਾਦਤ ਪੋਸਟਾਂ ਸਮਾਜ ਨੂੰ ਵੱਡੀ ਠੇਸ ਪਹੁੰਚਾਉਂਦੀਆਂ ਹਨ। ਇਹੀ ਪੋਸਟਾਂ ਕਈ ਵਾਰ ਖ਼ੂਨ-ਖ਼ਰਾਬੇ ਦਾ ਵੀ ਕਾਰਨ ਬਣਦੀਆਂ ਹਨ।





ਹਮੇਸ਼ਾ ਵਿਵਾਦਾਂ ’ਚ ਰਹਿਣ ਵਾਲੀ ਸੋਸ਼ਲ ਮੀਡੀਆ ਇਨਫਲੂਐਂਸਰ ਨੈਂਸੀ ਗਰੇਵਾਲ ਦੇ ਕਤਲ ਦੀਆਂ ਤਾਰਾਂ ਵੀ ਉਸ ਦੀਆਂ ਕਈ ਵਿਵਾਦਤ ਪੋਸਟਾਂ ਅਤੇ ਟਿੱਪਣੀਆਂ ਨਾਲ ਜੁੜ ਰਹੀਆਂ ਹਨ। ਕੈਨੇਡਾ ’ਚ ਰਹਿਣ ਵਾਲੀ 45 ਕੁ ਸਾਲਾ ਨੈਂਸੀ ਗਰੇਵਾਲ ਨੂੰ ਤੇਜਧਾਰ ਹਥਿਆਰ ਨਾਲ ਕਤਲ ਕੀਤਾ ਗਿਆ ਹੈ। ਪਿਛਲੇ ਕੁਝ ਦਿਨਾਂ ਤੋਂ ਉਸ ਵੱਲੋਂ ਵੱਡੀਆਂ ਧਾਰਮਿਕ ਸ਼ਖਸੀਅਤਾਂ ’ਤੇ ਗੰਭੀਰ ਟਿੱਪਣੀਆਂ ਕੀਤੀਆਂ ਗਈਆਂ ਸਨ। ਇਸ ਤੋਂ ਪਹਿਲਾਂ ਵੀ ਉਹ ਸੋਸ਼ਲ ਮੀਡੀਆ ’ਤੇ ਆਪਣੇ ਤਿੱਖੇ ਬਿਆਨਾਂ ਕਾਰਨ ਚਰਚਾ ’ਚ ਰਹਿੰਦੀ ਸੀ।

ਉਸ ਦੇ ਕਤਲ ਦੇ ਅਸਲ ਕਾਰਨ ਹਾਲਾਂਕਿ ਜਾਂਚ ਅਧੀਨ ਹਨ ਪਰ ਮੁੱਢਲੇ ਰੂਪ ’ਚ ਇਹੀ ਗੱਲ ਸਾਹਮਣੇ ਆਈ ਹੈ ਕਿ ਨੈਂਸੀ ਆਪਣੀਆਂ ਖਾਸਕਰ ਧਾਰਮਿਕ ਚਿਹਰਿਆਂ ’ਤੇ ਕੀਤੀਆਂ ਗਈਆਂ ਚੁੱਭਵੀਆਂ ਟਿੱਪਣੀਆਂ ਕਾਰਨ ਕਈਆਂ ਦੇ ਨਿਸ਼ਾਨੇ ’ਤੇ ਸੀ। ਬੇਸ਼ੱਕ ਕਿਸੇ ਮਨੁੱਖ ਨੂੰ ਬੋਲਣ ਦਾ ਸੰਵਿਧਾਨਕ ਹੱਕ ਹੈ ਪਰ ਇਸ ਦੇ ਵੀ ਆਪਣੇ ਦਾਇਰੇ ਹਨ। ਵਿਚਾਰ ਪ੍ਰਗਟਾਵੇ ਦਾ ਅਧਿਕਾਰ ਹੈ ਨਾ ਕਿ ਕਿਸੇ ਨੂੰ ਅਪਸ਼ਬਦ ਕਹਿਣ ਦਾ। ਆਪਣੀ ਗੱਲ ਮਰਿਆਦਾ ’ਚ ਰਹਿ ਕੇ ਕਰਨੀ ਚਾਹੀਦੀ ਹੈ, ਇਹ ਬਹੁਤ ਮਾਅਨੇ ਰੱਖਦਾ ਹੈ।

ਕਈ ਵਾਰ ਫੈਨ-ਫਾਲੋਵਿੰਗ ਦੀ ਗਿਣਤੀ-ਮਿਣਤੀ ਅਤੇ ਹੱਲਾਸ਼ੇਰੀ ਦੇ ਕੁਮੈਂਟ ਇਹ ਨਹੀਂ ਸਮਝਣ ਦਿੰਦੇ ਕਿ ਅਸੀਂ ਆਪਣੇ ਆਲੇ-ਦੁਆਲੇ ਕਿੰਨੇ ਦੁਸ਼ਮਣ ਸਹੇੜ ਲਏ ਹਨ। ਸੋਸ਼ਲ ਮੀਡੀਆ ਦਾ ਜਿਸ ਹਿਸਾਬ ਨਾਲ ਦਾਇਰਾ ਫੈਲ ਰਿਹਾ ਹੈ, ਬਹੁਤ ਸਾਰੀਆਂ ਔਰਤਾਂ ਨੂੰ ਵੀ ਆਪਣਾ ਟੈਲੇਂਟ ਦੁਨੀਆ ਸਾਹਮਣੇ ਰੱਖਣ ਦਾ ਮੌਕਾ ਮਿਲਿਆ ਹੈ। ਦੂਜੇ ਪਾਸੇ ਸੋਸ਼ਲ ਮੀਡੀਆ ’ਤੇ ਉਨ੍ਹਾਂ ਵੱਲੋਂ ਕੀਤੇ ਜਾਂਦੇ ਕੁਝ ‘ਸਵੈ-ਪ੍ਰਗਟਾਵੇ’ ਕਈ ਵਾਰ ਸਮਾਜ ’ਚ ਅਸ਼ਾਂਤੀ ਦਾ ਕਾਰਨ ਬਣਦੇ ਹਨ। ਮਹਿਲਾ ਸਸ਼ਕਤੀਕਰਨ ਦੀ ਕਦਰ ਕਰਨੀ ਚਾਹੀਦੀ ਹੈ ਪਰ ਔਰਤਾਂ ਦਾ ਫਰਜ ਹੈ ਕਿ ਉਹ ਸੰਯਮ ਤੇ ਸ਼ਾਲੀਨਤਾ ਨੂੰ ਬਰਕਰਾਰ ਰੱਖਣ। ਇੱਥੇ ਗੱਲ ਔਰਤ ਜਾਂ ਮਰਦ ਕਿਸੇ ਇਕ ਦੀ ਨਹੀਂ ਹੈ।

ਦੋਵਾਂ ਨੂੰ ਹੀ ਆਪਣੇ ਵਿਚਾਰ ਦਾਇਰਿਆਂ ਨੂੰ ਸਮਝਣਾ ਪੈਣਾ ਹੈ। ਸ਼ਬਦਾਂ ਦੀ ਲਸ਼ਮਣ ਰੇਖਾ ਕਿਸੇ ਵੀ ਗਲਤਫਹਿਮੀ ’ਚ ਪਾਰ ਨਹੀਂ ਕਰਨੀ ਚਾਹੀਦੀ ਹੈ। ਨੈਂਸੀ ਗਰੇਵਾਲ ਤੋਂ ਪਹਿਲਾਂ ਕਮਲ ਕੌਰ ਉਰਫ ‘ਭਾਬੀ’ ਨਾਂ ਨਾਲ ਮਸ਼ਹੂਰ ਸੋਸ਼ਲ ਮੀਡੀਆ ਇਨਫਲੂਐਂਸਰ ਦੇ ਕਤਲ ਪਿੱਛੇ ਵੀ ਉਸ ਦੀਆਂ ਵਿਵਾਦਤ ਵੀਡੀਓਜ ਤੇ ਟਿੱਪਣੀਆਂ ਸਨ। ਨੈਂਸੀ ਇਕ ਚੰਗੀ ਕਲਾਕਾਰ ਸੀ। ਪੈਸਾ ਤੇ ਸ਼ੁਹਰਤ ਦੇ ਨਾਲ-ਨਾਲ ਆਪਣੀ ਗੱਲ ਰੱਖਣ ਦਾ ਵੀ ਉਸ ਨੂੰ ਵਲ ਸੀ। ਪਰ ਇੰਟਰਨੈੱਟ ਮੀਡੀਆ ’ਤੇ ਉਸ ਵੱਲੋਂ ‘ਊਲ-ਜਲੂਲ’ ਕੁਝ ਵੀ ਕਹਿ ਦੇਣ ਜਾਂ ਲਿਖ ਕੇ ਪੋਸਟ ਕਰ ਦੇਣ ਨੂੰ ਪ੍ਰਵਾਨ ਨਹੀਂ ਕੀਤਾ ਗਿਆ। ਇਕ ਔਰਤ ਦਾ ਕਤਲ ਕਰਨਾ ਜਾਇਜ ਨਹੀਂ ਠਹਿਰਾਇਆ ਜਾ ਸਕਦਾ।

ਕਈ ਵਾਰ ਲੋਕ ਜਜਬਾਤੀ ਹੋ ਕੇ ਅਜਿਹੇ ਕਦਮ ਪੁੱਟ ਲੈਂਦੇ ਹਨ। ਹਾਲਾਂਕਿ ਜੇ ਉਸ ਦੇ ਸ਼ਬਦਾਂ ਤੋਂ ਕਿਸੇ ਨੂੰ ਕੋਈ ਦਿੱਕਤ-ਪਰੇਸ਼ਾਨੀ ਹੁੰਦੀ ਸੀ ਤਾਂ ਉਸ ਖਿਲਾਫ ਮਾਣਹਾਨੀ ਸਣੇ ਕਾਨੂੰਨ ਦੇ ਹੋਰ ਰਾਹ ਵਰਤੇ ਜਾ ਸਕਦੇ ਸਨ। ਨੈਂਸੀ ਇਸ ਗੱਲੋਂ ਜਰੂਰ ਕਿਤੇ ਨਾ ਕਿਤੇ ਉੱਕੀ ਹੈ ਕਿ ਉਹ ਵਿਰੋਧ ਦੇ ਬਾਵਜੂਦ ਆਪਣੇ ਵਿਵਾਦਤ ਪ੍ਰਗਟਾਵੇ ’ਤੇ ਕਾਬੂ ਨਹੀਂ ਰੱਖ ਸਕੀ।

ਇਸ ਦੇ ਨਾਲ-ਨਾਲ ਵਿਦੇਸ਼ਾਂ ’ਚ ਬਹਿ ਕੇ ਵਿਵਾਦਤ ਟਿੱਪਣੀਆਂ ਕਰਨ ਵਾਲੇ ਲੋਕਾਂ ਨੂੰ ਵੀ ਸਮਝ ਲੈਣਾ ਚਾਹੀਦਾ ਹੈ ਕਿ ਸੋਸ਼ਲ ਮੀਡੀਆ ’ਤੇ ਲਿਖਿਆ ਇਕ ਵੀ ਸ਼ਬਦ ਮਿੰਟਾਂ-ਸਕਿੰਟਾਂ ’ਚ ਸੱਤ ਸਮੁੰਦਰ ਪਾਰ ਕਰ ਜਾਂਦਾ ਹੈ। ਇਹ ਨਹੀਂ ਭੁੱਲਣਾ ਚਾਹੀਦਾ ਕਿ ਮਾਚਿਸ ਦੀ ਇਕ ਤੀਲੀ ਪੂਰੇ ਜੰਗਲ ਨੂੰ ਫੂਕ ਦਿੰਦੀ ਹੈ ਤੇ ਤਲਵਾਰ ਦਾ ਫੱਟ ਤਾਂ ਮਿਟ ਜਾਂਦਾ ਹੈ ਪਰ ਬੋਲੇ ਗਏ ਸ਼ਬਦਾਂ ਦਾ ਨਹੀਂ।

# ਅਧਿਆਪਕਾਂ ਦਾ ਸ਼ਕਤੀਕਰਨ ਲਾਜਮੀ

ਨਵੀਂ ਆਰਥਿਕ ਨੀਤੀ ਨੇ 1990ਵਿਆਂ ਦੇ ਮੱਧ ਵਿੱਚ ਵੱਡੀਆਂ ਉਮੀਦਾਂ ਜਗਾਈਆਂ ਸਨ, ਜਿਨ੍ਹਾਂ ਵਿੱਚੋਂ ਇੱਕ ਇਹ ਸੀ ਕਿ ਲਾਇਸੈਂਸ-ਇੰਸਪੈਕਸ਼ਨ ਰਾਜ ਖਤਮ ਹੋ ਜਾਵੇਗਾ। ਵਪਾਰਕ ਖੇਤਰ 'ਚ ਸ਼ਾਇਦ ਅਜਿਹਾ ਰਾਜ ਖਤਮ ਹੋ ਗਿਆ ਹੋਵੇ, ਪਰ ਸਿੱਖਿਆ ਦੀ ਦੁਨੀਆ ਵਿੱਚ ਲਾਇਸੈਂਸ ਅਤੇ ਇੰਸਪੈਕਸ਼ਨ ਦੋਵੇਂ ਅਭਿਆਸ ਹੋਰ ਮਜਬੂਤ ਹੋ ਗਏ। ਸਕੂਲ ਸਿੱਖਿਆ ਵਿੱਚ 'ਇੰਸਪੈਕਟਰ' ਸਬਦ ਆਮ ਸੀ ਅਤੇ ਇਹ ਅਹੁਦਾ ਕਈ ਪੱਧਰਾਂ 'ਤੇ ਸੀ।

ਮਹਾਨ ਹਿੰਦੀ ਨਾਵਲਕਾਰ ਪ੍ਰੇਮਚੰਦ ਨੇ ਵੀਹਵੀਂ ਸਦੀ ਦੇ ਸੁਰੂ ਵਿੱਚ 'ਸਬ-ਡਿਪਟੀ ਇੰਸਪੈਕਟਰ' ਵਜੋਂ ਸੇਵਾ ਨਿਭਾਈ। ਬਰਤਾਨਵੀ ਬਸਤੀਵਾਦੀ ਸਾਸਨ ਦੌਰਾਨ ਸਕੂਲ ਨਿਰੀਖਣ ਦਾ ਕੀ ਅਰਥ ਸੀ, ਇਸ ਬਾਰੇ ਸਪੱਸਟ ਛਾਪ ਛੱਡਣ ਲਈ ਮੈਂ ਉਨ੍ਹਾਂ ਦਾ ਸ਼ੁਕਰਗੁਜਾਰ ਹਾਂ। ਹੁਣ ਦੀ ਗੱਲ ਕਰੀਏ ਤਾਂ ਇੰਸਪੈਕਟਰੀ ਭੂਮਿਕਾਵਾਂ ਅਤੇ ਇੰਸਪੈਕਸ਼ਨ ਸੱਭਿਆਚਾਰ ਅਤੀਤ ਦੀ ਗੱਲ ਨਹੀਂ ਸਗੋਂ ਇਹ ਆਜਾਦੀ ਅਤੇ ਨਵੀਆਂ ਆਰਥਿਕ ਤੇ ਵਿਦਿਅਕ ਨੀਤੀਆਂ ਦੇ ਆਗਮਨ ਤੋਂ ਬਾਅਦ ਵੀ ਕਾਇਮ ਰਿਹਾ।

ਸਕੂਲ ਨਿਰੀਖਣ ਇੱਕ ਅਜਿਹਾ ਮੌਕਾ ਹੁੰਦਾ ਹੈ, ਜਿੱਥੇ ਨਿਰੀਖਣ ਕਰਨ ਵਾਲਾ ਅਧਿਕਾਰੀ ਆਪਣੀ ਸਕਤੀ ਜਦੋਂਕਿ ਸਕੂਲ ਸਟਾਫ ਆਪਣੀ ਨਰਮੀ ਦਿਖਾਉਂਦਾ ਹੈ। ਉਨ੍ਹਾਂ ਕੋਲ ਨਰਮੀ ਦਿਖਾਉਣ ਤੋਂ ਇਲਾਵਾ ਹੋਰ ਕੋਈ ਚਾਰਾ ਵੀ ਨਹੀਂ ਹੁੰਦਾ।

ਬਸਤੀਵਾਦੀ ਸਮਿਆਂ ਤੋਂ ਲੈ ਕੇ ਹੁਣ ਤੱਕ ਇੰਸਪੈਕਸ਼ਨ ਦਾ ਸੱਭਿਆਚਾਰ ਬਦਲਿਆ ਨਹੀਂ। ਹੈੱਡਮਾਸਟਰ ਨੂੰ ਇਹ ਯਕੀਨੀ ਬਣਾਉਣਾ ਪੈਂਦਾ ਸੀ ਕਿ ਸਕੂਲ ਦੀ ਇਮਾਰਤ ਸਾਫ ਦਿਸੇ ਅਤੇ ਗਲਿਆਰਿਆਂ ਵਿੱਚ ਰੱਖੇ ਗਮਲੇ ਫੁੱਲਾਂ ਲੱਦੇ ਹੋਣ। ਬੱਚਿਆਂ ਨੂੰ ਹੁਸਿਆਰ ਦਿੱਸਣਾ ਪੈਂਦਾ ਸੀ ਅਤੇ ਅਧਿਆਪਕਾਂ ਨੂੰ ਕੰਮ ਵਿੱਚ ਰੁੱਝੇ ਹੋਏ। ਜੇਕਰ ਛੱਤਾਂ ਵਿੱਚ ਮਘੋਰੇ ਹੁੰਦੇ ਤਾਂ ਉਨ੍ਹਾਂ ਨੂੰ ਲੀਰਾਂ, ਬੋਰੀਆਂ ਆਦਿ ਨਾਲ ਢਕ ਦਿੱਤਾ ਜਾਂਦਾ ਸੀ। ਜੇਕਰ ਫਰਸ ਟੁੱਟਿਆ ਹੁੰਦਾ ਤਾਂ ਹੈੱਡਮਾਸਟਰ ਉਸ ਨੂੰ ਲੁਕਾਉਣ ਲਈ ਗਲੀਚੇ ਦੀ ਵਰਤੋਂ ਕਰਦੇ ਸਨ।

ਬਰਤਾਨਵੀ ਨਾਗਰਿਕ ਤੇ ਗਾਂਧੀਵਾਦੀ ਸਿੱਖਿਆ ਸ਼ਾਸਤਰੀ ਮਾਰਜਰੀ ਸਾਈਕਸ ਨੇ ਮੈਨੂੰ ਦੱਸਿਆ ਕਿ ਭਾਰਤ ਵਿੱਚ ਸਕੂਲ ਨਿਰੀਖਣ ਇੰਗਲੈਂਡ ਨਾਲੋਂ ਬਿਲਕੁਲ ਵੱਖਰੇ ਸਨ। ਉੱਥੇ ਹੈੱਡਮਾਸਟਰ ਚਾਕ ਨਾਲ ਮਘੋਰਿਆਂ ਦੁਆਲੇ ਚੱਕਰ ਬਣਾ ਕੇ ਇਹ ਯਕੀਨੀ ਬਣਾਉਂਦੇ ਸਨ ਕਿ ਇੰਸਪੈਕਟਰ ਇਨ੍ਹਾਂ ਵੱਲ ਧਿਆਨ ਦਿੰਦਿਆਂ ਮੁਰੰਮਤ ਦਾ ਆਦੇਸ ਦੇਵੇ। ਉੱਥੇ ਸਚਾਈ ਨੂੰ ਲੁਕਾਉਣ ਦਾ ਕੋਈ ਡਰ ਨਹੀਂ ਸੀ, ਕੋਈ ਲੋੜ ਨਹੀਂ ਸੀ।

ਇਹ ਮੰਨਿਆ ਜਾਂਦਾ ਸੀ ਕਿ ਉਦਾਰੀਕਰਨ ਦੇ ਆਗਮਨ ਅਤੇ ਨੌਕਰਸਾਹੀ ਦੇ ਕਮਜੋਰ ਹੋਣ ਨਾਲ ਨਾ ਸਿਰਫ ਵਪਾਰਕ ਖੇਤਰ ਸਗੋਂ ਹਰ ਖੇਤਰ ਵਿੱਚ ਇੰਸਪੈਕਸ਼ਨ ਰਾਜ ਦਾ ਖਾਤਮਾ ਹੋ ਜਾਵੇਗਾ। ਸਿੱਖਿਆ ਦੇ ਖੇਤਰ ਦੀ ਗੱਲ ਕਰੀਏ ਤਾਂ ਇੰਸਪੈਕਸ਼ਨ ਰਾਜ ਉੱਚ ਸਿੱਖਿਆ ਵਿੱਚ ਵੀ ਫੈਲ ਗਿਆ ਹੈ। ਵਿਦਿਅਕ ਅਦਾਰਿਆਂ ਨੂੰ ਮਾਨਤਾ ਮਿਲਣ ਅਤੇ ਇਨ੍ਹਾਂ ਦੀ ਦਰਜਾਬੰਦੀ ਨੂੰ ਨਵੇਂ ਰੁਟੀਨ ਵਜੋਂ ਪੇਸ ਕੀਤਾ ਗਿਆ, ਜਿਸ ਨਾਲ ਯੂਨੀਵਰਸਿਟੀਆਂ ਅਤੇ ਕਾਲਜਾਂ ਵਿੱਚ ਨਿਰੀਖਣ ਟੀਮਾਂ ਦੇ ਦੌਰੇ ਜਰੂਰੀ ਹੋ ਗਏ। ਜਦੋਂ ਰਾਸਟਰੀ ਮੁਲਾਂਕਣ ਅਤੇ ਮਾਨਤਾ ਪ੍ਰੀਸਦ ਕੋਈ ਨਿਰੀਖਣ ਟੀਮ ਭੇਜਦੀ ਹੈ ਤਾਂ ਕਾਲਜ ਅਤੇ ਯੂਨੀਵਰਸਿਟੀ ਦੇ ਅਧਿਕਾਰੀ ਕੈਂਪਸਾਂ ਨੂੰ ਸਜਾਉਂਦੇ ਹਨ, ਪ੍ਰਭਾਵਸਾਲੀ ਡੇਟਾ ਡਿਸਪਲੇਅ ਅਤੇ ਸੁੰਦਰ ਫਲੈਕਸ ਬੋਰਡ ਲਗਵਾਉਂਦੇ ਹਨ ਤਾਂ ਜੋ ਆਉਣ ਵਾਲੀ ਟੀਮ ਇਹ ਦੇਖ ਕੇ ਪ੍ਰਭਾਵਿਤ ਹੋਵੇ। ਨਿਰੀਖਣ ਕਰਨ ਪੁੱਜੀ ਟੀਮ ਦੇ ਮੈਂਬਰ ਸਿਰਫ ਸਾਫ ਪਖਾਨਿਆਂ ਅਤੇ ਤਾਜੇ ਲਗਾਏ ਗਏ ਬੂਟਿਆਂ ਨਾਲ ਹੀ ਨਹੀਂ ਸਗੋਂ ਹੋਰ ਤਰੀਕਿਆਂ ਨਾਲ ਵੀ ਸੰਤੁਸਟੀ ਦੀ ਉਮੀਦ ਕਰਦੇ ਹਨ। ਜੇਕਰ ਟੀਮ ਕਿਸੇ ਕਾਲਜ ਜਾਂ ਯੂਨੀਵਰਸਿਟੀ ਨੂੰ ਸਰਵੋਤਮ ਤੋਂ ਕੁਝ ਘੱਟ ਗਰੇਡ ਦਿੰਦੀ ਹੈ ਤਾਂ ਦੱਸੇ ਗਏ ਕਾਰਨ ਅਸਲ ਕਹਾਣੀ ਨਹੀਂ ਦੱਸਦੇ। ਸਭ ਜਾਣਦੇ ਹਨ ਕਿ ਘੱਟ ਗਰੇਡ ਇਸ ਲਈ ਮਿਲਿਆ ਕਿਉਂਕਿ ਸੰਸਥਾ ਦਾ ਮੁਖੀ ਨਿਰੀਖਣ ਟੀਮ ਨੂੰ ਖੁਸ ਨਹੀਂ ਕਰ ਸਕਿਆ।

ਇਸ ਤੋਂ ਬਾਅਦ ਸਬੰਧਿਤ ਅਧਿਆਪਕਾਂ ਨੂੰ ਕਾਰਨ ਦੱਸੋ ਨੋਟਿਸ ਜਾਰੀ ਕਰ ਦਿੱਤੇ ਗਏ। ਉਨ੍ਹਾਂ ਨੂੰ ਇਹ ਦੱਸਣਾ ਪਵੇਗਾ ਕਿ ਨਿਰੀਖਣ ਦੌਰਾਨ ਉਨ੍ਹਾਂ ਦੀਆਂ ਕਲਾਸਾਂ ਦੇ ਬੱਚੇ ਪੰਜਾਬੀ ਪਾਠ ਕਿਉਂ ਨਹੀਂ ਪੜ੍ਹ ਸਕੇ



ਅਤੇ ਗਣਿਤ ਦੇ ਸਾਧਾਰਨ ਸਵਾਲ ਹੱਲ ਕਿਉਂ ਨਹੀਂ ਕਰ ਸਕੇ? ਸਾਨੂੰ ਬੇਤਰਤੀਬੇ ਚੁਣੇ ਗਏ ਇਨ੍ਹਾਂ ਬੱਚਿਆਂ ਦੇ ਵੇਰਵੇ ਨਹੀਂ ਪਤਾ। ਕੀ ਉਹ ਪੰਜਾਬੀ ਬੋਲਦੇ ਪਰਿਵਾਰਾਂ ਤੋਂ ਸਨ ਅਤੇ ਕਿੰਨੇ ਸਮੇਂ ਤੋਂ ਪੰਜਾਬੀ ਸਿੱਖ ਰਹੇ ਸਨ? ਕਿਹੋ ਜਿਹੀ ਪੜ੍ਹਨ ਸਮੱਗਰੀ ਵਰਤੀ ਜਾ ਰਹੀ ਸੀ? ਅਧਿਆਪਕਾਂ ਨੇ ਕਿਹੋ ਜਿਹੀ ਸੰਸਥਾ ਵਿੱਚ ਸਿਖਲਾਈ ਲਈ ਸੀ? ਕਿਸੇ ਅਜਨਬੀ ਵੱਲੋਂ ਖੜ੍ਹੇ ਹੋ ਕੇ ਉੱਚੀ ਬੋਲ ਕੇ ਪੜ੍ਹਨ ਅਤੇ ਗਣਿਤ ਦੇ ਸਵਾਲ ਹੱਲ ਕਰਨ ਲਈ ਕਹਿਣ 'ਤੇ ਕੀ ਬੱਚੇ ਘਬਰਾ ਤਾਂ ਨਹੀਂ ਗਏ ਸਨ?

ਇਸ ਤਰ੍ਹਾਂ ਦੇ ਸਵਾਲ ਮੰਤਰੀ ਦੀ ਨਿਰੀਖਣ ਟੀਮ ਦੀ ਨਿਗ੍ਹਾ ਤੋਂ ਪਰ੍ਹੇ ਜਾਪਦੇ ਹਨ। ਮੈਨੂੰ ਯਕੀਨ ਹੈ ਕਿ ਪੰਜਾਬ ਦੇ 'ਡਾਇਟਸ' (ਜਿਲ੍ਹਾ ਸਿੱਖਿਆ ਅਤੇ ਸਿਖਲਾਈ ਸੰਸਥਾਵਾਂ) ਦੀ ਮਾੜੀ ਹਾਲਤ ਤੋਂ ਇਸ ਨਿਰੀਖਣ ਟੀਮ ਦੇ ਮੈਂਬਰ ਅਣਜਾਣ ਹੀ ਹੋਣਗੇ। ਇਹ ਸੰਸਥਾਵਾਂ ਜਰੂਰੀ ਢਾਂਚੇ ਸਨ, ਜੋ ਅਧਿਆਪਨ ਦੇ ਮਿਆਰਾਂ ਨੂੰ ਬਣਾਈ ਰੱਖਦੀਆਂ ਸਨ। ਸਰਵ ਸਿੱਖਿਆ ਅਭਿਆਨ ਅਧੀਨ ਕਈ ਹੋਰ ਢਾਂਚੇ ਬਣਾਏ ਗਏ ਸਨ। ਇਹ ਵੀ ਹੁਣ ਮਾੜੀ ਹਾਲਤ ਵਿੱਚ ਹਨ। ਸਚਾਈ ਇਹ ਹੈ ਕਿ ਅਧਿਆਪਕ ਸਿੱਖਿਆ ਢਾਂਚਾ ਹੁਣ ਢਹਿ-ਢੇਰੀ ਹੋ ਗਿਆ ਹੈ ਅਤੇ ਅਧਿਆਪਕਾਂ ਨੂੰ ਸਿਖਲਾਈ ਦੇਣ ਵਾਲੀਆਂ ਕੁਝ ਨਿੱਜੀ ਸੰਸਥਾਵਾਂ ਵਿੱਚ ਤਾਂ ਹਾਜਰੀ ਦੀ ਲੋੜ ਵੀ ਨਹੀਂ ਪੈਂਦੀ। ਨਿਰੀਖਣ ਟੀਮਾਂ ਅਜਿਹੇ ਵੇਰਵਿਆਂ ਵਿੱਚ ਦਿਲਚਸਪੀ ਨਹੀਂ ਰੱਖਦੀਆਂ। ਉਹ ਪ੍ਰਦਰਸਨ ਚਾਹੁੰਦੀਆਂ ਹਨ- ਵਿਦਿਆਰਥੀਆਂ ਦਾ ਪ੍ਰਦਰਸਨ, ਜੋ ਅਧਿਆਪਕਾਂ ਦੀ ਯੋਗਤਾ ਦਾ ਸਬੂਤ ਹੈ।

ਮਾਛੀਵਾੜੇ ਵਾਲੀ ਘਟਨਾ ਦਾ ਇੱਕ ਦਿਲਚਸਪ ਪਹਿਲੂ ਇਹ ਹੈ ਕਿ ਇੱਥੋਂ ਦਾ ਪ੍ਰਾਇਮਰੀ ਸਕੂਲ 'ਸਮਾਰਟ' ਸਕੂਲਾਂ ਦੀ ਸੂਚੀ ਵਿੱਚ ਸ਼ਾਮਿਲ ਹੈ। ਸਮਾਰਟ ਸਕੂਲ ਤੋਂ ਭਾਵ ਇਹ ਹੈ ਕਿ ਇਸ ਸਕੂਲ ਕੋਲ ਬੱਚਿਆਂ ਨਾਲ ਸੰਵਾਦ ਰਚਾਉਂਦਿਆਂ ਸਿੱਖਿਆ ਦੇਣ ਲਈ ਲੋੜੀਂਦੇ ਸਾਰੇ ਡਿਜੀਟਲ ਯੰਤਰ ਹਨ। ਪਿਛਲੇ ਦਸ ਸਾਲਾਂ ਵਿੱਚ ਡਿਜੀਟਲ ਉਪਕਰਣਾਂ 'ਤੇ ਸਰਕਾਰਾਂ ਦੀ ਨਿਰਭਰਤਾ ਤੇਜੀ ਨਾਲ ਵਧੀ ਹੈ। ਕੋਵਿਡ-19 ਮਹਾਮਾਰੀ ਨੇ ਇਸ ਨਿਰਭਰਤਾ 'ਚ ਹੋਰ ਵਾਧਾ ਕੀਤਾ ਹੈ। ਸਮਾਰਟ ਸਕੂਲ ਪ੍ਰੋਜੈਕਟ ਵਿੱਚ ਮਹੱਤਵਪੂਰਨ ਨਿਵੇਸ ਕਾਰਨ ਨਹੀਂ ਸਗੋਂ ਇਸ ਨਿਰਭਰਤਾ ਨੂੰ ਗੈਰਵਾਜਬ ਠਹਿਰਾਉਂਦੀ ਕਿਸੇ ਵੀ ਗੱਲ ਦਾ ਵਿਰੋਧ ਕੀਤਾ ਜਾਂਦਾ ਹੈ।

ਡਿਜੀਟਲ ਉਪਕਰਣ ਕਲਾਸਰੂਮਾਂ ਨੂੰ ਆਧੁਨਿਕ ਦਿੱਖ ਦਿੰਦੇ ਹਨ ਅਤੇ ਪੂਰੇ ਪ੍ਰਗਤੀਸੀਲ ਹੋਣ ਦੀ ਭਾਵਨਾ ਪੈਦਾ ਕਰਦੇ ਹਨ। ਇਹ ਧਾਰਨਾ ਸਰਕਾਰੀ ਸਕੂਲਾਂ ਵਿੱਚ ਇੱਕ ਪ੍ਰਤੀਕਾਤਮਕ ਉਦੇਸ ਦੀ ਪੂਰਤੀ ਕਰਦੀ ਹੈ। ਇਸ ਸੰਦੇਸ ਦੇ ਦੋ ਮੁੱਖ ਭਾਗ ਹਨ: ਪਹਿਲਾ ਇਹ ਕਿ ਸਰਕਾਰ ਸਿੱਖਿਆ ਦੇ ਮਿਆਰਾਂ 'ਚ ਸੁਧਾਰ ਲਿਆਉਣ ਬਾਰੇ ਫਿਕਰਮੰਦ ਹੈ ਅਤੇ ਦੂਜਾ ਇਹ ਕਿ ਨਿੱਜੀ ਤੇ ਸਰਕਾਰੀ ਸਕੂਲਾਂ ਵਿਚਕਾਰ ਪਾੜਾ ਘਟ ਰਿਹਾ ਹੈ। ਇਹ ਸੁਨੇਹਾ ਸਿੱਖਿਆ ਵਿੱਚ ਤਕਨਾਲੋਜੀ ਦੀ ਵਰਤੋਂ 'ਤੇ ਵਿਚਾਰਧਾਰਕ ਮੁਲੰਮਾ ਚਾੜ੍ਹ ਦਿੰਦਾ ਹੈ। ਨਿੱਜੀ ਅਤੇ ਸਰਕਾਰੀ ਸਕੂਲਾਂ ਦੋਵਾਂ ਵਿੱਚ ਸਿੱਖਿਆ 'ਤੇ ਇਸ ਦੇ ਅਸਲ ਪ੍ਰਭਾਵਾਂ ਅਤੇ ਅਧਿਆਪਕ-ਵਿਦਿਆਰਥੀ ਸਬੰਧਾਂ ਵੱਲ ਬਹੁਤ ਘੱਟ ਧਿਆਨ ਦਿੱਤਾ ਗਿਆ ਹੈ।

ਬੱਚਿਆਂ ਦੀ ਨਿਰੰਤਰ, ਤਕਨਾਲੋਜੀ-ਆਧਾਰਿਤ ਪਰਖ ਨੇ ਅਸਲ ਸਿੱਖਿਆ ਨੂੰ ਕਮਜੋਰ ਕਰ ਦਿੱਤਾ ਹੈ। ਸਕੂਲ ਚਲਾਉਣ ਵਾਲੀ ਨੌਕਰਸਾਹੀ ਇਹ ਮੰਨਦੀ ਹੈ ਕਿ ਨਿਯਮਿਤ ਨਿਰੀਖਣ ਅਧਿਆਪਕਾਂ ਨੂੰ ਵਧੇਰੇ ਸੁਚੇਤ ਅਤੇ ਜਿੰਮੇਵਾਰ ਬਣਾਵੇਗਾ। ਹਾਲਾਂਕਿ ਨਿਯਮਤ ਨਿਰੀਖਣ ਦੀ ਧਾਰਨਾ ਤਰਕਸੰਗਤ ਜਾਪਦੀ ਸੀ, ਪਰ ਇਹ ਸਹੀ ਨਹੀਂ ਸੀ। ਸਿਆਸੀ ਆਗੂਆਂ ਨੇ ਇਸ ਨੂੰ ਉੱਚ ਗੁਣਵੱਤਾ ਦੇ ਸਾਰਟਕੱਟ ਵਜੋਂ ਅਪਣਾ ਲਿਆ। ਉਹ ਹਾਲੇ ਵੀ ਇਹ ਸਮਝ ਨਹੀਂ ਸਕੇ ਕਿ ਅਧਿਆਪਕਾਂ ਦੀ ਖੁਸੀ ਅਤੇ ਸਤਿਕਾਰ ਜਮਾਤ ਵਿੱਚ ਇਮਾਨਦਾਰੀ ਨਾਲ ਸਖਤ ਮਿਹਨਤ ਦੀ ਬਿਹਤਰੀਨ ਜਾਮਨੀ ਹੈ। ਇਹ ਕੋਈ ਨਵੀਂ ਗੱਲ ਨਹੀਂ ਹੈ। ਚਾਰ ਦਹਾਕੇ ਪਹਿਲਾਂ ਦਾਰਸਨਿਕ ਡੀ.ਪੀ. ਚਟੋਪਾਧਿਆਏ ਦੀ ਅਗਵਾਈ ਹੇਠਲੇ ਨੈਸ਼ਨਲ ਟੀਚਰ ਕਮਿਸਨ ਨੇ ਇਹ ਸਾਰੀਆਂ ਗੱਲਾਂ ਆਖੀਆਂ ਸਨ। ਚਟੋਪਾਧਿਆਏ ਦੀ ਅਗਵਾਈ ਹੇਠਲੇ ਕਮਿਸ਼ਨ ਦੀ ਰਿਪੋਰਟ ਨੇ ਅਧਿਆਪਕਾਂ ਨੂੰ ਆਤਮ-ਵਿਸਵਾਸ ਨਾਲ ਭਰਪੂਰ ਅਤੇ ਖੁਦਮੁਖਤਿਆਰ ਬਣਾਉਣ ਲਈ ਕਈ ਰਣਨੀਤੀਆਂ ਸੁਝਾਈਆਂ ਸਨ। ਇਸ ਦੀਆਂ ਸਿਫਾਰਿਸਾਂ ਦਾ ਉਦੇਸ ਹਰ ਬੱਚੇ ਦਾ ਬਿਹਤਰੀਨ ਮਾਰਗ ਦਰਸ਼ਨ ਕਰਨ ਲਈ ਸੋਚ-ਸਮਝ ਕੇ ਫੈਸਲੇ ਲੈਣ ਦੇ ਸਮਰੱਥ ਸੂਝਵਾਨ ਅਧਿਆਪਕਾਂ ਦਾ ਇੱਕ ਕਾਡਰ ਬਣਾਉਣਾ ਸੀ।

ਕਮਿਸਨ ਦੀ ਇਹ ਵਡਮੁੱਲੀ ਸਲਾਹ ਹੁਣ ਪੂਰੀ ਤਰ੍ਹਾਂ ਭੁਲਾ ਦਿੱਤੀ ਗਈ ਹੈ, ਹਾਲਾਂਕਿ ਜਸਟਿਸ ਜੇ.ਐੱਸ. ਵਰਮਾ ਕਮਿਸਨ ਨੇ ਵੀ ਸਾਲ 2008 ਵਿੱਚ ਇਸੇ ਤਰ੍ਹਾਂ ਦੀਆਂ ਸਿਫਾਰਿਸਾਂ ਕੀਤੀਆਂ ਸਨ। ਕੁਝ ਸਾਲ ਪਹਿਲਾਂ ਪੰਜਾਬ ਸਮੇਤ ਕਈ ਸੂਬਿਆਂ ਨੇ 'ਇੰਸਪੈਕਸ਼ਨ ਰਾਜ' ਦੇ ਬਦਲ ਵਜੋਂ, ਅਧਿਆਪਕਾਂ ਦੀ ਖੁਦਮੁਖਤਿਆਰੀ ਅਤੇ ਸਮਰੱਥਾ ਨੂੰ ਵਧਾਉਣ ਲਈ ਉਪ-ਜਿਲ੍ਹਾ ਪੱਧਰੀ ਢਾਂਚੇ ਬਣਾਏ ਸਨ। ਅੱਜ ਇਹ ਨਕਾਰਾ ਹਨ। ਸਪੱਸਟ ਤੌਰ 'ਤੇ ਨੀਤੀ ਦੀ ਤਰੱਕੀ ਕਾਰਨ ਵਿਵਸਥਾ 'ਚ ਵਿਗਾੜ ਆਏ ਅਤੇ ਅਧਿਆਪਕ ਅਲੱਗ-ਥਲੱਗ ਪੈ ਗਏ ਹਨ।

ਕ੍ਰਿਸ਼ਨਾ ਕੁਮਾਰ

# ਸਿੱਖਿਆ ਸੁਧਾਰ ਵੱਲ ਕਦਮ

ਸਾਡੇ ਦੇਸ ਦੇ ਸਿੱਖਿਆ ਬੋਰਡ ਕਈ ਸਾਲਾਂ ਤੋਂ ਚੰਗੇ ਨਤੀਜੇ ਵਿਖਾਉਣ ਲਈ ਪ੍ਰੀਖਿਆਵਾਂ ਬਹੁਤ ਸੌਖੇ ਢੰਗ ਨਾਲ ਪਾਸ ਕਰਵਾ ਕੇ ਅੰਕਾਂ ਦੇ ਗੱਫੇ ਦੇ ਕੇ ਵਿਦਿਆਰਥੀਆਂ ਨੂੰ ਗਿਆਨ ਤੋਂ ਊਣੀਆਂ ਡਿਗਰੀਆਂ ਵੰਡਦੇ ਰਹੇ ਹਨ। ਪਿਛਲੇ ਸਾਲਾਂ ਦੌਰਾਨ ਜਿਨ੍ਹਾਂ ਸਕੂਲਾਂ ਵਿਚ ਲੰਬੇ ਸਮੇਂ ਤੋਂ ਔਖੇ ਵਿਸਿਆਂ ਦੇ ਅਧਿਆਪਕ ਤੱਕ ਨਹੀਂ ਹੁੰਦੇ ਸਨ, ਉਨ੍ਹਾਂ ਦੇ ਨਤੀਜੇ 100% ਹੁੰਦੇ ਸਨ। ਜਿਹੜੇ ਬੱਚੇ ਜਿਆਦਾਤਰ ਸਕੂਲਾਂ 'ਚੋਂ ਗੈਰਹਾਜਰ ਰਹਿੰਦੇ ਸਨ, ਉਹ ਵੀ 70% ਤੋਂ 80% ਅੰਕਾਂ ਨਾਲ ਸੌਖੇ ਹੀ ਪਾਸ ਹੋ ਜਾਂਦੇ ਸਨ। ਇੰਗਲਿਸ਼, ਗਣਿਤ, ਸਮਾਜਿਕ ਵਰਗੇ ਔਖੇ ਵਿਸਿਆਂ ਅਤੇ ਭਾਸਾਵਾਂ ਦੇ 100% ਅੰਕ ਬੱਚੇ ਆਮ ਹੀ ਲੈ ਜਾਂਦੇ ਸਨ।

ਕੋਵਿਡ ਕਾਰਨ ਸਕੂਲ ਬੰਦ ਰਹਿਣ 'ਤੇ ਆਨਲਾਈਨ ਪੜ੍ਹਾਈ ਹੋਣ ਦੀ ਵਜ੍ਹਾ ਕਾਰਨ ਸਿੱਖਿਆ ਬੋਰਡ ਨੂੰ ਪ੍ਰੀਖਿਆਵਾਂ ਦਾ ਪੈਟਰਨ ਸੌਖਾ ਬਣਾਉਣਾ ਪਿਆ ਪਰ ਸਿੱਖਿਆ ਵਿਭਾਗ ਨੇ 100% ਨਤੀਜੇ ਵਿਖਾਉਣ ਦੀ ਆੜ ਵਿਚ ਇਸ ਗੱਲ ਵੱਲ ਧਿਆਨ ਹੀ ਨਹੀਂ ਦਿੱਤਾ ਕਿ ਸਿੱਖਿਆ ਦੇ ਮਿਆਰ 'ਤੇ ਅਸਰ ਪੈ ਰਿਹਾ ਹੈ। ਬੱਚਿਆਂ ਕੋਲ ਅੰਕਾਂ ਦੇ ਗੱਫਿਆਂ ਵਾਲੇ ਸਰਟੀਫਿਕੇਟ ਤਾਂ ਸਨ ਪਰ ਉਨ੍ਹਾਂ ਪੱਲੇ ਉੱਚ ਸਿੱਖਿਆ ਅਤੇ ਨੌਕਰੀਆਂ ਲਈ ਹੋਣ ਵਾਲੇ ਟੈਸਟ ਪਾਸ ਕਰਨ ਲਈ ਗਿਆਨ ਨਹੀਂ ਸੀ। ਉਹ ਆਪਣੇ ਫਾਰਮ ਤੱਕ ਨਹੀਂ ਭਰ ਸਕਦੇ ਸਨ।

ਸਿੱਖਿਆ ਸਰੋਕਾਰਾਂ ਨਾਲ ਜੁੜੇ ਮਾਹਿਰਾਂ ਨੇ ਆਪਣੇ ਲੇਖਾਂ ਰਾਹੀਂ ਪ੍ਰੀਖਿਆਵਾਂ ਦੇ ਪੱਧਰ 'ਤੇ ਬੜੇ ਸਵਾਲ ਚੁੱਕੇ ਪਰ ਸਿੱਖਿਆ ਵਿਭਾਗ ਅਤੇ ਬੋਰਡ ਨੇ ਕੋਈ ਧਿਆਨ ਨਹੀਂ ਦਿੱਤਾ। ਪਰ ਹੁਣ ਜਦੋਂ ਸਿੱਖਿਆ ਵਿਭਾਗ ਅਤੇ ਬੋਰਡ ਨੂੰ ਪ੍ਰੀਖਿਆਵਾਂ ਦੇ ਹੇਠਲੇ ਪੱਧਰ ਦਾ ਅਹਿਸਾਸ ਹੋਇਆ ਤਾਂ ਸਿੱਖਿਆ ਬੋਰਡ ਨੇ ਪ੍ਰੀਖਿਆਵਾਂ ਦੇ ਪੈਟਰਨ ਵਿਚ ਬਦਲਾਅ ਲਿਆਉਣ ਦਾ ਫੈਸਲਾ ਕੀਤਾ ਹੈ। ਇਹ ਇਕ ਸਲਾਘਾਯੋਗ ਅਤੇ ਬੱਚਿਆਂ ਦੇ ਚੰਗੇ ਭਵਿੱਖ ਲਈ ਲਿਆ ਗਿਆ ਫੈਸਲਾ ਹੈ। ਇਸ ਨਾਲ ਬੱਚਿਆਂ ਨੂੰ ਪ੍ਰੀਖਿਆਵਾਂ ਪਾਸ ਕਰਨ ਲਈ ਮਿਹਨਤ ਕਰਨ ਦੀ ਆਦਤ ਪਵੇਗੀ। ਸਿੱਖਿਆ ਬੋਰਡ ਨੇ 2025-26 ਦੇ ਵਿੱਦਿਅਕ ਵਰ੍ਹੇ ਤੋਂ ਪ੍ਰੀਖਿਆਵਾਂ ਵਿਚ ਤਬਦੀਲੀਆਂ ਕਰਦੇ ਹੋਏ ਪ੍ਰੀਖਿਆਵਾਂ ਦੇ ਮਿਆਰ ਨੂੰ ਉੱਚਾ ਚੁੱਕਣ ਦੀ ਵਿਵਸਥਾ ਕੀਤੀ ਹੈ ਤਾਂ ਜੋ ਬੱਚਿਆਂ ਕੋਲ ਨਾ ਕੇਵਲ



ਜਮਾਤਾਂ ਪਾਸ ਕਰਨ ਅਤੇ ਗੱਫੇ ਅੰਕਾਂ ਵਾਲੇ ਸਰਟੀਫਿਕੇਟ ਹੋਣ ਬਲਕਿ ਉਨ੍ਹਾਂ ਕੋਲ ਗਿਆਨ ਦਾ ਭੰਡਾਰ ਵੀ ਹੋਵੇ ਜੋ ਉਨ੍ਹਾਂ ਦੇ ਭਵਿੱਖ ਵਿਚ ਕੰਮ ਆ ਸਕੇ। ਹੁਣ ਅੱਠਵੀਂ, ਦਸਵੀਂ ਅਤੇ ਬਾਰ੍ਹਵੀਂ ਜਮਾਤਾਂ ਦੀਆਂ ਪ੍ਰੀਖਿਆਵਾਂ ਉਹੀ ਬੱਚੇ ਪਾਸ ਕਰ ਸਕਣਗੇ ਤੇ ਅੰਕ ਉਨ੍ਹਾਂ ਬੱਚਿਆਂ ਦੇ ਹੀ ਆ ਸਕਣਗੇ, ਜਿਹੜੇ ਬੱਚੇ ਮਿਹਨਤ ਨਾਲ ਪੜ੍ਹਾਈ ਕਰਨਗੇ ਅਤੇ ਜਿਨ੍ਹਾਂ ਸਕੂਲਾਂ 'ਚ ਅਧਿਆਪਕ ਬੱਚਿਆਂ ਨੂੰ ਮਿਹਨਤ ਨਾਲ ਪੜ੍ਹਾਈ ਕਰਵਾਉਣਗੇ। ਬੋਰਡ ਨੇ 2025-26 ਦੀਆਂ ਅੱਠਵੀਂ, ਦਸਵੀਂ ਅਤੇ ਬਾਰ੍ਹਵੀਂ ਜਮਾਤਾਂ ਦੀਆਂ ਪ੍ਰੀਖਿਆਵਾਂ ਦੇ ਪ੍ਰਸਨ ਪੱਤਰਾਂ ਵਿਚ ਕੀਤੀਆਂ ਗਈਆਂ ਤਬਦੀਲੀਆਂ ਤੋਂ ਸਿੱਖਿਆ ਵਿਭਾਗ ਅਤੇ ਸਕੂਲਾਂ ਨੂੰ ਜਾਣੂ ਕਰਵਾ ਦਿੱਤਾ ਹੈ। ਹੁਣ ਪ੍ਰਸਨ ਪੱਤਰਾਂ 'ਚ ਸੌਖੇ ਪ੍ਰਸਨਾਂ 'ਚ 10% ਕਟੌਤੀ ਕਰ ਦਿੱਤੀ ਗਈ ਹੈ। ਔਖੇ ਪ੍ਰਸਨਾਂ ਦੀ ਸੰਖਿਆ 10% ਵਧਾ ਦਿੱਤੀ ਗਈ ਹੈ। ਪ੍ਰਸਨ ਪੱਤਰਾਂ ਨੂੰ ਵਿਵਹਾਰਕ, ਵਿਚਾਰਸੀਲ ਅਤੇ ਗੁਣਾਤਮਕ ਬਣਾਉਣ ਦੀ ਦਿਸਾ 'ਚ ਕਦਮ ਚੁੱਕੇ ਗਏ ਹਨ। ਹੁਣ ਅੰਕਾਂ ਦੇ ਗੱਫੇ ਆਉਣੇ ਸੌਖੇ ਨਹੀਂ ਹੋਣਗੇ।

ਹੁਣ ਟੈਕਸਟ ਬੁਕਸ ਦੇ ਅਭਿਆਸ ਦੇ ਪ੍ਰਸਨ ਯਾਦ ਕਰਨੇ ਹੀ ਕਾਫੀ ਨਹੀਂ ਹੋਣਗੇ। ਬੱਚੇ ਪੂਰਾ ਪਾਠ ਪੜ੍ਹ ਕੇ ਹੀ ਪ੍ਰਸਨ ਪੱਤਰਾਂ ਵਿਚ ਪੁੱਛੇ ਗਏ ਸਵਾਲਾਂ ਦੇ ਜਵਾਬ ਦੇ ਸਕਣਗੇ। ਸਿੱਖਿਆ ਵਿਭਾਗ ਨੇ ਸਕੂਲਾਂ ਨੂੰ ਇਹ ਨਿਰਦੇਸ ਜਾਰੀ ਕਰ ਦਿੱਤੇ ਹਨ ਕਿ ਬੱਚਿਆਂ ਨੂੰ ਕਿਤਾਬਾਂ ਦੇ ਪੂਰੇ ਪਾਠ ਪੜ੍ਹਾਏ ਜਾਣ ਤੇ ਉਨ੍ਹਾਂ ਨੂੰ ਰੱਟਾ ਨਾ ਲਗਵਾਇਆ ਜਾਵੇ। ਅਧਿਆਪਕਾਂ ਨੂੰ ਜਮਾਤਾਂ ਵਿਚ ਪੂਰਾ ਪਾਠ ਪੜ੍ਹਾਉਣਾ ਪਵੇਗਾ ਅਤੇ ਬੱਚਿਆਂ ਨੂੰ ਪਾਠਾਂ ਵਿਚੋਂ ਵਾਧੂ ਪ੍ਰਸਨ ਤਿਆਰ ਕਰਨੇ ਪੈਣਗੇ। ਨਵੇਂ ਪੈਟਰਨ ਦੇ ਅਨੁਸਾਰ ਹੁਣ ਪ੍ਰਸਨ ਪੱਤਰਾਂ ਵਿਚ ਆਬਜੈਕਟਿਵ ਪ੍ਰਸਨਾਂ ਦੀ ਸੰਖਿਆ 40% ਤੋਂ ਘਟਾ ਕੇ 25% ਕਰ ਦਿੱਤੀ ਗਈ ਹੈ। ਪਾਠਾਂ 'ਚੋਂ 75% ਪ੍ਰਸਨ ਪੁੱਛੇ ਜਾਣਗੇ।

ਪਿਛਲੇ ਸਾਲਾਂ ਦੌਰਾਨ ਪ੍ਰਸ਼ਨ ਪੱਤਰਾਂ 'ਚ 40% ਪ੍ਰਸਨ ਔਸਤ ਤੋਂ ਸੌਖੇ ਹੁੰਦੇ ਸਨ। 40% ਪ੍ਰਸਨ ਔਸਤ ਤੇ 20% ਪ੍ਰਸਨ ਔਸਤ ਤੋਂ ਔਖੇ ਹੁੰਦੇ ਸਨ। ਹੁਣ 30% ਪ੍ਰਸਨ ਔਸਤ ਤੋਂ ਸੌਖੇ ਹੋਣਗੇ। ਔਸਤ ਪ੍ਰਸਨ 40% ਹੋਣਗੇ ਜਦਕਿ 30% ਪ੍ਰਸ਼ਨ ਔਸਤ ਤੋਂ ਔਖੇ ਸ਼ਾਮਲ ਕੀਤੇ ਜਾਣਗੇ। ਪ੍ਰੀਖਿਆਵਾਂ ਨੂੰ ਪਾਸ ਕਰਨ ਲਈ ਔਖਾ ਬਣਾਉਣਾ ਅਤੇ ਪ੍ਰਸਨ ਪੱਤਰਾਂ ਵਿਚ 25% ਪ੍ਰਸਨ ਪੂਰੇ ਪਾਠ ਵਿਚੋਂ ਪਾਉਣਾ ਬੋਰਡ ਦਾ ਸਲਾਘਾਯੋਗ ਫੈਸਲਾ ਹੈ।

ਇਸ ਫੈਸਲੇ ਨਾਲ ਬੱਚਿਆਂ ਨੂੰ ਪੜ੍ਹਨ ਦੀ ਆਦਤ ਪਵੇਗੀ, ਉਨ੍ਹਾਂ ਦੇ ਗਿਆਨ ਵਿਚ ਵਾਧਾ ਹੋਵੇਗਾ। ਉਹ ਦਾਖਲਿਆਂ ਅਤੇ ਨੌਕਰੀਆਂ ਲਈ ਹੋਣ ਵਾਲੇ ਟੈਸਟ ਪਾਸ ਕਰਨ ਯੋਗ ਹੋ ਸਕਣਗੇ। ਪ੍ਰੀਖਿਆਵਾਂ ਅਤੇ ਸਿੱਖਿਆ ਦਾ ਪੱਧਰ ਉੱਚਾ ਹੋਵੇਗਾ। ਪਰ ਇਸ ਦੇ ਨਾਲ ਬੋਰਡ ਨੂੰ ਪਰਚਿਆਂ ਦੇ ਮੁਲਾਂਕਣ 'ਚ ਵੀ ਸੁਧਾਰ ਕਰਨਾ ਪਵੇਗਾ। ਸਕੂਲਾਂ ਵਿਚ ਅਧਿਆਪਕਾਂ ਦੀ ਘਾਟ ਪੂਰੀ ਕਰਨੀ ਪਵੇਗੀ। ਇਸ ਤੋਂ ਬਿਨਾਂ ਬੋਰਡ ਦੇ ਇਸ ਫੈਸਲੇ ਨੂੰ ਸਫਲ ਬਣਾਉਣ ਵਿਚ ਔਕੜ ਆਵੇਗੀ।

ਪ੍ਰਿੰਸੀਪਲ ਵਿਜੈ ਕੁਮਾਰ

## ਸੰਪਾਦਕ ਦੀ ਕਲਮ ਤੋਂ

ਅਵਤਾਰ ਐਸ. ਸੰਘਾ

# ਕੈਨੇਡਾ ਵਿੱਚ ਜਿਣਸੀ ਸੋਸ਼ਣ



ਸ਼ੇਰੇ ਪੰਜਾਬ ਰੇਡੀਓ ਕੈਨੇਡਾ ਦੀ ਇੱਕ ਸੋਸ਼ਲ ਮੀਡੀਆ ਤੇ ਵਾਰਤਾਲਾਪ ਸੁਣ ਰਿਹਾ ਸਾਂ। ਸਵਾਲ ਕਰਨ ਵਾਲਾ ਲੜਕਾ ਪੰਜਾਬ ਦੇ ਪੰਜਾਬੀਆਂ ਜਿਹੀ ਪੰਜਾਬੀ ਬੋਲ ਰਿਹਾ ਸੀ ਤੇ ਉੱਤਰ ਦੇਣ ਵਾਲੀ ਖੂਬਸੂਰਤ ਲੜਕੀ ਕੈਨੇਡਾ ਵਿੱਚ ਜਨਮਿਆਂ ਜਿਹੀ ਪੰਜਾਬੀ ਬੋਲ ਰਹੀ ਸੀ ਤੇ ਉਹ ਲੱਗਦੀ ਵੀ ਕੈਨੇਡਾ ਦੇ ਕਿਸੇ ਭਾਰਤੀ ਇਸਤਰੀ ਵਿੰਗ ਦੀ ਨੁਮਾਇੰਦਗੀ ਕਰਨ ਵਾਲਿਆਂ ਵਿੱਚੋਂ ਸੀ। ਹਮੇਸਾ ਕੈਨੇਡਾ ਵਿੱਚ ਮੌਜੂਦਾ ਹਾਲਾਤਾਂ ਦੇ ਮੱਦੇ ਨਜਰ ਜਿਣਸੀ ਸੋਸ਼ਣ ਦਾ ਸੀ।

ਅਸੀਂ ਜਾਣਦੇ ਹੀ ਹਾਂ ਟਰੂਡੋ ਦੀ ਨੇਤਾਗਿਰੀ ਖਤਮ ਹੋਣ ਤੋਂ ਬਾਅਦ ਤੇ ਅਮਰੀਕਾ ਵਿੱਚ ਟਰੰਪ ਸਾਸ਼ਨ ਸੁਰੂ ਹੋਣ ਤੋਂ ਬਾਅਦ ਉੱਤਰੀ ਅਮਰੀਕਾ ਦੇ ਖਿੱਤੇ ਵਿੱਚੋਂ ਖਬਰਾਂ ਦੀ ਭਰਮਾਰ ਚੱਲਦੀ ਆ ਰਹੀ ਏ। ਬਹੁਤ ਸਾਰੀਆਂ ਖਬਰਾਂ ਟਰੰਪ ਦੀਆਂ ਟਪੂਸੀਆਂ ਵਿੱਚੋਂ ਨਿਕਲੀਆਂ ਖਬਰਾਂ ਦੇ ਕੁਝ ਸਿਰਲੇਖ ਡੌਂਕੀਆਂ ਲਗਾਉਣ ਵਾਲਿਆਂ ਦੇ ਤੇ ਡਿਪੋਟੇਸ਼ਨ ਦੇ ਬਣੇ। ਕੁਝ ਸਿਰਲੇਖ ਕੈਨੇਡਾ ਵਿੱਚ ਆਏ ਦਿਨ ਹੋ ਰਹੀਆਂ ਲੁੱਟਾਂ ਖੋਹਾਂ, ਫਿਰੌਤੀਆਂ ਦੀਆਂ ਖਬਰਾਂ, ਗੋਲੀ ਚੱਲਣ ਦੀਆਂ ਵਾਰਦਾਤਾਂ ਤੇ ਕੈਨੇਡਾ ਤੋਂ ਵਾਪਸ ਪੰਜਾਬ ਵੱਲ ਨੂੰ ਆਉਣ ਦੀਆਂ ਖਬਰਾਂ ਨੇ ਬਟੋਰ ਲਏ।

ਇੱਕ ਹੋਰ ਵਿਸ਼ਾ ਜਿਹੜਾ ਕੈਨੇਡਾ ਵਿੱਚ ਪੰਜਾਬੀਆਂ ਨਾਲ ਸੰਬੰਧਿਤ ਖਬਰਾਂ ਦਾ ਵਿਸ਼ੇਸ਼ ਤੌਰ ਤੇ ਸ਼ਿੰਗਾਰ ਬਣਿਆ ਰਹਿੰਦਾ ਹੈ ਉਹ ਹੈ ਜਿਣਸੀ ਸੋਸ਼ਣ ਦਾ। ਸ਼ੇਰੇ ਪੰਜਾਬ ਰੇਡੀਓ ਦੀ ਵਾਰਤਾਲਾਪ ਨੂੰ ਆਧਾਰ ਮੰਨ ਕੇ ਇਸ ਵਿਸੇ ਤੇ ਤਪਸਰਾ ਕੀਤਾ ਜਾਵੇ ਤਾਂ ਕਿਹਾ ਜਾ ਸਕਦਾ ਹੈ ਕਿ ਵਿਸ਼ਾ ਬਹੁਤ ਹੀ ਸੰਵੇਦਨਸੀਲ ਤੇ ਗੰਭੀਰ ਹੈ। ਇਸ ਪ੍ਰਕਾਰ ਦੇ ਸੋਸ਼ਣ ਦਾ ਮੁੱਖ ਕਾਰਨ ਤਾਂ ਦੇਸ਼ ਦੀ ਨਵੇਂ ਸੱਦੇ ਗਏ ਵਿਦਿਆਰਥੀਆਂ ਦੀ ਠੀਕ ਤਰ੍ਹਾਂ ਨਾ ਸਾਰ ਲੈਣਾ ਹੀ ਹੈ। ਜਰੂਰਤ ਤੋਂ ਜਿਆਦਾ ਵਿਦਿਆਰਥੀ ਤਬਕੇ ਨੂੰ ਕੈਨੇਡਾ ਵੱਲ ਨੂੰ ਤੁਰਨ ਲਈ ਪ੍ਰੋਤਸਾਹਨ ਦੇ ਦਿੱਤਾ। ਬਾਅਦ ਵਿੱਚ ਇਸ ਭੀੜ ਨੂੰ ਕਾਬੂ ਕਰਨ ਤੇ ਇਸ ਨੂੰ ਲੋੜੀਂਦੇ ਵਸੀਲੇ ਪੈਦਾ ਕਰਨ ਤੇ ਅਸਮਰਥਾ ਪ੍ਰਗਟਾ ਦਿੱਤੀ, ਰਿਹਾਇਸਾਂ ਤੇ ਕੰਮਕਾਰਾਂ ਦੀ ਘਾਟ ਹੋ ਗਈ, ਕੈਨੇਡਾ ਤੇ ਅਮਰੀਕਾ ਦੇ ਜਮੀਨੀ ਬਾਰਡਰ ਸਾਂਝੇ ਹੋਣ ਕਰਕੇ ਇੱਕ ਦੂਜੇ ਦੇਸ ਵਿੱਚ ਨੂੰ ਭੱਜਣ ਦੇ ਤੌਰ ਤੇ ਤਰੀਕੇ ਵਰਤੇ ਜਾਣ ਕਾਰਨ ਹਫਤਾ ਦਫੜੀ ਮਚਣਾ, ਇਹ ਸਭ ਪ੍ਰਸਥਿਤੀਆਂ ਕੈਨੇਡਾ ਵਿੱਚ ਨਵੇਂ ਪੈਰ ਧਰਾਵਿਆਂ ਲਈ ਇੱਕ ਵੱਡੀ ਪਰੇਸ਼ਾਨੀ ਦਾ ਕਾਰਨ ਬਣ ਗਈਆਂ। ਅਸੀਂ ਜਾਣਦੇ ਹੀ ਹਾਂ ਕਿ ਹਰ ਸੰਵੇਦਨਸੀਲ ਪ੍ਰਸਥਿਤੀ ਵਿੱਚ ਇਸਤਰੀ ਜਾਤੀ ਦਾ ਸੋਸ਼ਣ ਹੀ ਹੁੰਦਾ ਆਇਆ ਏ। ਇਸਤਰੀ ਜਰਵਾਣੇ ਦਾ ਸੌਖਾ ਨਿਸ਼ਾਨਾ ਬਣਦੀ ਹੀ ਆਈ ਹੈ। ਕਦੀ ਪੰਜਾਬੀਆਂ ਨੇ ਵਿਆਹ ਦੇ ਅਧਾਰ ਤੇ ਪੱਛਮੀ ਦੇਸ਼ਾਂ ਵਿੱਚ ਆਪਣੇ ਟਿਕਾਣੇ ਕਾਇਮ ਕੀਤੇ। 60ਵਿਆਂ 70ਵਿਆਂ ਤੇ 80ਵਿਆਂ ਵਿੱਚ ਅਨੇਕਾਂ ਅੱਧਖੜ੍ਹ ਪੰਜਾਬੀ ਆ ਕੇ ਵੀਹ-ਵੀਹ ਸਾਲ ਦੀਆਂ ਕੰਵਾਰੀਆਂ ਕੰਜਕਾਂ ਵਿਆਹ ਕੇ ਲੈ ਗਏ। ਮਾਪਿਆਂ ਨੇ ਇਸ ਕਰਕੇ ਤੋਰ ਦਿੱਤੀਆਂ ਕਿ ਇੱਕ ਸਿਰ ਤੋਂ ਭਾਰ ਲੱਥੂ, ਦੂਜਾ ਘਰ ਦੀ ਆਰਥਿਕ ਹਾਲਤ ਠੀਕ ਹੋਊ ਤੇ ਤੀਜੀ ਹੌਲੀ ਹੌਲੀ ਬਾਕੀ ਸਾਰਾ ਟੱਬਰ ਬਾਹਰ ਚਲਾ ਜਾਊ। ਇਸ ਪ੍ਰਕਾਰ ਇਸਤਰੀ ਦਾ ਦੱਬ ਕੇ ਸੋਸਣ ਹੋਇਆ।

ਹੁਣ ਕੈਨੇਡਾ ਜਿਹੇ ਦੇਸ਼ਾਂ ਵਿੱਚ ਪੱਕੇ ਪੈਰ ਜਮਾ ਚੁੱਕੇ ਭਾਰਤੀਆਂ ਨੇ ਅਤੇ ਹੋਰ ਕੁਝ ਦੇਸ਼ਾਂ ਦੇ ਫਿਰਕਿਆਂ ਨੇ ਨਵੀਆਂ ਆਈਆਂ ਪੰਜਾਬੀ ਵਿਦਿਆਰਥਣਾਂ ਦੀ ਮਜਬੂਰੀ ਦਾ ਲਾਭ ਉਠਾਉਣਾ ਸ਼ੁਰੂ ਕਰ ਦਿੱਤਾ। ਕਿਸੇ ਦੀ ਨੌਕਰੀ ਖੁੱਸ ਗਈ ਤੇ ਮਕਾਨ ਦਾ ਕਿਰਾਇਆ ਦੇਣ ਤੋਂ ਲੇਟ ਹੋ ਗਿਆ, ਸਹਿਮਤੀ ਪ੍ਰਗਟਾਉਣ ਤੇ ਕਿਰਾਇਆ ਘੱਟ ਲੈ ਲਿਆ ਜਾਂ ਇੱਕ ਅੱਧ ਹਫਤੇ ਦਾ ਮੁਆਫ ਕਰ ਦਿੱਤਾ, ਸਹਿਮਤੀ ਪ੍ਰਗਟਾਉਣ ਤੇ ਆਪਣੇ ਕਾਰੋਬਾਰ ਵਿੱਚ ਨੌਕਰੀ ਦੇ ਦਿੱਤੀ, ਸਹਿਮਤੀ ਪ੍ਰਗਟਾਉਣ ਤੇ ਕੰਮ ਦੇ ਘੰਟੇ ਵਧਾ ਦਿੱਤੇ, ਇਸ ਪ੍ਰਕਾਰ ਦੇ ਕਈ ਤਰੀਕੇ ਹਨ ਜਿਨ੍ਹਾਂ ਨਾਲ ਕਿਸੇ ਵੀ ਮਜਬੂਰ ਲੜਕੀ ਦਾ ਸੋਸ਼ਣ ਕੀਤਾ ਜਾ ਸਕਦਾ ਹੈ। ਭਾਵੇਂ ਬਹੁਤ ਸਾਰੇ ਕੇਸ ਗੁਪਤ ਹੀ ਰਹਿ ਜਾਂਦੇ ਹਨ ਪਰੰਤੂ ਫਿਰ ਵੀ ਕਾਫੀ ਕੇਸ ਜਾਂ ਤਾਂ ਸਮਾਜ ਸੁਧਾਰ ਸੰਸਥਾਵਾਂ ਤੱਕ ਪਹੁੰਚ ਜਾਂਦੇ ਹਨ ਤੇ ਜਾਂ ਪੁਲਿਸ ਤੱਕ। ਇਸਤਰੀ ਚੇਤਨਾ ਤੇ ਸੁਧਾਰ ਵਿੰਗ ਵੀ ਆਪਣੀਆਂ ਕਾਰਵਾਈਆਂ ਕਿਸੇ ਸਮਾਜਿਕ ਤੇ ਕਾਨੂੰਨੀ ਦਾਇਰੇ ਵਿੱਚ ਰਹਿ ਕੇ ਕਰ ਸਕਦੀਆਂ ਹੁੰਦੀਆਂ ਹਨ। ਅਸਲੀ ਹੱਲ ਤਾਂ ਸੀਮਤ ਪਰਵਾਸ ਹੀ ਹੈ। ਦੇਸ ਦੀ ਪਰਵਾਸ ਨਾਲ ਸੰਬੰਧਿਤ ਪਾਲਿਸੀ ਅਜਿਹੀ ਹੋਵੇ ਜਿਹਦੇ ਤਹਿਤ ਬਾਹਰੋਂ ਦੇਸ਼ ਵਿੱਚ ਨੂੰ ਹੋਣ ਵਾਲੇ ਪਰਵਾਸ ਨੂੰ ਸੀਮਤ ਰੱਖਿਆ ਜਾਵੇ। ਜਿਨਾਂ ਪਰਵਾਸ ਹੋ ਰਿਹਾ ਏ ਉਸ ਨੂੰ ਕੰਮਕਾਰ ਦੇਣ ਦੇ ਵਸੀਲੇ ਵੀ ਹੋਣ ਤੇ ਗੈਰ ਕਾਨੂੰਨੀ ਪਰਵਾਸ ਤੇ ਸਖਤੀ ਨਾਲ ਕਾਬੂ ਪਾਇਆ ਜਾਵੇ। ਇੰਝ ਹੋਣ ਨਾਲ ਬੇਸਬਰੀ ਤੇ ਹਫੜਾ ਦਫੜੀ ਵਾਲਾ ਮਾਹੌਲ ਖਤਮ ਹੋਵੇਗਾ ਤੇ ਅੰਤਰਰਾਸ਼ਟਰੀ ਤੌਰ ਤੇ ਦੇਸ ਦਾ ਨਾਮ ਤੇ ਬਿੰਬ ਉੱਚੇ ਹੋਣਗੇ।

# - ਮਿੱਟੀ ਦੀ ਮਹਿਕ -

## ਚੰਦਰ ਸ਼ੇਖਰ ਆਜਾਦ








ਚੰਦਰ ਸੇਖਰ ਸਿਤਾਰਾਮ ਤਿਵਾਰੀ (23 ਜੁਲਾਈ 1906  27 ਫਰਵਰੀ 1931), ਜੋ ਲੋਕਪ੍ਰਿਅ ਤੌਰ 'ਤੇ ਚੰਦਰ ਸੇਖਰ ਆਜਾਦ ਦੇ ਨਾਮ ਨਾਲ ਜਾਣੇ ਜਾਂਦੇ ਹਨ, ਭਾਰਤ ਦੇ ਪ੍ਰਸਿੱਧ ਕ੍ਰਾਂਤੀਕਾਰੀ ਸਨ। ਉਨ੍ਹਾਂ ਨੇ ਹਿੰਦੁਸਤਾਨ ਰਿਪਬਲਿਕਨ ਐਸੋਸੀਏਸਨ () ਨੂੰ ਇਸ ਦੇ ਸੰਸਥਾਪਕ ਰਾਮ ਪ੍ਰਸਾਦ ਬਿਸਮਿਲ ਅਤੇ ਹੋਰ ਪ੍ਰਮੁੱਖ ਨੇਤਾਵਾਂ  ਰੋਸਨ ਸਿੰਘ, ਰਾਜੇਂਦ੍ਰ ਨਾਥ ਲਾਹਿਰੀ ਅਤੇ ਅਸਫਾਕੁੱਲਾ ਖਾਨ  ਦੀ ਫਾਂਸੀ ਤੋਂ ਬਾਅਦ ਨਵੇਂ ਨਾਮ ਹਿੰਦੁਸਤਾਨ ਸੋਸਲਿਸਟ ਰਿਪਬਲਿਕਨ ਐਸੋਸੀਏਸਨ () ਦੇ ਰੂਪ ਵਿੱਚ ਦੁਬਾਰਾ ਸੰਗਠਿਤ ਕੀਤਾ।

ਉਨ੍ਹਾਂ ਨੇ ਭਗਤ ਸਿੰਘ, ਸੁਖਦੇਵ ਥਾਪਰ ਅਤੇ ਸ਼ਿਵਰਾਮ ਰਾਜਗੁਰੂ ਨਾਲ ਮਿਲ ਕੇ ਕ੍ਰਾਂਤੀਕਾਰੀ ਗਤੀਵਿਧੀਆਂ ਚਲਾਈਆਂ।

### ਸੁਰੂਆਤੀ ਜੀਵਨ

ਚੰਦਰ ਸੇਖਰ ਆਜਾਦ ਦਾ ਜਨਮ 23 ਜੁਲਾਈ 1906 ਨੂੰ ਭਾਬਰਾ ਪਿੰਡ ਵਿੱਚ ਹੋਇਆ, ਜੋ ਉਸ ਸਮੇਂ ਅਲੀਰਾਜਪੁਰ ਰਿਆਸਤ ਵਿੱਚ ਸੀ (ਮੌਜੂਦਾ ਮੱਧ ਪ੍ਰਦੇਸ)। ਉਨ੍ਹਾਂ ਦੇ ਪਿਤਾ ਦਾ ਨਾਮ ਸੀਤਾਰਾਮ ਤਿਵਾਰੀ ਅਤੇ ਮਾਤਾ ਦਾ ਨਾਮ ਜਗਰਾਨੀ ਦੇਵੀ ਸੀ। ਉਨ੍ਹਾਂ ਦੇ ਪੂਰਵਜ ਉੱਤਰ ਪ੍ਰਦੇਸ ਦੇ ਉਨਾਉ ਜਿਲ੍ਹੇ ਦੇ ਬਦਰਕਾ ਪਿੰਡ ਨਾਲ ਸੰਬੰਧਿਤ ਸਨ।

1921 ਵਿੱਚ, ਜਦੋਂ ਅਸਹਿਯੋਗ ਅੰਦੋਲਨ ਆਪਣੀ ਸਿਖਰ 'ਤੇ ਸੀ, 15 ਸਾਲ ਦੀ ਉਮਰ ਵਿੱਚ ਉਹ ਇਸ ਵਿੱਚ ਸਾਮਲ ਹੋਏ ਅਤੇ ਗ੍ਰਿਫਤਾਰ ਕਰ ਲਏ ਗਏ। ਅਦਾਲਤ ਵਿੱਚ ਪੇਸ ਕੀਤੇ ਜਾਣ 'ਤੇ ਉਨ੍ਹਾਂ ਨੇ ਆਪਣਾ ਨਾਮ "ਆਜਾਦ", ਪਿਤਾ ਦਾ ਨਾਮ "ਸਵਤੰਤਰਤਾ" ਅਤੇ ਪਤਾ "ਜੇਲ੍ਹ" ਦੱਸਿਆ। ਗੁੱਸੇ ਵਿੱਚ ਆਏ ਮੈਜਿਸਟਰੇਟ ਨੇ ਉਨ੍ਹਾਂ ਨੂੰ 15 ਕੋੜਿਆਂ ਦੀ ਸਜਾ ਦਿੱਤੀ। ਉਸ ਤੋਂ ਬਾਅਦ ਉਹ "ਆਜਾਦ" ਨਾਮ ਨਾਲ ਹੀ ਪ੍ਰਸਿੱਧ ਹੋ ਗਏ।

### ਕ੍ਰਾਂਤੀਕਾਰੀ ਜੀਵਨ

1922 ਵਿੱਚ ਮਹਾਤਮਾ ਗਾਂਧੀ ਵੱਲੋਂ ਅਸਹਿਯੋਗ ਅੰਦੋਲਨ ਰੋਕ ਦਿੱਤੇ ਜਾਣ ਤੋਂ ਬਾਅਦ ਆਜਾਦ ਨਿਰਾਸ ਹੋ ਗਏ ਅਤੇ ਕ੍ਰਾਂਤੀਕਾਰੀ ਰਾਹ 'ਤੇ ਚੱਲ ਪਏ। ਉਹ ਹਿੰਦੁਸਤਾਨ ਰਿਪਬਲਿਕਨ ਐਸੋਸੀਏਸਨ () ਨਾਲ ਜੁੜ ਗਏ ਅਤੇ ਇਸ ਲਈ ਧਨ ਇਕੱਠਾ ਕਰਨ ਲੱਗੇ।

ਉਹ 1925 ਦੇ ਕਾਕੋਰੀ ਰੇਲ ਡਾਕੇ ਵਿੱਚ ਸਾਮਲ ਰਹੇ। 1928 ਵਿੱਚ ਲਾਲਾ ਲਾਜਪਤ ਰਾਇ ਦੀ ਮੌਤ ਦਾ ਬਦਲਾ ਲੈਣ ਲਈ ਜਾਨ ਪੀ. ਸਾਂਡਰਜ ਦੀ ਹੱਤਿਆ ਵਿੱਚ ਭਾਗ ਲਿਆ। 1929 ਵਿੱਚ ਵਾਇਸਰਾਇ ਦੀ ਰੇਲਗੱਡੀ ਉਡਾਉਣ ਦੀ ਕੋਸ਼ਿਸ਼ ਵਿੱਚ ਵੀ ਉਹ ਸਾਮਲ ਸਨ।

1928 ਵਿੱਚ ਭਗਤ ਸਿੰਘ ਅਤੇ ਹੋਰ ਸਾਥੀਆਂ ਨਾਲ ਮਿਲ ਕੇ ਉਨ੍ਹਾਂ ਨੇ ਹਿੰਦੁਸਤਾਨ ਰਿਪਬਲਿਕਨ ਐਸੋਸੀਏਸਨ ਨੂੰ ਦੁਬਾਰਾ ਸੰਗਠਿਤ ਕਰਕੇ ਇਸ ਦਾ ਨਾਮ ਹਿੰਦੁਸਤਾਨ ਸੋਸਲਿਸਟ ਰਿਪਬਲਿਕਨ ਐਸੋਸੀਏਸਨ () ਰੱਖਿਆ, ਜਿਸ ਦਾ ਮਕਸਦ ਇੱਕ ਸੁਤੰਤਰ ਅਤੇ ਸਮਾਜਵਾਦੀ ਭਾਰਤ ਦੀ ਸਥਾਪਨਾ ਸੀ।

### ਝਾਂਸੀ ਵਿੱਚ ਗਤੀਵਿਧੀਆਂ

ਆਜਾਦ ਨੇ ਕੁਝ ਸਮੇਂ ਲਈ ਝਾਂਸੀ ਨੂੰ ਆਪਣਾ ਕੇਂਦਰ ਬਣਾਇਆ। ਉਹ ਓਰਛਾ ਦੇ ਜੰਗਲਾਂ ਵਿੱਚ ਗੋਲੀਬਾਰੀ ਦੀ ਤਿਆਰੀ ਕਰਦੇ ਅਤੇ ਆਪਣੇ ਸਾਥੀਆਂ ਨੂੰ ਪ੍ਰਸ਼ਿਕਸਣ ਦਿੰਦੇ ਸਨ। ਉਹ "ਪੰਡਿਤ ਹਰਿਸੰਕਰ ਬ੍ਰਹਮਚਾਰੀ" ਦੇ ਨਾਮ ਨਾਲ ਰਹਿੰਦੇ ਸਨ ਅਤੇ ਧੀਮਰਪੁਰਾ ਪਿੰਡ ਦੇ ਬੱਚਿਆਂ ਨੂੰ ਪੜ੍ਹਾਉਂਦੇ ਸਨ।

### ਸਹਾਦਤ

27 ਫਰਵਰੀ 1931 ਨੂੰ ਅਲਾਹਾਬਾਦ ਦੇ ਅਲਫ੍ਰੇਡ ਪਾਰਕ ਵਿੱਚ ਪੁਲਿਸ ਨੇ ਉਨ੍ਹਾਂ ਨੂੰ ਘੇਰ ਲਿਆ। ਦੋਨਾਂ ਪਾਸਿਆਂ ਤੋਂ ਗੋਲੀਬਾਰੀ ਹੋਈ ਜਿਸ ਵਿੱਚ ਆਜਾਦ ਨੇ ਤਿੰਨ ਪੁਲਿਸ ਕਰਮਚਾਰੀਆਂ ਨੂੰ ਮਾਰ ਦਿੱਤਾ ਪਰ ਉਹ ਖੁਦ ਵੀ ਜਖਮੀ ਹੋ ਗਏ।

ਉਨ੍ਹਾਂ ਨੇ ਆਪਣੇ ਸਾਥੀ ਨੂੰ ਭੱਜ ਜਾਣ ਲਈ ਕਿਹਾ ਅਤੇ ਖੁਦ ਆਖਰੀ ਗੋਲੀ ਨਾਲ ਆਪਣੇ ਆਪ ਨੂੰ ਮਾਰ ਲਿਆ ਤਾਂ ਜੋ ਉਹ ਜਿੰਦਾ ਗ੍ਰਿਫਤਾਰ ਨਾ ਹੋਣ। ਇਸ ਤਰ੍ਹਾਂ ਉਨ੍ਹਾਂ ਨੇ ਆਪਣੀ ਕਸਮ ਨਿਭਾਈ ਕਿ ਉਹ ਹਮੇਸਾਂ "ਆਜਾਦ" ਰਹਿਣਗੇ।

ਉਨ੍ਹਾਂ ਦਾ ਅੰਤਿਮ ਸੰਸਕਾਰ ਰਸੂਲਾਬਾਦ ਘਾਟ 'ਤੇ ਕੀਤਾ ਗਿਆ। ਖਬਰ ਫੈਲਣ 'ਤੇ ਲੋਕਾਂ ਨੇ ਵੱਡੀ ਗਿਣਤੀ ਵਿੱਚ ਇਕੱਠੇ ਹੋ ਕੇ ਉਨ੍ਹਾਂ ਨੂੰ ਸਰਧਾਂਜਲੀ ਦਿੱਤੀ।

### ਵਿਰਾਸਤ

ਚੰਦਰ ਸੇਖਰ ਆਜਾਦ ਭਾਰਤ ਦੇ ਸਭ ਤੋਂ ਨਿਡਰ ਅਤੇ ਸਮਰਪਿਤ ਕ੍ਰਾਂਤੀਕਾਰੀਆਂ ਵਿੱਚੋਂ ਇੱਕ ਸਨ। ਉਨ੍ਹਾਂ ਦੀ ਸਹਾਦਤ ਅਤੇ ਦੇਸਭਗਤੀ ਅੱਜ ਵੀ ਨੌਜਵਾਨ ਪੀੜ੍ਹੀ ਲਈ ਪ੍ਰੇਰਣਾ ਸਰੋਤ ਹੈ।

# ਸੰਪਾਦਕ ਅਵਤਾਰ ਐਸ. ਸੰਘਾ ਦੀ ਪੁਸਤਕਾਂ ਤੇ ਹੋਰ ਰਚਨਾਵਾਂ ਤੇ ਪ੍ਰਾਪਤੀਆਂ ਦੀ ਸੂਚੀ

1). **ਸਿਡਨੀ ਦੀਆਂ ਰੇਲ ਗੱਡੀਆਂ** (ਕਹਾਣੀ-ਨੁਮਾ ਲੇਖ ਅਤੇ ਲੇਖ-ਨੁਮਾ ਕਹਾਣੀਆਂ) ਸਿੰਘ ਬ੍ਰਦਰਜ਼, ਸਿਟੀ ਸੈਂਟਰ, ਅੰਮ੍ਰਿਤਸਰ
2). **ਦਿਲਹੁ ਮੁਹੱਬਤ ਜਿਨ** (ਨਾਵਲ), ਲੋਕਗੀਤ ਪ੍ਰਕਾਸ਼ਨ, ਮੋਹਾਲੀ (2011)
3). **ਖਿਲੌਰੀ ਅੱਖਾਂ** (ਕਹਾਣੀ ਸੰਗ੍ਰਹਿ), ਪੰਜ ਆਬ ਪ੍ਰਕਾਸ਼ਨ, ਜਲੰਧਰ (2013)
4). **ਘੋੜਾ ਡਾਕਟਰ** (ਕਹਾਣੀ ਸੰਗ੍ਰਹਿ), ਲੋਕਗੀਤ ਪ੍ਰਕਾਸ਼ਨ, ਮੋਹਾਲੀ (2019)
5). ………**'ਤੇ ਪ੍ਰੀਖਿਆ ਚਲਦੀ ਰਹੀ** (ਨਾਵਲ) (2021) ਆਜ਼ਾਦ ਬੁੱਕ ਡੀਪੋ, ਅੰਮ੍ਰਿਤਸਰ
6). **5 ਪਰਵਾਸੀ ਕਹਾਣੀਕਾਰ** (ਸੰਪਾਦਿਤ), ਆਜ਼ਾਦ ਬੁੱਕ ਡੀਪੋ, ਅੰਮ੍ਰਿਤਸਰ(2021)
7). ਸੰਨ 2026 ਦੇ ਅੰਤ ਤੱਕ ਡਾ: ਅਵਤਾਰ ਐਸ. ਸੰਘਾ ਦੀਆਂ ਦੋ ਕਹਾਣੀ ਸੰਗ੍ਰਿਹ ਛਪ ਕੇ ਬਾਜ਼ਾਰ ਵਿੱਚ ਆ ਰਹੇ ਹਨ। (1) **ਮਹਿਲੇ ਮਾਜਰਾ ਤੇ ਹੋਰ ਕਹਾਣੀਆਂ** (2) **Free Train Ride and other stories (English)**
8). **ਮੰਗਵੇਂ ਕੋਟ ਦਾ ਨਿੱਘ** (ਕਹਾਣੀ ਸੰਗ੍ਰਹਿ), ਆਜ਼ਾਦ ਬੁੱਕ ਡੀਪੋ, ਅੰਮ੍ਰਿਤਸਰ (2023)
9). **ਸੇਵਾਮੁਕਤ ਸੈਲਾਨੀ ਤੇ ਹੋਰ ਲੇਖ** (ਵਾਰਤਕ) (2025) ਆਜ਼ਾਦ ਬੁੱਕ ਡੀਪੋ, ਅੰਮ੍ਰਿਤਸਰ
10). ਲੇਖਕ ਦਾ ਨਵਾਂ ਕਹਾਣੀ ਸੰਗ੍ਰਹਿ **'ਕੁੜੀ ਕਹਾਣੀ ਬਣਦੀ ਗਈ'** ਛਪ ਕੇ ਬਾਜ਼ਾਰ ਵਿੱਚ ਆ ਗਿਆ ਹੈ।
11). **'ਦਾ ਪੰਜਾਬ ਹੈਰਲਡ'** (ਦੋ ਭਾਸ਼ੀ ਮਾਸਿਕ ਪਰਚਾ) 2014 ਸ਼ੁਰੂ ਤੋਂ ਚਲਦਾ ਆ ਰਿਹਾ ਹੈ।
12). **ਵਿਚਾਰਾ ਵਿਲੀਅਮ ਤੇ ਓਵਰਟਾਈਮ** (ਦੋ ਲਘੂ ਨਾਟਕ) (2022) ਮੀਡੀਆ ਪੰਜਾਬ, ਜਰਮਨੀ ਤੇ ਪੜ੍ਹੋ
13). 5 Essays in English
14). ਲੇਖਕ ਦੀ ਪੁਸਤਕ **'ਮੰਗਵੇਂ ਕੋਟ ਦਾ ਨਿੱਘ'** ਦਾ Suhaviaudiobooks.com ਵਲੋਂ ਆਡੀਓ ਬਣਾਇਆ ਗਿਆ ਹੈ।
15). Keerti, Kalicharan, and Karla--a short story in English fiction book-- 'Tales of Our Times: An Elixir for the Wise'--edited by Dr. Sushminderjeet Kaur, Head, Post-graduate Deptt.of English, GGN Khalsa College, Ludhiana
16). Essay--Ageing Cautiously and Conscientiously--in the book--'Life after 65'--edited by Dr. M. L. Sood, retd. Professor PAU, Ludhiana.
17). ਚੰਦ ਰਿਸਰਚ ਲੇਖ ਅੰਗਰੇਜ਼ੀ ਵਿੱਚ ਜਿਵੇਂ Entropic Vision of Thomas Pynchon ਤੇ Another Contem porary Novelist in hiding.
18). The Tribune, Chandigarh ਨੇ 1983 ਤੋਂ 1986 ਤੱਕ ਲੇਖਕ ਦੀਆਂ 6 ਕਹਾਣੀਆਂ ਅੰਗਰੇਜ਼ੀ ਵਿੱਚ ਛਾਪੀਆਂ। ਬਾਅਦ ਵਿੱਚ ਇਹ 6 ਤੇ 5 ਹੋਰ ਹੈਦਰਾਬਾਦ ਦੇ Vipula ਰਸਾਲੇ ਨੇ ਤੇਲਗੂ ਵਿੱਚ ਅਨੁਵਾਦ ਕਰਕੇ ਛਾਪੀਆਂ।
19). ਲੇਖਕ ਦੀਆਂ 22 ਕਹਾਣੀਆਂ ਪੰਜਾਬੀ ਟ੍ਰਿਬਿਊਨ, 6 ਪ੍ਰੀਤ ਲੜੀ, 4 ਪੰਜ ਦਰਿਆ (UK), 13 Likhari.net, 3 ਡੇਲੀ ਆਸ਼ਿਆਨਾ (ਪਟਿਆਲਾ), 2 ਪੰਜਾਬ ਟਾਈਮਜ਼ (USA), 4 ਟ੍ਰਿਬਿਊਨ, 4 'ਸਰੋਕਾਰ' ਯੂ. ਐਸ. ਵਿੱਚ, 2 'ਪਰਵਾਸ' ਲੁਧਿਆਣਾ ਵਿੱਚ, 1 ਲੇਖ 'ਅਜੀਤ' ਜਲੰਧਰ ਵਿੱਚ, 3 ਰੋਜ਼ਾਨਾ ਸਪੋਕਸਮੈਨ ਮੋਹਾਲੀ ਵਿੱਚ ਅਤੇ 15 ਕੁ ਕਹਾਣੀਆਂ ਕੈਨੇਡਾ ਤੇ ਅਮਰੀਕਾ ਦੇ ਹੋਰ ਅਖਬਾਰਾਂ ਵਿੱਚ ਛਪ ਚੁੱਕੀਆਂ ਹਨ।
20). ਲੇਖਕ ਦੀ ਅੰਗਰੇਜੀ ਦੀਆਂ ਕਹਾਣੀਆਂ ਦੀ ਪੁਸਤਕ **'Storm in a Teacup and other stories'** ਉੱਪਰ ਜੀ. ਜੀ. ਐਨ. ਖਾਲਸਾ ਕਾਲਜ ਲੁਧਿਆਣਾ ਦੀ ਅੰਗਰੇਜ਼ੀ ਦੀ ਪੋਸਟ ਗ੍ਰੈਜੂਏਟ ਜਮਾਤਾਂ ਦੀ ਹੈਡ ਡਾ: ਸੁਸ਼ਮਿੰਦਰਜੀਤ ਕੌਰ ਵਲੋਂ 1 ਮਈ 2025 ਨੂੰ ਬਰਧਮਾਨ ਯੂਨੀਵਰਸਿਟੀ ਪੱਛਮੀ ਬੰਗਾਲ ਵਿਖੇ ਪਰਚਾ ਪੜ੍ਹਿਆ ਗਿਆ।
21). ਲੇਖਕ ਦੀਆਂ ਰਚਨਾਵਾਂ ਤੇ ਉੱਤਰੀ ਭਾਰਤ ਦੀ ਇੱਕ ਯੂਨੀਵਰਸਿਟੀ ਵਿੱਚ ਇੱਕ ਖੋਜਾਰਥੀ ਲੜਕੀ ਵਲੋਂ ਪੀ. ਐਚ. ਡੀ. ਕੀਤੀ ਜਾ ਰਹੀ ਏ।
22). ਲੇਖਕ ਦੀ ਕਹਾਣੀ 'ਚੋਰ ਅੱਖ' ਐਸ.ਡੀ ਕਾਲਜ ਪਠਾਨਕੋਟ ਦੀ ਪ੍ਰੋ: (ਅੰਗਰੇਜ਼ੀ) ਛਾਇਆ ਸ਼ਰਮਾ ਨੇ ਅੰਗਰੇਜ਼ੀ ਵਿੱਚ ਅਨੁਵਾਦ ਕੀਤੀ ਤੇ ਛਪਵਾਈ।
23). ਲੇਖਕ ਦੀਆਂ ਤਿੰਨ ਪੁਸਤਕਾਂ **ਮੰਗਵੇਂ ਕੋਟ ਦਾ ਨਿੱਘ, ਸੇਵਾਮੁਕਤ ਸੈਲਾਨੀ ਤੇ ਹੋਰ ਲੇਖ** ਅਤੇ **Storm in a Tea Cup & Other Stories** ਪੰਜਾਬ ਭਵਨ ਸਰੀ (ਕੈਨੇਡਾ) ਵਿਖੇ 8 ਸਤੰਬਰ 2024 ਨੂੰ ਲੋਕ ਅਰਪਣ ਕੀਤੀਆਂ ਗਈਆਂ। ਇਸ ਸਮੇਂ ਲੇਖਕ ਨੂੰ ਸਨਮਾਨਿਤ ਵੀ ਕੀਤਾ ਗਿਆ।
24). ਲੇਖਕ ਨੂੰ 15 ਸਤੰਬਰ 2024 ਨੂੰ ਸੈਕਰਾਮੈਂਟੋ (ਯੂ. ਐਸ.) ਗਦਰੀ ਬਾਬਿਆਂ ਦੇ ਮੇਲੇ ਸਮੇਂ ਵੀ ਮੇਲਾ ਕਮੇਟੀ ਵਲੋਂ ਸਨਮਾਨਿਤ ਕੀਤਾ ਗਿਆ।
25). ਅਵਤਾਰ ਸੰਘਾ ਯੂ-ਟਿਊਬ ਚੈਨਲ ਵੀ ਸ਼ੁਰੂ ਹੋ ਚੁੱਕਾ ਹੈ।
26). ਲੇਖਕ ਦੀਆਂ ਪੁਸਤਕਾਂ '**ਸਿਡਨੀ ਦੀਆਂ ਰੇਲ ਗੱਡੀਆਂ**' ਅਤੇ '**ਸੇਵਾਮੁਕਤ ਸੈਲਾਨੀ ਤੇ ਹੋਰ ਲੇਖ**' ਦੀਆਂ ਆਡੀਓ ਵੀ ਸੁਹਾਵੀ ਡਾਟ ਕਾਮ ਤੇ ਉਪਲੱਬਧ ਹੋ ਗਈਆਂ ਹਨ।
27). ਲੇਖਕ ਦੀਆਂ 3 ਪੁਸਤਕਾਂ '**ਮੰਗਵੇਂ ਕੋਟ ਦਾ ਨਿੱਘ**', '…..**'ਤੇ ਪ੍ਰੀਖਿਆ ਚਲਦੀ ਰਹੀ**' ਅਤੇ '**ਸੇਵਾਮੁਕਤ ਸੈਲਾਨੀ ਤੇ ਹੋਰ ਲੇਖ**' ਪ੍ਰੋ: ਸੁਖਵੰਤ ਸਿੰਘ ਗਿੱਲ ਨੇ ਆਪਣੀ ਸੰਪਾਦਿਤ ਪੁਸਤਕ 'ਕਿਤਾਬਾਂ ਬੋਲਦੀਆਂ' ਵਿੱਚ ਦਰਜ ਕੀਤੀਆਂ ਹਨ।
28). 15 ਨਵੰਬਰ 2025 ਨੂੰ ਅਕਾਲ ਚੈਨਲ ਟੀ. ਵੀ. ਚੈਨਲ ਤੇ ਡਾ: ਸੰਘਾ ਦੇ ਗਲਪ ਨਿੱਕੀ ਹੁਨਰੀ ਕਹਾਣੀ ਬਾਰੇ ਵਿਚਾਰ ਪੇਸ਼ ਕੀਤੇ।

ਆਜ਼ਾਦ ਬੁੱਕ ਡੀਪੋ, ਹਾਲ ਬਜ਼ਾਰ, ਅੰਮ੍ਰਿਤਸਰ (ਪੰਜਾਬ) ਸੰਪਰਕ 0183-2292513, ਮੋਬਾ: 94631-70369

# ਸਿਆਸੀ ਤੋਹਫਾ : ਪੰਜਾਬ 'ਚ ਬਿਜਲੀ ਹੋਈ ਔਸਤ ਇੱਕ ਰੁਪਏ ਸਸਤੀ



ਪੰਜਾਬ 'ਚ ਹੁਣ ਬਿਜਲੀ ਔਸਤਨ ਇੱਕ ਰੁਪਏ ਪ੍ਰਤੀ ਯੂਨਿਟ ਸਸਤੀ ਮਿਲੇਗੀ। ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ ਵੱਲੋਂ ਅੱਜ 2026-27 ਦਾ ਟੈਰਿਫ ਆਰਡਰ ਐਲਾਨ ਦਿੱਤਾ ਹੈ। ਅਗਲੇ ਵਿੱਤੀ ਵਰ੍ਹੇ 'ਚ ਪਹਿਲੀ ਅਪਰੈਲ ਤੋਂ ਪੰਜਾਬ ਦੇ ਖਪਤਕਾਰਾਂ ਨੂੰ ਬਿਜਲੀ ਔਸਤਨ ਇੱਕ ਰੁਪਏ ਪ੍ਰਤੀ ਯੂਨਿਟ ਸਸਤੀ ਮਿਲੇਗੀ। ਨਵੇਂ ਐਲਾਨੇ ਟੈਰਿਫ ਆਰਡਰ 'ਤੇ ਅਗਾਮੀ ਪੰਜਾਬ ਵਿਧਾਨ ਸਭਾ ਚੋਣਾਂ ਦਾ ਸਪਸ਼ਟ ਪਰਛਾਵਾਂ ਨਜ਼ਰ ਆ ਰਿਹਾ ਹੈ।

ਪੰਜਾਬ 'ਚ ਘਰੇਲੂ ਖਪਤਕਾਰਾਂ ਨੂੰ ਦੋ ਕਿਲੋਵਾਟ ਤੱਕ 300 ਯੂਨਿਟ ਤੱਕ ਬਿਜਲੀ ਹੁਣ ਪ੍ਰਤੀ ਯੂਨਿਟ 1.55 ਰੁਪਏ ਸਸਤੀ ਮਿਲੇਗੀ ਜਦੋਂ ਕਿ 300 ਯੂਨਿਟ ਤੋਂ ਉਪਰ ਬਿਜਲੀ ਪ੍ਰਤੀ ਯੂਨਿਟ 70 ਪੈਸੇ ਸਸਤੀ ਮਿਲੇਗੀ। ਇਸੇ ਤਰ੍ਹਾਂ ਦੋ ਕਿਲੋਵਾਟ ਤੋਂ ਸੱਤ ਕਿਲੋਵਾਟ ਤੱਕ ਦੇ ਘਰੇਲੂ ਖਪਤਕਾਰਾਂ ਨੂੰ 300 ਯੂਨਿਟ ਤੱਕ ਬਿਜਲੀ ਪ੍ਰਤੀ ਯੂਨਿਟ 1.47 ਰੁਪਏ ਸਸਤੀ ਕੀਤੀ ਗਈ ਹੈ ਜਦੋਂ ਕਿ 300 ਯੂਨਿਟਾਂ ਤੋਂ ਉਪਰ ਬਿਜਲੀ 70 ਪੈਸੇ ਪ੍ਰਤੀ ਯੂਨਿਟ ਸਸਤੀ ਕੀਤੀ ਹੈ।

ਪੰਜਾਬ ਸਰਕਾਰ ਵੱਲੋਂ ਘਰੇਲੂ ਖਪਤਕਾਰਾਂ ਨੂੰ ਪ੍ਰਤੀ ਮਹੀਨਾ 300 ਯੂਨਿਟ ਬਿਜਲੀ ਮੁਫ਼ਤ ਦਿੱਤੀ ਜਾ ਰਹੀ ਹੈ ਜਿਸ ਕਰਕੇ ਨਵੇਂ ਟੈਰਿਫ ਦਾ ਆਮ ਲੋਕਾਂ 'ਤੇ ਘੱਟ ਅਸਰ ਪਵੇਗਾ ਜਦੋਂ ਕਿ ਪੰਜਾਬ ਸਰਕਾਰ ਦੇ ਖ਼ਜ਼ਾਨੇ ਨੂੰ ਜ਼ਰੂਰ ਰਾਹਤ ਮਿਲੇਗੀ ਕਿਉਂਕਿ ਰੇਟ 'ਚ ਕਟੌਤੀ ਹੋਣ ਨਾਲ ਸਬਸਿਡੀ ਦਾ ਭਾਰ ਘਟੇਗਾ।

ਗ਼ੈਰ ਰਿਹਾਇਸ਼ੀ ਸਪਲਾਈ ਜਿਨ੍ਹਾਂ 'ਚ ਦੁਕਾਨਦਾਰ ਆਦਿ ਆਉਂਦੇ ਹਨ, ਲਈ ਬਿਜਲੀ ਲੋਡ ਦੇ ਹਿਸਾਬ ਨਾਲ ਪ੍ਰਤੀ ਯੂਨਿਟ 50 ਪੈਸੇ ਤੋਂ 79 ਪੈਸੇ ਘਟਾਈ ਗਈ ਹੈ। ਸਮਾਲ ਪਾਵਰ ਸਪਲਾਈ ਦੀ ਬਿਜਲੀ 'ਚ ਪ੍ਰਤੀ ਯੂਨਿਟ 12 ਪੈਸੇ, ਮੀਡੀਅਮ ਸਪਲਾਈ 'ਚ ਪ੍ਰਤੀ ਯੂਨਿਟ 42 ਪੈਸੇ ਅਤੇ ਲਾਰਜ ਸਪਲਾਈ 'ਚ ਬਿਜਲੀ ਪ੍ਰਤੀ ਯੂਨਿਟ 70 ਤੋਂ 74 ਪੈਸੇ ਪ੍ਰਤੀ ਯੂਨਿਟ ਤੱਕ ਕਟੌਤੀ ਕੀਤੀ ਗਈ ਹੈ। ਖੇਤੀ ਟਿਊਬਵੈੱਲਾਂ ਦੀ ਬਿਜਲੀ 'ਚ ਪ੍ਰਤੀ ਯੂਨਿਟ 1.32 ਰੁਪਏ ਦੀ ਕਮੀ ਕੀਤੀ ਗਈ ਹੈ।

ਨਵੇਂ ਆਰਡਰਾਂ ਅਨੁਸਾਰ ਪਾਵਰਕੌਮ 2024-25 ਅਤੇ 2026-26 ਦੀਆਂ ਪ੍ਰੋਜੈਕਸ਼ਨਾਂ ਮੁਤਾਬਿਕ 7851.91 ਕਰੋੜ ਦੇ ਮੁਨਾਫੇ ਵਿੱਚ ਹੈ ਜਿਸ ਨਾਲ 2026-27 'ਚ ਪਾਵਰਕੌਮ ਨੂੰ 52,791.41 ਕਰੋੜ ਦੀ ਆਮਦਨ ਦੀ ਲੋੜੀਂਦੀ ਹੈ। ਪਾਵਰਕੌਮ 7851.91 ਕਰੋੜ ਦੇ ਮੁਨਾਫੇ 'ਚ ਹੋਣ ਕਰਕੇ ਇਹ ਆਮਦਨੀ ਹੁਣ 44939.50 ਕਰੋੜ ਦੀ ਹੀ ਚਾਹੀਦੀ ਹੈ ਜਿਸ ਦੇ ਮੱਦੇਨਜ਼ਰ ਟੈਰਿਫ ਘਟਾਇਆ ਗਿਆ ਹੈ।

# ਗੈਰ-ਕਾਨੂੰਨੀ ਹਥਿਆਰਾਂ ਸਮੇਤ ਛੇ ਗ੍ਰਿਫਤਾਰ



ਅੰਮ੍ਰਿਤਸਰ ਕਮਿਸ਼ਨਰੇਟ ਪੁਲੀਸ ਨੇ ਸਰਹੱਦ ਪਾਰੋਂ ਗੈਰ-ਕਾਨੂੰਨੀ ਹਥਿਆਰਾਂ ਦੇ ਇੱਕ ਮਾਡਿਊਲ ਦਾ ਖਾਤਮਾ ਕਰਨ ਦਾ ਦਾਅਵਾ ਕੀਤਾ ਹੈ। ਪੁਲੀਸ ਨੇ ਇਸ ਮਾਮਲੇ ਵਿੱਚ 5 ਮੁਲਜ਼ਮਾਂ ਅਤੇ 1 ਨਾਬਾਲਗ ਨੂੰ ਗ੍ਰਿਫਤਾਰ ਕੀਤਾ, ਜਿਨ੍ਹਾਂ ਦੇ ਕੋਲੋਂ 5 ਆਧੁਨਿਕ ਪਿਸਤੌਲ ਤੇ 34 ਜ਼ਿੰਦਾ ਕਾਰਤੂਸ ਅਤੇ ਇੱਕ ਤੇਜ਼ਧਾਰ ਹਥਿਆਰ ਬਰਾਮਦ ਕੀਤਾ ਹੈ। ਇਸ ਦਾ ਖੁਲਾਸਾ ਡੀਜੀਪੀ ਗੌਰਵ ਯਾਦਵ ਵੱਲੋਂ ਕੀਤਾ ਗਿਆ ਹੈ।

ਆਪਣੇ ਸੋਸ਼ਲ ਮੀਡੀਆ ਖਾਤੇ ਤੇ ਇਸ ਸਬੰਧੀ ਖੁਲਾਸਾ ਕਰਦਿਆਂ ਉਨ੍ਹਾਂ ਦੱਸਿਆ ਕਿ ਬਰਾਮਦ ਕੀਤੇ ਹਥਿਆਰਾਂ ਵਿੱਚ ਗਲੋਕ 9 ਐਮਐਮ, ਪੀ5 .30 ਬੋਰ, ਟੌਰਸ 9ਐੱਮ ਐੱਮ, ਗ੍ਰੇਟਾ 9 ਐੱਮ ਐੱਮ ਪਾਕਿਸਤਾਨ ਵਿੱਚ ਬਣਿਆ ਅਤੇ ਇੱਕ ਪ੍ਰਆਇੰਟ 30 ਬੋਰ ਦਾ ਪਿਸਤੌਲ ਸਾਮਿਲ ਹੈ।

ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਗ੍ਰਿਫਤਾਰ ਕੀਤੇ ਗਏ ਮੁਲਜ਼ਮ ਸੋਸ਼ਲ ਮੀਡੀਆ ਰਾਹੀਂ ਪਾਕਿਸਤਾਨ-ਅਧਾਰਤ ਹਥਿਆਰਾਂ ਦੇ ਤਸਕਰਾਂ ਦੇ ਸੰਪਰਕ ਵਿੱਚ ਸਨ। ਜੋ ਹਥਿਆਰਾਂ ਦੀ ਖੇਪ ਦਾ ਤਾਲਮੇਲ ਬਣਾ ਕੇ ਵੱਖ-ਵੱਖ ਖੇਤਰਾਂ ਵਿੱਚ ਵੰਡ ਰਹੇ ਸਨ। ਇਸ ਸੰਬੰਧ ਵਿੱਚ ਅੰਮ੍ਰਿਤਸਰ ਦੇ ਮਕਬੂਲਪੁਰਾ ਪੁਲੀਸ ਸਟੇਸ਼ਨ ਵਿਖੇ ਅਸਲਾ ਐਕਟ ਤਹਿਤ ਐੱਫ ਆਈ ਆਰ ਦਰਜ ਕੀਤੀ ਗਈ ਹੈ ਅਤੇ ਪੂਰੇ ਨੈੱਟਵਰਕ ਨੂੰ ਖਤਮ ਕਰਨ ਲਈ ਹੋਰ ਜਾਂਚ ਜਾਰੀ ਹੈ।

ਪੁਲੀਸ ਕਮਿਸ਼ਨਰ ਗੁਰਪ੍ਰੀਤ ਸਿੰਘ ਭੁੱਲਰ ਨੇ ਦੱਸਿਆ ਕਿ ਗ੍ਰਿਫਤਾਰ ਕੀਤੇ ਗਏ ਮੁਲਜ਼ਮਾਂ ਵਿੱਚ ਕੁਝ ਸਰਹੱਦੀ ਖੇਤਰ ਨਾਲ ਸੰਬੰਧਿਤ ਹਨ, ਜੋ ਸਰਹੱਦ ਪਾਰੋਂ ਡਰੋਨ ਰਾਹੀਂ ਆ ਰਹੇ ਹਥਿਆਰ ਪ੍ਰਾਪਤ ਕਰਦੇ ਅਤੇ ਅੱਗੇ ਸਪਲਾਈ ਕਰਦੇ ਸਨ। ਉਨ੍ਹਾਂ ਦੱਸਿਆ ਕਿ ਬਰਾਮਦ ਕੀਤੇ ਗਏ ਹਥਿਆਰ ਅਤਿ ਆਧੁਨਿਕ ਪਿਸਤੌਲ ਹਨ।

# 'ਆਪ' ਸਰਕਾਰ ਦਾ ਆਖਰੀ ਬਜਟ ਇਜਲਾਸ ਅੱਜ ਤੋਂ



ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠਲੀ 'ਆਪ' ਸਰਕਾਰ ਦੇ ਕਾਰਜਕਾਲ ਦਾ ਆਖਰੀ ਤੇ ਪੰਜਵਾਂ ਬਜਟ ਇਜਲਾਸ ਸ਼ੁੱਕਰਵਾਰ ਨੂੰ ਰਾਜਪਾਲ ਗੁਲਾਬ ਚੰਦ ਕਟਾਰੀਆ ਦੇ ਭਾਸ਼ਣ ਨਾਲ ਸ਼ੁਰੂ ਹੋਵੇਗਾ। ਐਤਕੀਂ ਬਜਟ ਇਜਲਾਸ ਹੰਗਾਮਾਖੇਜ਼ ਰਹਿਣ ਦੀ ਸੰਭਾਵਨਾ ਹੈ ਕਿਉਂਕਿ ਸੂਬਾ ਹੁਣ ਵਿਧਾਨ ਸਭਾ ਚੋਣਾਂ ਵੱਲ ਵਧ ਰਿਹਾ ਹੈ। ਬਜਟ ਸੈਸ਼ਨ 16 ਮਾਰਚ ਤੱਕ ਚੱਲੇਗਾ। ਆਮ ਆਦਮੀ ਪਾਰਟੀ ਵਿਧਾਨ ਸਭਾ ਸੈਸ਼ਨ ਦੌਰਾਨ ਬੀਤੇ ਚਾਰ ਵਰ੍ਹਿਆਂ 'ਚ ਸਰਕਾਰ ਵੱਲੋਂ ਕੀਤੇ ਗਏ ਲੋਕ ਭਲਾਈ ਦੇ ਕੰਮਾਂ ਦਾ ਗੁਣਗਾਨ ਕਰੇਗੀ ਜਦੋਂ ਕਿ ਵਿਰੋਧੀ ਧਿਰ ਸੂਬੇ ਦੀ ਕਾਨੂੰਨ ਵਿਵਸਥਾ ਅਤੇ ਵਿਗੜ ਰਹੀ ਵਿੱਤੀ ਸਥਿਤੀ 'ਤੇ ਸਰਕਾਰ ਨੂੰ ਘੇਰੇਗੀ।

ਵਿੱਤ ਮੰਤਰੀ ਹਰਪਾਲ ਸਿੰਘ ਚੀਮਾ 8 ਮਾਰਚ ਨੂੰ ਵਿੱਤੀ ਸਾਲ 2025-26 ਦਾ ਬਜਟ ਪੇਸ਼ ਕਰਨਗੇ। ਐਤਕੀਂ ਬਜਟ 'ਚ ਕੋਈ ਨਵਾਂ ਟੈਕਸ ਲੱਗਣ ਦੀ ਸੰਭਾਵਨਾ ਘੱਟ ਹੈ। ਕੇਂਦਰੀ ਤਰਜ਼ 'ਤੇ ਪਹਿਲੀ ਵਾਰ ਬਜਟ ਪ੍ਰਸਤਾਵ ਐਤਵਾਰ ਵਾਲੇ ਦਿਨ ਪੇਸ਼ ਕੀਤੇ ਜਾਣਗੇ। ਸ਼ਾਇਦ ਇਹ ਪਹਿਲਾ ਮੌਕਾ ਹੋਵੇਗਾ ਜਦੋਂ ਬਜਟ ਕੌਮਾਂਤਰੀ ਮਹਿਲਾ ਦਿਵਸ ਮੌਕੇ ਪੇਸ਼ ਕੀਤਾ ਜਾ ਰਿਹਾ ਹੈ। ਬਜਟ ਇਜਲਾਸ 'ਚ ਆਗਾਮੀ ਵਿਧਾਨ ਸਭਾ ਚੋਣਾਂ ਦਾ ਪਰਛਾਵਾਂ ਸਪੱਸ਼ਟ ਨਜ਼ਰ ਆਵੇਗਾ। ਵਿਰੋਧੀ ਧਿਰ ਵੀ ਮੁੱਦਿਆਂ 'ਤੇ ਸਰਕਾਰ ਨੂੰ ਘੇਰਨ ਲਈ ਵਾਹ ਲਾਏਗੀ।

ਸਰਕਾਰ ਆਪਣੇ ਆਖਰੀ ਬਜਟ 'ਚ 18 ਸਾਲ ਤੋਂ ਉਪਰ ਦੀਆਂ ਔਰਤਾਂ ਨੂੰ ਇੱਕ ਹਜ਼ਾਰ ਰੁਪਏ ਪ੍ਰਤੀ ਮਹੀਨਾ ਦੇਣ ਦਾ ਵਾਅਦਾ ਪੂਰਾ ਕਰੇਗੀ ਤਾਂ ਜੋ ਆਗਾਮੀ ਚੋਣਾਂ ਦੇ ਮੱਦੇਨਜ਼ਰ ਔਰਤਾਂ ਨੂੰ ਲੁਭਾਇਆ ਜਾ ਸਕੇ। ਚੇਤੇ ਰਹੇ ਕਿ ਸੂਬੇ 'ਚ ਕਰੀਬ 48 ਫੀਸਦੀ ਔਰਤਾਂ ਹਨ। ਵਿਰੋਧੀ ਧਿਰ ਔਰਤਾਂ ਦੇ ਪਿਛਲੇ ਚਾਰ ਸਾਲ ਦੇ ਬਕਾਏ ਦੇਣ ਦਾ ਮੁੱਦਾ ਚੁੱਕ ਸਕਦੀ ਹੈ। ਪਹਿਲੇ ਚਾਰ ਬਜਟ ਸੈਸ਼ਨਾਂ ਮੌਕੇ 'ਆਪ' ਸਰਕਾਰ ਨੇ ਇਸ ਅਹਿਮ ਗਾਰੰਟੀ ਨੂੰ ਪੂਰਾ ਕਰਨ ਤੋਂ ਪਾਸਾ ਵੱਟੀ ਰੱਖਿਆ ਸੀ।

ਬਜਟ ਸੈਸ਼ਨ ਦੇ ਪਹਿਲੇ ਦਿਨ ਰਾਜਪਾਲ ਗੁਲਾਬ ਚੰਦ ਕਟਾਰੀਆ ਪੰਜਾਬ ਸਰਕਾਰ ਦੀਆਂ ਪ੍ਰਾਪਤੀਆਂ ਵੱਲ ਸੇਧਿਤ ਭਾਸ਼ਣ ਦੇਣਗੇ। ਹੁਕਮਰਾਨ ਧਿਰ ਸੈਸ਼ਨ ਦੌਰਾਨ ਪ੍ਰਮੁੱਖ ਪ੍ਰਾਪਤੀਆਂ 'ਤੇ ਚਰਚਾ ਕਰੇਗੀ ਜਿਨ੍ਹਾਂ 'ਚ ਮੁੱਖ ਮੰਤਰੀ ਸਿਹਤ ਯੋਜਨਾ, ਯੁੱਧ ਨਸ਼ਿਆਂ ਵਿਰੁੱਧ, ਖੇਡ ਪ੍ਰਾਜੈਕਟ ਆਦਿ ਸ਼ਾਮਲ ਹਨ।

ਗੁਰਦਾਸਪੁਰ ਜ਼ਿਲ੍ਹੇ 'ਚ ਪੁਲੀਸ ਮੁਕਾਬਲੇ ਦੌਰਾਨ ਮਾਰੇ ਗਏ 19 ਸਾਲ ਦੇ ਰਣਜੀਤ ਸਿੰਘ ਦਾ ਮਾਮਲਾ ਵੀ ਬਜਟ ਸੈਸ਼ਨ ਦੌਰਾਨ ਗੂੰਜ ਸਕਦਾ ਹੈ। ਕਾਂਗਰਸ ਪਾਰਟੀ ਵੱਲੋਂ ਭਲਕੇ ਕਾਂਗਰਸ ਭਵਨ ਤੋਂ ਸਰਕਾਰ ਖਿਲਾਫ ਪ੍ਰਦਰਸ਼ਨ ਵੀ ਕੀਤਾ ਜਾਵੇਗਾ।

# ਫਰੀਦਕੋਟ ਬਲਾਕ ਸਮਿਤੀ ਚੋਣਾਂ ਮੁਲਤਵੀ; ਅਕਾਲੀ ਦਲ ਵੱਲੋਂ ਬਾਈਕਾਟ ਤੇ 'ਗੁਪਤ ਸਮਝੌਤੇ' ਦੇ ਇਲਜਾਮ



ਫਰੀਦਕੋਟ ਬਲਾਕ ਸਮਿਤੀ ਦੇ ਚੇਅਰਮੈਨ ਅਤੇ ਵਾਈਸ-ਚੇਅਰਮੈਨ ਦੀ ਚੋਣ ਵੀਰਵਾਰ ਨੂੰ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰਾਂ ਵੱਲੋਂ ਕੀਤੇ ਬਾਈਕਾਟ ਕਾਰਨ ਮੁਲਤਵੀ ਕਰ ਦਿੱਤੀ ਗਈ। ਅਕਾਲੀ ਦਲ ਦੇ ਚੁਣੇ ਹੋਏ ਮੈਂਬਰਾਂ ਦੀ ਗੈਰ-ਹਾਜ਼ਰੀ ਕਾਰਨ ਕੋਰਮ (ਲਾਜ਼ਮੀ ਗਿਣਤੀ) ਪੂਰਾ ਨਹੀਂ ਹੋ ਸਕਿਆ, ਜਿਸ ਤੋਂ ਬਾਅਦ ਪ੍ਰਸ਼ਾਸਨ ਨੇ ਹੁਣ ਇਹ ਮੀਟਿੰਗ ਅੱਜ ਲਈ ਮੁੜ ਤੈਅ ਕੀਤੀ ਹੈ।

ਹਾਲਾਂਕਿ ਕਾਂਗਰਸ, ਆਮ ਆਦਮੀ ਪਾਰਟੀ (ਆਪ) ਅਤੇ ਭਾਜਪਾ ਦੇ ਮੈਂਬਰ ਬੀ.ਡੀ.ਪੀ.ਓ. ਦਫਤਰ ਪਹੁੰਚੇ ਹੋਏ ਸਨ ਪਰ ਅਕਾਲੀ ਦਲ ਦੇ ਵਿਰੋਧ ਕਾਰਨ ਕਾਰਵਾਈ ਅੱਗੇ ਨਹੀਂ ਵੱਧ ਸਕੀ।

ਚੋਣਾਂ ਮੁਲਤਵੀ ਹੋਣ ਤੋਂ ਬਾਅਦ ਅਕਾਲੀ ਦਲ ਦੇ ਕੌਮੀ ਉਪ-ਪ੍ਰਧਾਨ ਪਰਮਬੰਸ ਸਿੰਘ 'ਬੰਟੀ' ਰੋਮਾਣਾ ਨੇ ਵਿਰੋਧੀ ਪਾਰਟੀਆਂ 'ਤੇ ਤਿੱਖੇ ਹਮਲੇ ਕੀਤੇ। ਰੋਮਾਣਾ ਨੇ ਇਲਜ਼ਾਮ ਲਾਇਆ ਕਿ ਕਾਂਗਰਸ ਅਤੇ 'ਆਪ' ਵਿਚਾਲੇ ਗੁਪਤ ਸਮਝੌਤਾ ਹੋਇਆ ਹੈ, ਜਿਸ ਤਹਿਤ ਕਾਂਗਰਸ ਨੇ ਵਾਈਸ-ਚੇਅਰਮੈਨ ਦੀ ਸੀਟ 'ਆਪ' ਨੂੰ ਦੇ ਦਿੱਤੀ ਹੈ।

ਉਨ੍ਹਾਂ ਸਵਾਲ ਚੁੱਕਿਆ ਕਿ ਜੋ ਆਗੂ ਬਾਹਰ ਇੱਕ-ਦੂਜੇ ਦਾ ਵਿਰੋਧ ਕਰਦੇ ਹਨ, ਉਹ ਅੰਦਰਖਾਤੇ ਅਕਾਲੀ ਦਲ ਨੂੰ ਪਾਸੇ ਕਰਨ ਲਈ ਹੱਥ ਮਿਲਾ ਰਹੇ ਹਨ। ਇਸ ਤੋਂ ਇਲਾਵਾ ਉਨ੍ਹਾਂ ਮੀਟਿੰਗ ਵਿੱਚ ਸਥਾਨਕ ਵਿਧਾਇਕ ਦੀ ਮੌਜੂਦਗੀ 'ਤੇ ਵੀ ਇਤਰਾਜ਼ ਜਤਾਇਆ ਅਤੇ ਇਸ ਨੂੰ ਨਿਯਮਾਂ ਦੀ ਉਲੰਘਣਾ ਕਰਾਰ ਦਿੱਤਾ।

# ਪੰਜਾਬ 'ਚ ਗੁਰਦੁਆਰਾ ਕਮੇਟੀ ਨੂੰ ਲੈ ਕੇ ਖੂਨੀ ਜੰਗ: ਦੋ ਧਿਰਾਂ ਵਿਚਾਲੇ ਚੱਲੀਆਂ ਗੋਲੀਆਂ, ਫਾਇਰਿੰਗ 'ਚ 2 ਗੰਭੀਰ ਜਖਮੀ



ਮੁਕਤਸਰ ਦੇ ਹਲਕਾ ਗਿੱਦੜਬਾਹਾ ਦੇ ਪਿੰਡ ਭੂੰਦੜ ਵਿੱਚ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਲੈ ਕੇ ਦੋ ਪੱਖਾਂ ਵਿੱਚ ਖੂਨੀ ਝੜਪ ਹੋ ਗਈ। ਇਸ ਦੌਰਾਨ ਗੋਲੀਆਂ ਚੱਲੀਆਂ ਹਨ। ਹਮਲੇ ਵਿੱਚ ਇੱਕ ਪੱਖ ਦੇ ਚਾਰ ਲੋਕ ਜਖਮੀ ਹੋਏ ਹਨ, ਜਿਨ੍ਹਾਂ ਵਿੱਚੋਂ ਦੋ ਨੂੰ ਗੋਲੀ ਲੱਗੀ ਹੈ।

ਮੌਕੇ 'ਤੇ ਮੌਜੂਦ ਲੋਕਾਂ ਮੁਤਾਬਕ ਗੁਰੂ ਘਰ ਦੀ ਸੇਵਾ-ਸੰਭਾਲ ਨੂੰ ਲੈ ਕੇ ਇਹ ਵਿਵਾਦ ਕਾਫੀ ਸਮੇਂ ਤੋਂ ਚੱਲ ਰਿਹਾ ਸੀ। ਪ੍ਰਾਪਤ ਜਾਣਕਾਰੀ ਅਨੁਸਾਰ ਗੁਰਦੁਆਰਾ ਸਾਹਿਬ ਦੀ ਕਮੇਟੀ ਪਹਿਲਾਂ ਮਹਿੰਦਰ ਸਿੰਘ ਦੀ ਅਗਵਾਈ ਵਿੱਚ ਕੰਮ ਕਰ ਰਹੀ ਸੀ। ਇਸ ਦੌਰਾਨ ਪਿੰਡ ਦੇ ਕੁਝ ਹੋਰ ਵਿਅਕਤੀ ਗੁਰੂ ਘਰ ਦੀ ਸੇਵਾ-ਸੰਭਾਲ ਆਪਣੇ ਹੱਥਾਂ ਵਿੱਚ ਲੈਣਾ ਚਾਹੁੰਦੇ ਸਨ। ਦੱਸਿਆ ਜਾ ਰਿਹਾ ਹੈ ਕਿ ਅੱਜ ਇਹ ਪੱਖ ਸਰਪੰਚ ਅਮਨਦੀਪ ਸਿੰਘ ਦੀ ਅਗਵਾਈ ਵਿੱਚ ਵੱਡੀ ਗਿਣਤੀ ਵਿੱਚ ਗੁਰਦੁਆਰਾ ਸਾਹਿਬ ਪਹੁੰਚ ਗਿਆ।

ਮੌਕੇ 'ਤੇ ਪਹੁੰਚਣ ਤੋਂ ਬਾਅਦ ਗੁਰਦੁਆਰਾ ਸਾਹਿਬ ਵਿੱਚ ਲੱਗੇ ਕੈਮਰੇ ਉਤਾਰ ਦਿੱਤੇ ਗਏ, ਜਿਸ ਤੋਂ ਬਾਅਦ ਦੋਵਾਂ ਪੱਖਾਂ ਵਿੱਚ ਤਣਾਅ ਵਧ ਗਿਆ। ਦੋਵਾਂ ਪੱਖਾਂ ਵਿੱਚ ਬਹਿਸ ਤੋਂ ਬਾਅਦ ਮਾਮਲਾ ਹੱਥੋਪਾਈ ਅਤੇ ਫਿਰ ਫਾਇਰਿੰਗ ਤੱਕ ਪਹੁੰਚ ਗਿਆ। ਦੱਸਿਆ ਜਾ ਰਿਹਾ ਹੈ ਕਿ ਇਸ ਦੌਰਾਨ ਸਾਬਕਾ ਸਰਪੰਚ ਸੁਖਦੇਵ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ 'ਤੇ ਗੋਲੀਆਂ ਚਲਾਈਆਂ ਗਈਆਂ। ਟਕਰਾਅ ਦੌਰਾਨ ਤਿੰਨ ਗੱਡੀਆਂ ਦੀ ਵੀ ਭੰਨਤੋੜ ਕੀਤੀ ਗਈ ਹੈ।

ਦੂਜੇ ਪਾਸੇ, ਮੌਕੇ 'ਤੇ ਪਹੁੰਚੇ ਥਾਣਾ ਕੋਟਭਾਈ ਦੇ ਐੱਸ.ਐੱਚ.ਓ. () ਦੀਪਕ ਕੰਬੋਜ ਨੇ ਹਾਲਾਤ ਦਾ ਜਾਇਜ਼ਾ ਲਿਆ। ਉਨ੍ਹਾਂ ਦੱਸਿਆ ਕਿ ਗੁਰਦੁਆਰਾ ਸਾਹਿਬ ਦੀ ਗੋਲਕ ਖੋਲ੍ਹਣ ਨੂੰ ਲੈ ਕੇ ਦੋਵਾਂ ਪੱਖਾਂ ਵਿੱਚ ਵਿਵਾਦ ਹੋ ਗਿਆ ਹੈ।

ਇੱਕ ਪੱਖ ਦੀ ਅਗਵਾਈ ਮਹਿੰਦਰ ਸਿੰਘ ਕਰ ਰਹੇ ਹਨ ਜਦਕਿ ਦੂਜੇ ਪੱਖ ਦੀ ਅਗਵਾਈ ਸਰਪੰਚ ਅਮਨਦੀਪ ਸਿੰਘ ਕਰ ਰਹੇ ਹਨ। ਐੱਸ.ਐੱਚ.ਓ. ਨੇ ਦੱਸਿਆ ਕਿ ਫਾਇਰਿੰਗ ਦੌਰਾਨ ਦੋ ਵਿਅਕਤੀ ਜਖਮੀ ਹੋਏ ਹਨ, ਜਿਨ੍ਹਾਂ ਦਾ ਇਲਾਜ ਹਸਪਤਾਲ ਵਿੱਚ ਚੱਲ ਰਿਹਾ ਹੈ। ਪੁਲਿਸ ਵੱਲੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ ਅਤੇ ਹਾਲਾਤ 'ਤੇ ਨਜ਼ਰ ਰੱਖੀ ਹੋਈ ਹੈ।

# ਇਰਾਨ ਵੱਲੋਂ ਇਜ਼ਰਾਈਲ ਤੇ ਅਮਰੀਕੀ ਟਿਕਾਣਿਆਂ 'ਤੇ ਹਮਲੇ

ਇਰਾਨ ਨੇ ਵੀਰਵਾਰ ਨੂੰ ਇਜ਼ਰਾਈਲ ਤੇ ਅਮਰੀਕੀ ਟਿਕਾਣਿਆਂ ਅਤੇ ਖਿੱਤੇ ਦੇ ਆਲੇ-ਦੁਆਲੇ ਮੁਲਕਾਂ 'ਤੇ ਨਵੇਂ ਸਿਰਿਓਂ ਹਮਲੇ ਕੀਤੇ ਹਨ। ਤਹਿਰਾਨ ਨੇ ਚਿਤਾਵਨੀ ਦਿੱਤੀ ਕਿ ਅਮਰੀਕਾ ਨੂੰ ਹਿੰਦ ਮਹਾਸਾਗਰ 'ਚ ਇਰਾਨੀ ਜੰਗੀ ਬੇੜੇ ਨੂੰ ਤਾਰਪੀਡੋ ਕਰਨ ਦਾ 'ਵੱਡਾ ਅਫਸੋਸ' ਹੋਵੇਗਾ। ਜੰਗ ਕਰ ਕੇ ਇਰਾਨ ਵਿੱਚ ਮਰਨ ਵਾਲਿਆਂ ਦੀ ਗਿਣਤੀ 1230 ਹੋ ਗਈ ਹੈ ਜਦੋਂਕਿ ਲਿਬਨਾਨ ਵਿੱਚ 70 ਤੇ ਦਰਜਨ ਦੇ ਕਰੀਬ ਲੋਕ ਇਜ਼ਰਾਈਲ ਵਿੱਚ ਮਾਰੇ ਗਏ ਹਨ। ਅਮਰੀਕਾ ਨੇ ਵੀ ਜੰਗ 'ਚ ਛੇ ਫੌਜੀਆਂ ਦੇ ਹਲਾਕ ਹੋਣ ਦਾ ਦਾਅਵਾ ਕੀਤਾ ਹੈ। ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਕਿਹਾ ਕਿ ਉਨ੍ਹਾਂ ਨੂੰ ਇਰਾਨ ਦਾ ਅਗਲਾ ਸੁਪਰੀਮ ਆਗੂ ਚੁਣਨ ਦੇ ਅਮਲ 'ਚ ਸ਼ਾਮਲ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਮਰਹੂਮ ਆਇਤੁੱਲਾ ਅਲੀ ਖਮੇਨੇਈ ਦੇ ਜਾਨਸ਼ੀਨ ਵਜੋਂ ਉਸ ਦੇ ਪੁੱਤਰ ਮੁਜਤਬਾ ਖਮੇਨੇਈ ਦਾ ਨਾਮ ਸਵੀਕਾਰ ਨਹੀਂ ਹੈ।

ਇਜ਼ਰਾਈਲ ਤੇ ਅਮਰੀਕਾ ਨੇ ਅੱਜ ਛੇਵੇਂ ਦਿਨ ਤਹਿਰਾਨ 'ਤੇ ਹਵਾਈ ਹਮਲੇ ਜਾਰੀ ਰੱਖੇ। ਜੰਗ ਦਾ ਘੇਰਾ ਲਗਾਤਾਰ ਵਧ ਰਿਹਾ ਹੈ। ਮੱਧ ਪੂਰਬ ਤੇ ਇਸ ਤੋਂ ਬਾਹਰ 14 ਹੋਰ ਮੁਲਕ ਇਸ ਦੀ ਮਾਰ ਹੇਠ ਹਨ। ਆਜ਼ਰਬਾਇਜਾਨ ਨੇ ਵੀਰਵਾਰ ਨੂੰ ਇਰਾਨ 'ਤੇ ਡਰੋਨਾਂ ਨਾਲ ਹਮਲਾ ਕਰਨ ਦਾ ਦੋਸ਼ ਲਾਇਆ। ਰਾਸ਼ਟਰਪਤੀ ਇਲਹਾਮ ਅਲੀਯੇਵ ਨੇ ਕਿਹਾ ਕਿ ਇਕ ਡਰੋਨ ਨਾਖਚਿਵਾਨ ਵਿੱਚ ਹਵਾਈ ਅੱਡੇ ਨੇੜੇ ਡਿੱਗਿਆ। ਦੂਜਾ ਸਕੂਲ ਨੇੜੇ ਡਿੱਗਾ ਤੇ ਦੋ ਸਿਵਲੀਅਨ ਜ਼ਖ਼ਮੀ ਹੋ ਗਏ। ਤਹਿਰਾਨ ਨੇ ਹਾਲਾਂਕਿ ਦੋਸ਼ਾਂ ਤੋਂ ਇਨਕਾਰ ਕੀਤਾ ਹੈ। ਉਧਰ ਅਮਰੀਕਾ ਨੇ ਇਕ ਦਿਨ ਪਹਿਲਾਂ ਸ੍ਰੀਲੰਕਾ ਦੇ ਪਾਣੀਆਂ ਵਿੱਚ ਇਰਾਨੀ ਜੰਗੀ ਬੇੜਾ ਡੋਬਣ ਦਾ ਦਾਅਵਾ ਕੀਤਾ ਹੈ। ਦੂਜੇ ਪਾਸੇ ਕੁਵੈਤ ਵਿੱਚ ਵੀਰਵਾਰ ਤੜਕੇ ਟੈਂਕਰ ਹਮਲੇ ਦੀ ਜੱਦ ਵਿਚ ਆ ਗਿਆ।



ਇਸ ਦੌਰਾਨ ਅਮਰੀਕਾ ਅਤੇ ਇਜ਼ਰਾਈਲ ਨੇ ਇਰਾਨ 'ਤੇ ਹਮਲੇ ਜਾਰੀ ਰੱਖੇ ਤੇ ਉਨ੍ਹਾਂ ਦੀ ਫੌਜੀ ਲੀਡਰਸ਼ਿਪ ਤੇ ਪਰਮਾਣੂ ਪ੍ਰੋਗਰਾਮ ਨੂੰ ਨਿਸ਼ਾਨਾ ਬਣਾਇਆ। ਇਰਾਨ ਨੇ ਜਵਾਬੀ ਕਾਰਵਾਈ ਵਿੱਚ ਅਰਬ ਮੁਲਕਾਂ ਨੂੰ ਨਿਸ਼ਾਨਾ ਬਣਾਇਆ। ਇਜ਼ਰਾਈਲ ਦੇ ਤਲ ਅਵੀਵ ਅਤੇ ਯੇਰੂਸ਼ਲਮ ਵਿੱਚ ਮਿਜ਼ਾਈਲ ਹਮਲਿਆਂ ਨੂੰ ਲੈ ਕੇ ਹਵਾਈ ਸਾਇਰਨ ਸੁਣੇ ਗਏ। ਆਬੂ ਧਾਬੀ ਵਿੱਚ ਅਮਰੀਕੀ ਸੁਰੱਖਿਆ ਬਲਾਂ ਦੀ ਮੌਜੂਦਗੀ ਵਾਲੇ ਅਲ ਦਾਫਰਾ ਏਅਰ ਬੇਸ ਨੇੜੇ ਡਰੋਨ ਫੁੰਡਿਆ ਗਿਆ। ਕਤਰ ਨੇ ਦੋਹਾ ਵਿੱਚ ਅਮਰੀਕੀ ਦੂਤਾਵਾਸ ਨੇੜਿਓਂ ਥਾਂ ਖਾਲੀ ਕਰਵਾ ਲਈ। ਸਾਊਦੀ ਅਰਬ ਨੇ ਜੌਰਡਨ ਨਾਲ ਲੱਗਦੇ ਸਰਹੱਦੀ ਸੂਬੇ 'ਚ ਡਰੋਨ ਫੁੰਡਣ ਦਾ ਦਾਅਵਾ ਕੀਤਾ। ਇਰਾਨ ਦੇ ਵਿਦੇਸ਼ ਮੰਤਰੀ ਅੱਬਾਸ ਅਰਾਗਚੀ ਨੇ ਅਮਰੀਕੀ ਜਲਸੈਨਾ 'ਤੇ ਹਫਤੇ ਦੇ ਸ਼ੁਰੂ ਵਿੱਚ ਹਿੰਦ ਮਹਾਸਾਗਰ ਵਿੱਚ ਇਰਾਨੀ ਜੰਗੀ ਬੇੜੇ ਆਈ ਆਰ ਆਈ ਐੱਸ ਦੇਨਾ ਨੂੰ ਡੋਬਣ ਦਾ ਦੋਸ਼ ਲਗਾਇਆ। ਅਰਾਗਚੀ ਨੇ ਦਾਅਵਾ ਕੀਤਾ ਕਿ ਅਮਰੀਕਾ ਦੀ ਇਸ ਕਾਰਵਾਈ ਵਿੱਚ ਘੱਟੋ-ਘੱਟ 87 ਲੋਕ ਮਾਰੇ ਗਏ ਸਨ। ਇਸ ਦੌਰਾਨ ਇਰਾਨੀ ਮੌਲਵੀ ਆਇਤੁੱਲਾ ਅਬਦੁੱਲਾ ਜਾਵਦੀ ਅਮੋਲੀ ਨੇ ਸਰਕਾਰੀ ਟੈਲੀਵਿਜ਼ਨ 'ਤੇ ਇਜ਼ਰਾਈਲ ਤੇ ਅਮਰੀਕਾ, ਦੋਵਾਂ ਦਾ ਖ਼ੂਨ ਵਹਾਉਣ ਦਾ ਸੱਦਾ ਦਿੱਤਾ ਹੈ। ਇਜ਼ਰਾਈਲ ਨੇ ਇਰਾਨ ਦੀ ਹਮਾਇਤ ਵਾਲੇ ਦਹਿਸ਼ਤੀ ਸਮੂਹ ਹਿਜ਼ਬੁੱਲਾ ਨੂੰ ਨਿਸ਼ਾਨਾ ਬਣਾਉਣ ਲਈ ਲਿਬਨਾਨ 'ਤੇ ਹਮਲੇ ਤੇਜ਼ ਕਰਨ ਦੀ ਤਿਆਰੀ ਖਿੱਚ ਲਈ ਹੈ। ਇਰਾਨ ਨੇ ਲੰਮੀ ਦੂਰੀ ਦੀਆਂ ਬੈਲਿਸਟਿਕ ਮਿਜ਼ਾਈਲਾਂ ਨਾਲ ਇਜਰਾਈਲ ਨੂੰ ਨਿਸ਼ਾਨਾ ਬਣਾਇਆ। ਇਜਰਾਈਲ ਨੇ ਬੈਰੂਤ ਦੇ ਦੱਖਣੀ ਨੀਮ ਸ਼ਹਿਰੀ ਇਲਾਕੇ ਨੂੰ ਖਾਲੀ ਕਰਵਾ ਲਿਆ ਹੈ। ਇਜ਼ਰਾਇਲੀ ਫੌਜ ਨੇ ਪਿਛਲੇ 24 ਘੰਟਿਆਂ ਵਿੱਚ ਬੈਰੂਤ 'ਚ ਹਿਜ਼ਬੁੱਲਾ ਵੱਲੋਂ ਵਰਤੇ ਜਾਂਦੇ 'ਕਈ ਕਮਾਂਡ ਸੈਂਟਰਾਂ' ਉੱਤੇ ਹਮਲੇ ਕੀਤੇ ਹਨ।

ਫੌਜੀ ਟਕਰਾਅ ਮਸਲੇ ਦਾ ਹੱਲ ਨਹੀਂ: ਮੋਦੀ

ਨਵੀਂ ਦਿੱਲੀ: ਪੱਛਮੀ ਏਸ਼ੀਆ ਵਿੱਚ ਵਿਆਪਕ ਖੇਤਰੀ ਜੰਗ ਦੇ ਖਤਰੇ ਦਰਮਿਆਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅੱਜ ਖਿੱਤੇ ਵਿੱਚ ਵਧਦੇ ਸੰਘਰਸ ਨੂੰ ਤੁਰੰਤ ਖਤਮ ਕਰਨ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਕਿਸੇ ਵੀ ਮੁੱਦੇ ਨੂੰ ਫੌਜੀ ਟਕਰਾਅ ਰਾਹੀਂ ਹੱਲ ਨਹੀਂ ਕੀਤਾ ਜਾ ਸਕਦਾ। ਪ੍ਰਧਾਨ ਮੰਤਰੀ ਮੋਦੀ ਨੇ ਇਹ ਟਿੱਪਣੀਆਂ ਫਿਨਲੈਂਡ ਦੇ ਰਾਸਟਰਪਤੀ ਅਲੈਗਜੈਂਡਰ ਸਟੱਬ ਨਾਲ ਵਿਆਪਕ ਗੱਲਬਾਤ ਤੋਂ ਬਾਅਦ ਕੀਤੀਆਂ। ਰਾਸਟਰਪਤੀ ਸਟੱਬ ਨੇ ਸੰਯੁਕਤ ਰਾਸਟਰ ਸਲਾਮਤੀ ਕੌਂਸਲ ਵਿੱਚ ਭਾਰਤ ਦੀ ਸਥਾਈ ਸੀਟ ਦੀ ਦਾਅਵੇਦਾਰੀ ਦਾ ਪੁਰਜ਼ੋਰ ਸਮਰਥਨ ਕੀਤਾ। ਉਨ੍ਹਾਂ ਕਿਹਾ ਕਿ ਮੌਜੂਦਾ ਭੂ-ਸਿਆਸੀ ਹਕੀਕਤਾਂ ਨੂੰ ਦਰਸਾਉਣ ਲਈ ਵਿਸਵ ਪੱਧਰੀ ਸੁਧਾਰ ਬਹੁਤ ਜਰੂਰੀ ਹਨ।

# ਭਾਰਤ ਵੱਲੋਂ ਅਮਰੀਕਾ ਦੀ ਮਦਦ ਕਰਨ ਦੇ ਦਾਅਵੇ 'ਬੇਤੁਕਾ' ਅਤੇ 'ਆਧਾਰਹੀਣ': ਸਰਕਾਰੀ ਸੂਤਰ

ਭਾਰਤੀ ਜਲ ਸੈਨਾ ਦੇ ਇੱਕ ਉੱਚ ਅਧਿਕਾਰੀ ਨੇ ਸੁੱਕਰਵਾਰ ਨੂੰ ਉਨ੍ਹਾਂ ਦਾਅਵਿਆਂ ਨੂੰ ਸਪੱਸਟ ਤੌਰ 'ਤੇ ਖਾਰਜ ਕਰ ਦਿੱਤਾ ਕਿ ਭਾਰਤ ਨੇ ਅਮਰੀਕੀ ਜਲ ਸੈਨਾ ਨੂੰ ਈਰਾਨੀ ਜੰਗੀ ਜਹਾਜ, ਜੋ ਕਿ 4 ਮਾਰਚ ਨੂੰ ਸ੍ਰੀਲੰਕਾ ਦੇ ਤੱਟ ਨੇੜੇ ਹਮਲੇ ਦਾ ਸਿਕਾਰ ਹੋਇਆ ਸੀ, ਬਾਰੇ ਖੁਫੀਆ ਜਾਣਕਾਰੀ ਜਾਂ ਉਸਦੀ ਸਥਿਤੀ ਦੱਸਣ ਵਿੱਚ ਮਦਦ ਕੀਤੀ ਸੀ।

ਉੱਚ ਅਧਿਕਾਰੀ ਨੇ ਕਿਹਾ ਕਿ ਇਹ ਦਾਅਵੇ 'ਬੇਤੁਕੇ' ਅਤੇ 'ਆਧਾਰਹੀਣ' ਹਨ ਅਤੇ ਇਨ੍ਹਾਂ ਨੂੰ ਸਿਰੇ ਤੋਂ ਨਕਾਰਨ ਦੀ ਲੋੜ ਹੈ। ਸੂਤਰਾਂ ਅਨੁਸਾਰ ਅਧਿਕਾਰੀ ਨੇ ਇਹ ਵੀ ਕਿਹਾ ਕਿ ਈਰਾਨੀ ਜੰਗੀ ਜਹਾਜ ਨੂੰ ਨਿਸਾਨਾ ਬਣਾਉਣ ਦੇ ਸਬੰਧ ਵਿੱਚ ਅਮਰੀਕੀ ਅਧਿਕਾਰੀਆਂ, ਅਮਰੀਕੀ ਫੌਜ ਜਾਂ ਅਮਰੀਕੀ ਜਲ ਸੈਨਾ ਨੂੰ ਅਜਿਹੀ ਕੋਈ ਮਦਦ ਨਹੀਂ ਦਿੱਤੀ ਗਈ ਸੀ।

ਜਿਕਰਯੋਗ ਹੈ ਕਿ ਇੱਕ ਅਮਰੀਕੀ ਪਣਡੁੱਬੀ ਨੇ 4 ਮਾਰਚ ਨੂੰ ਇਸ ਜਹਾਜ 'ਤੇ ਹਮਲਾ ਕੀਤਾ ਸੀ।



ਜਲ ਸੈਨਾ ਅਧਿਕਾਰੀ ਨੇ ਕਿਹਾ ਕਿ ਲੌਜਿਸਟਿਕਸ ਅਤੇ ਸੰਚਾਰ ਸਮਝੌਤੇ ਆਪਣੇ ਆਪ ਲਾਗੂ ਨਹੀਂ ਹੁੰਦੇ ਅਤੇ ਇਨ੍ਹਾਂ ਨੂੰ ਵਰਤੋਂ ਵਿੱਚ ਨਹੀਂ ਲਿਆਂਦਾ ਗਿਆ ਸੀ। ਵੱਖਰੇ ਤੌਰ 'ਤੇ ਉੱਚ ਸੂਤਰਾਂ ਨੇ ਟ੍ਰਿਬਿਊਨ ਨੂੰ ਦੱਸਿਆ ਕਿ ਪਿਛਲੇ ਕੁਝ ਦਿਨਾਂ ਦੌਰਾਨ ਭਾਰਤ ਅਤੇ ਅਮਰੀਕਾ ਵਿਚਕਾਰ ਹਸਤਾਖਰ ਕੀਤੇ ਰੱਖਿਆ ਸਮਝੌਤਿਆਂ 'ਤੇ ਹੋ ਰਹੀ 'ਕਿਆਸਅਰਾਈਆਂ ਵਾਲੀ ਟਿੱਪਣੀ' ਨੂੰ ਨੋਟ ਕੀਤਾ ਗਿਆ ਹੈ ਅਤੇ ਉਨ੍ਹਾਂ ਸਲਾਹ ਦਿੱਤੀ ਕਿ ਖਾਸ ਕਰਕੇ ਸੰਵੇਦਨਸੀਲ ਮਾਮਲਿਆਂ 'ਤੇ ਅਜਿਹੀ ਰਿਪੋਰਟਿੰਗ ਅਤੇ ਟਿੱਪਣੀ ਤੋਂ ਬਚਿਆ ਜਾਵੇ।

ਨਵੀਂ ਦਿੱਲੀ ਆਪਣੇ ਪੱਧਰ 'ਤੇ ਆਪਣੇ ਸਭਿਅਤਾਗਤ ਭਾਈਵਾਲ ਇਰਾਨ ਅਤੇ ਆਪਣੇ ਰਣਨੀਤਕ ਭਾਈਵਾਲਾਂ ਇਜਰਾਈਲ ਅਤੇ ਅਮਰੀਕਾ ਵਿਚਕਾਰ ਸੰਘਰਸ ਵਿੱਚ ਕਿਸੇ ਦਾ ਪੱਖ ਲੈਂਦੀ ਨਹੀਂ ਦਿਖਣਾ ਚਾਹੁੰਦੀ। ਸਾਲ 2016 ਵਿੱਚ, ਭਾਰਤ ਅਤੇ ਅਮਰੀਕਾ ਨੇ ਲੌਜਿਸਟਿਕਸ ਐਕਸਚੇਂਜ ਮੈਮੋਰੰਡਮ ਆਫ ਐਗਰੀਮੈਂਟ 'ਤੇ ਹਸਤਾਖਰ ਕੀਤੇ ਸਨ, ਜੋ ਸਿਰਫ ਅਭਿਆਸਾਂ ਅਤੇ ਪੋਰਟ ਕਾਲਾਂ ਵਰਗੀਆਂ ਸਹਿਮਤ ਗਤੀਵਿਧੀਆਂ ਲਈ ਭਾਰਤ ਅਤੇ ਅਮਰੀਕਾ ਵਿਚਕਾਰ ਆਪਸੀ ਲੌਜਿਸਟਿਕਲ ਸਹਾਇਤਾ (ਈਂਧਨ ਭਰਨਾ, ਸਪਲਾਈ ਅਤੇ ਮੁਰੰਮਤ) ਨੂੰ ਸਮਰੱਥ ਬਣਾਉਂਦਾ ਹੈ।

ਹਾਲਾਂਕਿ, ਇਸਦਾ ਮਤਲਬ ਇਹ ਨਹੀਂ ਹੈ ਕਿ ਕੁਝ ਵੀ ਆਪਣੇ ਆਪ ਹੁੰਦਾ ਹੈ ਅਤੇ ਇਹ ਰਣਨੀਤਕ ਖ਼ੁਦਮੁਖਤਿਆਰੀ ਨੂੰ ਬਰਕਰਾਰ ਰੱਖਦੇ ਹੋਏ ਹਰ ਮਾਮਲੇ ਲਈ ਆਪਸੀ ਸਹਿਮਤੀ ਦੀ ਮੰਗ ਕਰਦਾ ਹੈ; ਇਹ ਕੋਈ ਫੌਜੀ ਗੱਠਜੋੜ ਜਾਂ ਅਮਰੀਕਾ ਦੇ ਫੌਜੀ ਅਪਰੇਸਨਾਂ ਦੀ ਪਾਲਣਾ ਕਰਨ ਲਈ ਮਜਬੂਰ ਨਹੀਂ ਕਰਦਾ।

ਦੋਵਾਂ ਦੇਸਾਂ ਨੇ 2018 ਵਿੱਚ 'ਕੋਮਕਾਸਾ' ਸਮਝੌਤੇ 'ਤੇ ਵੀ ਹਸਤਾਖਰ ਕੀਤੇ ਸਨ, ਜੋ ਉੱਚ-ਪੱਧਰੀ ਸੰਚਾਰ ਉਪਕਰਣਾਂ ਦੇ ਤਬਾਦਲੇ ਦੀ ਸਹੂਲਤ ਦਿੰਦਾ ਹੈ, ਪਰ ਇਹ ਵੀ ਆਪਣੇ ਆਪ ਲਾਗੂ ਨਹੀਂ ਹੁੰਦਾ ਅਤੇ ਤਕਨਾਲੋਜੀ ਦੀ ਤੁਰੰਤ ਸਪਲਾਈ ਦੀ ਗਰੰਟੀ ਨਹੀਂ ਦਿੰਦਾ। ਸੂਤਰਾਂ ਅਨੁਸਾਰ, ਭਾਰਤ ਅਤੇ ਅਮਰੀਕਾ ਵਿਚਕਾਰ ਹੋਏ ਸਮਝੌਤੇ ਆਪਣੇ ਆਪ ਕੰਮ ਨਹੀਂ ਕਰਦੇ ਅਤੇ ਕਿਸੇ ਵੀ ਬੇਨਤੀ ਨੂੰ ਕੇਸ-ਦਰ-ਕੇਸ ਦੇ ਅਧਾਰ 'ਤੇ ਸੰਭਾਲਿਆ ਜਾਂਦਾ ਹੈ।

# ਕਿਸੇ ਨੂੰ ਦੂਜੇ ਮੁਲਕ 'ਤੇ ਕਬਜੇ ਦਾ ਕੋਈ ਹੱਕ ਨਹੀਂ: ਫਾਰੂਕ



ਜੰਮੂ ਕਸ਼ਮੀਰ ਦੇ ਸਾਬਕਾ ਮੁੱਖ ਮੰਤਰੀ ਅਤੇ ਨੈਸ਼ਨਲ ਕਾਨਫਰੰਸ ਦੇ ਪ੍ਰਧਾਨ ਫਾਰੂਕ ਅਬਦੁੱਲਾ ਨੇ ਇਰਾਨ ਉਤੇ ਅਮਰੀਕਾ ਅਤੇ ਇਜਰਾਈਲ ਵੱਲੋਂ ਕੀਤੇ ਗਏ ਹਮਲਿਆਂ ਦੀ ਨਿਖੇਧੀ ਕਰਦਿਆਂ ਕਿਹਾ ਕਿ ਕਿਸੇ ਨੂੰ ਦੂਜੇ ਮੁਲਕ 'ਤੇ ਕਬਜਾ ਕਰਨ ਦਾ ਕੋਈ ਹੱਕ ਨਹੀਂ ਹੈ। ਉਧਰ ਮੁੱਖ ਮੰਤਰੀ ਉਮਰ ਅਬਦੁੱਲਾ ਨੇ ਇਰਾਨੀ ਜੰਗੀ ਬੇੜੇ ਨੂੰ ਸ੍ਰੀਲੰਕਾ ਦੇ ਪਾਣੀਆਂ 'ਚ ਡੁਬੋਣ 'ਤੇ ਚਿੰਤਾ ਜਤਾਈ। ਉਨ੍ਹਾਂ ਕਿਹਾ ਕਿ ਇਰਾਨੀ ਬੇੜਾ ਅਤੇ ਉਸ ਦਾ ਅਮਲਾ ਮਸ਼ਕਾਂ ਲਈ ਭਾਰਤ ਦੇ ਮਹਿਮਾਨ ਸਨ। ਮੁੱਖ ਮੰਤਰੀ ਨੇ ਕਿਹਾ ਕਿ ਕੁਝ ਅਨਸਰ ਜੰਮੂ ਕਸ਼ਮੀਰ ਦਾ ਮਾਹੌਲ ਵਿਗਾੜਨ ਦੀ ਕੋਸ਼ਿਸ਼ ਕਰ ਰਹੇ ਹਨ ਪਰ ਉਨ੍ਹਾਂ ਨੂੰ ਹਾਲਾਤ ਦਾ ਲਾਹਾ ਲੈਣ ਦੀ ਇਜਾਜਤ ਨਹੀਂ ਦਿੱਤੀ ਜਾਵੇਗੀ। ਇਸ ਦੌਰਾਨ ਕਸ਼ਮੀਰ 'ਚ ਪਾਬੰਦੀਆਂ ਕਾਰਨ ਲਗਾਤਾਰ ਪੰਜਵੇਂ ਦਿਨ ਆਮ ਜਨ-ਜੀਵਨ ਪ੍ਰਭਾਵਿਤ ਹੋਇਆ। ਫਾਰੂਕ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਅਮਰੀਕਾ ਨੇ ਆਜਾਦ ਮੁਲਕ ਇਰਾਨ 'ਤੇ ਹਮਲਾ ਕਰਕੇ ਗਲਤ ਕੀਤਾ ਹੈ। ਉਨ੍ਹਾਂ ਕਿਹਾ ਕਿ ਮੌਜੂਦਾ ਜੰਗ ਦਾ ਅਸਰ ਆਉਂਦੇ ਦਿਨਾਂ 'ਚ ਪੂਰੀ ਦੁਨੀਆ 'ਚ ਦੇਖਣ ਨੂੰ ਮਿਲੇਗਾ। ਉਨ੍ਹਾਂ ਕਿਹਾ ਕਿ ਹਾਲਾਤ ਵਿਗੜ ਸਕਦੇ ਹਨ ਅਤੇ ਤੀਜੀ ਸੰਸਾਰ ਜੰਗ ਵੀ ਸ਼ੁਰੂ ਹੋ ਸਕਦੀ ਹੈ। ਉਨ੍ਹਾਂ ਮੁਸਲਮਾਨਾਂ ਨੂੰ ਕਿਹਾ ਕਿ ਉਹ ਸ਼ਾਂਤਮਈ ਢੰਗ ਨਾਲ ਪ੍ਰਦਰਸ਼ਨ ਕਰਨ। ਗੌਰਤਲਬ ਹੈ ਕਿ ਇਰਾਨੀ ਸੁਪਰੀਮ ਆਗੂ ਆਇਤੁੱਲਾ ਅਲੀ ਖਮੇਨੇਈ ਦੀ ਹੱਤਿਆ ਮਗਰੋਂ ਕਸ਼ਮੀਰ 'ਚ ਜੋਰਦਾਰ ਪ੍ਰਦਰਸ਼ਨ ਹੋਏ ਹਨ।

# 'ਆਪ' ਸਰਕਾਰ ਦਾ ਆਖਰੀ ਬਜਟ ਇਜਲਾਸ ਅੱਜ ਤੋਂ



ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠਲੀ 'ਆਪ' ਸਰਕਾਰ ਦੇ ਕਾਰਜਕਾਲ ਦਾ ਆਖਰੀ ਤੇ ਪੰਜਵਾਂ ਬਜਟ ਇਜਲਾਸ ਸ਼ੁੱਕਰਵਾਰ ਨੂੰ ਰਾਜਪਾਲ ਗੁਲਾਬ ਚੰਦ ਕਟਾਰੀਆ ਦੇ ਭਾਸ਼ਣ ਨਾਲ ਸ਼ੁਰੂ ਹੋਵੇਗਾ। ਐਤਕੀਂ ਬਜਟ ਇਜਲਾਸ ਹੰਗਾਮਾਖੇਜ਼ ਰਹਿਣ ਦੀ ਸੰਭਾਵਨਾ ਹੈ ਕਿਉਂਕਿ ਸੂਬਾ ਹੁਣ ਵਿਧਾਨ ਸਭਾ ਚੋਣਾਂ ਵੱਲ ਵਧ ਰਿਹਾ ਹੈ। ਬਜਟ ਸੈਸ਼ਨ 16 ਮਾਰਚ ਤੱਕ ਚੱਲੇਗਾ। ਆਮ ਆਦਮੀ ਪਾਰਟੀ ਵਿਧਾਨ ਸਭਾ ਸੈਸ਼ਨ ਦੌਰਾਨ ਬੀਤੇ ਚਾਰ ਵਰ੍ਹਿਆਂ 'ਚ ਸਰਕਾਰ ਵੱਲੋਂ ਕੀਤੇ ਗਏ ਲੋਕ ਭਲਾਈ ਦੇ ਕੰਮਾਂ ਦਾ ਗੁਣਗਾਨ ਕਰੇਗੀ ਜਦੋਂ ਕਿ ਵਿਰੋਧੀ ਧਿਰ ਸੂਬੇ ਦੀ ਕਾਨੂੰਨ ਵਿਵਸਥਾ ਅਤੇ ਵਿਗੜ ਰਹੀ ਵਿੱਤੀ ਸਥਿਤੀ 'ਤੇ ਸਰਕਾਰ ਨੂੰ ਘੇਰੇਗੀ।

ਵਿੱਤ ਮੰਤਰੀ ਹਰਪਾਲ ਸਿੰਘ ਚੀਮਾ 8 ਮਾਰਚ ਨੂੰ ਵਿੱਤੀ ਸਾਲ 2025-26 ਦਾ ਬਜਟ ਪੇਸ਼ ਕਰਨਗੇ। ਐਤਕੀਂ ਬਜਟ 'ਚ ਕੋਈ ਨਵਾਂ ਟੈਕਸ ਲੱਗਣ ਦੀ ਸੰਭਾਵਨਾ ਘੱਟ ਹੈ। ਕੇਂਦਰੀ ਤਰਜ਼ 'ਤੇ ਪਹਿਲੀ ਵਾਰ ਬਜਟ ਪ੍ਰਸਤਾਵ ਐਤਵਾਰ ਵਾਲੇ ਦਿਨ ਪੇਸ਼ ਕੀਤੇ ਜਾਣਗੇ। ਸ਼ਾਇਦ ਇਹ ਪਹਿਲਾ ਮੌਕਾ ਹੋਵੇਗਾ ਜਦੋਂ ਬਜਟ ਕੌਮਾਂਤਰੀ ਮਹਿਲਾ ਦਿਵਸ ਮੌਕੇ ਪੇਸ਼ ਕੀਤਾ ਜਾ ਰਿਹਾ ਹੈ। ਬਜਟ ਇਜਲਾਸ 'ਚ ਆਗਾਮੀ ਵਿਧਾਨ ਸਭਾ ਚੋਣਾਂ ਦਾ ਪਰਛਾਵਾਂ ਸਪੱਸ਼ਟ ਨਜ਼ਰ ਆਵੇਗਾ।

ਵਿਰੋਧੀ ਧਿਰ ਵੀ ਮੁੱਦਿਆਂ 'ਤੇ ਸਰਕਾਰ ਨੂੰ ਘੇਰਨ ਲਈ ਵਾਹ ਲਾਏਗੀ।

ਸਰਕਾਰ ਆਪਣੇ ਆਖਰੀ ਬਜਟ 'ਚ 18 ਸਾਲ ਤੋਂ ਉਪਰ ਦੀਆਂ ਔਰਤਾਂ ਨੂੰ ਇੱਕ ਹਜ਼ਾਰ ਰੁਪਏ ਪ੍ਰਤੀ ਮਹੀਨਾ ਦੇਣ ਦਾ ਵਾਅਦਾ ਪੂਰਾ ਕਰੇਗੀ ਤਾਂ ਜੋ ਆਗਾਮੀ ਚੋਣਾਂ ਦੇ ਮੱਦੇਨਜ਼ਰ ਔਰਤਾਂ ਨੂੰ ਲੁਭਾਇਆ ਜਾ ਸਕੇ। ਚੇਤੇ ਰਹੇ ਕਿ ਸੂਬੇ 'ਚ ਕਰੀਬ 48 ਫੀਸਦੀ ਔਰਤਾਂ ਹਨ। ਵਿਰੋਧੀ ਧਿਰ ਔਰਤਾਂ ਦੇ ਪਿਛਲੇ ਚਾਰ ਸਾਲ ਦੇ ਬਕਾਏ ਦੇਣ ਦਾ ਮੁੱਦਾ ਚੁੱਕ ਸਕਦੀ ਹੈ। ਪਹਿਲੇ ਚਾਰ ਬਜਟ ਸੈਸ਼ਨਾਂ ਮੌਕੇ 'ਆਪ' ਸਰਕਾਰ ਨੇ ਇਸ ਅਹਿਮ ਗਾਰੰਟੀ ਨੂੰ ਪੂਰਾ ਕਰਨ ਤੋਂ ਪਾਸਾ ਵੱਟੀ ਰੱਖਿਆ ਸੀ।

ਬਜਟ ਸੈਸ਼ਨ ਦੇ ਪਹਿਲੇ ਦਿਨ ਰਾਜਪਾਲ ਗੁਲਾਬ ਚੰਦ ਕਟਾਰੀਆ ਪੰਜਾਬ ਸਰਕਾਰ ਦੀਆਂ ਪ੍ਰਾਪਤੀਆਂ ਵੱਲ ਸੇਧਿਤ ਭਾਸ਼ਣ ਦੇਣਗੇ। ਹੁਕਮਰਾਨ ਧਿਰ ਸੈਸ਼ਨ ਦੌਰਾਨ ਪ੍ਰਮੁੱਖ ਪ੍ਰਾਪਤੀਆਂ 'ਤੇ ਚਰਚਾ ਕਰੇਗੀ ਜਿਨ੍ਹਾਂ 'ਚ ਮੁੱਖ ਮੰਤਰੀ ਸਿਹਤ ਯੋਜਨਾ, ਯੁੱਧ ਨਸ਼ਿਆਂ ਵਿਰੁੱਧ, ਖੇਡ ਪ੍ਰਾਜੈਕਟ ਆਦਿ ਸ਼ਾਮਲ ਹਨ।

ਗੁਰਦਾਸਪੁਰ ਜ਼ਿਲ੍ਹੇ 'ਚ ਪੁਲੀਸ ਮੁਕਾਬਲੇ ਦੌਰਾਨ ਮਾਰੇ ਗਏ 19 ਸਾਲ ਦੇ ਰਣਜੀਤ ਸਿੰਘ ਦਾ ਮਾਮਲਾ ਵੀ ਬਜਟ ਸੈਸ਼ਨ ਦੌਰਾਨ ਗੂੰਜ ਸਕਦਾ ਹੈ। ਕਾਂਗਰਸ ਪਾਰਟੀ ਵੱਲੋਂ ਭਲਕੇ ਕਾਂਗਰਸ ਭਵਨ ਤੋਂ ਸਰਕਾਰ ਖਿਲਾਫ ਪ੍ਰਦਰਸ਼ਨ ਵੀ ਕੀਤਾ ਜਾਵੇਗਾ।

ਕਾਨੂੰਨ ਵਿਵਸਥਾ ਦੇ ਮੁੱਦੇ 'ਤੇ ਸਰਕਾਰ ਨੂੰ ਘੇਰਾਂਗੇ: ਬਾਜਵਾ

ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨੇ ਕਿਹਾ ਕਿ ਕਾਂਗਰਸ ਸੂਬਾ ਸਰਕਾਰ ਨੂੰ ਵਿਗੜ ਰਹੀ ਕਾਨੂੰਨ ਵਿਵਸਥਾ ਦੇ ਮੁੱਦੇ 'ਤੇ ਘੇਰੇਗੀ। ਉਨ੍ਹਾਂ ਦੋਸ਼ ਲਾਇਆ ਕਿ ਗੈਂਗਸਟਰਾਂ ਦਾ ਸੂਬੇ 'ਚ ਰਾਜ ਹੈ ਅਤੇ ਰੋਜਾਨਾ ਹੱਤਿਆਵਾਂ ਹੋ ਰਹੀਆਂ ਹਨ ਅਤੇ ਲੁੱਟਾਂ-ਖੋਹਾਂ ਨਹੀਂ ਰੁਕ ਰਹੀਆਂ ਹਨ। 'ਆਪ' ਸਰਕਾਰ ਨੇ 2022 ਦੀਆਂ ਚੋਣਾਂ 'ਚ ਪੰਜਾਬ ਦੇ ਲੋਕਾਂ ਨਾਲ ਸੂਬੇ 'ਚ ਕਰਜ਼ੇ ਦਾ ਭਾਰ ਘਟਾਉਣ ਅਤੇ ਨਵਾਂ ਕਰਜ਼ਾ ਨਾ ਚੁੱਕਣ ਦਾ ਵਾਅਦਾ ਕੀਤਾ ਸੀ ਪਰ ਸਰਕਾਰ ਨੇ ਚਾਰ ਸਾਲ 'ਚ ਇੱਕ ਲੱਖ ਕਰੋੜ ਤੋਂ ਵੱਧ ਦਾ ਕਰਜ਼ਾ ਚੁੱਕਿਆ ਹੈ ਜਿਸ ਬਾਰੇ ਸੈਸ਼ਨ 'ਚ ਸਰਕਾਰ ਤੋਂ ਜੁਆਬ ਮੰਗਿਆ ਜਾਵੇਗਾ।

# ਕੈਨੇਡਾ ਦੇ ਪ੍ਰਧਾਨ ਮੰਤਰੀ ਵੱਲੋਂ ਆਸਟਰੇਲੀਆ ਨਾਲ ਸਬੰਧਾਂ ਦੀ ਮਜਬੂਤੀ 'ਤੇ ਜ਼ੋਰ



ਕੈਨੇਡਾ ਦੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਆਸਟਰੇਲੀਆ ਨਾਲ ਆਪਣੇ ਆਰਥਿਕ ਤੇ ਹੋਰ ਸਾਂਝਾਂ ਮਜਬੂਤ ਕੀਤੇ ਜਾਣ 'ਤੇ ਜ਼ੋਰ ਦਿੱਤਾ ਗਿਆ ਹੈ। ਪ੍ਰਧਾਨ ਮੰਤਰੀ ਨੇ ਕਿਹਾ ਕਿ ਕੈਨੇਡਾ ਅਤੇ ਆਸਟਰੇਲੀਆ ਦੋਸਤਾਂ ਤੋਂ ਵੱਧ ਹਨ। ਉਨ੍ਹਾਂ ਕਿਹਾ ਕਿ ਦੋਵੇਂ ਦੇਸ਼ ਸਾਂਝੇ ਇਤਿਹਾਸ, ਕਦਰਾਂ-ਕੀਮਤਾਂ ਅਤੇ ਸੱਭਿਆਚਾਰਾਂ ਵਿੱਚ ਇੱਕੋ ਜਿਹੇ ਹੋਣ ਕਰਕੇ ਪਰਿਵਾਰ ਵਾਂਗ ਹਨ। ਉਨ੍ਹਾਂ ਕਿਹਾ ਕਿ ਕੈਨੇਡਾ ਵਿਦੇਸਾਂ ਵਿੱਚ ਨਵੀਆਂ ਭਾਈਵਾਲੀਆਂ ਅਤੇ ਗੱਠਜੋੜ ਬਣਾ ਰਿਹਾ ਹੈ ਅਤੇ ਆਸਟਰੇਲੀਆਂ ਇਸ ਮਿਸਨ ਵਿੱਚ ਕੁਦਰਤੀ ਭਾਈਵਾਲ ਹੈ। ਉਨ੍ਹਾਂ ਭਰੋਸੇ ਨਾਲ ਕਿਹਾ ਕਿ ਇਨ੍ਹਾਂ ਯਤਨਾਂ ਨੂੰ ਤੇਜੀ ਨਾਲ ਅੱਗੇ ਵਧਾਉਣ ਲਈ ਅਸੀਂ ਊਰਜਾ, ਮਹੱਤਵਪੂਰਨ ਖਣਿਜਾਂ, ਨਿਵੇਸ, ਰੱਖਿਆ ਅਤੇ ਏਆਈ ਰਾਹੀਂ ਇੱਕਜੁੱਟ ਹੋਕੇ ਕੰਮ ਕਰਦਿਆਂ ਆਪਣੇ ਲੋਕਾਂ ਲਈ ਹੋਰ ਮੌਕੇ ਪੈਦਾ ਕਰਾਂਗੇ। ਉਨ੍ਹਾਂ ਕਿਹਾ ਕਿ ਕੈਨੇਡਾ ਸਰਕਾਰ ਇਸ ਮੁੱਦੇ 'ਤੇ ਜ਼ੋਰ ਦੇ ਕੇ ਚੱਲ ਰਹੀ ਹੈ ਕਿ ਤੇਜੀ ਨਾਲ ਬਦਲ ਰਹੇ ਆਲਮੀ ਹਾਲਾਤਾਂ ਵਿੱਚ ਅਸੀਂ ਕਿਸ ਗੱਲ ਨੂੰ ਆਪਣੇ ਕੰਟਰੋਲ ਹੇਠ ਰੱਖ ਸਕਦੇ ਹਾਂ।

ਇਸ ਦੌਰੇ ਦੌਰਾਨ ਇੱਕ ਅਹਿਮ ਕਦਮ ਚੁੱਕਦਿਆਂ ਪ੍ਰਧਾਨ ਮੰਤਰੀ ਕਾਰਨੀ ਨੇ ਕੈਨੇਡਿਆਈ ਪੈਨਸਨ ਫੰਡਾਂ ਅਤੇ ਆਸਟਰੇਲੀਆਈ ਸੇਵਾਮੁਕਤੀ ਫੰਡਾਂ ਵਿਚਕਾਰ ਨਿਵੇਸ ਸਹਿਯੋਗ ਵਧਾਉਣ ਲਈ ਇੱਕ ਸਮਝੌਤੇ ਪੱਤਰ 'ਤੇ ਹਸਤਾਖ਼ਰ ਕੀਤੇ ਹਨ। ਇਸ ਸਮਝੌਤੇ ਰਾਹੀਂ ਕੈਨੇਡਾ ਦਾ ਟੀਚਾ ਅਗਲੇ ਪੰਜ ਸਾਲਾਂ ਵਿੱਚ ਇੱਕ ਟ੍ਰਿਲੀਅਨ ਡਾਲਰ ਦਾ ਨਿਵੇਸ ਜੁਟਾਉਣਾ ਹੈ। ਕਾਰਨੀ ਨੇ ਸਿਡਨੀ ਵਿੱਚ ਉਨ੍ਹਾਂ ਕਾਰੋਬਾਰੀ ਆਗੂਆਂ ਨਾਲ ਵੀ ਮੁਲਾਕਾਤ ਕੀਤੀ ਜੋ ਲਗਭਗ 7 ਟ੍ਰਿਲੀਅਨ ਡਾਲਰ ਦੀ ਪੂੰਜੀ ਦਾ ਪ੍ਰਬੰਧਨ ਕਰਦੇ ਹਨ, ਜਿਸ ਨਾਲ ਆਉਣ ਵਾਲੇ ਸਮੇਂ ਵਿੱਚ ਦੋਵਾਂ ਦੇਸਾਂ ਵਿਚਾਲੇ ਵੱਡੇ ਪੱਧਰ 'ਤੇ ਆਰਥਿਕ ਸਥਿਰਤਾ ਅਤੇ ਖੁਸਹਾਲੀ ਆਉਣ ਦੀ ਉਮੀਦ ਹੈ।

## ਇਰਾਨ ਯੁੱਧ ਦੌਰਾਨ ਅਮਰੀਕਾ ਨੇ ਭਾਰਤ ਨੂੰ ਰੂਸ ਤੋਂ ਤੇਲ ਖਰੀਦਣ ਲਈ 30 ਦਿਨਾਂ ਦੀ ਦਿੱਤੀ ਛੋਟ



ਇਰਾਨ ਨਾਲ ਵਧਦੇ ਟਕਰਾਅ ਦੇ ਮੱਦੇਨਜਰ, ਅਮਰੀਕਾ ਨੇ ਭਾਰਤੀ ਰਿਫਾਇਨਰੀਆਂ ਨੂੰ ਰੂਸੀ ਤੇਲ ਖਰੀਦਣ ਲਈ 30 ਦਿਨਾਂ ਦੀ ਆਰਜੀ ਛੋਟ () ਦੇਣ ਦਾ ਐਲਾਨ ਕੀਤਾ ਹੈ। ਅਮਰੀਕੀ ਖਜਾਨਾ ਮੰਤਰੀ ਸਕੌਟ ਬੇਸੈਂਟ ਨੇ ਵੀਰਵਾਰ ਨੂੰ ਦੱਸਿਆ ਕਿ ਰਾਸਟਰਪਤੀ ਡੋਨਲਡ ਟਰੰਪ ਦੇ ਊਰਜਾ ਏਜੰਡੇ ਕਾਰਨ ਤੇਲ ਉਤਪਾਦਨ ਰਿਕਾਰਡ ਪੱਧਰ 'ਤੇ ਹੈ, ਪਰ ਗਲੋਬਲ ਮਾਰਕੀਟ ਵਿੱਚ ਤੇਲ ਦੀ ਸਪਲਾਈ ਨੂੰ ਨਿਰੰਤਰ ਜਾਰੀ ਰੱਖਣ ਲਈ ਇਹ ਕਦਮ ਚੁੱਕਿਆ ਗਿਆ ਹੈ।

ਬੇਸੈਂਟ ਨੇ ਸਪੱਸਟ ਕੀਤਾ ਕਿ ਇਹ ਇੱਕ ਸੋਚਿਆ-ਸਮਝਿਆ ਕਦਮ ਹੈ, ਜਿਸ ਨਾਲ ਰੂਸ ਨੂੰ ਕੋਈ ਵੱਡਾ ਵਿੱਤੀ ਫਾਇਦਾ ਨਹੀਂ ਹੋਵੇਗਾ ਕਿਉਂਕਿ ਇਹ ਸਿਰਫ ਉਸ ਤੇਲ ਦੇ ਲੈਣ-ਦੇਣ ਲਈ ਹੈ ਜੋ ਪਹਿਲਾਂ ਹੀ ਸਮੁੰਦਰੀ ਰਸਤੇ ਵਿੱਚ ਫਸਿਆ ਹੋਇਆ ਹੈ ਅਮਰੀਕੀ ਪ੍ਰਸਾਸਨ ਨੇ ਭਾਰਤ ਨੂੰ ਇੱਕ ਮਹੱਤਵਪੂਰਨ ਸਾਂਝੇਦਾਰ ਦੱਸਦਿਆਂ ਉਮੀਦ ਜਤਾਈ ਹੈ ਕਿ ਨਵੀਂ ਦਿੱਲੀ ਆਉਣ ਵਾਲੇ ਸਮੇਂ ਵਿੱਚ ਅਮਰੀਕੀ ਤੇਲ ਦੀ ਖਰੀਦ ਵਿੱਚ ਵਾਧਾ ਕਰੇਗੀ।

ਜਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਰੂਸ ਤੋਂ ਤੇਲ ਖਰੀਦਣ ਕਾਰਨ ਅਮਰੀਕਾ ਨੇ ਭਾਰਤ 'ਤੇ 25 ਫੀਸਦੀ ਟੈਰਿਫ ਲਗਾਇਆ ਸੀ, ਜਿਸ ਨੂੰ ਪਿਛਲੇ ਮਹੀਨੇ ਇੱਕ ਅੰਤਰਿਮ ਵਪਾਰਕ ਸਮਝੌਤੇ ਤੋਂ ਬਾਅਦ ਹਟਾ ਲਿਆ ਗਿਆ ਸੀ। ਇਸ ਛੋਟ ਦਾ ਮੁੱਖ ਮਕਸਦ ਇਰਾਨ ਵੱਲੋਂ ਵਿਸਵ ਊਰਜਾ ਸਪਲਾਈ ਵਿੱਚ ਪੈਦਾ ਕੀਤੇ ਜਾ ਰਹੇ ਦਬਾਅ ਨੂੰ ਘੱਟ ਕਰਨਾ ਹੈ, ਜਦੋਂਕਿ ਭਾਰਤ ਨੇ ਵੀ ਰੂਸ 'ਤੇ ਨਿਰਭਰਤਾ ਘਟਾ ਕੇ ਅਮਰੀਕੀ ਊਰਜਾ ਉਤਪਾਦਾਂ ਨੂੰ ਅਪਣਾਉਣ ਦੀ ਵਚਨਬੱਧਤਾ ਦਹੁਰਾਈ ਹੈ।

## ਤੀਜੀ ਵਿਸਵ ਜੰਗ ਦਾ ਦਸਤਕ ? ਇਜਰਾਈਲ ਤੇ ਅਮਰੀਕਾ ਨੇ ਈਰਾਨ 'ਤੇ ਵਿੱਢੀ ਵੱਡੀ ਮੁਹਿੰਮ, ਤਹਿਰਾਨ ਮਿਜਾਈਲਾਂ ਨਾਲ ਦਹਿਲਿਆ



ਇਜਰਾਈਲ ਅਤੇ ਈਰਾਨ ਵਿਚਾਲੇ ਚੱਲ ਰਹੀ ਜੰਗ ਨੇ ਉਸ ਸਮੇਂ ਭਿਆਨਕ ਮੋੜ ਲੈ ਲਿਆ, ਜਦੋਂ ਇਜਰਾਈਲੀ ਹਵਾਈ ਸੈਨਾ ਵੱਲੋਂ ਈਰਾਨ ਦੀ ਰਾਜਧਾਨੀ ਤਹਿਰਾਨ 'ਤੇ ਜਬਰਦਸਤ ਹਮਲੇ ਕੀਤੇ ਗਏ। ਇਜਰਾਈਲ ਵੱਲੋਂ ਅਧਿਕਾਰਤ ਤੌਰ 'ਤੇ ਐਲਾਨ ਕੀਤਾ ਗਿਆ ਹੈ ਕਿ ਇਹ ਜੰਗ ਹੁਣ ਇੱਕ 'ਨਵੇਂ ਪੜਾਅ' ਵਿੱਚ ਪ੍ਰਵੇਸ ਕਰ ਗਈ ਹੈ, ਜਿਸ ਵਿੱਚ ਉਸ ਨੂੰ ਅਮਰੀਕਾ ਦਾ ਵੀ ਸਾਥ ਮਿਲ ਰਿਹਾ ਹੈ।

ਦਰਅਸਲ, ਸੁੱਕਰਵਾਰ ਨੂੰ ਇਜਰਾਈਲ-ਅਮਰੀਕਾ ਵੱਲੋਂ ਤਹਿਰਾਨ ਭਰ ਵਿੱਚ ਕੀਤੇ ਗਏ ਭਾਰੀ ਹਮਲਿਆਂ ਤੋਂ ਬਾਅਦ ਇਜਰਾਈਲ ਨੇ ਐਲਾਨ ਕੀਤਾ ਹੈ ਕਿ ਉਸ ਨੇ ਈਰਾਨ ਦੇ ਖਿਲਾਫ ਅਮਰੀਕਾ ਨਾਲ ਮਿਲ ਕੇ ਸੁਰੂ ਕੀਤੀ ਜੰਗ ਦੇ "ਨਵੇਂ ਪੜਾਅ" ਵਿੱਚ ਕਦਮ ਰੱਖ ਲਿਆ ਹੈ।

ਅਜੇ ਹੋਰ ਹੈਰਾਨ ਕਰਨ ਵਾਲੀਆਂ ਘਟਨਾਵਾਂ ਹੋਣਗੀਆਂ...

ਲੈਫਟੀਨੈਂਟ ਜਨਰਲ ਇਯਾਲ ਜਮੀਰ ਨੇ ਇੱਕ ਟੈਲੀਵਿਜਨ ਬਿਆਨ ਵਿੱਚ ਕਿਹਾ, "ਅੱਗੇ ਹੋਰ ਵੀ ਹੈਰਾਨ ਕਰਨ ਵਾਲੀਆਂ ਘਟਨਾਵਾਂ ਵਾਪਰਨਗੀਆਂ, ਜਿਨ੍ਹਾਂ ਦਾ ਮੈਂ ਅਜੇ ਖੁਲਾਸਾ ਨਹੀਂ ਕਰਨਾ ਚਾਹੁੰਦਾ।"

ਅਮਰੀਕਾ ਨੇ ਵੀ ਕਸੀ ਕਮਰ

ਦੂਜੇ ਪਾਸੇ, ਈਰਾਨ 'ਤੇ ਕਾਰਵਾਈ ਨੂੰ ਲੈ ਕੇ ਅਮਰੀਕਾ ਵੀ ਪੂਰੀ ਤਰ੍ਹਾਂ ਤਿਆਰ ਹੈ। ਅਮਰੀਕੀ ਰੱਖਿਆ ਸਕੱਤਰ ਪੀਟ ਹੇਗਸੇਥ ਨੇ ਵੀ ਐਲਾਨ ਕੀਤਾ ਕਿ "ਈਰਾਨ ਅਤੇ ਤਹਿਰਾਨ 'ਤੇ ਫੌਜੀ ਸਕਤੀ ਵਿੱਚ ਭਾਰੀ ਵਾਧਾ ਹੋਣ ਵਾਲਾ ਹੈ।"

ਤਹਿਰਾਨ ਲੰਬੀ ਜੰਗ ਲਈ ਤਿਆਰ ਹੈ...

ਇਧਰ ਇਸਲਾਮਿਕ ਰਿਵੋਲਿਊਸਨਰੀ ਗਾਰਡ ਕੋਰ ਦੇ ਬੁਲਾਰੇ ਨੇ ਕਿਹਾ ਕਿ ਈਰਾਨ ਲੰਬੇ ਸਮੇਂ ਤੱਕ ਚੱਲਣ ਵਾਲੀ ਜੰਗ ਲਈ ਪੂਰੀ ਤਰ੍ਹਾਂ ਤਿਆਰ ਹੈ ਅਤੇ ਜਲਦੀ ਹੀ ਅਜਿਹੇ ਆਧੁਨਿਕ ਹਥਿਆਰ ਪੇਸ ਕਰੇਗਾ, ਜਿਨ੍ਹਾਂ ਦੀ ਵਰਤੋਂ ਅਜੇ ਤੱਕ ਇਸ ਸੰਘਰਸ ਵਿੱਚ ਨਹੀਂ ਹੋਈ ਹੈ।

ਇੱਕ ਬਿਆਨ ਵਿੱਚ, ਬ੍ਰਿਗੇਡੀਅਰ ਜਨਰਲ ਅਲੀ ਮੁਹੰਮਦ ਨੈਨੀ ਨੇ ਚੇਤਾਵਨੀ ਦਿੱਤੀ ਕਿ ਈਰਾਨ ਦੇ ਦੁਸਮਣਾਂ ਨੂੰ ਹਮਲਿਆਂ ਦੀ ਅਗਲੀ ਲਹਿਰ ਵਿੱਚ ਭਿਆਨਕ ਨਤੀਜਿਆਂ ਲਈ ਤਿਆਰ ਰਹਿਣਾ ਚਾਹੀਦਾ ਹੈ। ਈਰਾਨ ਦੀ ਨਵੀਂ ਪਹਿਲ ਅਤੇ ਹਥਿਆਰ ਬਿਲਕੁਲ ਤਿਆਰ ਹਨ।

## ਮੱਧ ਪੂਰਬ 'ਚ ਫਸੇ ਨਾਗਰਿਕਾਂ ਨੂੰ ਕੱਢਣ ਲਈ ਮਸ਼ਕਾਂ ਤੇਜ਼



ਅਮਰੀਕਾ ਤੇ ਇਜ਼ਰਾਈਲ ਵੱਲੋਂ ਸ਼ਨਿੱਚਰਵਾਰ ਨੂੰ ਇਰਾਨ 'ਤੇ ਹਮਲੇ ਅਤੇ ਤਹਿਰਾਨ ਦੀ ਜਵਾਬੀ ਕਾਰਵਾਈ ਮਗਰੋਂ ਵੱਖ-ਵੱਖ ਮੁਲਕਾਂ ਦੇ ਹਜ਼ਾਰਾਂ ਯਾਤਰੀ ਮੱਧ ਪੂਰਬ ਵਿੱਚ ਫਸੇ ਹੋਏ ਹਨ। ਖਾੜੀ ਮੁਲਕਾਂ ਦਾ ਹਵਾਈ ਖੇਤਰ ਬੰਦ ਹੋਣ ਕਰਕੇ ਸੰਕਟ ਹੋਰ ਡੂੰਘਾ ਹੋ ਗਿਆ ਹੈ। ਉੱਤਰੀ ਅਮਰੀਕਾ, ਅਫਰੀਕਾ ਤੋਂ ਯੂਰੋਪ ਅਤੇ ਦੱਖਣ ਪੂਰਬੀ ਏਸ਼ਿਆਈ ਮੁਲਕਾਂ ਨੇ ਆਪੋ-ਆਪਣੇ ਨਾਗਰਿਕਾਂ ਨੂੰ ਵਾਪਸ ਲਿਆਉਣ ਲਈ ਬੁੱਧਵਾਰ ਨੂੰ ਮਸ਼ਕਾਂ ਤੇਜ਼ ਕਰ ਦਿੱਤੀਆਂ ਹਨ। ਯਾਤਰੀਆਂ ਨੂੰ ਓਮਾਨ, ਮਿਸਰ ਤੇ ਸਾਊਦੀ ਅਰਬ ਰਸਤੇ ਬਾਹਰ ਕੱਢਣ ਲਈ ਚਾਰਟਰਡ ਜੈੱਟ ਤੇ ਫੌਜੀ ਜਹਾਜ਼ ਤਾਇਨਾਤ ਕੀਤੇ ਗਏ ਹਨ। ਹਵਾਈ ਖੇਤਰ ਬੰਦ ਹੋਣ ਕਰ ਕੇ ਆਇਦ ਪਾਬੰਦੀਆਂ ਦੇ ਚਲਦਿਆਂ ਯਾਤਰੀਆਂ ਨੂੰ ਹਵਾਈ ਟਿਕਟਾਂ ਲਈ ਖਾਸੀ ਭੱਜ ਦੌੜ ਕਰਨੀ ਪੈ ਰਹੀ ਹੈ। ਹਵਾਬਾਜੀ ਵਿਸਲੇਸਣ ਫਰਮ ਸਿਰੀਅਮ ਮੁਤਾਬਕ ਸ਼ਨਿੱਚਰਵਾਰ ਨੂੰ ਜੰਗ ਦੀ ਸੁਰੂਆਤ ਤੋਂ ਵੀਰਵਾਰ ਤੱਕ ਮੱਧ ਪੂਰਬ ਲਈ ਜਾਂ ਉੱਥੋਂ ਉਡਾਣ ਭਰਨ ਵਾਲੀਆਂ ਕਰੀਬ 44,000 ਉਡਾਣਾਂ ਵਿੱਚੋਂ 23,000 ਤੋਂ ਵੱਧ ਰੱਦ ਕੀਤੀਆਂ ਗਈਆਂ ਹਨ। ਫਲਾਈਟ ਟਰੈਕਿੰਗ ਸੇਵਾ 'ਫਲਾਈਟਅਵੇਅਰ' ਮੁਤਾਬਕ ਬੁੱਧਵਾਰ ਨੂੰ ਆਲਮੀ ਪੱਧਰ 'ਤੇ 2400 ਤੋਂ ਵੱਧ ਉਡਾਣਾਂ ਰੱਦ ਹੋਈਆਂ। ਸੋਮਵਾਰ ਨੂੰ ਇਹ ਅੰਕੜਾ 3150 ਸੀ। ਫਰਾਂਸ ਦੇ ਰਾਸ਼ਟਰਪਤੀ ਇਮੈਨੂਅਲ ਮੈਕਰੌਂ ਨੇ ਕਿਹਾ ਕਿ ਮੱਧ ਪੂਰਬ ਵਿੱਚ ਉਨ੍ਹਾਂ ਦੇ 4 ਲੱਖ ਨਾਗਰਿਕ ਅਸਰਅੰਦਾਜ਼ ਹੋਏ ਹਨ। ਉਧਰ ਅਮਰੀਕਾ ਨੇ ਹੁਣ ਤੱਕ 18 ਹਜ਼ਾਰ ਅਮਰੀਕੀਆਂ ਨੂੰ ਮੱਧ ਪੂਰਬ 'ਚੋਂ ਸੁਰੱਖਿਅਤ ਕੱਢਣ ਦਾ ਦਾਅਵਾ ਕੀਤਾ ਹੈ। ਮੈਕਸੀਕਨ ਰਾਸ਼ਟਰਪਤੀ ਕਲਾਊਡੀਆ ਸ਼ੀਨਬਾਮ ਨੇ ਕਿਹਾ ਕਿ ਕਰੀਬ 280 ਨਾਗਰਿਕਾਂ ਨੂੰ ਬਾਹਰ ਕੱਢਿਆ ਹੈ। ਬਰਤਾਨੀਆ ਨੇ ਵੀ ਖਾੜੀ 'ਚ ਫਸੇ ਨਾਗਰਿਕਾਂ ਲਈ ਚਾਰਟਰਡ ਉਡਾਣ ਓਮਾਨ ਭੇਜੀ ਹੈ। ਯੂ ਕੇ ਵਿਦੇਸ਼ ਦਫ਼ਤਰ ਨੇ ਕਿਹਾ ਕਿ ਮੱਧ ਪੂਰਬ 'ਚ 1.30 ਲੱਖ ਬਰਤਾਨਵੀ ਨਾਗਰਿਕ ਮੌਜੂਦ ਹਨ।

## ਅਮਰੀਕਾ: ਹਵਾ 'ਚ ਡਗਮਗਾਉਣ ਤੋਂ ਬਾਅਦ ਛੱਤ ਨਾਲ ਟਕਰਾ ਕੇ ਕਰੈਸ ਹੋਇਆ ਜਹਾਜ



ਅਮਰੀਕਾ ਦੇ ਐਰੀਜੋਨਾ ਸੂਬੇ ਦੇ ਨੌਰਥ ਫੀਨਿਕਸ ਵਿੱਚ ਇੱਕ ਕਮਿਊਟਰ ਪਲੇਨ ਹਾਦਸਾਗ੍ਰਸਤ ਹੋ ਗਿਆ। ਇਹ ਜਹਾਜ ਇੱਕ ਘਰ ਦੀ ਛੱਤ ਨਾਲ ਟਕਰਾਉਣ ਤੋਂ ਬਾਅਦ ਦੂਜੇ ਘਰ ਦੇ ਪਿਛਲੇ ਹਿੱਸੇ ਵਿੱਚ ਜਾ ਡਿੱਗਿਆ।

ਫੈਡਰਲ ਐਵੀਏਸਨ ਐਡਮਿਨਿਸਟ੍ਰੇਸਨ ਦੇ ਮੁਤਾਬਕ, ਜਹਾਜ ਵਿੱਚ ਤਕਨੀਕੀ ਖਰਾਬੀ ਆ ਗਈ ਸੀ ਅਤੇ ਡੀਅਰ ਵੈਲੀ ਏਅਰਪੋਰਟ 'ਤੇ ਵਾਪਸ ਪਰਤਣ ਦੀ ਕੋਸਿਸ ਕਰਦੇ ਸਮੇਂ ਇਹ ਕਰੈਸ ਹੋ ਗਿਆ।

ਐਰੀਜੋਨਾ ਵਿੱਚ ਜਹਾਜ ਹਾਦਸਾ

ਇਸ ਜਹਾਜ ਹਾਦਸੇ ਦੀ ਵੀਡੀਓ ਵੀ ਸਾਹਮਣੇ ਆਈ ਹੈ, ਜਿਸ ਵਿੱਚ ਇੱਕ ਛੋਟਾ ਕਮਿਊਟਰ ਪਲੇਨ ਐਰੀਜੋਨਾ ਵਿੱਚ ਕਰੈਸ ਹੁੰਦਾ ਦਿਖਾਈ ਦੇ ਰਿਹਾ ਹੈ। ਇੱਕ ਘਰ ਦੀ ਨੁਕਸਾਨੀ ਹੋਈ ਛੱਤ 'ਤੇ ਪਾਈਪਰ -28 ਦੇ ਹਿੱਸੇ ਦੇਖੇ ਗਏ ਅਤੇ ਛੋਟਾ, ਟੁੱਟਿਆ-ਫੁੱਟਿਆ ਜਹਾਜ ਕਰੈਸ ਹੋਣ ਤੋਂ ਬਾਅਦ ਨੇੜੇ ਦੇ ਵਿਹੜੇ ਵਿੱਚ ਪਿਆ ਹੋਇਆ ਸੀ।

ਕਮਿਊਟਰ ਪਲੇਨ ਪੂਲ ਅਤੇ ਘਰ ਦੇ ਉਸ ਹਿੱਸੇ ਦੇ ਵਿਚਕਾਰ ਫਸਿਆ ਹੋਇਆ ਸੀ ਜਿੱਥੇ ਬੇਬੀ ਨਰਸਰੀ ਹੈ। ਇਸ ਹਾਦਸੇ ਵਿੱਚ ਤਿੰਨ ਲੋਕ ਜਖਮੀ ਹੋ ਗਏ, ਜਿਨ੍ਹਾਂ ਨੂੰ ਬਾਅਦ ਵਿੱਚ ਹਸਪਤਾਲ ਲਿਜਾਇਆ ਗਿਆ।

ਜਹਾਜ ਵਿੱਚ ਸਵਾਰ ਦੋ ਲੋਕਇੱਕ ਫਲਾਈਟ ਇੰਸਟ੍ਰਕਟਰ ਅਤੇ ਦੂਜਾ ਵਿਦਿਆਰਥੀਦੋਵੇਂ ਹੀ ਇਸ ਹਾਦਸੇ ਵਿੱਚ ਜਖਮੀ ਹੋ ਗਏ। ਇਹ ਜਹਾਜ ਜਿਸ ਘਰ 'ਤੇ ਡਿੱਗਿਆ, ਉੱਥੇ ਰਹਿਣ ਵਾਲਾ ਇੱਕ ਵਿਅਕਤੀ ਵੀ ਜਖਮੀ ਹੋਇਆ ਹੈ। ਤਿੰਨੋਂ ਜਖਮੀਆਂ ਨੂੰ ਸਥਾਨਕ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਹੈ।

# ਅਪਮਾਨ ਬੋਰਡ


ਅਵਤਾਰ ਐਸ.ਸੰਘਾ
Avtar S. Sangha
Sydney
ਮੋਬਾ:0437641033

ਹਿੰਦੂ ਕਾਲਜ ਵਜੀਦਪੁਰ 1960 ਵਿੱਚ ਸਥਾਨਕ ਹਿੰਦੂ ਹਾਈ ਸਕੂਲ ਨੂੰ ਉੱਚਾ ਵਿਦਿਅਕ ਦਰਜਾ ਦੇ ਕੇ ਹੋਂਦ ਵਿੱਚ ਲਿਆਂਦਾ ਗਿਆ ਸੀ। ਸਕੂਲ ਸੁਹਣੀ ਥਾਂ ਖੁਲ੍ਹੀ ਜਗ੍ਹਾ ਸੜਕ ਕਿਨਾਰੇ ਸਥਿਤ ਸੀ। ਸਕੂਲ ਦੇ ਮੂਹਰੇ ਬਣੀਆਂ 15 ਦੁਕਾਨਾਂ ਇਸ ਲਈ ਸੁਹਣੀ ਆਮਦਨ ਦਾ ਸਾਧਨ ਸਨ। ਇਸ ਸਕੂਲ ਨੂੰ ਮੋਟੇ ਲਾਲੇ ਚਲਾਉਂਦੇ ਸਨ ਤੇ ਹੁਣ ਇਸਨੂੰ ਉੱਚਾ ਦਰਜਾ ਦੇਣ ਵਿੱਚ ਵੀ ਇਨ੍ਹਾਂ ਲਾਲਿਆਂ ਨੇ ਚੋਖਾ ਯੋਗਦਾਨ ਪਾਇਆ ਸੀ। ਦੋ-ਤਿੰਨ ਸਾਲਾਂ ਵਿੱਚ ਹੀ ਇਸਦੇ ਨਾਲ ਲੱਗਦੀ ਹੋਰ ਨਵੀਂ ਇਮਾਰਤ ਬਣ ਗਈ ਸੀ। ਆਮਦਨ ਦੇ ਚੰਗੇ ਸਾਧਨ ਹੋਣ ਕਰਕੇ ਸਾਇੰਸ ਅਤੇ ਆਰਟਸ ਦੋਹਾਂ ਫੈਕਲਟੀਆਂ ਦੀਆਂ ਕਲਾਸਾਂ ਇਕੱਠੀਆਂ ਸੁਰੂ ਹੋ ਗਈਆਂ ਸਨ। ਸਾਇੰਸ ਦੇ ਮੁੱਖ ਮਜਬੂਨਾਂ ਲਈ ਪ੍ਰਯੋਗਸਾਲਾਵਾਂ ਵੀ ਬਣਾ ਲਈਆਂ ਗਈਆਂ ਸਨ। ਵੱਡਾ ਲਾਭ ਇਹ ਹੋਇਆ ਕਿ ਓਦੋਂ ਵਜੀਦਪੁਰ ਹਲਕੇ ਦਾ ਐਮ ਐੱਲ ਏ ਜਨਸੰਘ ਦਾ ਸੀ। ਸਰਕਾਰ ਕਾਂਗਰਸ ਚਲਾ ਰਹੀ ਸੀ ਪਰੰਤੂ ਵਿਰੋਧੀ ਪਾਰਟੀ ਜਨਸੰਘ ਕਾਂਗਰਸ ਦੇ ਨੇੜੇ ਹੀ ਰਹਿੰਦੀ ਸੀ। ਉਨ੍ਹਾਂ ਸਮਿਆਂ ਵਿੱਚ ਐਮ ਐੱਲ ਏ ਹੋਣਾ ਕਈ ਕੰਮ ਆਰਾਮ ਨਾਲ ਕਰਾਉਣ ਵਿੱਚ ਸਹਾਈ ਹੋ ਜਾਂਦਾ ਸੀ। ਸੂਬੇ ਦੇ ਸਿਆਸਤਦਾਨਾਂ ਵਿੱਚ ਓਨੀ ਦਿਨੀਂ ਅੱਜ ਕੱਲ੍ਹ ਵਾਂਗ ਇੱਟ ਕੁੱਤੇ ਦਾ ਵੈਰ ਨਹੀਂ ਸੀ ਹੁੰਦਾ। ਸਹਿਰਾਂ ਦੇ ਕੁੱਝ ਲਾਲੇ ਜਨਸੰਘ ਵਿੱਚ ਹੁੰਦੇ ਹੋਏ ਵੀ ਕਾਂਗਰਸੀਆਂ ਦੇ ਨੇੜੇ ਹੋਇਆ ਕਰਦੇ ਸਨ। ਇਹ ਇਲਾਕਾ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਦਾਇਰੇ ਵਿੱਚ ਪੈਂਦਾ ਸੀ। ਐਮ ਐੱਲ ਏ ਯੂਨੀਵਰਸਿਟੀ ਦੀ ਸਿੰਡੀਕੇਟ ਦਾ ਮੈਂਬਰ ਵੀ ਸੀ ਤੇ ਯੂਨੀਵਰਸਿਟੀ ਵਿੱਚ ਉਸਦੀ ਚੱਲਦੀ ਵੀ ਚੰਗੀ ਸੀ।ਇਸ ਲਈ ਇਸ ਕਾਲਜ ਨੂੰ ਮਾਨਤਾ ਸੁਰੂ ਤੋਂ ਹੀ ਮਿਲ ਗਈ ਸੀ। ਇਸ ਸਮੇਂ ਇਲਾਕੇ ਵਿੱਚ ਸਾਇੰਸ ਦੀ ਪੜ੍ਹਾਈ ਦੇ ਘੱਟ ਸਾਧਨ ਹੋਇਆ ਕਰਦੇ ਸਨ। ਨੇੜੇ ਦੇ ਦੋ ਕਾਲਜ ਆਰਟਸ ਕਾਲਜ ਹੀ ਸਨ। ਛੋਟੇ ਸਹਿਰਾਂ ਤੇ ਕਸਬਿਆਂ ਵਿੱਚ ਵੀ ਬੱਚਿਆਂ ਦੇ ਮਾਪੇ ਸਾਇੰਸ ਅਤੇ ਕਮਰਸ ਦੀ ਪੜ੍ਹਾਈ ਪ੍ਰਤੀ ਕਾਫੀ ਸੁਚੇਤ ਹੋ ਗਏ ਸਨ ਕਿਉਂਕਿ ਓਦੋਂ ਪੰਜਾਬ ਵਿੱਚ ਇੰਜੀਨੀਅਰਿੰਗ ਤੇ ਮੈਡੀਕਲ ਲਾਈਨ ਵੱਲ ਵਧਣ ਦਾ ਮਾਪਿਆਂ ਵਿੱਚ ਕਾਫੀ ਰੁਝਾਨ ਪਾਇਆ ਜਾਣ ਲੱਗ ਪਿਆ ਸੀ। ਪੰਜਾਬ ਵਿੱਚ ਜੇ ਇਹਨਾਂ ਪੜ੍ਹਾਈਆਂ ਵਿੱਚ ਦਾਖਲਾ ਨਾ ਮਿਲਦਾ ਤਾਂ ਮਾਪੇ ਬੱਚਿਆਂ ਨੂੰ ਦੂਜੇ ਸੂਬਿਆਂ ਦੇ ਕਾਲਜਾਂ ਵਿੱਚ ਵਾਧੂ ਪੈਸੇ ਖਰਚ ਕਰਕੇ ਦਾਖਲ ਕਰਵਾਉਣ ਲੱਗ ਪਏ ਸਨ। ਬਾਕੀ ਅਨਪੜ੍ਹ ਅਤੇ ਅੱਧ - ਪੜ੍ਹੇ ਲਿਖੇ ਮਾਪੇ ਆਪਣੇ ਬੱਚਿਆਂ ਨੂੰ ਆਰਟਸ ਦੀ ਪੜ੍ਹਾਈ ਕਰਵਾ ਕੇ ਹੀ ਸੰਤੁਸਟ ਸਨ। ਬਹੁਤ ਪੇਂਡੂ ਲੋਕਾਂ ਨੂੰ ਬੱਸ ਇਹ ਹੀ ਸਮਝ ਹੁੰਦੀ ਸੀ ਕਿ ਉਨ੍ਹਾਂ ਦਾ ਬੱਚਾ ਸਿਰਫ ਤੇਰ੍ਹਵੀਂ ਜਾਂ ਚੌਧਵੀਂ ਵਿੱਚ ਪੜ੍ਹਦਾ ਦਿਖੇ, ਤਾਂ ਕਿ ਕੋਈ ਟੱਬਰ ਇੰਗਲੈਂਡ ਜਾਂ ਕਨੇਡਾ ਤੋਂ ਆ ਕੇ ਉਸਨੂੰ ਵਿਆਹ ਕੇ ਲੈ ਜਾਵੇ। ਅੱਧ ਪੜ੍ਹੇ ਲਿਖੇ ਬਾਹਰਲਿਆਂ ਲਈ ਤੇਰ੍ਹਵੀਂ ਚੌਧਵੀਂ ਜਮਾਤ ਬਹੁਤ ਉੱਚੀ ਪੜ੍ਹਾਈ ਹੋਇਆ ਕਰਦੀ ਸੀ। ਪੰਜਾਬ ਵਿੱਚ ਪੇਂਡੂ ਅਨਪੜ੍ਹ ਲੋਕ ਇੰਗਲੈਂਡ ਵੱਲ ਨੂੰ ਜਾਣਾ ਸੁਰੂ ਹੋ ਗਏ ਸਨ। ਉਨ੍ਹਾਂ ਦੀ ਪਹਿਲੀ ਪੁਸਤ ਪੰਜਾਬ ਵਿੱਚ ਆ ਕੇ ਰਿਸਤੇ ਕਰਾਉਣ ਲਈ ਮੰਨ ਜਾਂਦੀ ਸੀ, ਕਿਉਂਕਿ ਇਹ ਪੁਸਤ ਨਾ ਅਨਪੜ੍ਹ ਦੀ ਕੈਟਾਗਰੀ ਵਿੱਚ ਆਉਂਦੀ ਸੀ ਤੇ ਨਾ ਹੀ ਪੜ੍ਹਿਆ ਲਿਖਿਆ ਦੀ 'ਚ। ਮਾਪਿਆਂ ਨੂੰ ਵੱਡੇ ਵੱਡੇ ਘਰ ਮੱਲਣ ਦਾ ਚਾਅ ਹੁੰਦਾ ਸੀ। ਬਾਹਰੋਂ ਆਏ ਲਿਸਕਦੇ ਪੁਸਕਦੇ ਲੜਕਾ ਲੜਕੀ ਲੋਕਲ ਪੜ੍ਹਿਆ ਲਿਖਿਆਂ ਨਾਲੋਂ ਉੱਚੇ ਲੱਗਦੇ ਹੁੰਦੇ ਸਨ ਤੇ ਉਹ ਸਮਰੱਥ ਘਰਾਂ ਵਿੱਚ ਆਰਾਮ ਨਾਲ ਵਿਆਹੇ ਜਾਂਦੇ ਸਨ।ਇੰਝ ' ਅਪਮਾਨਿਤ ' ਵੀ ਸਨਮਾਨਿਤ ਹੋ ਜਾਂਦਾ ਸੀ ਕਿਉਂਕਿ ਉਸ ਉੱਤੇ ਇੰਗਲੈਂਡ ਜਾਂ ਕਨੇਡਾ ਦਾ ਠੱਪਾ ਲੱਗਾ ਹੁੰਦਾ ਸੀ। ਅਜਿਹੇ 'ਵਰ' ਸਥਾਨਕ ਪੜ੍ਹਾਕੂਆਂ ਦੀ ਵਿਆਹ ਦੀ ਮੰਡੀ ਵਿੱਚ ਕੀਮਤ ਕਾਫੀ ਘਟਾਅ ਦਿਆ ਕਰਦੇ ਸਨ। ਪਿੰਡਾਂ ਦੇ ਬੀ. ਏ ,ਐਮ .ਏ ਪਾਸ ਮੁੰਡੇ ਕੁੜੀਆਂ ਬਾਹਰ ਜਾਣ ਨੂੰ ਲਾਟਰੀ ਨਿਕਲਣ ਦੇ ਸਮਾਨ ਸਮਝਦੇ ਹੁੰਦੇ ਸਨ। ਵਜੀਦਪੁਰ ਦਾ ਕਾਲਜ ਦੋਹਾਂ ਪੇਂਡੂ ਤੇ ਸਹਿਰੀ ਵਿਦਿਆਰਥੀਆਂ ਲਈ ਵਰਦਾਨ ਸੀ।

ਨਵੇਂ ਨਵੇਂ ਕਾਲਜ ਵਿੱਚ ਸਿਆਸਤ ਨੇ ਅਜੇ ਦਸਤਕ ਨਹੀਂ ਦਿੱਤੀ ਸੀ। ਧੀਮੀਂ ਧੀਮੀਂ ਨਕਸਲਬਾੜੀ ਲਹਿਰ ਚਲਣੀ ਜਰੂਰ ਸੁਰੂ ਹੋ ਗਈ ਸੀ। ਇਸ ਵੱਲ ਨੂੰ ਪੇਂਡੂ ਵਿਦਿਆਰਥੀ ਥੋੜ੍ਹੇ ਥੋੜ੍ਹੇ ਆਕਰਸਿਤ ਹੋ ਰਹੇ ਸਨ,ਪਰ ਸਹਿਰੀ ਨਹੀਂ।ਕਾਲਜ ਦਾ ਪ੍ਰਿੰਸੀਪਲ ਸੁਭਾਸ ਚੰਦਰ ਨਵਾਂ ਨਵਾਂ ਪ੍ਰਿੰਸੀਪਲ ਬਣ ਕੇ ਆਇਆ ਸੀ। ਵੈਸੇ ਪਹਿਲਾਂ ਉਹ 20 ਸਾਲ ਕਿਸੇ ਸਹਿਰੀ ਕਾਲਜ ਵਿੱਚ ਰਸਾਇਣ ਵਿਗਿਆਨ ਦਾ ਪ੍ਰੋਫੈਸਰ ਰਿਹਾ ਸੀ। ਕਾਲਜ ਵਿੱਚ 18 ਪ੍ਰੋਫੈਸਰ ਸਨ। ਸਾਰੇ ਬੜੇ ਮਿਹਨਤੀ ਸਨ। ਬਹੁਤੇ ਨਵੇਂ ਨਵੇਂ ਐੱਮ. ਏ. , ਐੱਮ. ਐੱਸ. ਸੀ. ਕਰਕੇ ਆਏ ਹੋਏ ਸਨ। ਤਕਰੀਬਨ ਸਾਰੇ ਟ੍ਰੇਡ ਯੂਨੀਅਨਵਾਦ ਤੋਂ ਦੂਰ ਸਨ। ਕਾਲਜ ਕਮੇਟੀ ਪਾਸ ਵੀ ਕਾਫੀ ਤਾਕਤ ਹੋਇਆ ਕਰਦੀ ਸੀ। ਜੱਦ ਚਾਹੇ ਉਹ ਅਧਿਆਪਕਾਂ ਨੂੰ ਹਟਾਅ ਵੀ ਸਕਦੀ ਸੀ ਕਿਉਂਕਿ ਸਰਵਿਸ ਸੁਰੱਖਿਆ ਕਨੂੰਨ ਅਜੇ ਓਨਾਂ ਪ੍ਰਭਾਵਸਾਲੀ ਨਹੀਂ ਸੀ। ਯੂਨੀਵਰਸਿਟੀ ਦੇ ਸੈਨੇਟ ਦੀ ਚੋਣ ਲੜਨ ਦਾ ਭੂਤ ਅਜੇ ਬਹੁਤੇ ਪ੍ਰੋਫੈਸਰਾਂ ਦੇ ਮਨਾਂ 'ਤੇ ਸਵਾਰ ਨਹੀਂ ਹੋਇਆ ਸੀ। ਇਸ ਸਾਰੇ ਦਾ ਭਾਵ ਇਹ ਹੈ ਕਿ ਕਾਲਜ ਵਿੱਚ ਪੜ੍ਹਨ ਪੜ੍ਹਾਉਣ ਦਾ ਮਾਹੌਲ ਅਜੇ ਬਹੁਤ ਵਧੀਆ ਜੀ।

1972 ਵਿੱਚ ਬੀ . ਐੱਸ ਸੀ ਆਨਰਜ ਦੀ ਜਮਾਤ ਵੀ ਸੁਰੂ ਹੋ ਗਈ ਸੀ। ਇਹ ਜਮਾਤ ਵਿੱਚ 15 ਵਿਦਿਆਰਥੀ ਸਨ। ਇਨ੍ਹਾਂ ਵਿਚੋਂ 10 ਲੜਕੇ ਅਤੇ 5 ਲੜਕੀਆਂ ਸਨ। ਬਹੁਤੇ ਵਜੀਦਪੁਰ ਤੋਂ ਹੀ ਆਉਂਦੇ ਸਨ ਤੇ 4 ਨੇੜੇ ਦੇ ਪਿੰਡਾਂ ਸਲੇਮਪੁਰ ਤੇ ਬਰਸਾਲਪੁਰ ਤੋਂ ਆਉਂਦੇ ਸਨ। ਆਨਰਜ ਦੀ ਜਮਾਤ ਨੂੰ ਤਿੰਨ ਪ੍ਰੋਫੈਸਰ ਪੜ੍ਹਾਉਂਦੇ ਸਨ। ਇਨ੍ਹਾਂ ਵਿਚੋਂ ਦੋ ਮੈਡਮਾਂ ਰੇਨੂੰ ਤੇ ਸਾਰਦਾ ਪੱਕੀਆਂ ਸਨ ਤੇ ਇੱਕ ਹੋਰ ਤੀਸਰੀ ਲੈਕਚਰਾਰ ਕੱਚੀ ਸੀ।ਸਾਰੇ ਹੀ ਬਹੁਤ ਹੀ ਮਿਹਨਤੀ ਸਨ। ਸਮੇਂ ਸਿਰ ਸਿਲੇਬਸ ਪੂਰਾ ਕਰਵਾ ਕੇ ਦੁਹਰਾਈ ਵੀ ਕਰਵਾ ਦਿੱਤੀ ਗਈ।ਕਾਲਜ ਦੀ ਲਾਇਬ੍ਰੇਰੀ ਵਿੱਚ ਚੰਗੀਆਂ ਪੁਸਤਕਾਂ ਦੀ ਕੋਈ ਘਾਟ ਨਹੀਂ ਸੀ। ਲਾਇਬ੍ਰੇਰੀਅਨ ਲਖਨਪਾਲ ਬਹੁਤ ਮਿਹਨਤੀ ਸੀ। ਉਹ ਬੱਚਿਆਂ ਨੂੰ ਪੁਸਤਕਾਂ ਲੱਭ ਕੇ ਦੇਣ ਵਿੱਚ ਹਮੇਸਾ ਤਤਪਰ ਰਹਿੰਦਾ ਸੀ। ਸਾਇੰਸ ਦੀਆਂ ਪ੍ਰਯੋਗਸਾਲਾਵਾਂ ਵੀ ਉਪਕਰਣਾਂ ਨਾਲ ਭਰਪੂਰ ਸਨ। ਪ੍ਰਿੰਸੀਪਲ ਸੁਭਾਸ ਚੰਦਰ ਦਾ ਪੂਰਾ ਜੋਰ ਲੱਗਿਆ ਰਹਿੰਦਾ ਸੀ ਕਿ ਕਾਲਜ ਦਾ ਇਲਾਕੇ ਵਿੱਚ ਜਿਕਰਯੋਗ ਸਥਾਨ ਹੋਵੇ। ਇਸ ਵਾਸਤੇ ਜਰੂਰੀ ਸੀ ਕਿ ਆਰੰਭਲੇ ਸਾਲਾਂ ਵਿੱਚ ਇੱਕ ਦੋ ਵਿਦਿਆਰਥੀ ਯੂਨੀਵਰਸਿਟੀ ਦੀ ਮੈਰਿਟ ਲਿਸਟ ਵਿੱਚ ਆ ਜਾਣ। ਕੋਸਿਸ ਇਹ ਵੀ ਸੀ ਕਿ ਖੇਡਾਂ ਵਿੱਚ ਵੀ ਚੰਗਾ ਨਾਮਣਾ ਖੱਟਿਆ ਜਾਵੇ। ਸਰੀਰਕ ਸਿੱਖਿਆ ਦਾ ਪ੍ਰੋਫੈਸਰ ਸਰਦਾਰ ਹਰਪਾਲ ਸਿੰਘ ਪਗੜੀਧਾਰੀ ਸਿੰਘ ਜੱਟ ਸਿੱਖ ਸੀ ਤੇ ਉਹ ਇਕੱਲਾ ਹੀ ਪਗੜੀਧਾਰੀ ਸੀ। ਹੈਰਾਨੀ ਇਹ ਸੀ ਕਿ ਕਾਲਜ ਦੇ ਪੰਜਾਬੀ ਦੇ ਦੋਵੇਂ ਪ੍ਰੋਫੈਸਰ ਵੀ ਹਿੰਦੂ ਪਿਛੋਕੜ ਦੇ ਹੀ ਸਨ। ਪ੍ਰੋਫੈਸਰ ਲੂਥਰਾ ਸੀਨੀਅਰ ਜਮਾਤਾਂ ਨੂੰ ਪੜ੍ਹਾਉਂਦਾ ਸੀ ਅਤੇ ਮੈਡਮ ਮਨੋਚਾ ਜੂਨੀਅਰਜ ਨੂੰ। ਪਿਛਲੇ ਪੰਜ ਸਾਲਾਂ ਵਿੱਚ ਕਾਲਜ ਖੇਡਾਂ ਦੇ ਖੇਤਰ ਵਿੱਚ ਦੋ ਮੱਲਾਂ ਮਾਰ ਚੁੱਕਾ ਸੀ। ਭਾਰ ਚੁੱਕਣ ਵਿੱਚ ਇੱਕ ਲੜਕਾ ਇੰਟਰ ਯੂਨੀਵਰਸਿਟੀ ਤੱਕ ਪਹੁੰਚ ਚੁੱਕਾ ਸੀ ਤੇ ਟੇਬਲ ਟੈਨਿਸ ਵਿੱਚ ਲੜਕੀਆਂ ਦੀ ਟੀਮ ਇੰਟਰ ਵਰਸਿਟੀ ਟ੍ਰਾਫੀ ਜਿੱਤ ਚੁੱਕੀ ਸੀ। ਲੜਕੀਆਂ ਦੀਆਂ ਖੇਡਾਂ ਲਈ ਸੁਧਾ ਮੈਡਮ ਆਰਜੀ ਲੈਕਚਰਾਰ ਸੀ।ਬੀ.ਐਸ ਸੀ ਆਨਰਜ ਦੀ ਕਲਾਸ ਨੂੰ ਪੂਰੀ ਮਿਹਨਤ ਕਰਵਾਈ ਜਾ ਰਹੀ ਸੀ।ਲੜਕੇ ਜਗਮੀਤ ਢਿੱਲੋਂ ਤੇ ਲੜਕੀ ਬੰਧਨਾਂ ਵਰਮਾ ਵਿੱਚ ਫਸਵਾਂ ਮੁਕਾਬਲਾ ਚੱਲਦਾ ਰਹਿੰਦਾ ਸੀ। ਘਰੇਲੂ ਪ੍ਰੀਖਿਆਵਾਂ ਵਿੱਚ ਇਹ ਦੋਨੋਂ ਹੋਣਹਾਰ ਵਿਦਿਆਰਥੀ 90 ਫੀਸਦ ਤੱਕ ਨੰਬਰ ਲੈ ਚੁੱਕੇ ਸਨ। ਹੁਣ ਸਲਾਨਾ ਇਮਤਿਹਾਨ ਨੇੜੇ ਹੀ ਸੀ। ਫਰਵਰੀ ਮਹੀਨੇ ਵਿੱਚ ਇਸ ਕਲਾਸ ਨੂੰ ਪਰਖਣ ਹਿੱਤ ਪ੍ਰਿੰਸੀਪਲ ਖੁਦ ਵੀ ਇੱਕ ਪੀਰੀਅਡ ਲੈਣ ਲੱਗ ਪਿਆ ਸੀ। ਵਾਧੂ ਕੋਚਿੰਗ ਬੜੀ ਬਾਰੀਕੀ ਨਾਲ ਚੱਲ ਰਹੀ ਸੀ।

ਸਲਾਨਾ ਇਮਤਿਹਾਨ ਬੜੇ ਖੁਸਗਵਾਰ ਮਾਹੌਲ ਵਿੱਚ ਸੁਰੂ ਹੋਏ। ਜਗਮੀਤ ਅਤੇ ਬੰਦਨਾ ਨੇ ਬੜੀ ਮਿਹਨਤ ਨਾਲ ਇਮਤਿਹਾਨ ਦਿੱਤੇ। ਅਕਾਦਮਿਕ ਖੇਤਰ ਵਿੱਚ ਵੀ ਪਿਛਲੇ ਪੰਜ ਸਾਲਾਂ ਵਿੱਚ ਵੀ ਕਾਲਜ ਨੇ ਇੱਕ ਖਾਸ ਮੱਲ ਮਾਰੀ ਸੀ । ਇੱਕ ਲੜਕਾ ਬੀ. ਏ. ਆਨਰਜ ਅੰਗਰੇਜੀ ਵਿੱਚ ਪੰਜਾਬ ਯੂਨੀਵਰਸਿਟੀ ਦੀ ਮੈਰਿਟ ਲਿਸਟ ਵਿੱਚ ਆਇਆ ਸੀ। ਕਾਲਜ ਵਿੱਚ ਇਮਾਰਤ ਉਸਾਰੀ ਦਾ ਕੰਮ ਵੀ ਨਾਲ ਨਾਲ ਚਲਦਾ ਹੀ ਰਹਿੰਦਾ ਸੀ। ਮੋਟੇ ਲਾਲੇ ਤੇ ਜਮੀਨਾਂ ਵਾਲੇ ਚੰਦ ਕੁ ਕਾਂਗਰਸੀ ਜੱਟ ਮਦਦ ਕਰੀ ਜਾ ਰਹੇ ਸਨ। ਇਲਾਕੇ ਦੇ ਇੱਕ ਓਲੰਪੀਅਨ ਖਿਡਾਰੀ ਦੀ ਯਾਦ ਵਿੱਚ ਖੇਡ ਸਟੇਡੀਅਮ ਵੀ ਉਸਾਰਿਆ ਜਾ ਰਿਹਾ ਸੀ। ਪੂਰੇ ਇਲਾਕੇ ਵਿੱਚ ਕਾਲਜ ਦੀ ਬੱਲੇ ਬੱਲੇ ਹੋਈ ਪਈ ਸੀ। ਇਸ ਬੱਲੇ ਬੱਲੇ ਨੇ ਵਿਦਿਆਰਥੀਆਂ ਦੀ ਨਫਰੀ ਵਧਾਉਣ ਵਿੱਚ ਵੀ ਠੋਸ ਭੂਮਿਕਾ ਨਿਭਾਈ ਸੀ।



ਅਪ੍ਰੈਲ ਮਈ ਵਿੱਚ ਨਤੀਜੇ ਆਉਣੇ ਸੁਰੂ ਹੋ ਗਏ। ਕਾਲਜ ਦੇ ਪ੍ਰਿੰਸੀਪਲ ਅਤੇ ਸਟਾਫ ਦੀ ਹੈਰਾਨੀ ਦੀ ਕੋਈ ਹੱਦ ਨਾ ਰਹੀ ਜਦੋਂ ਉਨ੍ਹਾਂ ਦਾ ਵਿਦਿਆਰਥੀ ਜਗਮੀਤ ਢਿੱਲੋਂ ਸਾਰੀ ਯੂਨੀਵਰਸਿਟੀ ਵਿੱਚੋਂ ਅੱਵਲ ਆ ਗਿਆ ਤੇ ਬੰਧਨਾਂ ਮੈਰਿਟ ਲਿਸਟ ਵਿੱਚ ਪੰਦਰਵੇਂ ਸਥਾਨ 'ਤੇ ਰਹੀ। ਖੁਸੀ ਵਿੱਚ ਪ੍ਰਿੰਸੀਪਲ ਨੇ ਛੁੱਟੀਆਂ ਵਿੱਚ ਹੀ ਸਟਾਫ ਮੀਟਿੰਗ ਸੱਦ ਲਈ । ਜਗਮੀਤ ਤੇ ਬੰਧਨਾਂ ਨੂੰ ਸੱਦ ਕੇ ਪਾਰਟੀ ਦਿੱਤੀ। ਪ੍ਰਿੰਸੀਪਲ ਸਾਹਿਬ ਨੇ ਆਪਣੇ ਸੰਖੇਪ ਸੰਬੋਧਨ ਵਿੱਚ ਦੋਹਾਂ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਅਤੇ ਸਟਾਫ ਦੀ ਪ੍ਰਸੰਸਾ ਕੀਤੀ। ਇਲਾਕੇ ਵਿੱਚ ਇਹ ਖਬਰ ਜੰਗਲ ਦੀ ਅੱਗ ਵਾਂਗ ਫੈਲ ਗਈ। ਨਵੇਂ ਦਾਖਲਿਆਂ ਦੇ ਪ੍ਰਚਾਰ ਕਰਨ ਦੀ ਲੋੜ ਹੀ ਨਾ ਪਈ। ਸਾਨਦਾਰ ਨਤੀਜੇ ਹੀ ਇਸਤਿਹਾਰ ਬਣ ਗਏ। ਪ੍ਰਿੰਸੀਪਲ ਸਾਹਿਬ ਨੇ ਕਾਲਜ ਦਫਤਰ ਦੇ ਸੁਪਰਡੈਂਟ ਬੇਦੀ ਸਾਹਿਬ ਨੂੰ ਹਦਾਇਤ ਕੀਤੀ ਕਿ ਜਗਮੀਤ ਢਿੱਲੋਂ ਅਤੇ ਬੰਦਨਾਂ ਦੇ ਨਾਮ ਕਾਲਜ ਦੇ ਸਨਮਾਨ ਬੋਰਡ "ਤੇ ਲਿਖਵਾ ਕੇ ਸਾਹਮਣੇ ਉਨ੍ਹਾਂ ਦੀਆਂ ਪ੍ਰਾਪਤੀਆਂ ਦਰਜ ਕਰ ਦਿੱਤੀਆਂ ਜਾਣ। ਦੂਜੇ ਦਿਨ ਪੇਂਟਰ ਆਇਆ ਤੇ ਦੋਹਾਂ ਦੇ ਨਾਮ ਬੋਰਡ ਉੱਪਰ ਲਿਖ ਗਿਆ। ਇਹ ਦੋਵੇਂ ਵਿਦਿਆਰਥੀ ਐੱਮ ਐੱਸ ਸੀ ਕਰਨ ਲਈ ਚੰਡੀਗੜ੍ਹ ਜਾ ਦਾਖਲ ਹੋਏ। ਉਹਨਾਂ ਦਿਨਾਂ ਵਿੱਚ ਚੰਡੀਗੜ੍ਹ ਉੱਤਰੀ ਭਾਰਤ ਵਿੱਚ ਵਿਦਿਆ ਦਾ ਪ੍ਰਮੁੱਖ ਕੇਂਦਰ ਹੁੰਦਾ ਸੀ। ਪੰਜਾਬ ਵਿੱਚ ਹੋਰ ਦੋ ਯੂਨੀਵਰਸਿਟੀਆਂ ਜਰੂਰ ਸਨ, ਪਰ ਉਹ ਨਵੀਆਂ ਹੋਣ ਕਰਕੇ ਵਿਦਿਆਰਥੀਆਂ ਦਾ ਧਿਆਨ ਘੱਟ ਖਿੱਚ ਰਹੀਆਂ ਸਨ। ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿੱਚ ਐੱਮ ਐੱਸ ਸੀ ਜਮਾਤ ਵਿੱਚ 150 ਸੀਟਾਂ ਹੋਇਆ ਕਰਦੀਆਂ ਸਨ। ਇਥੇ ਪੇਂਡੂ ਵਿਦਿਆਰਥੀਆਂ ਨੂੰ ਇੱਕ ਦੋ ਮਨੋਵਿਗਿਆਨਕ ਝਟਕੇ ਜਰੂਰ ਲੱਗਦੇ ਹੁੰਦੇ ਸਨ। ਬਿਨਾਂ ਸੱਕ ਪੇਂਡੂ ਵਿਦਿਆਰਥੀ ਬਹੁਤ ਮਿਹਨਤੀ ਸਨ ਪਰ ਉਹ ਅੰਗਰੇਜੀ ਬੋਲਚਾਲ ਵਿੱਚ ਸਹਿਰੀ ਵਿਦਿਆਰਥੀਆਂ ਤੋਂ ਪਿੱਛੇ ਰਹਿ ਜਾਇਆ ਕਰਦੇ ਸਨ। ਪਹਿਰਾਵੇ ਵਿੱਚ ਵੀ ਪੇਂਡੂ ਵਿਦਿਆਰਥੀ ਪ੍ਰੰਪਰਾਗਤ ਤੇ ਪੱਛੜੇ ਲੱਗਿਆ ਕਰਦੇ ਸਨ। ਸਹਿਰੀ ਅਤਿ ਦਰਜੇ ਦੇ ਮਾਡਰਨ ਤੇ ਪੇਂਡੂ ਦੇਖਣ ਪਰਖਣ ਵਿੱਚ ਸਧਾਰਨ ਤੇ ਪੜ੍ਹਨ ਵਿੱਚ ਮਿਹਨਤੀ। ਜਗਮੀਤ ਪਗੜੀਧਾਰੀ ਹੀ ਰਿਹਾ। ਉਸਨੂੰ ਇੰਝ ਰੱਖਣ ਵਿੱਚ ਉਸਦੇ ਹੋਸਟਲ ਵਾਰਡਨ ਸੋਚ ਦੀ ਅਹਿਮ ਭੂਮਿਕਾ ਸੀ। ਬੰਧਨਾਂ ਮਹੌਲ ਮੁਤਾਬਕ ਜਲਦੀ ਢਲਦੀ ਗਈ। ਉਹ ਵਜੀਦਪੁਰ ਦੇ ਮੋਟੇ ਲਾਲਿਆਂ ਦੀ ਲੜਕੀ ਸੀ। ਘਰ ਵਿੱਚ ਪਹਿਲਾਂ ਹੀ ਪੜ੍ਹਾਈ ਸੀ। ਭਰਾ ਬੈਂਕ ਮੈਨੇਜਰ ਸੀ ਤੇ ਭੈਣ ਵਿਆਹ ਤੋਂ ਬਾਅਦ ਵੱਡੇ ਸਹਿਰ ਦੇ ਇੱਕ ਕਾਲਜ ਵਿੱਚ ਅੰਗਰੇਜੀ ਦੀ ਲੈਕਚਰਾਰ ਲੱਗ ਗਈ ਸੀ। ਜਗਮੀਤ ਮੱਧਵਰਗੀ ਜੱਟ ਸਿੱਖ ਪਰਿਵਾਰ ਵਿੱਚੋਂ ਸੀ। ਬਾਪੂ ਹਾਈ ਸਕੂਲ ਵਿੱਚ ਸਾਇੰਸ ਅਧਿਆਪਕ ਸੀ ਤੇ ਮਾਂ ਘਰੇਲੂ ਔਰਤ। ਥੋੜ੍ਹੀ ਜਿਹੀ ਜਮੀਨ ਸੀ ਤੇ ਉਹ ਮਾਮਲੇ 'ਤੇ ਦਿੱਤੀ ਹੋਈ ਸੀ। ਪਿੰਡ ਵਿੱਚ ਬਿਜਲੀ ਵੀ ਉਦੋਂ ਕੁ ਹੀ ਪਹੁੰਚੀ ਸੀ ਜਦੋਂ ਜਗਮੀਤ ਨੇ ਬੀ ਐੱਸ ਸੀ ਕੀਤੀ ਸੀ। ਬਾਪੂ ਦੀ ਨਿੱਜੀ ਕੋਚਿੰਗ ਨੇ ਹੀ ਉਸਨੂੰ ਸਿਖਰਲੇ ਦਰਜੇ ਦਾ ਲਾਇਕ ਵਿਦਿਆਰਥੀ ਬਣਾਇਆ ਸੀ। ਐੱਮ ਐੱਸ ਸੀ ਵਿੱਚ ਉਹ 95 ਫੀਸਦੀ ਨੰਬਰ ਲੈਣ ਵਿੱਚ ਸਫਲ ਹੋ ਗਿਆ ਸੀ, ਬੰਦਨਾਂ 85 ਫੀ ਸਦੀ। ਭਾਵੇਂ ਅੱਗੇ ਦੋਹਾਂ ਦੀ ਪ੍ਰਸਾਸਨਿਕ ਪ੍ਰੀਖਿਆਵਾਂ ਦੇਣ ਦੀ ਇੱਛਾ ਸੀ, ਪਰ ਦੋਹਾਂ ਨੇ ਕਾਲਜ ਲੈਕਚਰਾਰ ਬਣਨ ਦੀਆਂ ਕੋਸਿਸਾਂ ਕਰਨੀਆਂ ਵੀ ਸੁਰੂ ਕਰ ਦਿੱਤੀਆਂ ਸਨ।

ਜੂਨ ਦੇ ਮਹੀਨੇ ਗਰਮੀ ਦੀਆਂ ਛੁੱਟੀਆਂ ਚੱਲ ਰਹੀਆਂ ਸਨ। ਵਜੀਦਪੁਰ ਦੇ ਇਸ ਕਾਲਜ ਨੇ ਦੋ ਪੋਸਟਾਂ ਭਰਨ ਲਈ ਅਖਬਾਰ ਵਿੱਚ ਇਸਤਿਹਾਰ ਦਿੱਤਾ। ਇਨ੍ਹਾਂ ਵਿਚੋਂ ਇੱਕ ਰਸਾਇਣ ਵਿਗਿਆਨ ਦੀ ਪੋਸਟ ਵੀ ਸੀ। ਸੁਭਾਵਿਕ ਸੀ ਕਿ ਦੋਨੋਂ ਜਗਮੀਤ ਤੇ ਬੰਧਨਾਂ ਆਪਣੇ ਪੁਰਾਣੇ ਕਾਲਜ ਵਿੱਚ ਲੈਕਚਰਾਰ ਲਈ ਅਪਲਾਈ ਕਰਦੇ। ਦੋਹਾਂ ਨੇ ਆਪਣੇ ਪ੍ਰਮਾਣ- ਪੱਤਰ ਲਗਾ ਕੇ ਅਪਲਾਈ ਕਰ ਦਿੱਤਾ। ਪੋਸਟ ਭਰਨ ਲਈ ਕਾਲਜ ਦੀ ਕਮੇਟੀ ਦੀ ਮੀਟਿੰਗ ਹੋਈ। ਚੋਣ ਪੈਨਲ ਵਿੱਚ ਇੱਕ ਯੂਨੀਵਰਸਿਟੀ ਦਾ ਨੁਮਾਇੰਦਾ ਅਤੇ ਇੱਕ ਵਿਸਾ -ਮਾਹਿਰ ਵੀ ਹਾਜਰ ਹੋਏ। ਆਖਰੀ ਫੈਸਲਾ ਕਾਲਜ ਕਮੇਟੀ ਅਤੇ ਪ੍ਰਿੰਸੀਪਲ ਨੇ ਕਰਨਾ ਹੁੰਦਾ ਸੀ। ਇੰਟਰਵਿਊ ਦੇਣ ਲਈ 15 ਉਮੀਦਵਾਰ ਹਾਜਰ ਹੋਏ ਸਨ। ਇਨ੍ਹਾਂ ਵਿਚੋਂ ਨੰਬਰਾਂ ਪੱਖੋਂ ਅਤੇ ਸਧਾਰਨ ਸੂਝ ਪੱਖੋਂ ਜਗਮੀਤ ਸੱਭ ਤੋਂ ਢੁਕਵਾਂ ਸੀ। ਉਸਨੂੰ ਪੂਰੀ ਉਮੀਦ ਸੀ ਕਿ ਉਸਦੀ ਚੋਣ ਹੋ ਜਾਵੇਗੀ। ਜੱਦ ਸੁਪਰਡੈਂਟ ਨੇ ਨਤੀਜਾ ਸੁਣਾਇਆ ਤਾਂ ਜਗਮੀਤ ਦੇ ਪੈਰਾਂ ਹੇਠੋਂ ਜਮੀਨ ਖਿਸਕ ਗਈ। ਚੋਣ ਬੰਧਨਾਂ ਦੀ ਕਰ ਲਈ ਗਈ ਸੀ। ਹਿੰਦੂ ਕਾਲਜ ਨੇ ਹਿੰਦੂ ਉਮੀਦਵਾਰ ਨੂੰ ਪਹਿਲ ਦਿੱਤੀ ਸੀ। ਜੱਦ ਜਗਮੀਤ ਬੀ ਐੱਸ ਸੀ ਆਨਰਜ ਵਿੱਚ ਪੂਰੀ ਯੂਨੀਵਰਸਿਟੀ ਵਿਚੋਂ ਅੱਵਲ ਆਇਆ ਸੀ ਉਦੋਂ ਪ੍ਰਿੰਸੀਪਲ ਨੇ ਕਿਹਾ ਸੀ " ਜਗਮੀਤ ਢਿੱਲੋਂ ਨੇ ਸਾਰੇ ਪੰਜਾਬ ਵਿੱਚ ਸਾਡੇ ਕਾਲਜ ਦਾ ਨਾਂਅ ਰੌਸਨ ਕੀਤਾ ਹੈ, ਇਸਨੂੰ ਕਾਲਜ ਵਲੋਂ ਸਨਮਾਨ -ਪੱਤਰ ਦਿੱਤਾ ਜਾਂਦਾ ਹੈ। -----------ਇਸ ਵਿੱਚ ਕੋਈ ਸੱਕ ਨਹੀਂ ਕਿ ਸਟਾਫ ਅੰਤਾਂ ਦੀ ਮਿਹਨਤ ਕਰਵਾਉਂਦਾ ਹੋਇਆ ਸਫਲਤਾ ਲਈ ਦਰਵਾਜੇ ਖੋਲ੍ਹਦਾ ਹੈ, ਪਰ ਅੰਦਰ ਵਿਦਿਆਰਥੀ ਨੇ ਆਪ ਹੀ ਵੜਨਾ ਹੁੰਦਾ ਹੈ।"

ਇਸ ਕਾਲਜ ਵਿੱਚ ਰਸਾਇਣ ਵਿਗਿਆਨ ਦੀਆਂ ਅਸਾਮੀਆਂ 'ਤੇ ਪਹਿਲਾਂ ਔਰਤਾਂ ਹੀ ਕੰਮ ਕਰ ਰਹੀਆਂ ਸਨ। ਹੁਣ ਪੈਦਾ ਹੋਈ ਨਵੀਂ ਅਸਾਮੀ 'ਤੇ ਮਰਦ ਲੈਕਚਰਾਰ ਰੱਖੇ ਜਾਣ ਦੀ ਆਮ ਤਵੱਕੋ ਸੀ। ਜਗਮੀਤ ਢਿੱਲੋਂ ਦੀ ਮਰਦ ਹੋਣ ਦੇ ਬਾਵਜੂਦ ਵੀ ਚੋਣ ਨਹੀਂ ਹੋਈ। ਸਰਦਾਰ ਹੋਣ ਕਰਕੇ ਉਸਨੂੰ ਛੱਡ ਦਿੱਤਾ ਗਿਆ ਸੀ। ਇਸ ਪ੍ਰਕਾਰ ਜਗਮੀਤ ਦੀ ਮੈਰਿਟ ਨੂੰ ਤਾਂ ਅੱਖੋਂ ਪਰੋਖੇ ਕੀਤਾ ਹੀ ਗਿਆ, ਇਸਦੇ ਨਾਲ ਲੱਗਦੀ ਇਹ ਗੱਲ ਵੀ ਹੋਈ ਕਿ ਉਸਦੀ ਸਰਦਾਰਾਂ ਵਾਲੀ ਦਿੱਖ ਵੀ ਉਸਦੇ ਨਕਾਰੇ ਜਾਣ ਦਾ ਸਬੱਬ ਬਣੀ। ਜਗਮੀਤ ਨੂੰ ਆਪਣੇ ਦੇਸ ਵਿੱਚ ਧਰਮ ਦੇ ਨਾਮ 'ਤੇ ਇਸ ਭੇਦਭਾਵ ਦਾ ਬੜਾ ਦੁੱਖ ਲੱਗਿਆ। ਜੱਦ ਉਹ ਸਟਾਫ ਰੂਮ ਵਿੱਚੋਂ ਬਾਹਰ ਨਿਕਲਣ ਲੱਗਾ ਤਾਂ ਉਸਦੀ ਨਜਰ ਪ੍ਰਿੰਸੀਪਲ ਦੇ ਦਫਤਰ ਦੀ ਦੀਵਾਰ 'ਤੇ ਲੱਗੇ ਸਨਮਾਨ ਬੋਰਡ 'ਤੇ ਪਈ। ਇਸ ਬੋਰਡ ਉੱਤੇ ਯੂਨੀਵਰਸਿਟੀ ਵਿੱਚੋਂ ਅੱਵਲ ਰਹਿਣ ਕਰਕੇ ਉਸਦਾ ਨਾਮ ਦਰਜ ਸੀ। ਹੁਣ ਜੱਦ ਉਸਨੂੰ ਨਕਾਰ ਦਿੱਤਾ ਗਿਆ ਤਾਂ ਇਹ ਸਨਮਾਨ ਬੋਰਡ ਉਸਨੂੰ ਨਿਰਾ ਅਪਮਾਨ ਬੋਰਡ ਜਾਪਿਆ।

# ਹੋਲੇ ਮਹੱਲੇ ਵਾਲੀ ਨਗਰੀ ਸ੍ਰੀ ਆਨੰਦਪੁਰ ਸਾਹਿਬ



ਹਰ ਸਾਲ ਵਾਂਗ ਹੋਲਾ ਮਹੱਲਾ ਸ੍ਰੀ ਆਨੰਦਪੁਰ ਸਾਹਿਬ (ਜ਼ਿਲ੍ਹਾ ਰੂਪਨਗਰ, ਪੰਜਾਬ) ਵਿੱਚ ਮਨਾਇਆ ਜਾ ਰਿਹਾ ਹੈ। ਇਸ ਤਿਉਹਾਰ ਲਈ ਦੇਸ਼-ਵਿਦੇਸ਼ ਤੋਂ ਵੱਡੀ ਗਿਣਤੀ ਵਿੱਚ ਸੰਗਤ ਪੁੱਜੀ ਹੈ। ਹੋਲਾ ਮਹੱਲਾ ਖਾਲਸਾਈ ਜਾਹੋ-ਜਲਾਲ ਦਾ ਪ੍ਰਤੀਕ ਹੈ। ਅਸਲ ਵਿੱਚ ਹੋਲਾ ਮਹੱਲਾ ਸ਼ਬਦ ਦਾ ਮਤਲਬ ਮਸਨੂਈ ਲੜਾਈ ਹੈ। ਖ਼ਾਲਸਾਈ ਜਾਹੋ-ਜਲਾਲ ਦਾ ਪ੍ਰਤੀਕ ਇਹ ਤਿਉਹਾਰ ਕੌਮੀ ਜੋੜ ਮੇਲਾ ਹੈ। ਇਹ ਮੇਲਾ ਖ਼ਾਲਸਾ ਪੰਥ ਦੇ ਜਨਮ ਅਸਥਾਨ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਧਾਰਮਿਕ ਰਵਾਇਤਾਂ ਮੁਤਾਬਿਕ ਮਨਾਇਆ ਜਾਂਦਾ ਹੈ। ਇਸ ਦਿਨ ਸ੍ਰੀ ਆਨੰਦਪੁਰ ਸਾਹਿਬ ਸਮੇਤ ਸਮੁੱਚਾ ਇਲਾਕਾ ਖ਼ਾਲਸਾਈ ਰੰਗ ਵਿੱਚ ਰੰਗਿਆ ਜਾਂਦਾ ਹੈ। ਹੋਲੀ ਤੋਂ ਅਗਲੇ ਦਿਨ ਸ੍ਰੀ ਆਨੰਦਪੁਰ ਸਾਹਿਬ ਵਿੱਚ ਕੇਸਗੜ੍ਹ ਸਾਹਿਬ ਅਤੇ ਹੋਰ ਧਾਰਮਿਕ ਸਥਾਨਾਂ 'ਤੇ ਇੱਕ ਮੇਲਾ ਭਰਦਾ ਹੈ, ਜਿਸ ਨੂੰ ਹੋਲਾ ਮਹੱਲਾ ਕਹਿੰਦੇ ਹਨ। ਇਸ ਮੇਲੇ ਦਾ ਮੁੱਢ ਗੁਰੂ ਗੋਬਿੰਦ ਸਿੰਘ ਜੀ ਨੇ ਬੰਨ੍ਹਿਆ ਸੀ। ਉਦੋਂ ਤੋਂ ਹਰ ਸਾਲ ਹੋਲੀ ਤੋਂ ਅਗਲੇ ਦਿਨ ਹੋਲਾ ਮਹੱਲਾ ਮਨਾਇਆ ਜਾਂਦਾ ਹੈ। ਦਸਮ ਪਾਤਸ਼ਾਹ ਵੱਲੋਂ ਖਾਲਸਾਈ ਫੌਜਾਂ ਦੇ ਦੋ ਦਲ ਬਣਾ ਕੇ ਉਨ੍ਹਾਂ ਵਿੱਚ ਸ਼ਾਸ਼ਤਰ ਵਿਦਿਆ ਦੇ ਮਸਨੂਈ ਜੰਗੀ ਮੁਕਾਬਲੇ ਕਰਵਾਏ ਜਾਂਦੇ ਸਨ ਤੇ ਚੰਗਾ ਪ੍ਰਦਰਸ਼ਨ ਕਰਨ ਵਾਲਿਆਂ ਨੂੰ ਸਿਰੋਪਾਓ ਬਖਸ਼ਿਸ਼ ਕਰਕੇ ਸਨਮਾਨਿਤ ਕੀਤਾ ਜਾਂਦਾ ਸੀ। ਅੱਜ ਵੀ ਉਸੇ ਰਵਾਇਤ ਅਨੁਸਾਰ ਹੋਲਾ ਮਹੱਲਾ ਮਨਾਇਆ ਜਾਂਦਾ ਹੈ। ਇਸ ਮੌਕੇ ਦੀਵਾਨ ਸਜਦੇ ਹਨ, ਕਥਾ ਕੀਰਤਨ ਹੁੰਦਾ ਹੈ, ਬੀਰਰਸੀ ਵਾਰਾਂ ਗਾਈਆਂ ਜਾਂਦੀਆਂ ਹਨ ਅਤੇ ਗੁਰੂ ਦੀਆਂ ਲਾਡਲੀਆਂ ਫੌਜਾਂ ਦੀਆਂ ਅਨੇਕ ਤਰ੍ਹਾਂ ਦੀਆਂ ਕਵਾਇਦਾਂ ਹੁੰਦੀਆਂ ਹਨ। ਇਹ ਤਿਉਹਾਰ ਤਖਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਧਾਰਮਿਕ ਪ੍ਰੰਪਰਾਵਾਂ ਮੁਤਾਬਿਕ ਮਨਾਇਆ ਜਾਂਦਾ ਹੈ। ਹਰ ਸਾਲ ਮਾਰਚ ਮਹੀਨੇ ਵਿੱਚ ਮਨਾਏ ਜਾਣ ਵਾਲੇ ਇਸ ਤਿਉਹਾਰ ਵਿੱਚ ਲੋਕ ਵੱਡੀ ਗਿਣਤੀ ਵਿੱਚ ਨਗਾਰਿਆਂ ਦੀ ਆਵਾਜ ਵਿੱਚ ਇੱਕ ਗੁਰਧਾਮ ਤੋਂ ਦੂਜੇ ਗੁਰਧਾਮ ਤੱਕ ਜਾਂਦੇ ਹਨ। ਇਸ ਵਿੱਚ ਨਿਹੰਗ ਸਿੰਘ ਪੁਰਾਤਨ ਪੁਸ਼ਾਕਾਂ ਵਿੱਚ ਸ਼ਾਨ ਨਾਲ ਸ਼ਾਮਿਲ ਹੁੰਦੇ ਹਨ ਅਤੇ ਸ਼ਸਤਰਾਂ ਦੇ ਕਰਤੱਬ ਵਿਖਾਏ ਜਾਂਦੇ ਹਨ।

ਸ੍ਰੀ ਆਨੰਦਪੁਰ ਸਾਹਿਬ ਨਗਰ ਦੀ ਸਥਾਪਨਾ ਸਿੱਖਾਂ ਦੇ ਨੌਵੇਂ ਗੁਰੂ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ 1665 ਵਿੱਚ ਕੀਤੀ ਸੀ। ਜੇਕਰ ਇਸ ਦਾ ਇਤਿਹਾਸ ਵੇਖੀਏ ਤਾਂ ਪਤਾ ਲੱਗਦਾ ਹੈ ਕਿ ਇਸ ਦਾ ਪਹਿਲਾ ਨਾਮ ਮਾਖੋਵਾਲ ਸੀ। ਇੱਕ ਹੋਰ ਕਹਾਣੀ ਅਨੁਸਾਰ ਇੱਥੇ ਮਾਖੋ ਨਾਮ ਦਾ ਡਾਕੂ ਰਹਿੰਦਾ ਸੀ, ਜੋ ਕਿਸੇ ਨੂੰ ਵੀ ਇਸ ਇਲਾਕੇ ਵਿੱਚ ਰਹਿਣ ਨਹੀਂ ਸੀ ਦਿੰਦਾ। ਜਦੋਂ ਗੁਰੂ ਤੇਗ ਬਹਾਦਰ ਜੀ ਨੇ ਆਪਣੇ ਮਾਤਾ ਨਾਨਕੀ ਜੀ ਦੇ ਨਾਮ 'ਤੇ ਚੱਕ ਨਾਨਕੀ ਨਾਮ ਦਾ ਨਗਰ ਵਸਾਇਆ ਤਾਂ ਮਾਖੋ ਡਾਕੂ ਇਹ ਸਥਾਨ ਛੱਡ ਕੇ ਭੱਜ ਗਿਆ। ਮੌਜੂਦਾ ਸਮੇਂ ਚੱਕ ਨਾਨਕੀ, ਸ੍ਰੀ ਆਨੰਦਪੁਰ ਸਾਹਿਬ, ਸਹੋਟਾ, ਲੋਧੀਪੁਰ, ਅਗੰਮਪੁਰ, ਮਟੌਰ ਹੁਣ ਏਨੇ ਵਸ ਚੁੱਕੇ ਹਨ ਕਿ ਹੁਣ ਆਮ ਲੋਕਾਂ ਨੂੰ ਇਨ੍ਹਾਂ ਪਿੰਡਾਂ ਦੀਆਂ ਹੱਦਾਂ ਬਾਰੇ ਕੁਝ ਵੀ ਪਤਾ ਨਹੀਂ ਲੱਗਦਾ ਅਤੇ ਸਿਰਫ਼ ਮਾਲ ਵਿਭਾਗ ਦੇ ਅਧਿਕਾਰੀ ਹੀ ਇਨ੍ਹਾਂ ਪਿੰਡਾਂ ਦੀਆਂ ਹੱਦਾਂ ਬਾਰੇ ਜਾਣਦੇ ਹਨ। ਸ੍ਰੀ ਆਨੰਦਪੁਰ ਸਾਹਿਬ ਦਾ ਇਲਾਕਾ ਕੀਰਤਪੁਰ ਸਾਹਿਬ ਤੋਂ ਨੰਗਲ ਅਤੇ ਹਿਮਾਚਲ ਪ੍ਰਦੇਸ਼ ਦੇ ਊਨਾ ਤੱਕ ਕਿਸੇ ਵੇਲੇ ਸੰਘਣਾ ਜੰਗਲ ਸੀ, ਜਿਸ ਵਿੱਚ ਇੱਕ ਪਾਸੇ ਦਰਿਆ ਸਤਲੁਜ, ਚਰਨ ਗੰਗਾ ਤੇ ਚੋਅ ਸਨ ਅਤੇ ਦੂਜੇ ਪਾਸੇ ਪਹਾੜ ਸਨ। ਦਰਿਆ ਅਤੇ ਪਹਾੜਾਂ ਵਿੱਚ ਸੰਘਣੇ ਜੰਗਲ ਵਿੱਚ ਬਹੁਤ ਸਾਰੇ ਹਾਥੀ, ਸ਼ੇਰ, ਬਘਿਆੜ ਅਤੇ ਹੋਰ ਜੰਗਲੀ ਜਾਨਵਰ ਆਮ ਘੁੰਮਦੇ ਸਨ। ਇੱਥੇ ਹਾਥੀ ਬਹੁਤ ਸਨ। ਇਸ ਲਈ ਇਸ ਇਲਾਕੇ ਨੂੰ ਹਥੋਤ ਭਾਵ ਹਾਥੀਆਂ ਦਾ ਘਰ ਆਖਿਆ ਕਰਦੇ ਸਨ। ਹਥੋਤ ਦੇ ਇਲਾਕੇ ਦੀ ਲੰਬਾਈ ਲਗਭਗ 50 ਕਿਲੋਮੀਟਰ ਅਤੇ ਚੌੜਾਈ ਲਗਭਗ 10 ਕਿਲੋਮੀਟਰ ਸੀ। ਜਦੋਂ ਗੁਰੂ ਸਾਹਿਬ ਨੇ ਇਹ ਇਲਾਕਾ ਚੁਣਿਆ ਤਾਂ ਉਸ ਵੇਲੇ ਬਹੁਤੇ ਜਾਨਵਰ ਪਹਾੜੀ ਜੰਗਲ ਵਿੱਚ ਹੀ ਰਹਿ ਗਏ ਸਨ ਤੇ ਬਾਕੀਆਂ ਨੂੰ ਸ਼ਿਕਾਰੀਆਂ ਨੇ ਮਾਰ ਦਿੱਤਾ ਸੀ। ਗੁਰੂ ਸਾਹਿਬ ਨੇ ਇਸ ਜੰਗਲ ਵਿੱਚ ਹੀ ਰਮਣੀਕ ਨਗਰੀ ਵਸਾ ਦਿੱਤੀ ਸੀ। ਜਿੱਥੇ ਕਦੇ ਦਿਨ ਵੇਲੇ ਵੀ ਕੋਈ ਨੇੜੇ ਨਹੀਂ ਆਉਂਦਾ ਸੀ, ਉੱਥੇ ਹਰ ਵੇਲੇ ਸੰਗਤਾਂ ਦੀਆਂ ਰੌਣਕਾਂ ਲੱਗੀਆਂ ਰਹਿੰਦੀਆਂ ਸਨ। ਸ੍ਰੀ ਆਨੰਦਪੁਰ ਸਾਹਿਬ ਬਾਰੇ ਇੱਕ ਹੋਰ ਮਿਥਿਹਾਸਕ ਕਹਾਣੀ ਪ੍ਰਚੱਲਿਤ ਹੈ ਕਿ ਇੱਥੇ ਮਾਖੋ ਤੇ ਮਾਟੋ ਨਾਮ ਦੇ ਦੋ ਦੈਂਤ ਰਿਹਾ ਕਰਦੇ ਸਨ ਤੇ ਦੋਹਾਂ ਨੇ ਮਾਖੋਵਾਲ ਤੇ ਮਟੌਰ ਪਿੰਡ ਵਸਾਏ। ਉਹ ਜਾਲਮ ਸਨ। ਇਲਾਕੇ ਦੇ ਲੋਕ ਉਨ੍ਹਾਂ ਤੋਂ ਬਹੁਤ ਦੁਖੀ ਸਨ। ਸਿੱਖ ਇਤਿਹਾਸ ਵਿੱਚ ਜੇਕਰ ਹਥੌਤ ਦੇ ਇਲਾਕੇ ਦੀ ਕਿਸੇ ਜਗ੍ਹਾ ਦਾ ਜ਼ਿਕਰ ਆਉਂਦਾ ਹੈ ਤਾਂ ਉਹ ਕੀਰਤਪੁਰ ਸਾਹਿਬ ਦੇ ਬਾਹਰ ਸਾਈਂ ਬੁੱਢਣ ਸ਼ਾਹ ਦੇ ਡੇਰੇ ਦਾ ਹੈ। ਵੱਖ ਵੱਖ ਜਨਮਸਾਖੀਆਂ ਮੁਤਾਬਿਕ ਗੁਰੂ ਨਾਨਕ ਦੇਵ ਜੀ ਆਪਣੀਆਂ ਉਦਾਸੀਆਂ ਵੇਲੇ ਇੱਕ ਵਾਰ ਕੀਰਤਪੁਰ ਸਾਹਿਬ ਕੋਲੋਂ ਲੰਘੇ ਤਾਂ ਸਾਈਂ ਬੁੱਢਣ ਸ਼ਾਹ ਨਾਲ ਵਾਰਤਾ ਕੀਤੀ ਤੇ ਉਸ ਕੋਲੋਂ ਦੁੱਧ ਛਕਿਆ ਸੀ। ਇਸ ਮਗਰੋਂ ਹਥੌਤ ਦੇ ਇਲਾਕੇ ਵਿੱਚ ਸੰਨ 1624 ਵਿੱਚ ਗੁਰੂ ਹਰਿਗੋਬਿੰਦ ਸਾਹਿਬ ਆਏ ਅਤੇ ਉਨ੍ਹਾਂ ਦੇ ਵੱਡੇ ਪੁੱਤਰ ਬਾਬਾ ਗੁਰਦਿੱਤਾ ਜੀ ਨੇ ਕੀਰਤਪੁਰ ਸਾਹਿਬ ਵਸਾਇਆ। ਸੰਨ 1665 ਵਿੱਚ ਗੁਰੂ ਤੇਗ ਬਹਾਦਰ ਜੀ ਨੇ ਚੱਕ ਨਾਨਕੀ ਵਸਾਇਆ ਅਤੇ 1689 ਵਿੱਚ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਆਨੰਦਪੁਰ ਸਾਹਿਬ ਦੀ ਨਗਰੀ ਨੂੰ ਵਸਾਇਆ। ਇੰਝ ਗੁਰੂ ਸਾਹਿਬਾਨ ਨੇ ਇਸ ਉਜਾੜ ਬੀਆਬਾਨ ਇਲਾਕੇ ਵਿੱਚ ਰੌਣਕਾਂ ਲਾ ਦਿੱਤੀਆ। ਅੱਜ ਹਥੌਤ ਦੇ ਇਲਾਕੇ ਵਿੱਚ ਵੱਖ ਵੱਖ ਗੁਰਦੁਆਰਿਆਂ ਕਾਰਨ ਸ੍ਰੀ ਆਨੰਦਪੁਰ ਸਾਹਿਬ ਦਾ ਨਾਮ ਦੁਨੀਆ ਦੇ ਨਕਸ਼ੇ 'ਤੇ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਇਸ ਇਲਾਕੇ ਨੂੰ ਸਿੱਖ ਬੌਧਿਕਤਾ, ਵਿਦਵਤਾ ਅਤੇ ਵਿਦਵਾਨਾਂ ਦਾ ਕੇਂਦਰ ਬਣਾਉਣ ਦੇ ਮੰਤਵ ਨਾਲ ਸ੍ਰੀ ਕੇਸਗੜ੍ਹ ਸਾਹਿਬ ਨੂੰ ਕੇਂਦਰ ਵਿੱਚ ਰੱਖ ਕੇ ਪੰਜ ਕਿਲ੍ਹਿਆਂ ਅਨੰਦਗੜ੍ਹ, ਲੋਹਗੜ੍ਹ, ਹੋਲਗੜ੍ਹ, ਤਾਰਾਗੜ੍ਹ ਅਤੇ ਫਤਿਹਗੜ੍ਹ ਦੀ ਉਸਾਰੀ ਕਰਵਾਈ ਗਈ ਸੀ। ਸ੍ਰੀ ਕੇਸਗੜ੍ਹ ਸਾਹਿਬ ਦੇ ਅਸਥਾਨ 'ਤੇ ਹੀ ਸੰਨ 1699 ਵਿੱਚ ਵਿਸਾਖੀ ਵਾਲੇ ਦਿਨ ਪੰਜ ਪਿਆਰਿਆਂ ਦੀ ਅਗਵਾਈ ਵਿੱਚ ਖਾਲਸਾ ਪੰਥ ਦੀ ਸਾਜਨਾ ਕੀਤੀ ਗਈ ਸੀ। ਸੰਨ 1665 ਤੋਂ ਲੈ ਕੇ ਹੁਣ ਤੱਕ ਸ੍ਰੀ ਆਨੰਦਪੁਰ ਸਾਹਿਬ ਵਿੱਚ ਬਹੁਤ ਸਾਰੀਆਂ ਤਬਦੀਲੀਆਂ ਆਈਆਂ ਹਨ। ਮੌਜੂਦਾ ਬੱਸ ਅੱਡੇ ਤੋਂ ਕੇਸਗੜ੍ਹ ਸਾਹਿਬ ਵੱਲ ਜਾਣ ਵਾਲੀ ਢੱਕੀ ਦੇ ਹੇਠਲੇ ਚੌਕ ਵਿੱਚ ਤਿੰਨ ਪਿੰਡਾਂ ਚੱਕ ਨਾਨਕੀ, ਆਨੰਦਪੁਰ ਸਾਹਿਬ ਅਤੇ ਲੋਧੀਪੁਰ ਦੀਆਂ ਹੱਦਾਂ ਮਿਲਦੀਆਂ ਹਨ। ਗੁਰਦੁਆਰਾ ਸੀਸ ਗੰਜ, ਦਮਦਮਾ ਸਾਹਿਬ, ਭੋਰਾ ਸਾਹਿਬ, ਚੱਕ ਨਾਨਕੀ ਦੀਆਂ ਹੱਦਾਂ, ਮਹਿਲ ਅਤੇ ਗੁਰੂ ਸਾਹਿਬ ਦਾ ਨਿਵਾਸ ਸਥਾਨ ਸਨ। ਮੌਜੂਦਾ ਬੱਸ ਸਟੈਂਡ, ਸਰਕਾਰੀ ਹਸਪਤਾਲ, ਲੜਕੀਆਂ ਦਾ ਸਰਕਾਰੀ ਸਕੂਲ ਚੱਕ ਨਾਨਕੀ ਵਿੱਚ ਹੈ। ਹੋਲਗੜ੍ਹ ਗੁਰਦੁਆਰੇ ਦੇ ਨੇੜੇ ਚੱਕੀ ਦਾ ਆਰਾ ਚੱਕ ਨਾਨਕੀ ਵਿੱਚ ਹੈ। ਰੇਲਵੇ ਦਾ ਪੁਲ ਚੱਕ ਨਾਨਕੀ ਵਿੱਚ ਹੈ। ਸ੍ਰੀ ਕੇਸਗੜ੍ਹ ਸਾਹਿਬ ਦੇ ਹੇਠਾਂ ਵੱਲ ਦਾ ਸਰੋਵਰ ਤੇ ਮਿਲਕ ਬਾਰ ਪਿੰਡ ਲੋਧੀਪੁਰ ਵਿੱਚ ਹੈ। ਥਾਣੇ ਦੇ ਨਾਲ ਦਾ ਬਾਗ ਚੱਕ ਨਾਨਕੀ ਦਾ ਹਿੱਸਾ ਹੈ। ਖਾਲਸਾ ਹਾਈ ਸਕੂਲ ਸਹੋਟਾ ਵਿੱਚ ਹੈ। ਨਿਹੰਗ ਸਿੰਘਾਂ ਦੇ ਇੰਤਜ਼ਾਮ ਹੇਠਲਾ ਸ਼ਹੀਦੀ ਬਾਗ ਪਿੰਡ ਲੋਧੀਪੁਰ ਵਿੱਚ ਹੈ। ਕੇਸਗੜ੍ਹ ਸਾਹਿਬ ਅਤੇ ਨਾਲ ਦੇ ਬਜ਼ਾਰਾਂ ਤੋਂ ਸ੍ਰੀ ਕੇਸਗੜ੍ਹ ਸਾਹਿਬ ਅਤੇ ਆਨੰਦਗੜ੍ਹ ਸਾਹਿਬ ਕਿਲ੍ਹੇ ਤੱਕ ਦਾ ਸਾਰਾ ਇਲਾਕਾ ਸ੍ਰੀ ਆਨੰਦਪੁਰ ਸਾਹਿਬ ਵਿੱਚ ਹਨ ਅਤੇ ਚਰਨ ਗੰਗਾ ਦਾ ਪੁਲ ਚੱਕ ਨਾਨਕੀ ਵਿੱਚ ਹੈ। ਸ੍ਰੀ ਗੁਰੂ ਤੇਗ ਬਹਾਦਰ ਖਾਲਸਾ ਕਾਲਜ ਪਿੰਡ ਮਟੌਰ ਵਿੱਚ ਹੈ। ਇਨ੍ਹਾਂ ਸਾਰੇ ਪਿੰਡਾਂ ਦੀਆਂ ਹੱਦਾਂ ਸਿਰਫ ਸਰਕਾਰੀ ਕਾਗ਼ਜ਼ਾਂ ਤੋਂ ਹੀ ਪਤਾ ਲੱਗ ਸਕਦੀਆਂ ਹਨ ਕਿਉਂਕਿ ਅੱਜਕੱਲ੍ਹ ਇਹ ਸਾਰੇ ਪਿੰਡ ਸ੍ਰੀ ਆਨੰਦਪੁਰ ਸਾਹਿਬ ਦਾ ਹਿੱਸਾ ਹੀ ਹਨ। ਸਤਲੁਜ ਦਰਿਆ ਕੇਸਗੜ੍ਹ ਦੀ ਪਹਾੜੀ ਦੇ ਨਾਲ ਵਗਦਾ ਸੀ, ਪਰ ਹੁਣ ਇਹ ਲਗਭਗ ਪੰਜ ਕਿਲੋਮੀਟਰ ਦੂਰ ਚਲਾ ਗਿਆ ਹੈ। ਹਿਮੈਤੀ ਨਾਲਾ, ਜੋ ਆਨੰਦਗੜ੍ਹ ਕਿਲ੍ਹੇ ਦੀ ਹਿਫ਼ਾਜਤ ਕਰਦਾ ਸੀ, ਦਾ ਨਾਮੋ-ਨਿਸ਼ਾਨ ਮਿਟ ਗਿਆ ਹੈ। ਕਾਫ਼ੀ ਚੋਅ ਅਤੇ ਨਾਲੇ ਖਤਮ ਹੋ ਗਏ ਹਨ। ਚਰਨਗੰਗਾ 'ਤੇ ਪੁਲ ਬਣ ਗਿਆ ਹੈ ਅਤੇ ਕੇਸਗੜ੍ਹ ਸਾਹਿਬ ਦੇ ਨਾਲ ਦੀ ਤੰਬੂ ਵਾਲੀ ਪਹਾੜੀ ਖੁਰ ਕੇ ਲੋਪ ਹੋ ਚੁੱਕੀ ਹੈ। ਕੇਸਗੜ੍ਹ ਤੇ ਆਨੰਦਗੜ੍ਹ ਵਿਚਲੀ ਪਹਾੜੀ ਨੂੰ ਕੱਟ ਕੇ ਸੜਕ ਬਣਾ ਦਿੱਤੀ ਗਈ ਹੈ। ਮੌਜੂਦਾ ਸ੍ਰੀ ਆਨੰਦਪੁਰ ਸਾਹਿਬ ਦਸਵੇਂ ਗੁਰੂ ਸਾਹਿਬ ਦੇ ਵੇਲੇ ਦੇ ਆਨੰਦਪੁਰ ਸਾਹਿਬ ਤੋਂ ਬਹੁਤ ਵੱਖਰਾ ਹੈ। ਅੱਜ ਸ੍ਰੀ ਆਨੰਦਪੁਰ ਸਾਹਿਬ ਇੱਕ ਸਬ-ਡਵੀਜਨ ਹੈ। ਇਸ ਵਿੱਚ ਆਨੰਦਪੁਰ ਸਾਹਿਬ, ਕੀਰਤਪੁਰ ਸਾਹਿਬ, ਨੂਰਪੁਰ ਬੇਦੀ ਆਦਿ ਕਸਬੇ ਸ਼ਾਮਿਲ ਹਨ। ਪਹਿਲਾਂ ਨੰਗਲ ਸ਼ਹਿਰ ਦਾ ਇਲਾਕਾ ਵੀ ਇਸ ਵਿੱਚ ਸ਼ਾਮਿਲ ਸੀ, ਪਰ ਹੁਣ ਨੰਗਲ ਨੂੰ ਵੱਖਰੀ ਸਬ-ਡਵੀਜ਼ਨ ਬਣਾਇਆ ਗਿਆ ਹੈ। ਸ੍ਰੀ ਆਨੰਦਪੁਰ ਸਾਹਿਬ ਦੀ ਆਬਾਦੀ ਗੁਰੂ ਸਾਹਿਬ ਵੇਲੇ ਕੁਝ ਸੈਂਕੜੇ ਹੀ ਸੀ ਅਤੇ ਕੁਝ ਸੈਂਕੜੇ ਸਿੱਖ ਹਰ ਵੇਲੇ ਹੀ ਗੁਰੂ ਸਾਹਿਬ ਦੇ ਦਰਸ਼ਨਾਂ ਵਾਸਤੇ ਜੁੜੇ ਰਿਹਾ ਕਰਦੇ ਸਨ। ਮਾਰਚ ਦੇ ਆਖਰੀ ਦਿਨਾਂ ਵਿੱਚ ਹਜ਼ਾਰਾਂ ਸੰਗਤਾਂ ਸ੍ਰੀ ਆਨੰਦਪੁਰ ਸਾਹਿਬ ਵਿੱਚ ਜੁੜਿਆ ਕਰਦੀਆਂ ਸਨ। ਚਾਰ-ਪੰਜ ਦਸੰਬਰ 1705 ਦੀ ਰਾਤ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਆਨੰਦਪੁਰ ਸਾਹਿਬ ਛੱਡਿਆ ਸੀ ਤਾਂ ਉਸ ਵੇਲੇ ਸਿਰਫ਼ ਭਾਈ ਗੁਰਬਖਸ਼ ਦਾਸ ਹੀ ਇੱਥੇ ਰਹਿ ਗਏ ਸਨ। ਕੁਝ ਸਾਲਾਂ ਬਾਅਦ ਸੋਢੀ ਗੁਲਾਬ ਸਿੰਘ ਤੇ ਸ਼ਾਮ ਸਿੰਘ ਦੇ ਪਰਿਵਾਰ ਏਥੇ ਵਸਣ ਲੱਗ ਪਏ ਅਤੇ ਆਨੰਦਪੁਰ ਸਾਹਿਬ ਫੇਰ ਵਸਣਾ ਸ਼ੁਰੂ ਹੋ ਗਿਆ ਸੀ। ਅਕਾਲੀ ਫੂਲਾ ਸਿੰਘ ਵੇਲੇ ਸੋਢੀਆਂ ਦਾ ਆਗੂ ਸੁਰਜਨ ਸਿੰਘ ਅਤੇ ਉਸ ਦਾ ਪਰਿਵਾਰ ਵੀ ਇੱਥੇ ਰਿਹਾ ਕਰਦੇ ਸਨ। ਉਦੋਂ ਆਨੰਦਪੁਰ ਸਾਹਿਬ ਦੀ ਆਬਾਦੀ ਦੋ ਤਿੰਨ ਹਜ਼ਾਰ ਦੇ ਲਗਭਗ ਸੀ। ਇਸ ਮਗਰੋਂ ਆਬਾਦੀ ਵਧਣੀ ਸ਼ੁਰੂ ਹੋ ਗਈ। ਸੰਨ 1868 ਦੀ ਮਰਦਮਸ਼ੁਮਾਰੀ ਵੇਲੇ ਇੱਥੋਂ ਦੀ ਆਬਾਦੀ 6869 ਸੀ। ਵੀਹਵੀਂ ਸਦੀ ਦੇ ਸ਼ੁਰੂ ਤੱਕ ਇੱਥੇ ਘਾਤਕ ਬਿਮਾਰੀ ਫੈਲਣ ਨਾਲ ਕਾਫੀ ਲੋਕ ਇੱਥੋਂ ਜਾਣੇ ਸ਼ੁਰੂ ਹੋ ਗਏ ਸਨ। ਆਜਾਦੀ ਵੇਲੇ 1947 ਤੋਂ ਬਾਅਦ ਇੱਥੇ ਕੁਝ ਸਿੱਖ ਪਰਿਵਾਰ ਪਾਕਿਸਤਾਨ ਤੋਂ ਆ ਕੇ ਵਸਣੇ ਸ਼ੁਰੂ ਹੋਏ ਅਤੇ ਫਿਰ ਭਾਖੜਾ-ਨੰਗਲ, ਗੰਗੂਵਾਲ ਪਾਵਰ ਪ੍ਰਾਜੈਕਟ ਲੱਗਣ ਨਾਲ ਕਾਫੀ ਲੋਕ ਇੱਥੇ ਆ ਕੇ ਵੱਸ ਗਏ ਅਤੇ ਫਿਰ ਇਸ ਦੀ ਆਬਾਦੀ ਵਧਦੀ ਗਈ। ਸਾਲ 1998 ਵਿੱਚ ਆਨੰਦਪੁਰ ਸਾਹਿਬ ਦੀ ਮਿਉਂਸਿਪਲ ਕੌਂਸਲ ਏਰੀਏ ਦੀ ਆਬਾਦੀ ਤਕਰੀਬਨ 13,000 ਸੀ, ਜੋ 2011 ਦੀ ਜਨਗਣਨਾ ਅਨੁਸਾਰ 16,282 ਤੱਕ ਪਹੁੰਚ ਗਈ ਸੀ। ਮੌਜੂਦਾ ਸਮੇਂ ਇਸ ਵਿੱਚ ਹੋਰ ਵਾਧਾ ਹੋਇਆ ਹੈ। ਇਸ ਇਲਾਕੇ ਵਿੱਚ ਕਈ ਪ੍ਰਮੁੱਖ ਗੁਰਦੁਆਰੇ ਤਖਤ ਸ੍ਰੀ ਕੇਸਗੜ੍ਹ ਸਾਹਿਬ, ਸੀਸਗੰਜ, ਭੌਰਾ ਸਾਹਿਬ, ਥੜ੍ਹਾ ਸਾਹਿਬ, ਅਕਾਲ ਬੁੰਗਾ ਸਾਹਿਬ, ਦਮਦਮਾ ਸਾਹਿਬ, ਮੰਜੀ ਸਾਹਿਬ, ਸ਼ਹੀਦੀ ਬਾਗ, ਮਾਤਾ ਜੀਤ ਕੌਰ, ਗੁਰੂ ਕਾ ਮਹਿਲ ਆਦਿ ਸਥਾਪਿਤ ਹਨ। ਗੁਰੂ ਗੋਬਿੰਦ ਸਿੰਘ ਜੀ ਵੱਲੋਂ ਸ਼ੁਰੂ ਕੀਤੀ ਗਈ ਹੋਲਾ ਮਹੱਲਾ ਕੱਢਣ ਦੀ ਰੀਤ ਹੁਣ ਵੀ ਜਾਰੀ ਹੈ। ਸ੍ਰੀ ਆਨੰਦਪੁਰ ਸਾਹਿਬ ਤੋਂ ਇਲਾਵਾ ਸ੍ਰੀ ਹਜ਼ੂਰ ਸਾਹਿਬ ਨਾਂਦੇੜ ਅਤੇ ਪਾਉਂਟਾ ਸਾਹਿਬ ਵਿੱਚ ਵੀ ਇਹ ਮੇਲਾ ਖਾਲਸਾਈ ਸ਼ਾਨੋ-ਸ਼ੌਕਤ ਨਾਲ ਮਨਾਇਆ ਜਾਂਦਾ ਹੈ। ਮੌਜੂਦਾ ਸਮੇਂ ਸ੍ਰੀ ਆਨੰਦਪੁਰ ਸਾਹਿਬ ਦੀ ਧਰਤੀ 'ਤੇ ਝੂਲਦੇ ਖਾਲਸਾਈ ਨਿਸ਼ਾਨ ਸਾਹਿਬ ਗੁਰੂ ਸਾਹਿਬ ਦੀ ਨਗਰੀ ਦੀ ਸ਼ਾਨ ਵਧਾਉਂਦੇ ਹਨ, ਪਰ ਬਿਲਾਸਪੁਰ ਰਿਆਸਤ ਦੇ ਜਿਸ ਰਾਜੇ ਨੇ ਗੁਰੂ ਸਾਹਿਬ ਨੂੰ ਸ੍ਰੀ ਆਨੰਦਪੁਰ ਸਾਹਿਬ ਛੱਡਣ ਲਈ ਮਜਬੂਰ ਕੀਤਾ ਸੀ, ਉਸ ਦੀ ਸੈਂਕੜੇ ਸਾਲ ਪੁਰਾਣੀ ਰਾਜਧਾਨੀ ਬਿਲਾਸਪੁਰ ਦੇ ਕਈ ਮਹਿਲ ਖਤਮ ਹੋ ਗਏ ਹਨ। ਸਰਕਾਰ ਵੱਲੋਂ ਖਾਲਸਾ ਸਾਜਨਾ ਦਿਵਸ ਦੇ ਤਿੰਨ ਸੌ ਸਾਲਾ ਜਸ਼ਨਾਂ ਮੌਕੇ ਸਾਲ 1999 ਵਿੱਚ ਸ੍ਰੀ ਆਨੰਦਪੁਰ ਸਾਹਿਬ ਵਿੱਚ ਕਈ ਨਵੀਆਂ ਇਮਾਰਤਾਂ ਦੀ ਉਸਾਰੀ ਕਰਵਾਈ ਗਈ, ਜਿਸ ਨਾਲ ਸ਼ਹਿਰ ਦੀ ਦਿੱਖ ਨਵੀਂ ਅਤੇ ਹੋਰ ਵੀ ਸੁੰਦਰ ਹੋ ਗਈ। ਇਸ ਇਲਾਕੇ ਵਿੱਚ ਇਮਾਰਤਾਂ 'ਤੇ ਸਫੈਦ ਰੰਗ ਹੋਣ ਕਾਰਨ ਇਸ ਨੂੰ ਸਫੈਦ ਸ਼ਹਿਰ ਆਖਿਆ ਜਾਂਦਿਆ ਹੈ। ਸਰਕਾਰ ਵੱਲੋਂ ਇੱਥੇ ਵਿਰਾਸਤ-ਏ-ਖਾਲਸਾ ਦਾ ਨਿਰਮਾਣ ਕਰਵਾਇਆ ਗਿਆ ਹੈ, ਜਿੱਥੇ ਹਰ ਸਾਲ ਲੱਖਾਂ ਸੈਲਾਨੀ ਸ੍ਰੀ ਆਨੰਦਪੁਰ ਸਾਹਿਬ ਦੇ ਇਸ ਵਿਸ਼ਵ ਪ੍ਰਸਿੱਧ ਅਜੂਬੇ ਦੇ ਦਰਸ਼ਨ ਕਰਦੇ ਹਨ ਅਤੇ ਗੌਰਵਮਈ ਸਿੱਖ ਇਤਿਹਾਸ ਬਾਰੇ ਜਾਣਕਾਰੀ ਹਾਸਿਲ ਕਰਦੇ ਹਨ। ਇੱਥੇ ਕਈ ਸਰਕਾਰੀ ਤੇ ਪ੍ਰਾਈਵੇਟ ਗੈਸਟ ਹਾਊਸ ਅਤੇ ਹੋਟਲ ਬਣਾਏ ਗਏ ਹਨ। ਸਰਕਾਰ ਵੱਲੋਂ ਇੱਥੇ ਬਣਾਈ ਗਈ ਕਿਸਾਨ ਹਵੇਲੀ ਵਿੱਚ ਵਿਸ਼ਾਲ ਕਮਰੇ ਸ਼ਿਵਾਲਿਕ ਪਹਾੜੀਆਂ ਨਾਲ ਘਿਰੇ ਸ਼ਹਿਰ ਦੇ ਸ਼ਾਨਦਾਰ ਦ੍ਰਿਸ਼ ਪੇਸ਼ ਕਰਦੇ ਹਨ। ਚੰਡੀਗੜ੍ਹ ਮੁੱਖ ਮਾਰਗ 'ਤੇ ਪੰਜ ਪਿਆਰੇ ਪਾਰਕ ਬਣਾਇਆ ਗਿਆ ਹੈ, ਜਿਸ ਵਿਚ ਲਗਭਗ 81 ਫੁੱਟ ਉੱਚਾ ਖੰਡਾ ਸਥਿਤ ਹੈ, ਜੋ ਦੁਨੀਆ 'ਚ ਸਭ ਤੋਂ ਉੱਚਾ ਅਤੇ ਸਭ ਤੋਂ ਵੱਡਾ ਹੈ। ਭਾਰਤ ਸਰਕਾਰ ਵੱਲੋਂ ਇੱਥੇ ਬਣੇ ਰੇਲਵੇ ਸਟੇਸ਼ਨ ਨੂੰ ਨਵੀਂ ਦਿੱਖ ਦਿੱਤੀ ਜਾ ਰਹੀ ਹੈ। ਹਰ ਸਾਲ ਵਾਂਗ ਇਸ ਵਾਰ ਵੀ ਸਰਕਾਰ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਇਤਿਹਾਸਕ ਅਹਿਮੀਅਤ ਵਾਲੇ ਇਸ ਤਿਉਹਾਰ ਲਈ ਵਿਆਪਕ ਪ੍ਰਬੰਧ ਕੀਤੇ ਗਏ ਹਨ। ਵੱਖ-ਵੱਖ ਸਮਾਜਿਕ, ਧਾਰਮਿਕ ਤੇ ਰਾਜਨੀਤਿਕ ਸੰਸਥਾਵਾਂ ਵੱਲੋਂ ਵੀ ਇਸ ਤਿਉਹਾਰ ਸਬੰਧੀ ਪ੍ਰਬੰਧ ਅਤੇ ਤਿਆਰੀਆਂ ਕੀਤੀਆਂ ਗਈਆਂ ਹਨ।

ਕੁਲਦੀਪ ਚੰਦ

# ਯੁਮਨ ਪੰਜਾਬੀ ਸਾਹਿਤ ਸਭਾ ਬਟਾਲਾ ਵੱਲੋਂ ਬਟਾਲੇ ਵਿਚ ਪਹਿਲਾ ਸ੍ਰੀ ਬਰਕਤ ਰਾਮ ਯੁਮਨ ਯਾਦਗਾਰੀ ਕਵੀ ਦਰਬਾਰ

ਯੁਮਨ ਪੰਜਾਬੀ ਸਾਹਿਤ ਸਭਾ ਬਟਾਲਾ ਵੱਲੋਂ ਸਿਟੀਜਨਜ ਸੋਸਲ ਵੈਲਫੇਅਰ ਫੋਰਮ (ਰਜਿ) ਬਟਾਲਾ ਦੇ ਸਹਿਯੋਗ ਨਾਲ ਸਥਾਨਕ ਅਰਬਨ ਅਸਟੇਟ ਵਿੱਚ 26 ਜਨਵਰੀ 2026 ਵਾਲੇ ਦਿਨ ਸ੍ਰੀ ਮੇਲਾ ਰਾਮ ਤਾਇਰ, ਸ੍ਰੀ ਨੰਦ ਲਾਲ ਨੂਰਪੁਰੀ, ਸ੍ਰੀ ਗੋਪਾਲ ਦਾਸ ਗੋਪਾਲ ਅਤੇ ਸ੍ ਹਜਾਰਾ ਸਿੰਘ ਗੁਰਦਾਸਪੁਰੀ ਵਰਗੇ ਸਾਇਰਾਂ ਦੀ ਸੰਗਤ ਵਿੱਚ ਪੰਜਾਬ ਅੰਦਰ ਕਵੀ ਦਰਬਾਰਾਂ ਦੀ ਸਾਨ ਰਹੇ ਪ੍ਰਸਿੱਧ ਕਵੀ ਸ੍ਰੀ ਬਰਕਤ ਰਾਮ ਯੁਮਨ ਜੀ ਦੀ ਯਾਦ ਵਿੱਚ ਉਹਨਾਂ ਦੇ ਜਨਮ ਦਿਨ ਮੌਕੇ ਅਰਬਨ ਅਸਟੇਟ ਕਾਦੀਆਂ ਰੋਡ,ਬਟਾਲਾ ਵਿਖੇ ਇਕ ਸਮਾਗਮ ਕਰਵਾਇਆ ਗਿਆ। ਇਸ ਸਮਾਗਮ ਦੀ ਪ੍ਰਧਾਨਗੀ ਪ੍ਰਿੰਸੀਪਲ ਹਰਭਜਨ ਸਿੰਘ ਭਾਗੋਵਾਲੀਆ, ਸ੍ਰੀ ਸੁਨੀਲ ਯੁਮਨ, ਸ੍ ਰਣਦੀਪ ਸਿੰਘ ਬੇਦੀ, ਪ੍ਰੋ ਜਸਬੀਰ ਸਿੰਘ ਵਿਰਕ ਅਤੇ ਪ੍ਰੋ ਸੁਖਵੰਤ ਸਿੰਘ ਗਿੱਲ ਉੱਪਰ ਅਧਾਰਿਤ ਪ੍ਰਧਾਨਗੀ ਮੰਡਲ ਨੇ ਕੀਤੀ। ਸ੍ਰੀ ਬਰਕਤ ਰਾਮ ਯੁਮਨ ਦਾ ਪੰਜਾਬੀ ਦੇ ਉਸਤਾਦ ਕਵੀਆਂ ਵਿੱਚ ਖਾਸ ਨਾਂ ਹੈ । ਉਨ੍ਹਾਂ ਨੂੰ ਪੰਜਾਬ, ਪੰਜਾਬੀ ਅਤੇ ਇੱਥੋਂ ਦੀ ਭਾਈਚਾਰਕ ਸਾਂਝ ਨਾਲ ਬਹੁਤ ਪਿਆਰ ਸੀ। ਉਹਨਾਂ ਦਾ ਜਨਮ ਪਿੰਡ ਭੁੱਟਾ, ਤਹਿਸੀਲ ਸਿਆਲਕੋਟ (ਪਾਕਿਸਤਾਨ) ਵਿੱਚ 26 ਜਨਵਰੀ 1905 ਨੂੰ ਹੋਇਆ ਅਤੇ ਉਹ ਵੰਡ ਤੋਂ ਬਾਅਦ ਬਟਾਲੇ ਆ ਕੇ ਵੱਸ ਗਏ ਸਨ। ਉਹਨਾਂ ਦਾ ਵੱਡਾ ਬੇਟਾ ਸ੍ਰੀ ਓਮ ਪ੍ਰਕਾਸ ਯੁਮਨ ਦਿੱਲੀ ਵਿੱਚ ਅਤੇ ਛੋਟਾ ਬੇਟਾ ਸ੍ਰੀ ਪ੍ਰੇਮ ਪ੍ਰਕਾਸ ਯੁਮਨ ਬਟਾਲੇ ਵਿੱਚ ਵੱਸੇ ਸਨ। ਉਹਨਾਂ ਦੇ ਦੋਵੇਂ ਬੇਟੇ ਹੁਣ ਇਸ ਸੰਸਾਰ ਵਿੱਚ ਨਹੀਂ ਹਨ, ਪਰ ਸ੍ਰੀ ਓਮ ਪ੍ਰਕਾਸ ਯੁਮਨ ਜੀ ਦੇ ਬੇਟੇ ਸ੍ਰੀ ਸੁਭਾਸ ਯੁਮਨ ਅਤੇ ਸ੍ਰੀ ਪ੍ਰੇਮ ਪ੍ਰਕਾਸ ਯੁਮਨ ਜੀ ਦੇ ਬੇਟੇ ਸ੍ਰੀ ਸੁਨੀਲ ਯੁਮਨ ਦੇ ਸਰਗਰਮ ਸਹਿਯੋਗ, ਇੱਛਾ ਅਤੇ ਪ੍ਰੇਰਨਾ ਅਨੁਸਾਰ ਸਿਟੀਜਨਜ ਸੋਸਲ ਵੈਲਫੇਅਰ ਫੋਰਮ ਬਟਾਲਾ ਵੱਲੋਂ 22 ਦਸੰਬਰ 2025 ਨੂੰ "ਯੁਮਨ ਪੰਜਾਬੀ ਸਾਹਿਤ ਸਭਾ ਬਟਾਲਾ" ਦੀ ਸਥਾਪਨਾ ਕੀਤੀ ਗਈ ਸੀ। ਸ੍ਰੀ ਬਰਕਤ ਰਾਮ ਯੁਮਨ ਨੇ ਆਪਣੇ ਜੀਵਨ ਕਾਲ ਦੌਰਾਨ ਬਹੁਤ ਵਧੀਆ ਕਵਿਤਾਵਾਂ ਅਤੇ ਗਜਲਾਂ ਰਾਹੀਂ ਪੰਜਾਬੀ ਸਾਹਿਤ ਵਿੱਚ ਆਪਣਾ ਚੰਗਾ ਯੋਗਦਾਨ ਪਾਇਆ ਅਤੇ ਆਖਰਕਾਰ 22 ਦਸੰਬਰ 1967 ਨੂੰ ਉਹ ਬਟਾਲੇ ਵਿੱਚ ਹੀ ਇਸ ਸੰਸਾਰ ਨੂੰ ਅਲਵਿਦਾ ਕਹਿ ਗਏ ਸਨ। ਉਹਨਾਂ ਦੇ ਪਰਿਵਾਰ ਵੱਲੋਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਦੇ ਪੰਜਾਬੀ ਵਿਭਾਗ ਦੀ ਇੱਛਾ ਅਨੁਸਾਰ ਉਹਨਾਂ ਦੀਆਂ ਸਾਰੀਆਂ ਲਿਖਤਾਂ ਯੂਨੀਵਰਸਿਟੀ ਨੂੰ ਸੌਂਪੀਆਂ ਗਈਆਂ ਸਨ ਅਤੇ ਯੂਨੀਵਰਸਿਟੀ ਨੇ ਇੱਕ ਕਿਤਾਬ "ਸ੍ਰੀ ਬਰਕਤ ਰਾਮ ਯੁਮਨ - ਜੀਵਨ ਤੇ ਰਚਨਾ" ਵੀ ਪ੍ਰਕਾਸਿਤ ਕੀਤੀ ਸੀ। ਪਰ ਹੁਣ ਉਹ ਕਿਤਾਬ ਕਿੱਥੇ ਹੈ ? ਅਤੇ ਉਹਨਾਂ ਦੀਆਂ ਲਿਖਤਾਂ ਕਿੱਥੇ ਹਨ ? ਇਸ ਬਾਰੇ ਮੈਨੂੰ ਕੋਈ ਜਾਣਕਾਰੀ ਨਹੀਂ ਹੈ। ਇਸ ਵੇਲੇ ਲੋੜ ਹੈ ਕਿ ਉਹਨਾਂ ਦੀਆਂ ਸਮੂਹ ਲਿਖਤਾਂ ਨੂੰ ਦੁਬਾਰਾ ਪ੍ਰਕਾਸਿਤ ਕੀਤਾ ਜਾਵੇ ਤਾਂ ਜੋ ਪੰਜਾਬੀ ਪਾਠਕ ਉਹਨਾਂ ਦੀ ਲਿਖਤਾਂ ਤੋਂ ਜਾਣੂ ਹੋ ਸਕਣ।

ਆਓ! ਹੁਣ ਸ੍ਰੀ ਬਰਕਤ ਰਾਮ ਯੁਮਨ ਜੀ ਦੀ ਯਾਦ ਵਿੱਚ ਉਹਨਾਂ ਦੇ ਜਨਮ ਦਿਨ ਮੌਕੇ ਅਰਬਨ ਅਸਟੇਟ ਕਾਦੀਆਂ ਰੋਡ,ਬਟਾਲਾ ਵਿਖੇ ਕਰਵਾਏ ਗਏ ਸਮਾਗਮ ਦੀ ਗੱਲ ਮੁੜ ਸੁਰੂ ਕਰੀਏ। ਜਦੋਂ ਯੁਮਨ ਜੀ ਦੀ ਯਾਦ ਵਿੱਚ ਸਮਾਗਮ ਦੀ ਗੱਲ ਸੋਸਲ ਮੀਡੀਆ ਉੱਪਰ ਸਰਕੂਲੇਟ ਹੋਈ, ਤਾਂ ਉਸ ਸਮੇਂ ਪ੍ਰੋ ਗੁਰਭਜਨ ਗਿੱਲ, ਸ੍ਰੀ ਸੁਭਾਸ ਯੁਮਨ ਅਤੇ ਡਾ ਅਰਤਿੰਦਰ ਸੰਧੂ ਹੁਰਾਂ ਨੇ ਯੁਮਨ ਜੀ ਬਾਰੇ ਜਾਣਕਾਰੀ ਸਾਂਝੀ ਕੀਤੀ।

ਇਹਨਾਂ ਵਿੱਚੋਂ ਪ੍ਰੋ ਗੁਰਭਜਨ ਗਿੱਲ ਨੇ ਲਿਖਿਆ ਕਿ "ਸਟੇਜੀ ਕਵਿਤਾ ਦੇ ਬੁਲੰਦ ਦਰਵਾਜੇ ਵਜੋਂ ਜਾਣੇ ਜਾਂਦੇ ਸਾਇਰ ਬਰਕਤ ਰਾਮ ਯੁਮਨ ਜੀ ਬਾਰੇ ਬਚਪਨ ਵਿੱਚ ਉਦੋਂ ਜਾਣਿਆ ਜਦ ਬਟਾਲਾ ਤੋਂ ਛਪੇ ਸਾਹਿੱਤਕ ਮੈਗਜੀਨ "ਭਾਵਨਾ" ਵਿੱਚ ਉਨ੍ਹਾਂ ਦਾ ਲਿਖਿਆ ਨੰਦ ਲਾਲ ਨੂਰਪੁਰੀ ਜੀ ਬਾਰੇ ਲੇਖ ਪੜ੍ਹਿਆ। ਇਸ ਮੈਗਜੀਨ ਨੂੰ ਪ੍ਰਬੁੱਧ ਪੰਜਾਬੀ ਕਵੀ ਸੁਰਿੰਦਰ ਕਾਹਲੋਂ ਸੰਪਾਦਿਤ ਕਰਦੇ ਸਨ। ਬਟਾਲਾ ਦੇ ਬਹੁਤੇ ਲੇਖਕ ਉਨ੍ਹਾਂ ਨੂੰ ਉਸਤਾਦ ਸਾਇਰ ਦੇ ਰੂਪ ਵਿੱਚ ਜਾਣਦੇ ਸਨ। ਸਿਵ ਕੁਮਾਰ ਬਟਾਲਵੀ ਜੀ ਬਾਰੇ ਵੀ ਕਿਹਾ ਜਾਂਦਾ ਹੈ ਕਿ ਮੁੱਢਲੇ ਦੌਰ ਵਿੱਚ ਉਨ੍ਹਾਂ ਤੋਂ ਹੀ ਸਲਾਹ ਲੈਂਦੇ ਸਨ। ਹੋਰ ਵੀ ਬਹੁਤ ਕਵੀ ਉਨ੍ਹਾਂ ਦੇ ਸਾਗਿਰਦ ਬਣੇ।"

ਪ੍ਰਸਿੱਧ ਲੇਖਿਕਾ ਡਾ ਅਰਤਿੰਦਰ ਸੰਧੂ ਵੱਲੋਂ ਸ੍ਰੀ ਬਰਕਤ ਰਾਮ ਯੁਮਨ ਜੀ ਬਾਰੇ ਦਿੱਤੀ ਜਾਣਕਾਰੀ ਅਨੁਸਾਰ "ਮੇਰੇ ਸਕੂਲ ਪੜ੍ਹਦੇ ਵੇਲੇ ਬਰਕਤ ਰਾਮ ਯੁਮਨ ਹੋਰੀਂ ਸਕੂਲਾਂ ਵਿੱਚ ਘੁੰਮਿਆਂ ਕਰਦੇ ਸਨ। ਆਪਣੀਆਂ ਕਵਿਤਾਵਾਂ ਵਾਲੀਆਂ ਤਕਰੀਬਨ ਬਾਰਾਂ ਜਾਂ ਸੋਲਾਂ ਕੁ ਪੰਨਿਆਂ ਵਾਲੀਆਂ ਮਿੰਨੀ ਕਿਤਾਬਾਂ , ਜਿਨ੍ਹਾਂ ਨੂੰ ਅਸੀਂ ਕਿੱਸੇ ਕਹਿੰਦੇ ਸਾਂ, ਛਪਵਾਈਆਂ ਹੁੰਦੀਆਂ ਸਨ। ਇੱਕ ਆਨੇ ਦਾ ਕਿੱਸਾ ਹੁੰਦਾ ਸੀ । ਅਧਿਆਪਕ ਕਹਿ ਦਿੰਦੇ ਜਿਨ੍ਹਾਂ ਵੀ ਇਹ ਕਿੱਸਾ ਖਰੀਦਣਾ ਹੈ, ਆਪਣੇ ਆਪਣੇ ਘਰਾਂ ਤੋਂ ਇੱਕ ਇੱਕ ਆਨਾ ਲੈ ਆਓ । ਅਸੀਂ ਘਰਾਂ ਤੋਂ ਇੱਕ ਇੱਕ ਆਨਾ ਲਿਆ ਕੇ ਕਿੱਸੇ ਖਰੀਦ ਲੈਂਦੇ। ਇੱਕ ਕਵਿਤਾ ਦੀਆਂ ਕੁਝ ਸਤਰਾਂ ਤਾਂ ਅਜੇ ਵੀ ਚੇਤੇ ਹਨ, ਜੋ ਹੁਣ ਵਾਲੇ ਸਮੇਂ ਦੀ ਤਸਵੀਰ ਹੈ:

ਇੱਕ ਭਾਈਆ ਅਸੀਂ ਤਿੰਨ ਹਾਂ ਭਰਾ<br>
ਸਾਡੀ ਵੱਖੋ ਵੱਖ ਪਾਰਟੀ<br>
ਭਾਈਆ ਸੰਨ ਉੱਨੀ ਤੋਂ ਕਾਂਗਰਸ ਸਦਾਵੰਦਾ<br>
ਇੱਕ ਸੋਸਲਿਸਟ ਦੂਜਾ ਸੰਘ ਵਿੱਚ ਜਾਵੰਦਾ<br>
ਤੀਜਾ ਕਮਿਊਨਿਸਟਾਂ ਲਿਆ ਏ ਰਲਾਅ<br>
ਸਾਡੀ ਵੱਖੋ ਵੱਖ ਪਾਰਟੀ



ਜਿਹੜਾ ਕਾਮਯਾਬ ਹੋਵੇ ਏਸ ਇਤਖਾਬ ਵਿੱਚ<br>
ਜਿਹੜਾ ਵੀ ਵਜਾਰਤਾਂ ਬਣਾਏਗਾ ਪੰਜਾਬ ਵਿੱਚ<br>
ਹਿੱਸਾ ਸਾਰੇ ਪਾਸੇ ਲੈਣਾ ਏਂ ਵੰਡਾਅ<br>
ਸਾਡੀ ਵੱਖੋ ਵੱਖ ਪਾਰਟੀ।"

ਉਹਨਾਂ ਦੇ ਨਵੀਂ ਦਿੱਲੀ ਵਿੱਚ ਵੱਸ ਚੁੱਕੇ ਪੋਤਰੇ ਸ੍ਰੀ ਸੁਭਾਸ ਯੁਮਨ ਨੇ ਇਸ ਪ੍ਰਸਤਾਵਿਤ ਸਮਾਗਮ ਸਬੰਧੀ ਆਪਣੀ ਖੁਸੀ ਮੇਰੇ ਨਾਲ ਇਸ ਤਰ੍ਹਾਂ ਜਾਹਿਰ ਕੀਤੀ "ਮੈਨੂੰ ਬਹੁਤ ਖੁਸ਼ੀ ਹੋਈ ਇਹ ਜਾਣ ਕੇ, ਕਿ ਮੇਰੇ ਦਾਦਾ ਸ੍ਰੀ ਬਰਕਤ ਰਾਮ ਯੁਮਨ ਜੀ ਦੀ ਯਾਦ ਵਿਚ ਮੇਰੇ ਛੋਟੇ ਭਾਈ ਸੁਨੀਲ ਯੁਮਨ ਦੀ ਇੱਛਾ ਅਨੁਸਾਰ ਸਿਟੀਜਨਜ ਸੋਸਲ ਵੈਲਫੇਅਰ ਫੋਰਮ ਬਟਾਲਾ ਵੱਲੋਂ "ਯੁਮਨ ਪੰਜਾਬੀ ਸਾਹਿਤ ਸਭਾ ਬਟਾਲਾ" ਦੀ ਸਥਾਪਨਾ ਕੀਤੀ ਗਈ ਹੈ। ਇਸ ਸਭਾ ਦੀ ਸਥਾਪਨਾ ਕਰਨ ਵਿੱਚ ਤੁਹਾਡਾ, ਸ੍ਰੀ ਜੋਗਿੰਦਰ ਬਟਾਲਵੀ, ਸ੍ਰੀ ਬਲਬੀਰ ਸਿੰਘ ਕਲਸੀ, ਸ੍ਰੀ ਸੁਨੀਲ ਯੁਮਨ, ਅਤੇ ਸ੍ਰੀ ਰਵੀ ਕੁਮਾਰ ਬਿੱਟੂ ਦੇ ਅਹਿਮ ਯੋਗਦਾਨ ਦਾ ਮੈਂ ਦਿਲੀ ਮਸ਼ਕੂਰ ਹਾਂ। ਯੁਮਨ ਜੀ ਦੇ ਜਨਮ ਦਿਨ 26 ਜਨਵਰੀ ਤੇ ਆਪ ਸਭਨਾਂ ਨੇ ਜੋ ਪ੍ਰੋਗਰਾਮ ਰਖਿਆ ਏ , ਉਸ ਵਿਚ ਸ਼ਿਰਕਤ ਕਰਨ ਦੀ ਮੇਰੀ ਪੂਰੀ ਕੋਸ਼ਿਸ਼ ਰਹੇਗੀ।"

ਯੁਮਨ ਪੰਜਾਬੀ ਸਾਹਿਤ ਸਭਾ ਬਟਾਲਾ ਵੱਲੋਂ ਆਯੋਜਿਤ ਇਸ ਪਲੇਠੇ ਕਵੀ ਦਰਬਾਰ ਦੇ ਸੁਭ ਅਵਸਰ 'ਤੇ "ਸ੍ਰੀ ਬਰਕਤ ਰਾਮ ਯੁਮਨ ਯਾਦਗਾਰੀ ਐਵਾਰਡ 2026" ਬਟਾਲੇ ਦੇ ਨਾਮਵਰ ਪੰਜਾਬੀ ਕਵੀ ਸ੍ਰੀ ਅਜੀਤ ਕਮਲ ਜੀ ਨੂੰ ਬਹੁਤ ਹੀ ਮਾਣ ਅਤੇ ਸਤਿਕਾਰ ਨਾਲ ਭੇਂਟ ਕੀਤਾ ਗਿਆ। ਇਹਨਾਂ ਤੋਂ ਇਲਾਵਾ ਸ੍ ਦੀਦਾਰ ਸਿੰਘ ਭਿੰਡਰ ਅਤੇ ਸ੍ ਮੱਖਣ ਸਿੰਘ ਪੰਨੂ ਨੂੰ "ਸੁਯੋਗ ਪ੍ਰਬੰਧਕ" ਦੇ ਤੌਰ ਤੇ ਸਨਮਾਨਿਤ ਕੀਤਾ ਗਿਆ।

ਉਪਰੋਕਤ ਸਮਾਗਮ ਦੌਰਾਨ ਇੱਕ ਸਾਨਦਾਰ ਕਵੀ ਦਰਬਾਰ ਹੋਇਆ। ਇਸ ਕਵੀ ਦਰਬਾਰ ਅੰਦਰ ਸ੍ਰੀ ਸੁਨੀਲ ਯੁਮਨ, ਮਾਸਟਰ ਰਤਨ ਲਾਲ, ਸ੍ਰੀ ਰਮੇਸ ਕੁਮਾਰ ਜਾਨੂੰ, ਸ੍ਰੀ ਵਿਜੇ ਅਗਨੀਹੋਤਰੀ, ਸ੍ ਬਲਬੀਰ ਸਿੰਘ ਕਲਸੀ, ਸ੍ਰੀ ਅਸੋਕ ਕੁਮਾਰ ਪੁਰੀ, ਸ੍ਰੀ ਜਗਨਨਾਥ ਨਿਮਾਣਾ ਉਦੋਕੇ, ਮੈਨੇਜਰ ਅਤਰ ਸਿੰਘ, ਸ੍ ਗੁਰਨਾਮ ਸਿੰਘ ਤੱਖਰ, ਸ੍ਰੀ ਰਵਿੰਦਰ ਸਰਮਾ ਯੁਮਨ, ਸ੍ਰੀ ਪੁਰਸੋਤਮ ਸਿੰਘ ਲੱਲੀ, ਸ੍ਰੀ ਸੁਲਤਾਨ ਭਾਰਤੀ ਅਤੇ ਸ੍ਰੀਮਤੀ ਕੋਮਲ ਸਰਮਾ ਯੁਮਨ ਨੇ ਭਾਗ ਲਿਆ। ਇਸ ਕਵੀ ਦਰਬਾਰ ਅੰਦਰ ਸ੍ਰੀ ਸੁਲਤਾਨ ਭਾਰਤੀ ਨੇ ਸਟੇਜ ਸਕੱਤਰ ਦੀ ਭੂਮਿਕਾ ਬਾਖੂਬੀ ਨਿਭਾਈ। ਇਸ ਕਵੀ ਦਰਬਾਰ ਦੀ ਵਿਲੱਖਣਤਾ ਇਹ ਸੀ ਕਿ ਜਿੱਥੇ ਇਸ ਕਵੀ ਦਰਬਾਰ ਅੰਦਰ ਸ੍ਰੀ ਅਜੀਤ ਕਮਲ ਅਤੇ ਸ੍ਰੀ ਵਿਜੇ ਅਗਨੀਹੋਤਰੀ ਵਰਗੇ ਪਰਿਪੱਕ ਕਵੀਆਂ ਨੇ ਆਪਣੀਆਂ ਰਚਨਾਵਾਂ ਪੇਸ ਕੀਤੀਆਂ, ਉੱਥੇ ਫੋਰਮ ਦੇ ਉਦੇਸ ਅਨੁਸਾਰ ਸ੍ਰੀ ਅਸੋਕ ਕੁਮਾਰ ਪੁਰੀ ਵਰਗੇ ਸਿਖਾਂਦਰੂਆਂ ਨੂੰ ਵੀ ਆਪਣੀਆਂ ਰਚਨਾਵਾਂ ਪੇਸ ਕਰਨ ਦਾ ਪੂਰਾ ਮੌਕਾ ਮਿਲਿਆ। ਸ੍ਰੀ ਯੁਮਨ ਜੀ ਦੇ ਪਰਿਵਾਰਿਕ ਮੈਂਬਰਾਂ ਨੇ ਜਿੱਥੇ ਆਪਣੇ ਦਾਦਾ ਜੀ ਦੀਆਂ ਯਾਦਾਂ ਸਾਂਝੀਆਂ ਕੀਤੀਆਂ, ਉੱਥੇ ਉਹਨਾਂ ਨੇ ਸਰੋਤਿਆਂ ਨੂੰ ਯੁਮਨ ਜੀ ਦੀਆਂ ਲਿਖੀਆਂ ਹੋਈਆਂ ਕੁਝ ਰਚਨਾਵਾਂ ਵੀ ਸੁਣਾਈਆਂ।



ਪ੍ਰੋ. ਸੁਖਵੰਤ ਸਿੰਘ ਗਿੱਲ

ਸ੍ਰੀ ਸੁਨੀਲ ਕੁਮਾਰ ਯੁਮਨ ਜੀ ਨੇ ਇਸ ਕਵੀ ਦਰਬਾਰ ਦੀ ਸ਼ੁਰੂਆਤ ਕਰਦਿਆਂ ਆਪਣੇ ਦਾਦਾ ਜੀ ਦੀ ਲਿਖੀ ਹੋਈ "ਮੇਰਾ ਪੰਜਾਬ" ਸਿਰਲੇਖ ਵਾਲੀ ਕਵਿਤਾ ਸੁਣਾਈ:

ਮੈਂ ਹਾਂ ਓਸ ਪੰਜਾਬ ਦੇ ਗੀਤ ਗਾਂਦਾ<br>
ਸਾਨੀ ਜਿਦ੍ਹਾ ਕੋਈ ਅੰਦਰ ਜਹਾਨ ਨਹੀਂ ਸੀ<br>
ਮਾਲਿਕ ਪੰਜਾਂ ਦਰਿਆਵਾਂ ਦੇ ਪਾਣੀਆਂ ਦਾ<br>
ਜਿਦ੍ਹੀ ਭੁੱਖਿਆਂ ਵਿਲਕਦੀ ਜਾਨ ਨਹੀਂ ਸੀ<br>
ਜਿਹੜਾ ਭਾਵੇਂ ਗੁਲਾਮ ਵੀ ਗੈਰ ਦਾ ਸੀ<br>
ਐਪਰ ਭੁੱਲਿਆ ਅਣਖ ਤੇ ਆਨ ਨਹੀਂ ਸੀ<br>
ਕੀਤੇ ਟੋਟੇ ਨਾ ਜਿਦ੍ਹੇ ਸੀ ਪੁਤਰਾਂ ਨੇ<br>
ਬਣਿਆ ਜਿਦ੍ਹੇ ਅੰਦਰ ਪਾਕਿਸਤਾਨ ਨਹੀਂ ਸੀ<br>
ਜਿਸ ਵਿਚ ਵਾਸ ਸੀ ਸਿਰਫ਼ ਪੰਜਾਬੀਆਂ ਦਾ<br>
ਮਜ਼ਬੀ ਝਗੜਿਆਂ ਦਾ ਨਾਂ ਨਿਸ਼ਾਨ ਨਹੀਂ ਸੀ<br>
ਜਿਦ੍ਹੇ ਬੱਚਿਆਂ ਕਿਸੇ ਦੀ ਚੁੱਕ ਚੜ੍ਹ ਕੇ<br>
ਕੀਤਾ ਵੱਸਦਾ ਵਤਨ ਵੀਰਾਨ ਨਹੀਂ ਸੀ<br>
ਕੀਹ ਸੀ ਦੇਸ਼ ਪੰਜਾਬ ਦੀ ਅਸਲ ਸੂਰਤ<br>
ਕੁਝ ਯਾਦ ਕਰਵਾਨਾਂ ਕੁਝ ਯਾਦ ਕਰਨਾਂ<br>
ਜੋੜੇ ਫੇਰ ਕੋਈ ਟੁੱਟਿਆਂ ਟੋਟਿਆਂ ਨੂੰ<br>
ਟੁੱਟੇ ਦਿਲੋਂ ਪਿਆ 'ਯੁਮਨ' ਫਰਿਆਦ ਕਰਨਾਂ।

ਬਟਾਲੇ ਦੇ ਪ੍ਰਸਿੱਧ ਲੋਕ ਸਾਇਰ ਸ੍ਰੀ ਵਿਜੇ ਅਗਨੀਹੋਤਰੀ ਨੇ ਆਪਣੀ ਇੱਕ ਲੰਬੀ ਕਾਵਿ ਰਚਨਾ ਸੁਣਾਈ। ਪੇਸ ਹਨ ਉਹਨਾਂ ਦੀ ਇਸ ਰਚਨਾ ਦੇ ਕੁੱਝ ਅੰਸ:-

ਬੜਾ ਦਸਦਾ ਏਂ ਦੇਸ ਤੂੰ ਹੈਂ ਮਹਾਨ ਵੇ।<br>
ਖੁਦਕਸੀ ਕਾਹਤੋਂ ਕਰਦਾ ਕਿਸਾਨ ਵੇ ?<br>
ਪੁੱਛਦੇ ਨੇ ਲੋਕ ਚੰਨ ਵੇ।<br>
ਕਿਉਂ ਲੱਗਦੀ ਨਹੀਂ ਰੋਕ ਚੰਨ ਵੇ ?<br>
ਕਿਉਂ ਲੱਗਦੀ ਨਹੀਂ ਰੋਕ ਚੰਨ ਵੇ ?<br>
ਸੋਕਾ ਸਾੜਦਾ ਤੇ ਕਦੇ ਹੜ੍ਹ ਆਣ ਵੇ।<br>
ਸਾਡੀ ਮੁੱਠੀ ਵਿੱਚ ਰਹਿੰਦੀ ਸਦਾ ਜਾਨ ਵੇ।<br>
ਤੇ ਨੀਂਦਰਾਂ ਕੀ ਆਣ ਵੇ ?<br>
ਧੀਆਂ ਬੂਹੇ ਉੱਤੇ ਬੈਠੀਆਂ ਜਵਾਨ ਵੇ।<br>
ਸਾਥੋਂ ਹੁੰਦੇ ਨਹੀਉਂ ਦਰਦ ਬਿਆਨ ਵੇ।<br>
ਪੁੱਛਦੇ ਨੇ ਲੋਕ ਚੰਨ ਵੇ।<br>
ਕਿਉਂ ਲੱਗਦੀ ਨਹੀਂ ਰੋਕ ਚੰਨ ਵੇ ?<br>
ਚੁੱਕ ਕਰਜੇ ਪੜ੍ਹਾਏ ਸੀ ਜਵਾਕ ਵੇ।<br>
ਮਿਲੀ ਨੌਕਰੀ ਨਾ ਛੁੱਟ ਗਏ ਨੇ ਸਾਕ ਵੇ।<br>
ਤੇ ਹੁੰਦੇ ਨੇ ਮਜਾਕ ਵੇ।<br>
ਕੇਹੰਦੀ ਕੇਹੰਦੀ ਦੱਸ ਫੜ੍ਹੀਏ ਜਬਾਨ ਵੇ ?<br>
ਤੀਰ ਤਾਨ੍ਹਿਆਂ ਦੇ ਸੀਨੇ ਵਿੰਨ੍ਹੀ ਜਾਣ ਵੇ।<br>
ਪੁੱਛਦੇ ਨੇ ਲੋਕ ਚੰਨ ਵੇ।<br>
ਕਿਉਂ ਲੱਗਦੀ ਨਹੀਂ ਰੋਕ ਚੰਨ ਵੇ ?<br>
ਭਾਰੂ ਹੋ ਗਿਆ ਏ ਸਾਡੇ 'ਤੇ ਬਜਾਰ ਵੇ।<br>
ਮਾਰੂ ਨੀਤੀਆਂ ਦੇ ਹੋਗੇ ਆਂ ਸਿਕਾਰ ਵੇ।<br>
ਤੇ ਠੱਪ ਕਾਰੋਬਾਰ ਵੇ।<br>
ਨਿੱਤ ਨਵੇਂ ਫਰਮਾਨ ਇੱਥੇ ਆਣ ਵੇ।<br>
ਪੈਸੇ ਜੁਗਤਾਂ ਨਾ ਜੇਬ 'ਚ ਕਢਾਣ ਵੇ।<br>
ਪੁੱਛਦੇ ਨੇ ਲੋਕ ਚੰਨ ਵੇ।<br>
ਕਿਉਂ ਲੱਗਦੀ ਨਹੀਂ ਰੋਕ ਚੰਨ ਵੇ ?<br>
ਜਦੋਂ ਆਪਣੀ ਆਈ 'ਤੇ ਲੋਕ ਆਉਣਗੇ।<br>
ਨਾਅਰੇ ਹੱਕ ਸੱਚ ਵਾਲੇ ਡੱਟ ਲਾਉਣਗੇ।<br>
ਨਾ ਪੈਰ ਪਿੱਛੇ ਪਾਉਣਗੇ।<br>
ਅੱਗੇ ਵਧੇ ਜਦੋਂ ਬਣਕੇ ਤੂਫਾਨ ਵੇ।<br>
ਤੋੜ ਦੇਣਗੇ ਉਹ "ਵਿਜ" ਦਾ ਗੁਮਾਨ ਵੇ।<br>
ਉੱਠ ਪਏ ਨੇ ਲੋਕ ਚੰਨ ਵੇ।<br>
ਤੇ ਸਕੂ ਕਿਹੜਾ ਰੋਕ ਚੰਨ ਵੇ।<br>
ਤੇ ਸਕੂ ਕਿਹੜਾ ਰੋਕ ਚੰਨ ਵੇ।

ਬਟਾਲਾ ਦੇ ਇੱਕ ਪ੍ਰਮੁੱਖ ਕਵੀ ਸ੍ ਬਲਬੀਰ ਸਿੰਘ ਕਲਸੀ ਨੇ ਇਸ ਮੌਕੇ ਆਪਣੀ ਹੇਠ ਲਿਖੀ ਰਚਨਾ ਪੇਸ ਕੀਤੀ:

ਅਮਨ ਵੇਲੇ ਖੁਸਹਾਲੀ ਦੇਵੇ, ਜੰਗ ਵੇਲੇ ਕੁਰਬਾਨੀ।<br>
ਮੈਂ ਹਾਂ ਉਸ ਦੇਸ ਦਾ ਵਾਸੀ, ਜਿਸ ਦੀ ਇਹ ਨਿਸਾਨੀ।।<br>
ਜਿਥੇ ਹਰ ਪਾਸੇ ਹਰ ਵੇਲੇ ਤੱਕੋ, ਲਹਿਰਾਉਂਦੀ ਹਰਿਆਲੀ। ਠੰਡੀ ਠੰਡੀ ਹਵਾ ਲੈ ਮਨ, ਭਰ ਆਵੇ ਖੁਸਹਾਲੀ। ਰੰਗ ਬਹੁਰੰਗੀਆਂ ਦੇਖ ਕੇ ਫਸਲਾਂ, ਹੋਵੇ ਮਸਤ ਜਵਾਨੀ।<br>
ਮੈਂ ਹਾਂ ਉਸ ਦੇਸ.........<br>
ਜਿਸ ਦੇਸ ਦੀ ਧਰਤੀ ਨੂੰ ਸਿੰਜਿਆ,ਰਲ ਮਿਲ ਪੰਜ ਦਰਿਆਵਾਂ। ਸਤਲੁਜ, ਬਿਆਸ, ਰਾਵੀ ਭਾਵੇਂ, ਝਨਾਬ, ਜਿਹਲਮ ਕਿੰਝ ਭੁਲਾਵਾਂ।<br>
ਇਨ੍ਹਾਂ ਪੰਜਾਂ ਪਾਣੀਆਂ ਚੋਂ ਹੁਣ, ਢਾਈ ਜਿਸ ਦੀ ਜਿੰਦਗਾਨੀ।<br>
ਮੈਂ ਹਾਂ ਉਸ ਦੇਸ.........<br>
ਲੋਕ ਉਥੋਂ ਦੇ ਖੁੱਲ੍ਹੇ ਡੁੱਲ੍ਹੇ, ਕਿਸੇ ਗੱਲ ਤੋਂ ਇਹ ਝੱਕਦੇ ਨਹੀਂ।<br>
ਦੇਸ ਧਰਮ ਲਈ ਜਾਨ ਦੇਣੋ ਤੋਂ, ਕਦੀਂ ਪਿਛਾਂਹ ਉਹ ਹੱਟਦੇ ਨਹੀਂ।<br>
ਬਲਬੀਰ ਉਥੋਂ ਦੇ ਲੋਕ ਮਿਹਨਤੀ, ਪਿਆਰ ਹੈ ਪੱਕੀ ਨਿਸਾਨੀ।<br>
ਮੈਂ ਹਾਂ ਉਸ ਦੇਸ ਦਾ ਵਾਸੀ, ਜਿਸ ਦੀ ਇਹ ਨਿਸਾਨੀ।<br>
ਅਮਨ ਵੇਲੇ ਖੁਸਹਾਲੀ ਦੇਵੇ, ਜੰਗ ਵੇਲੇ ਕੁਰਬਾਨੀ।

ਸ੍ਰੀ ਬਰਕਤ ਰਾਮ ਯੁਮਨ ਯਾਦਗਾਰੀ ਸਨਮਾਨ ਨਾਲ ਸਨਮਾਨਿਤ ਸਾਇਰ ਸ੍ਰੀ ਅਜੀਤ ਕਮਲ ਨੇ ਇਸ ਮੌਕੇ ਆਪਣੀ 'ਤਿਰੰਗਾ' ਨਾਮਕ ਹੇਠ ਲਿਖੀ ਰਚਨਾ ਪੇਸ ਕੀਤੀ:

ਝੰਡਾ ਇਹ ਤਿਰੰਗਾ ਸਦਾ ਝੂਲਦਾ ਰਹੇ,<br>
ਦੇਸ਼ ਮੇਰਾ ਵਧਦਾ ਤੇ ਫੁੱਲਦਾ ਰਹੇ।<br>
ਕਿੰਨੇ ਹੀ ਸ਼ਹੀਦਾਂ ਦਾ ਸੀ ਲਹੂ ਡੁੱਲਿਆ।<br>
ਫਿਰ ਕਿਤੇ ਜਾ ਕੇ ਸੀ ਤਿਰੰਗਾ ਝੁੱਲਿਆ।<br>
ਕੌਣ ਇਹਨਾ ਸਾਕਿਆਂ ਨੂੰ ਭੁੱਲਦਾ ਰਹੇ।<br>
ਦੇਸ਼ ਮੇਰਾ.........।<br>
ਦੇਸ਼ ਮੇਰਾ ਫੁੱਲਾਂ ਦਾ ਹੈ ਗੁਲਦਸਤਾ।<br>
ਕੋਈ ਫੁੱਲ ਮਹਿੰਗਾ ਅਤੇ ਕੋਈ ਸਸਤਾ।<br>
ਇਕੋ ਜਿਹਾ ਮੁੱਲ ਹਰ ਫੁੱਲ ਦਾ ਰਹੇ।<br>
ਦੇਸ਼ ਮੇਰਾ..........।<br>
ਇਹਨੂੰ ਕੈਰੀ ਅੱਖ ਨਾਲ ਜਿੰਨੇ ਤੱਕਿਆ।<br>
ਦੇਸ਼ ਦੇ ਜਵਾਨਾਂ ਓਹਨੂੰ ਇੰਜ ਨੱਪਿਆ।<br>
ਜੁੱਗਾਂ ਤਾਈਂ ਥੱਲੇ ਪਿਆ ਘੁਲਦਾ ਰਹੇ।<br>
ਦੇਸ਼ ਮੇਰਾ...........।<br>
ਸੁਣ ਅਫਵਾਹਾਂ ਮੇਰਾ ਦਿਲ ਧੜਕੇ।<br>
ਇਥੇ ਕੁਝ ਅੱਖਾਂ ਚ ਤਿਰੰਗਾ ਰੜਕੇ।<br>
ਸੁਪਨਾ ਵਿਰੋਧੀਆਂ ਦਾ ਰੁਲਦਾ ਰਹੇ।<br>
ਦੇਸ਼ ਮੇਰਾ.............।<br>
ਜਦੋਂ ਤੀਲਾ ਤੀਲਾ ਸਾਂ ਤਾਂ ਟੁੱਟਦੇ ਰਹੇ।<br>
ਗੈਰ ਸਾਨੂੰ ਘਰੀਂ ਆ ਕੇ ਲੁੱਟਦੇ ਰਹੇ।<br>
ਹੁਣ ਕਿਉਂ ਐਂਜਾਈ ਲਹੂ ਡੁੱਲਦਾ ਰਹੇ।<br>
ਦੇਸ਼ ਮੇਰਾ..............।<br>
ਵੱਖਵਾਦੀ ਸੋਚਾਂ ਦਿਲ ਚੋਂ ਵਿਸਾਰ ਕੇ।<br>
ਆਓ ਰੱਖ ਦੇਈਏ ਦੇਸ਼ ਨੂੰ ਸਵਾਰ ਕੇ।<br>
ਕੋਈ ਨਾ ਕਮਲ ਇਹਦੇ ਤੁੱਲ ਦਾ ਰਹੇ।<br>
ਦੇਸ਼ ਮੇਰਾ.............।

ਮਾਸਟਰ ਰਤਨ ਲਾਲ ਅੱਚਲੀ ਗੇਟ ਨੇ ਇਸ ਮੌਕੇ ਹੇਠ ਲਿਖਿਆ ਗੀਤ ਗਾਇਆ:

26 ਜਨਵਰੀ ਦਾ ਦਿਨ ਸਾਰੇ ਰੀਝਾਂ ਨਾਲ ਮਨਾਵਾਂਗੇ<br>
ਇਸ ਲਈ ਜੋ ਚੜ੍ਹ ਗਏ ਫਾਂਸੀ ਗੀਤ ਉਹਨਾਂ ਦੇ ਗਾਵਾਂਗੇ<br>
ਇਸੇ ਦਿਨ ਰਾਵੀ ਦੇ ਕੰਢੇ ਨਹਿਰੂ ਜੀ ਸਨ ਕਹਿੰਦੇ<br>
ਦੇਸ ਦੇ ਮਾਲਕ ਬਣ ਕੇ ਨੌਕਰ ਅੰਗਰੇਜਾਂ ਦੇ ਰਹਿੰਦੇ<br>
ਜੁਲਮ ਗੋਰਿਆਂ ਬੇਦਰਦਾਂ ਦਾ ਵੀਰ ਮੇਰੇ ਨੇ ਸਹਿੰਦੇ<br>
26 ਜਨਵਰੀ ਦਾ ਦਿਨ ਸਾਰੇ .....<br>
ਦੇਸ ਦਾ ਬੱਚਾ ਬੱਚਾ ਇੱਕ ਦਿਨ ਸੜਕਾਂ ਉੱਤੇ ਆਇਆ<br>
ਆਜਾਦੀ ਹੈ ਹੱਕ ਅਸਾਡਾ ਸਭ ਨੇ ਨਾਹਰਾ ਲਾਇਆ<br>
ਵਾਰ ਕੇ ਜਾਨਾਂ ਸਹਿ ਸਹਿ ਦੁਖੜੇ ਕਿਧਰੇ ਇਹ ਦਿਨ ਆਇਆ<br>
26 ਜਨਵਰੀ ਦਾ ਦਿਨ ਸਾਰੇ .....<br>
ਭਗਤ ਸਿੰਘ ਸੁਖਦੇਵ ਰਾਜਗੁਰੂ ਹੱਸ ਹੱਸ ਫਾਂਸੀ ਚੜ੍ਹ ਗਏ<br>
ਉਧਮ ਸਿੰਘ, ਆਜਾਦ, ਸਰਾਭਾ, ਆਣ ਅਣਖ ਲਈ ਲੜ ਗਏ<br>
ਕੀ ਮੈਂ ਦੱਸਾਂ ? ਗਿਣ ਗਿਣ ਲੱਖਾਂ ਵਿਚ ਜੇਲ੍ਹਾਂ ਦੇ ਸੜ ਗਏ<br>
26 ਜਨਵਰੀ ਦਾ ਦਿਨ ਸਾਰੇ .....<br>
ਰਤਨ ਨਿਮਾਣਾ ਆਖੇ ਮਿਲ ਕੇ ਐਸੀ ਜੋਤ ਜਗਾਈਏ<br>
ਅਪਰੇਸਨ ਸੰਧੂਰ ਜਿਹੇ ਕਰਕੇ ਦੁਨੀਆਂ ਨੂੰ ਦਿਖਲਾਈਏ<br>
ਆਪਣਾ ਤਨ ਮਨ ਵਾਰ ਕੇ ਇਸ ਤੋਂ ਦੇਸ ਦੀ ਸਾਨ ਵਧਾਈਏ<br>
26 ਜਨਵਰੀ ਦਾ ਦਿਨ ਸਾਰੇ .....

ਸ੍ਰੀ ਰਵਿੰਦਰ ਕੁਮਾਰ ਯੁਮਨ ਨੇ ਆਪਣੇ ਦਾਦਾ ਜੀ ਦੀ ਲਿਖੀ ਹੋਈ ਹੇਠ ਲਿਖੀ ਗਜ਼ਲ ਸੁਣਾਈ:

ਪਤਾ ਵੀ ਸੂ ਕਿਸੇ ਤੋਂ ਵਿਛੜਣ ਵਿਚ ਨੁਕਸਾਨ ਕਿੰਨਾ

ਏ,
ਵਸਾਹ ਮੁੜ ਵੀ ਕਰੀ ਜਾਂਦਾ, ਇਹ ਦਿਲ ਨਾਦਾਨ ਕਿੰਨਾ ਏ ?
ਭਰੀ ਮਹਿਫਿਲ 'ਚੋਂ ਮੈਨੂੰ ਈਂ ਉਠਾਇਆ ਜਾ ਰਿਹਾ ਚੁਣ ਕੇ,
ਭਰੀ ਮਹਿਫਿਲ 'ਚੋਂ ਚੁਣਿਆ ਜਾਣ ਵਿਚ ਵੀ ਮਾਣ ਕਿੰਨਾ ਏ ?
ਨਿਰਾਸਾ, ਬੇਵਸੀ, ਹਸਰਤ, ਪਰੇਸਾਨੀ, ਪਸੇਮਾਨੀ,
ਉਜੜ ਗਏ ਦਿਲ ਦੇ ਪਰਚਣ ਲਈ, ਅਜੇ ਸਾਮਾਨ ਕਿੰਨਾ ਏ ?
ਜਿੱਚਰ ਛੱਲਾਂ ਦੇ ਵਿਚ ਫਸੀਏ ਨਾ, ਅੰਦਾਜੇ ਨਹੀਂ ਲਗਦੇ,
ਕਿਨਾਰੇ ਬੈਠਿਆਂ ਨੂੰ ਕੀ ਪਤਾ, ਤੂਫਾਨ ਕਿੰਨਾ ਏ ?
'ਯੁਮਨ' ਭਗਵਾਨ ਬਣ ਸਕਦੈ ਕਿ ਨਹੀਂ, ਇਹ ਫੇਰ ਸੋਚਾਂਗੇ,
ਅਜੇ ਤਾਂ ਜਾਚਣਾ ਏਂ ਇਹ ਆਦਮੀ ਇਨਸਾਨ ਕਿੰਨਾ ਏ ?

ਸ੍ਰੀ ਅਸੋਕ ਕੁਮਾਰ ਪੁਰੀ ਨੇ ਕਵੀ ਦਰਬਾਰ ਅੰਦਰ ਆਪਣੀ ਹੇਠ ਲਿਖੀ ਕਵਿਤਾ ਸੁਣਾਈ:

ਬਾਹਰ ਜਾਣ ਦਾ ਬਹੁਤ ਵੱਡਾ ਧੱਕਾ ਹੁੰਦਾ ਏ ਯਾਰੋ!
ਮੁੰਡਿਆ ਦਾ ਤਾਂ ਜਾਣਾ ਸੁੱਖਲਾ ਲੱਗਦਾ ਹੈ ਯਾਰੋ!
ਕੁੜੀਆਂ ਵੀ ਮੂੰਹ ਚੁੱਕ ਬਾਹਰ ਜਾਈ ਜਾਂਦੀਆ ਨੇ ਵਿਦੇਸਾਂ ਵਿੱਚ
ਮੰਨਿਆ ਕੁੜੀਆ ਅੱਜ ਬਰਾਬਰੀ ਏਥੇ ਕਰੀ ਜਾਂਦੀਆ ਨੇ
ਔਰਤ ਜਾਤ ਨੇਂ ਬਹੁਤ ਵੱਡਾ ਯੋਗਦਾਨ ਪਾਇਆ
ਨਾਂਮ ਇਸਰੋ ਤੇ ਸਪੇਸ ਵਿੱਚ ਖੂਬ ਕਮਾਇਆ ਏਥੇ।
ਹਿੰਮਤ ਇਹਨਾ ਦੀ ਰੱਬ ਜਾਣੇ
ਏਨੀ ਕਿੱਥੋਂ ਆਉਂਦੀ ਏਥੇ
ਕੰਮ ਮਰਦਾ ਨਾਲੋਂ ਵਧੇਰੇ ਕਰੀ ਜਾਂਦੀਆ ਨੇਂ ਏਥੇ ਯਾਰੋਂ
ਅਪਰੇਸਨ ਸੁੰਦੂਰ ਦਾ ਵੀ ਕਮਾਲ ਕੀਤਾ
ਚਰਚਾ ਦੁਨੀਆ ਦੇ ਸਾਹਮਣੇ ਆਉਣ ਲੱਗਿਆ ।
ਡਰ ਖੌਫ ਇਨ੍ਹਾਂ ਦੇ ਮੂੰਹ ਉਤੇ ਕਦੇ ਅਸੋਕ ਤੂੰ ਵੇਖਿਆ ਨਹੀਂ ਪਈ( ਏਥੇ)
ਪੀ ਐਮ ਇੰਦਰਾ ਗਾਂਧੀ ਨੇਂ ਵੀ ਅੰਤਰਰਾਸਟਰੀ ਸੁਪਨਾ
ਸਾਕਾਰ ਕਾਰਕੇ ਦਿਖਾ ਦਿੱਤਾ ਏਥੇ ਯਾਰੋ
ਇਕ ਔਰਤ ਨਾਂ ਸਮਝੋ ਯਾਰੋਂ ਏਥੇ।
ਕਿੰਨੇ ਕਿਰਦਾਰ ਔਰਤ ਪਈ ਨਿਭਾਉਂਦੀ ਹੈ ਏਥੇ
ਕਿਤੇ ਮਾਂ ਦਾ ਦਰਜਾ ਕਿਤੇ ਬਣ ਵਹੁਟੀ ਭਰਜਾਈ
ਸਾਲੀ ਤੇ ਸੌਂਕਣ ਵੀ ਚਲਾਈ ਜਾਂਦੀ ਔਰਤ ਏਥੇ
ਏਨੇ ਕਿਰਦਾਰ ਰੱਬ ਕੋਲੋ ਓਧਾਰ ਵੀ ਮੰਗੇ
ਨਾਲ ਮਾਸੂਕ ਦਾ ਦਰਜਾ ਵੀ ਪਾਂ ਲਿੱਤਾ ਏਥੇ ।
ਗੁੱਸਾ ਔਰਤ ਜਾਤ ਦਾ, ਚੰਡੀ ਮਾਤਾ ਦਾ ਰੂਪ ਧਾਰਨ
ਕਰ ਜਾਵੇਂ ਜਦੋਂ ਹੱਦ ਤੋ ਪਾਰ ਗੁੱਸਾ ਚੜ ਜਾਵੇਂ
ਬਾਹਰ ਜਾਣ ਦਾ ਬਹੁਤ ਵੱਡਾ ਧੱਕਾ ਹੁੰਦਾ ਏ ਯਾਰੋ

ਸ੍ਰੀ ਬਰਕਤ ਰਾਮ ਯੁਮਨ ਜੀ ਦੀ ਪੋਤਰੀ ਸ੍ਰੀਮਤੀ ਕੋਮਲ ਸਰਮਾ ਨੇ ਸਰੋਤਿਆਂ ਨਾਲ ਆਪਣੇ ਦਾਦਾ ਜੀ ਦੀਆਂ ਯਾਦਾਂ ਸਾਂਝੀਆਂ ਕੀਤੀਆਂ ਅਤੇ ਉਹਨਾਂ ਦੀ ਲਿਖੀ ਹੋਈ ਹੇਠ ਲਿਖੀ ਗਜਲ ਸੁਣਾਈ:

ਜਮ ਜਮ ਚੁੰਮੋਂ ਹਾਜ਼ੀਓ ! ਮੱਕੇ ਦੀ ਮਿਹਰਾਬ ।
ਭਗਤੋ ਤੀਰਥ ਨੌਂਦਿਯੋ! ਖੱਟੋ ਲੱਖ ਸਵਾਬ!
ਅਪਣਾਂ ਇਸ਼ਟ ਮਨੌਣ ਦੀ ਹਰ ਇਕ ਨੂੰ ਹੈ ਖੁੱਲ।
ਕੋਈ ਪੂਜੇ ਪਿਆ ਮੂਰਤੀ ਵਾਚੇ ਕੋਈ ਕਿਤਾਬ।
ਮੇਰਾ ਤੁਹਾਡਾ ਸਾਥ ਕੀਹ ? ਮੇਰੀ ਮੰਜ਼ਿਲ ਵੱਖ।
ਮੈਂ ਪੂਜਕ ਪੰਜਾਬ ਦਾ, ਮੇਰਾ ਇਸ਼ਟ ਪੰਜਾਬ।

ਰਮੇਸ ਕੁਮਾਰ ਜਾਨੂੰ ਆਪਣੀ ਕਵਿਤਾ ਵਿੱਚ ਵਭੀਸਣ ਨੂੰ ਖਤਰਨਾਕ ਕਹਿੰਦਾ ਹੋਇਆ, ਉਸ ਤੋਂ ਬਚਣ ਲਈ ਕਹਿੰਦਾ ਹੈ:

ਆਪਣੇ ਅੰਦਰ ਕਦੋਂ ਕਿਸੇ ਤੋਂ ਝਾਕ ਹੁੰਦਾ ਏ।
ਅੱਜ ਦਾ ਰਾਮ ਵੀ ਕਿਹੜਾ, ਪਵਿੱਤਰ ਪਾਕ ਹੁੰਦਾ ਏ।
ਰਾਵਣ ਨੂੰ ਬਦਨਾਮ ਤਾਂ ਐਵੇਂ ਕਰਦੇ ਨੇ,
ਰਾਵਣ ਨਈ, ਵਭੀਸਨ ਖਤਰਨਾਕ ਹੁੰਦਾ ਏ।
"ਰਮੇਸ ਜਾਨੂੰ" ਤੂੰ ਬੱਚ ਕੇ ਰਹੀਂ ਵਭੀਸਨ ਤੋਂ,
ਬਾਹਰੋਂ ਭੋਲਾ, ਅੰਦਰੋਂ ਬੜਾ ਚਲਾਕ ਹੁੰਦਾ ਏ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਸ੍ਰ ਬਲਦੇਵ ਸਿੰਘ ਬਸਰਾ, ਸ੍ਰ ਸੰਤੋਖ ਸਿੰਘ ਰੰਧਾਵਾ, ਸ੍ਰ ਕਰਨੈਲ ਸਿੰਘ, ਸ੍ਰ ਮੱਖਣ ਸਿੰਘ ਪੰਨੂ, ਸ੍ਰ ਦੀਦਾਰ ਸਿੰਘ ਭਿੰਡਰ, ਸ੍ਰੀਮਤੀ ਜਗੀਰ ਕੌਰ ਭੁੱਲਰ, ਪ੍ਰਿੰਸੀਪਲ ਕੁਲਵੰਤ ਕੌਰ ਗਿੱਲ, ਸ੍ਰੀਮਤੀ ਮੋਨਿਕਾ ਸਰਮਾ, ਸ੍ਰ ਸੁਖਦੇਵ ਸਿੰਘ ਧਾਲੀਵਾਲ, ਸ੍ਰ ਨਿਰਵੈਰ ਸਿੰਘ ਘੁੰਮਣ, ਸ੍ਰੀਮਤੀ ਰਜਨੀ ਸਰਮਾ, ਸ੍ਰੀ ਰਜੇਸ ਮਹਾਜਨ, ਸ੍ਰ ਰਣਜੀਤ ਸਿੰਘ ਖਹਿਰਾ, ਸ੍ਰੀ ਸਮੀ ਕਪੂਰ, ਸ੍ਰੀ ਮਦਨ ਲਾਲ ਸੇਠੀ, ਸ੍ਰੀ ਸਿਵਮ ਉਬਰਾਏ, ਰਤੀਸ ਗੁਪਤਾ, ਸ੍ਰੀ ਸੰਦੀਪ ਆਜਾਦ, ਬਾਬਾ ਜਸਵੰਤ ਸਿੰਘ, ਸ੍ਰੀਮਤੀ ਪਰਵੀਨ ਅਤੇ ਸ੍ਰ ਕੁਲਦੀਪ ਸਿੰਘ ਖਾਲਸਾ ਹਾਜਰ ਸਨ। ਸਮੁੱਚੇ ਤੌਰ ਤੇ ਇਹ ਇੱਕ ਯਾਦਗਾਰੀ ਸਮਾਗਮ ਹੋ ਨਿਬੜਿਆ।

# ਕਟਹਿਰੇ 'ਚ ਖੜ੍ਹੀਆਂ ਜਾਂਚ ਏਜੰਸੀਆਂ

ਦਿੱਲੀ ਦੇ ਬਹੁ-ਚਰਚਿਤ ਸਰਾਬ ਘੁਟਾਲੇ ਵਿਚ ਸੀਬੀਆਈ ਦੀ ਰਾਉਜ ਐਵੇਨਿਊ ਕੋਰਟ ਵੱਲੋਂ ਸਾਬਕਾ ਮੁੱਖ ਮੰਤਰੀ ਅਤੇ ਆਮ ਆਦਮੀ ਪਾਰਟੀ ਦੇ ਪ੍ਰਧਾਨ ਅਰਵਿੰਦ ਕੇਜਰੀਵਾਲ ਅਤੇ ਸਾਬਕਾ ਉਪ ਮੁੱਖ ਮੰਤਰੀ ਮਨੀਸ ਸਿਸੋਦੀਆ ਸਮੇਤ ਸਾਰੇ 23 ਮੁਲਜਮਾਂ ਨੂੰ ਬਰੀ ਕੀਤਾ ਜਾਣਾ, ਇਨ੍ਹਾਂ ਦੋਵਾਂ ਨੇਤਾਵਾਂ ਅਤੇ ਉਨ੍ਹਾਂ ਦੀ ਪਾਰਟੀ ਲਈ ਇਕ ਬਹੁਤ ਵੱਡੀ ਜਿੱਤ ਹੈ, ਓਥੇ ਹੀ ਜਾਂਚ ਏਜੰਸੀ ਦੇ ਨਾਲ-ਨਾਲ ਭਾਜਪਾ ਲਈ ਇਹ ਇਕ ਵੱਡਾ ਝਟਕਾ ਹੈ। ਇਸ ਨੂੰ ਉਨ੍ਹਾਂ ਦੀ ਨੈਤਿਕ ਹਾਰ ਕਹਿ ਦਿੱਤਾ ਜਾਵੇ ਤਾਂ ਅਤਿਕਥਨੀ ਨਹੀਂ ਹੋਵੇਗੀ।




ਅਦਾਲਤ ਨੇ ਇਹ ਦੇਖਿਆ ਕਿ ਪੂਰੇ ਮਾਮਲੇ ਵਿਚ ਕੋਈ ਸਾਜਿਸ ਨਹੀਂ ਸੀ ਅਤੇ ਸੀਬੀਆਈ ਨੇ ਸਿਰਫ ਅਨੁਮਾਨਾਂ ਦੇ ਆਧਾਰ 'ਤੇ ਸਾਜਿਸ ਦੀ ਕਹਾਣੀ ਘੜੀ। ਵਿਸੇਸ ਜੱਜ ਨੇ ਆਪਣੇ ਫੈਸਲੇ ਵਿਚ ਕਿਹਾ ਕਿ ਮੈਂ ਪਹਿਲੀ ਵਾਰ ਅਜਿਹੀ ਚਾਰਜਸੀਟ ਦੇਖ ਰਿਹਾ ਹਾਂ ਜਿਸ ਵਿਚ ਇੰਨੀ ਵੱਡੀਆਂ ਖਾਮੀਆਂ ਹਨ। ਉਨ੍ਹਾਂ ਨੇ ਲਾਪਰਵਾਹ ਅਧਿਕਾਰੀਆਂ ਖਿਲਾਫ ਕਾਰਵਾਈ ਕਰਨ ਦੀ ਵੀ ਗੱਲ ਆਖੀ।

ਜਦੋਂ ਕੇਜਰੀਵਾਲ ਸਰਕਾਰ ਨਵੀਂ ਆਬਕਾਰੀ ਨੀਤੀ ਲਿਆਈ ਸੀ, ਤਾਂ ਕਾਂਗਰਸ ਅਤੇ ਭਾਜਪਾ ਨੇ ਇਸ ਨੂੰ ਘੁਟਾਲੇ ਦਾ ਨਾਂ ਦਿੱਤਾ ਸੀ। ਇਸ ਤੋਂ ਬਾਅਦ ਉਪ ਰਾਜਪਾਲ ਦੀ ਪਹਿਲ 'ਤੇ ਮਾਮਲਾ ਦਰਜ ਹੋਇਆ ਅਤੇ ਜਾਂਚ ਸੀਬੀਆਈ ਨੂੰ ਸੌਂਪੀ ਗਈ। ਇਸ ਦੌਰਾਨ ਅਜਿਹੇ ਦੋਸ ਉੱਠੇ ਕਿ ਆਬਕਾਰੀ ਨੀਤੀ ਜਰੀਏ ਕੁਝ ਲੋਕਾਂ ਨੂੰ ਅਣਉੱਚਿਤ ਲਾਭ ਪਹੁੰਚਾਉਣ ਕਾਰਨ ਦਿੱਲੀ ਸਰਕਾਰ ਨੂੰ ਦੋ ਹਜਾਰ ਕਰੋੜ ਰੁਪਏ ਤੋਂ ਵੱਧ ਦਾ ਨੁਕਸਾਨ ਹੋਇਆ। ਇਸ ਮਾਮਲੇ ਵਿਚ ਸੀਬੀਆਈ ਤੋਂ ਬਾਅਦ ਈਡੀ ਨੇ ਵੀ ਦਖਲ ਦਿੱਤਾ ਪਰ ਸੀਬੀਆਈ ਦਾ ਕੇਸ ਖਾਰਜ ਹੋਣ ਤੋਂ ਬਾਅਦ ਈਡੀ ਦੇ ਮਾਮਲੇ ਦੇ ਵੀ ਖਾਰਜ ਹੋਣ ਦੇ ਆਸਾਰ ਹਨ।

ਇਨ੍ਹਾਂ ਦੋਹਾਂ ਜਾਂਚ ਏਜੰਸੀਆਂ ਨੇ ਇਸ ਕਥਿਤ ਘੁਟਾਲੇ ਨੂੰ ਲੈ ਕੇ ਢੁੱਕਵੇਂ ਸਬੂਤ ਹੋਣ ਦੇ ਦਾਅਵੇ ਕੀਤੇ ਅਤੇ ਫਿਰ ਇਕ ਤੋਂ ਬਾਅਦ ਇਕ ਕਈ ਲੋਕਾਂ ਨੂੰ ਗ੍ਰਿਫਤਾਰ ਕੀਤਾ। ਪ੍ਰਮੁੱਖ ਲੋਕਾਂ ਵਿਚ ਪਹਿਲਾਂ ਮਨੀਸ ਸਿਸੋਦੀਆ ਗ੍ਰਿਫਤਾਰ ਹੋਏ ਅਤੇ ਫਿਰ ਅਰਵਿੰਦ ਕੇਜਰੀਵਾਲ। ਦੋਹਾਂ ਨੂੰ ਸੁਪਰੀਮ ਕੋਰਟ ਤੋਂ ਜਮਾਨਤ ਮਿਲ ਸਕੀ।

ਹਾਲਾਂਕਿ ਸੀਬੀਆਈ ਕੇਜਰੀਵਾਲ, ਸਿਸੋਦੀਆ ਅਤੇ ਹੋਰਾਂ ਨੂੰ ਬਰੀ ਕਰਨ ਦੇ ਫੈਸਲੇ ਖਿਲਾਫ ਦਿੱਲੀ ਹਾਈ ਕੋਰਟ ਗਈ ਹੈ ਪਰ ਰਾਉਜ ਐਵੇਨਿਊ ਕੋਰਟ ਦੇ ਜੱਜ ਨੇ ਉਸ ਖਿਲਾਫ ਜਿਵੇਂ ਟਿੱਪਣੀਆਂ ਕੀਤੀਆਂ ਹਨ, ਉਨ੍ਹਾਂ ਨਾਲ ਇਹ ਸੰਦੇਹ ਹੁੰਦਾ ਹੈ ਕਿ ਕੀ ਸੀਬੀਆਈ ਨੇ ਮਨਮਾਨੇ ਤਰੀਕੇ ਨਾਲ ਤਾਂ ਜਾਂਚ ਨਹੀਂ ਕੀਤੀ? ਇਹੀ ਸਵਾਲ ਈਡੀ ਨੂੰ ਲੈ ਕੇ ਵੀ ਹੈ। ਧਿਆਨ ਰਹੇ ਕਿ ਪਤਾ ਨਹੀਂ ਕਿੰਨੇ ਅਜਿਹੇ ਮਾਮਲੇ ਹਨ, ਜਿਨ੍ਹਾਂ ਵਿਚ ਸੀਬੀਆਈ ਪ੍ਰੀਵੈਂਸਨ ਆਫ ਕੁਰੱਪਸਨ ਐਕਟ ਅਤੇ ਈਡੀ ਪ੍ਰੀਵੈਂਸਨ ਆਫ ਮਨੀ ਲਾਂਡਰਿੰਗ ਐਕਟ ਤਹਿਤ ਮਿਲੀਆਂ ਸਕਤੀਆਂ ਦੇ ਸਹਾਰੇ ਨੇਤਾਵਾਂ, ਕਾਰੋਬਾਰੀਆਂ ਸਮੇਤ ਹੋਰ ਬਹੁਤ ਸਾਰੇ ਲੋਕਾਂ ਨੂੰ ਘਪਲੇ-ਘੁਟਾਲਿਆਂ ਦੇ ਦੋਸਾਂ ਵਿਚ ਗ੍ਰਿਫਤਾਰ ਕਰ ਲੈਂਦੀਆਂ ਹਨ।

ਫਿਰ ਉਨ੍ਹਾਂ ਵਿੱਚੋਂ ਬਹੁਤ ਸਾਰੇ ਲੋਕ ਸਬੂਤਾਂ ਦੀ ਘਾਟ ਕਾਰਨ ਬਰੀ ਹੋ ਜਾਂਦੇ ਹਨ ਪਰ ਜਦ ਤੱਕ ਅਜਿਹਾ ਹੁੰਦਾ ਹੈ, ਤਦ ਤੱਕ ਸਬੰਧਤ ਵਿਅਕਤੀ ਦੀ ਮਿੱਟੀ ਪਲੀਤ ਹੋ ਚੁੱਕੀ ਹੁੰਦੀ ਹੈ ਅਤੇ ਉਸ ਦੀ ਭਰਪਾਈ ਨਹੀਂ ਹੋ ਪਾਉਂਦੀ। ਇਸੇ ਲਈ ਰਾਉਜ ਐਵੇਨਿਊ ਕੋਰਟ ਦੇ ਜੱਜ ਨੇ ਕਿਹਾ ਕਿ ਜਦੋਂ ਕਿਸੇ ਦੀ ਨਿੱਜੀ ਆਜਾਦੀ ਰੋਕੀ ਜਾਂਦੀ ਹੈ ਤਾਂ ਉਸ ਦੇ ਬਰੀ ਹੋਣ ਤੋਂ ਬਾਅਦ ਵੀ ਉਹ ਸਾਰਥਕ ਤੌਰ 'ਤੇ ਬਹਾਲ ਨਹੀਂ ਹੁੰਦੀ ਅਤੇ ਅਨਿਆਂਪੂਰਨ ਹਿਰਾਸਤ ਕਾਰਨ ਹੋਏ ਨੁਕਸਾਨ ਦੀ ਭਰਪਾਈ ਵੀ ਨਹੀਂ ਹੋ ਪਾਉਂਦੀ। ਅਸਲ ਵਿਚ ਅਜਿਹੇ ਲੋਕਾਂ ਨੂੰ ਆਰਥਿਕ ਦੇ ਨਾਲ-ਨਾਲ ਸਮਾਜਿਕ ਨੁਕਸਾਨ ਵੀ ਝੱਲਣਾ ਪੈਂਦਾ ਹੈ। ਆਗੂ ਵੀ ਨੁਕਸਾਨ ਝੱਲਦੇ ਹਨ, ਪਰ ਬਰੀ ਹੋਣ ਤੋਂ ਬਾਅਦ ਉਹ ਲੋਕਾਂ ਦੀ ਹਮਦਰਦੀ ਹਾਸਲ ਕਰਨ ਅਤੇ ਰਾਜਨੀਤਕ ਲਾਭ ਲੈਣ ਦੀ ਕੋਸਿਸ ਕਰਦੇ ਹਨ। ਉਨ੍ਹਾਂ ਨੂੰ ਇਹ ਪ੍ਰਚਾਰਿਤ ਕਰਨ ਵਿਚ ਆਸਾਨੀ ਹੁੰਦੀ ਹੈ ਕਿ ਉਹ ਰਾਜਨੀਤਕ ਬਦਲਾਖੋਰੀ ਵਾਲੀ ਕਾਰਵਾਈ ਦਾ ਸਿਕਾਰ ਹੋਏ। ਇਸ 'ਤੇ ਹੈਰਾਨੀ ਨਹੀਂ ਕਿ ਕੇਜਰੀਵਾਲ ਨੇ ਅਜਿਹਾ ਕਹਿਣਾ ਸੁਰੂ ਕਰ ਦਿੱਤਾ ਹੈ। ਉਨ੍ਹਾਂ ਨੂੰ ਨਵੀਂ ਰਾਜਨੀਤਕ ਊਰਜਾ ਮਿਲੀ ਹੈ ਅਤੇ ਇਸ ਦਾ ਅਸਰ ਆਉਣ ਵਾਲੇ ਦਿਨਾਂ ਵਿਚ ਪੰਜਾਬ, ਗੁਜਰਾਤ ਅਤੇ ਦਿੱਲੀ ਦੀ ਰਾਜਨੀਤੀ ਵਿਚ ਦਿਖਾਈ ਦੇ ਸਕਦਾ ਹੈ।

ਕਿਉਂਕਿ ਆਮ ਆਦਮੀ ਪਾਰਟੀ ਕਾਂਗਰਸ ਦੇ ਵੋਟ ਬੈਂਕ ਵਿਚ ਸੰਨ੍ਹ ਮਾਰਦੀ ਹੈ, ਇਸ ਲਈ ਉਸ ਦਾ ਚਿੰਤਤ ਹੋਣਾ ਸੁਭਾਵਕ ਹੈ। ਹੁਣ ਇਹ ਆਮ ਗੱਲ ਹੈ ਕਿ ਘਪਲੇ-ਘੁਟਾਲਿਆਂ ਦੇ ਕਈ ਮਾਮਲਿਆਂ ਵਿਚ ਸੀਬੀਆਈ ਦੇ ਨਾਲ-ਨਾਲ ਈਡੀ ਵੀ ਜਾਂਚ ਸੁਰੂ ਕਰ ਦਿੰਦੀ ਹੈ।

ਜਦੋਂ ਈਡੀ ਕਿਸੇ ਨੂੰ ਗ੍ਰਿਫਤਾਰ ਕਰਦੀ ਹੈ ਤਾਂ ਉਸ ਨੂੰ ਜਮਾਨਤ ਮਿਲਣਾ ਮੁਸਕਲ ਹੋ ਜਾਂਦਾ ਹੈ। ਕਈ ਵਾਰ ਜਮਾਨਤ ਇਸ ਲਈ ਨਹੀਂ ਮਿਲਦੀ ਕਿਉਂਕਿ ਸੀਬੀਆਈ ਅਤੇ ਈਡੀ ਵੱਲੋਂ ਇਸ 'ਤੇ ਜੋਰ ਦਿੱਤਾ ਜਾਂਦਾ ਹੈ ਕਿ ਜੇਕਰ ਗ੍ਰਿਫਤਾਰ ਵਿਅਕਤੀ ਜੇਲ੍ਹ ਤੋਂ ਬਾਹਰ ਆਉਂਦਾ ਹੈ ਤਾਂ ਉਹ ਗਵਾਹਾਂ ਨੂੰ ਪ੍ਰਭਾਵਿਤ ਕਰ ਸਕਦਾ ਹੈ। ਕਹਿਣਾ ਮੁਸਕਲ ਹੈ ਕਿ ਰਾਉਜ ਐਵੇਨਿਊ ਕੋਰਟ ਦੇ ਫੈਸਲੇ ਖਿਲਾਫ ਹਾਈ ਕੋਰਟ ਗਈ ਸੀਬੀਆਈ ਨੂੰ ਕੀ ਹਾਸਲ ਹੋਵੇਗਾ ਪਰ ਜਦ ਤੱਕ ਹਾਈ ਕੋਰਟ ਵੱਖਰਾ ਫੈਸਲਾ ਨਹੀਂ ਦਿੰਦੀ ਤਦ ਤੱਕ ਭਾਜਪਾ ਅਤੇ ਮੋਦੀ ਸਰਕਾਰ ਨੂੰ ਕੇਜਰੀਵਾਲ ਅਤੇ ਉਨ੍ਹਾਂ ਦੇ ਸਾਥੀਆਂ ਦੀ ਆਲੋਚਨਾ ਦਾ ਸਾਹਮਣਾ ਕਰਨਾ ਪਵੇਗਾ।

ਇਸੇ ਦੇ ਨਾਲ ਹੀ ਸੀਬੀਆਈ ਅਤੇ ਈਡੀ ਦੀ ਵੀ ਕਿਰਕਿਰੀ ਹੁੰਦੀ ਰਹੇਗੀ। ਅੱਗੇ ਜੋ ਵੀ ਹੋਵੇ, ਇਹ ਮੰਨਣ ਦੇ ਵੱਡੇ ਕਾਰਨ ਹਨ ਕਿ ਨੇਤਾਵਾਂ ਦੇ ਮਾਮਲਿਆਂ ਵਿਚ ਰਾਜਨੀਤਕ ਦੁਸਮਣੀ ਤਹਿਤ ਵੀ ਕਾਰਵਾਈ ਹੁੰਦੀ ਹੈ ਅਤੇ ਜਾਂਚ ਏਜੰਸੀਆਂ ਦੀ ਦੁਰਵਰਤੋਂ ਵੀ ਹੁੰਦੀ ਹੈ। ਇਸੇ ਕਾਰਨ ਇਕ ਵਾਰ ਸੁਪਰੀਮ ਕੋਰਟ ਨੇ ਸੀਬੀਆਈ ਨੂੰ ਪਿੰਜਰੇ ਦਾ ਤੋਤਾ ਕਿਹਾ ਸੀ। ਤਾਜਾ ਮਾਮਲੇ ਤੋਂ ਸਪਸ਼ਟ ਹੈ ਕਿ ਜਾਂਚ ਏਜੰਸੀਆਂ ਪਿੰਜਰੇ ਦਾ ਤੋਤਾ ਹੀ ਹਨ।

ਇਕ ਪਾਸੇ ਨੇਤਾਵਾਂ-ਨੌਕਰਸਾਹਾਂ ਦੇ ਭ੍ਰਿਸ਼ਟਾਚਾਰ ਦੇ ਜਿਨ੍ਹਾਂ ਮਾਮਲਿਆਂ ਦੀ ਜਾਂਚ ਸੀਬੀਆਈ ਜਾਂ ਈਡੀ ਵੱਲੋਂ ਕੀਤੀ ਜਾਂਦੀ ਹੈ, ਉਨ੍ਹਾਂ ਵਿੱਚੋਂ ਬਹੁਤ ਸਾਰੇ ਅਦਾਲਤ ਵਿਚ ਟਿਕ ਨਹੀਂ ਪਾਉਂਦੇ ਅਤੇ ਦੂਜੇ ਪਾਸੇ ਇਹ ਦੇਖਣ ਵਿਚ ਆ ਰਿਹਾ ਹੈ ਕਿ ਉਨ੍ਹਾਂ ਦੇ ਭ੍ਰਿਸ਼ਟਾਚਾਰ ਦੇ ਮਾਮਲੇ ਘਟਣ ਦਾ ਨਾਂ ਨਹੀਂ ਲੈ ਰਹੇ ਹਨ। ਇਹ ਸਮਝਣਾ ਮੁਸਕਲ ਹੈ ਕਿ ਜਦੋਂ ਸੀਬੀਆਈ ਜਾਂ ਈਡੀ ਕਿਸੇ ਨੂੰ ਗ੍ਰਿਫਤਾਰ ਕਰਦੀਆਂ ਹਨ ਤਾਂ ਜੋ ਅਦਾਲਤਾਂ ਉਸ ਨੂੰ ਜੇਲ੍ਹ ਭੇਜਦੀਆਂ ਹਨ, ਰਿਮਾਂਡ 'ਤੇ ਦਿੰਦੀਆਂ ਹਨ ਜਾਂ ਫਿਰ ਜਮਾਨਤ ਦੇਣ ਤੋਂ ਮਨ੍ਹਾ ਕਰਦੀਆਂ ਹਨ, ਉਹੀ ਉਨ੍ਹਾਂ ਨੂੰ ਬਰੀ ਕਰਨ ਦੇ ਨਤੀਜੇ 'ਤੇ ਕਿਵੇਂ ਪਹੁੰਚ ਜਾਂਦੀਆਂ ਹਨ? ਜੇਲ੍ਹ ਭੇਜਣ ਦਾ ਕੰਮ ਤਾਂ ਅਦਾਲਤਾਂ ਹੀ ਕਰਦੀਆਂ ਹਨ, ਨਾ ਕਿ ਜਾਂਚ ਏਜੰਸੀਆਂ।

ਪਿਛਲੇ ਦਿਨੀਂ ਐੱਨਸੀਈਆਰਟੀ ਵੱਲੋਂ ਅੱਠਵੀਂ ਦੀ ਸਮਾਜਿਕ ਸਿੱਖਿਆ ਦੀ ਪੁਸਤਕ ਵਿਚ ਨਿਆਪਾਲਿਕਾ ਦੇ ਭ੍ਰਿਸ਼ਟਾਚਾਰ 'ਤੇ ਇਕ ਅਧਿਆਇ ਸਾਮਲ ਕਰਨ 'ਤੇ ਉਸ ਨੂੰ ਸੁਪਰੀਮ ਕੋਰਟ ਦੀ ਫਿਟਕਾਰ ਦਾ ਸਾਹਮਣਾ ਕਰਨਾ ਪਿਆ। ਸੁਪਰੀਮ ਕੋਰਟ ਨੇ ਐੱਨਸੀਈਆਰਟੀ ਤੋਂ ਇਸ ਪੁਸਤਕ ਨੂੰ ਪਾਬੰਦੀਸ਼ੁਦਾ ਵੀ ਕਰਵਾ ਦਿੱਤਾ।

ਇਸ ਤੋਂ ਇਨਕਾਰ ਨਹੀਂ ਕਿ ਨਿਆਪਾਲਿਕਾ ਵਿਚ ਤਾਂ ਕਦੇ-ਕਦਾਈਂ ਹੀ ਭ੍ਰਿਸ਼ਟਾਚਾਰ ਦੇ ਮਾਮਲੇ ਸਾਹਮਣੇ ਆਉਂਦੇ ਹਨ ਪਰ ਨੇਤਾਵਾਂ ਅਤੇ ਨੌਕਰਸਾਹਾਂ ਦੇ ਭ੍ਰਿਸ਼ਟਾਚਾਰ ਦੇ ਮਾਮਲਿਆਂ ਦੀ ਤਾਂ ਗਿਣਤੀ ਕਰਨੀ ਹੀ ਮੁਸਕਲ ਹੈ। ਇਸ ਕਾਰਨ ਸਰਕਾਰ ਦੇ ਇਸ ਸੰਕਲਪ 'ਤੇ ਸਵਾਲ ਉੱਠਦਾ ਹੈ ਕਿ ਉਹ ਸਾਸਨ-ਪ੍ਰਸਾਸਨ ਵਿਚ ਫੈਲੇ ਭ੍ਰਿਸ਼ਟਾਚਾਰ 'ਤੇ ਲਗਾਮ ਲਗਾਉਣ ਲਈ ਵਚਨਬੱਧ ਹੈ। ਇਹੀ ਵਜ੍ਹਾ ਹੈ ਕਿ ਲੋਕਾਂ ਵਿਚ ਸਿਆਸਤਦਾਨਾਂ ਦਾ ਅਕਸ ਬਹੁਤ ਮਾੜਾ ਹੈ। ਉਨ੍ਹਾਂ ਦੀਆਂ ਵਾਅਦਾ-ਖਿਲਾਫੀਆਂ ਤੋਂ ਜਨਤਾ ਬਹੁਤ ਤੰਗ ਹੈ।

ਇਹ ਸਹੀ ਸਮਾਂ ਹੈ ਕਿ ਸਰਕਾਰ ਆਪਣੀ ਇਸ ਪ੍ਰਤੀਬੱਧਤਾ 'ਤੇ ਗੰਭੀਰਤਾ ਦਿਖਾਏ। ਇਸ ਦੇ ਨਾਲ ਹੁਣ ਅਜਿਹੀ ਵਿਵਸਥਾ ਵੀ ਜਰੂਰੀ ਹੈ ਕਿ ਸੀਬੀਆਈ ਅਤੇ ਈਡੀ ਵਰਗੀਆਂ ਏਜੰਸੀਆਂ ਬਿਨਾਂ ਕਿਸੇ ਠੋਸ ਸਬੂਤ ਦੇ ਲੋਕਾਂ ਨੂੰ ਮਨਮਾਨੇ ਤਰੀਕੇ ਨਾਲ ਗ੍ਰਿਫਤਾਰ ਨਾ ਕਰ ਸਕਣ ਅਤੇ ਜੇਕਰ ਉਨ੍ਹਾਂ ਦੇ ਅਧਿਕਾਰੀ ਮਨਮਾਨੀ ਕਰਨ, ਤਾਂ ਉਨ੍ਹਾਂ ਨੂੰ ਸਜਾ ਦਿੱਤੀ ਜਾਵੇ ਤਾਂ ਜੋ ਭ੍ਰਿਸ਼ਟਾਚਾਰ ਨਾਲ ਲੜਨ ਦੇ ਨਾਂ 'ਤੇ ਬਦਲੇ ਦੀ ਕਾਰਵਾਈ ਨਾ ਹੋ ਸਕੇ ਅਤੇ ਭ੍ਰਿਸ਼ਟਾਚਾਰ ਨਾਲ ਲੜਿਆ ਵੀ ਜਾ ਸਕੇ। ਇਸ ਮਾਮਲੇ ਵਿਚ ਕੇਂਦਰ ਸਰਕਾਰ ਦੇ ਨਾਲ-ਨਾਲ ਨਿਆਪਾਲਿਕਾ ਨੂੰ ਵੀ ਡੂੰਘਾ ਵਿਚਾਰ-ਵਟਾਂਦਰਾ ਕਰਨਾ ਹੋਵੇਗਾ। ਉਸ ਨੂੰ ਇਹ ਦੇਖਣਾ ਹੋਵੇਗਾ ਕਿ ਉਸ ਦੇ ਫੈਸਲੇ ਜਲਦ ਤੋਂ ਜਲਦ ਆਉਣ।

ਸੰਜੇ ਗੁਪਤ


ਦਾ ਪੰਜਾਬ ਹੈਰਲਡ
ਵਿਚ ਕਿਸੇ ਵੀ ਤਰ੍ਹਾਂ ਦੀਆਂ ਖਬਰਾਂ, ਸਾਹਿਤਕ ਕ੍ਰਿਤਾਂ, ਜਾਇਦਾਦ ਸੰਬੰਧੀ ਸੂਚਨਾਵਾਂ ਤੇ ਵਿਆਹ ਸ਼ਾਦੀਆਂ ਸੰਬੰਧੀ ਇਸ਼ਤਿਹਾਰ ਛਪਵਾਉਣ ਲਈ ਤੁਸੀਂ ਸਾਡੇ ਨਾਲ ਹੇਠ ਲਿਖੇ ਨੰਬਰ ਅਤੇ ਈ-ਮੇਲ ਤੇ ਸੰਪਰਕ ਕਰ ਸਕਦੇ ਹੋ। ਚੰਗਾ ਹੋਵੇਗਾ ਜੇ ਇਹ ਸਭ ਪ੍ਰਕਾਰ ਦੀ ਸਮਗਰੀ ਹਰ ਮਹੀਨੇ 20 ਤਰੀਖ ਤੋਂ ਪਹਿਲਾਂ ਪਹਿਲਾਂ ਸਾਡੇ ਪਾਸ ਪਹੁੰਚ ਜਾਵੇ। ਸੰਪਰਕ 0437641033

ਜੇਕਰ ਕਿਸੇ ਨੇ ਇਸ਼ਤਿਹਾਰ ਛਪਵਾਉਣਾ ਬੰਦ ਕਰਾਉਣਾ ਹੋਵੇ ਤਾਂ ਉਹ ਮਹੀਨੇ ਦੀ 20 ਤਾਰੀਖ ਤੋਂ ਪਹਿਲਾਂ ਪਹਿਲਾਂ ਸਾਨੂੰ ਸੂਚਿਤ ਕਰੇ।
If somebody wishes to discontinue the advertisement, then please intimate us by calling 0437641033 before 20th every month.
thepunjabherald1@gmail.com

# ਭਾਰਤ ਵੀ ਤਾਰੇਗਾ ਇਰਾਨ ਜੰਗ ਦਾ ਮੁੱਲ

ਇਰਾਨ ਉੱਤੇ ਇਜਰਾਇਲੀ ਅਤੇ ਅਮਰੀਕੀ ਮਿਜਾਈਲਾਂ ਦਾ ਮੀਂਹ ਵਰ੍ਹਨ ਤੋਂ ਕੁਝ ਹਫਤੇ ਪਹਿਲਾਂ ਇਸਲਾਮੀ ਰਾਸਟਰ ਦੇ ਦੋ ਸਮੁੰਦਰੀ ਵਿੰਗਾਂ ਵਿੱਚੋਂ ਇੱਕ, ਆਈ ਆਰ ਜੀ ਸੀ ਐੱਨ ਨੇ ਆਪਣੀ ਨਵੀਂ ਰੱਖਿਆ ਨੀਤੀ 'ਸਮਾਰਟ ਕੰਟਰੋਲ ਔਫ ਦਿ ਸਟਰੇਟ ਹੋਰਮੁਜ' ਦਾ ਅਭਿਆਸ ਕਰਨ ਦੇ ਉਦੇਸ਼ ਹਿੱਤ ਲੰਮੇ ਸਮੇਂ ਲਈ ਹੋਰਮੁਜ ਦੀ ਖਾੜੀ ਨੂੰ ਬੰਦ ਕਰ ਦਿੱਤਾ ਸੀ। ਇਸ ਦਾ ਮਕਸਦ ਦੁਨੀਆ ਨੂੰ ਇਹ ਦਿਖਾਉਣਾ ਸੀ ਕਿ ਇਰਾਨ ਕੋਲ ਇਸ ਖਾੜੀ ਵਿੱਚੋਂ ਲੰਘ ਕੇ ਹੋਣ ਵਾਲੇ ਕਿਸੇ ਵੀ ਸਮੁੰਦਰੀ ਵਪਾਰ ਨੂੰ ਰੋਕਣ ਦੀ ਸਮਰੱਥਾ ਹੈ।

ਰੋਜਾਨਾ 20 ਮਿਲੀਅਨ ਬੈਰਲ ਕੱਚਾ ਤੇਲ ਹੋਰਮੁਜ ਦੀ ਖਾੜੀ ਵਿੱਚੋਂ ਲੰਘਦਾ ਹੈ। ਇਹ ਦੁਨੀਆ ਦੇ ਕੱਚੇ ਤੇਲ ਦੇ ਕੁੱਲ ਵਪਾਰ ਦਾ 25 ਫੀਸਦੀ ਅਤੇ ਕੁਲ ਖਪਤ ਦਾ 20 ਫੀਸਦੀ ਬਣਦਾ ਹੈ। ਸਾਡੇ ਲਈ ਇਸ ਖਾੜੀ ਦਾ ਮਹੱਤਵ ਹੋਰ ਵੀ ਜਿਆਦਾ ਹੈ; ਭਾਰਤ ਦੇ ਕੱਚੇ ਤੇਲ ਦੀ ਦਰਾਮਦ ਦਾ 50 ਫੀਸਦੀ ਹਿੱਸਾ ਇਸ ਖਾੜੀ ਵਿੱਚੋਂ ਹੀ ਹੋ ਕੇ ਆਉਂਦਾ ਹੈ। ਇਸ ਲਈ ਇਥੇ ਹੋਣ ਵਾਲੀ ਕਿਸੇ ਵੀ ਤਰ੍ਹਾਂ ਦੀ ਲੰਮੀ ਨਾਕਾਬੰਦੀ ਨਾਲ ਭਾਰਤ ਲਈ ਕੱਚੇ ਤੇਲ ਦੀ ਦਰਾਮਦ ਕੀਮਤ ਵਿੱਚ ਵੱਡੇ ਪੱਧਰ 'ਤੇ ਵਾਧਾ ਹੋਵੇਗਾ, ਜੋ ਵਿਸ਼ਵ ਪੱਧਰ 'ਤੇ ਕੱਚੇ ਤੇਲ ਦੀਆਂ ਕੀਮਤਾਂ 'ਤੇ ਪੈਣ ਵਾਲੇ ਪ੍ਰਭਾਵ ਤੋਂ ਕਿਤੇ ਵੱਧ ਹੋਵੇਗਾ।

ਰੱਖਿਆ ਵਿਸਲੇਸਕਾਂ ਵਿਚਾਲੇ ਇਸ ਗੱਲ 'ਤੇ ਮੱਤਭੇਦ ਹੈ ਕਿ ਇਰਾਨ ਲੰਮੇ ਸਮੇਂ ਤੱਕ ਇਹ ਨਾਕਾਬੰਦੀ ਲਾਗੂ ਕਰ ਸਕੇਗਾ ਜਾਂ ਨਹੀਂ। ਕੁਝ ਦਾ ਕਹਿਣਾ ਹੈ ਕਿ ਇਰਾਨ ਨੇ ਪਿਛਲੇ ਕਈ ਸਾਲਾਂ ਦੌਰਾਨ ਇਸ ਯੁੱਧ ਵਾਲੀ ਸਥਿਤੀ ਦਾ ਅਭਿਆਸ ਕੀਤਾ ਹੈ ਅਤੇ ਦੁਨੀਆ ਵਿੱਚ ਸਭ ਤੋਂ ਵਧੀਆ ਸਮੁੰਦਰੀ ਰੱਖਿਆ ਸਮਰੱਥਾਵਾਂ ਦੇ ਮੁਕਾਬਲੇ ਲਈ ਖੁਦ ਨੂੰ ਤਿਆਰ ਕੀਤਾ ਹੈ। ਰੱਖਿਆ ਵਿਸਲੇਸਣ ਸਮੂਹ ਜੇਨ'ਜ, ਜਿਸ ਦੇ ਵਿਸ਼ਲੇਸ਼ਣ ਨੂੰ ਬਹੁਤ ਸਤਿਕਾਰ ਦੀ ਨਜਰ ਨਾਲ ਦੇਖਿਆ ਜਾਂਦਾ ਹੈ, ਨੇ ਇੱਕ ਵਾਰ ਇਰਾਨ ਨੂੰ 'ਛੋਟੀਆਂ ਕਿਸਤੀਆਂ ਦੀਆਂ 'ਸਵਾਰਮ' ਰਣਨੀਤੀਆਂ ਦਾ ਸਭ ਤੋਂ ਵੱਡਾ ਅਭਿਆਸੀ' ਦੱਸਿਆ ਸੀ ਤੇ ਇਸ ਦਾ ਹੋਰਮੁਜ ਦੀ ਖਾੜੀ ਵਿੱਚ ਬਹੁਤ ਮਹੱਤਵ ਹੈ।

ਇਰਾਨ ਕੋਲ ਜਲਸੈਨਾ ਦੀਆਂ 5 ਹਜਾਰ ਤੋਂ ਵੱਧ ਬਾਰੂਦੀ ਸੁਰੰਗਾਂ ਹਨ, ਜਿਨ੍ਹਾਂ ਵਿੱਚ ਚੀਨ ਦੀਆਂ ਬਣੀਆਂ ਅਤਿ-ਆਧੁਨਿਕ ਤੇ ਵਿਕਸਤ ਈ ਐੱਮ -52 ਸੁਰੰਗਾਂ ਵੀ ਸਾਮਲ ਹਨ, ਜੋ ਸਮੁੰਦਰ ਦੇ ਤਲ 'ਤੇ ਉਦੋਂ ਤੱਕ ਬਿਨਾ ਕਿਸੇ ਹਰਕਤ ਦੇ ਰਹਿ ਸਕਦੀਆਂ ਹਨ, ਜਦੋਂ ਤੱਕ ਉਨ੍ਹਾਂ ਨੂੰ ਉੱਪਰ ਕਿਸੇ ਵੱਡੇ ਨਿਸ਼ਾਨੇ ਦੀ ਮੌਜੂਦਗੀ ਦਾ ਪਤਾ ਨਹੀਂ ਲੱਗਦਾ। ਇਰਾਨ ਕੋਲ ਪੱਛਮੀ ਏਸੀਆ ਵਿੱਚ ਜਹਾਜ ਤਬਾਹ ਕਰਨ ਵਾਲੀਆਂ ਮਿਜਾਈਲਾਂ ਦਾ ਸਭ ਤੋਂ ਵੱਡਾ ਜਖੀਰਾ ਵੀ ਹੈ, ਜਿਸ ਵਿੱਚ ਘੱਟ ਦੂਰੀ ਦੀ 'ਨੂਰ' ਅਤੇ ਦਰਮਿਆਨੀ ਤੋਂ ਲੰਮੀ ਦੂਰੀ ਦੀਆਂ ਜਹਾਜ ਤਬਾਹ ਕਰਨ ਵਾਲੀਆਂ ਬੈਲਿਸਟਿਕ ਮਿਜਾਈਲਾਂ (), ਖਲੀਜ ਫਾਰਸ, ਜੋਲਫਗਰ ਬਸੀਰ ਅਤੇ ਕਾਸਿਮ ਬਸ਼ੀਰ ਸਾਮਲ ਹਨ।

ਹੋਰਨਾਂ ਰੱਖਿਆ ਮਾਹਿਰਾਂ ਦਾ ਕਹਿਣਾ ਹੈ ਕਿ ਅਮਰੀਕਾ ਅਤੇ ਇਜਰਾਈਲ ਕੋਲ ਇੰਨੀ ਮਾਰੂ ਤਾਕਤ ਹੈ ਕਿ ਉਹ ਕੁਝ ਹੀ ਦਿਨਾਂ ਵਿੱਚ ਇਰਾਨੀ ਜਲ ਸੈਨਾ ਦੇ ਇਸ ਢਾਂਚੇ ਨੂੰ ਖਤਮ ਕਰਕੇ ਇੱਕ ਹਫਤੇ ਵਿੱਚ ਹੋਰਮੁਜ ਦੀ ਖਾੜੀ ਨੂੰ



ਖਾਲੀ ਕਰਵਾ ਸਕਦੇ ਹਨ। ਜੇਕਰ ਇਹ ਸੱਚ ਵੀ ਹੋਵੇ, ਤਾਂ ਵੀ ਉਹ ਜਹਾਜਾਂ 'ਤੇ ਗੁਰੀਲਾ ਹਮਲਿਆਂ ਦੀ ਸੰਭਾਵਨਾ ਨੂੰ ਰੱਦ ਨਹੀਂ ਕਰ ਸਕਦੇ, ਜਿਵੇਂ ਹੂਤੀ ਬਾਗੀਆਂ ਨੇ ਲਾਲ ਸਾਗਰ ਵਿੱਚ ਕੀਤਾ ਹੈ।

ਇਸ ਦਾ ਮਤਲਬ ਹੈ ਕਿ ਜਹਾਜਾਂ ਨੂੰ ਖਾੜੀ ਵਿੱਚੋਂ ਲੰਘਣ ਲਈ ਬਹੁਤ ਜਿਆਦਾ ਬੀਮਾ ਪ੍ਰੀਮੀਅਮ ਅਦਾ ਕਰਨਾ ਪਵੇਗਾ। ਪਹਿਲਾਂ ਹੀ ਇਸ ਖੇਤਰ ਵਿੱਚੋਂ ਲੰਘਣ ਵਾਲੇ ਜਹਾਜਾਂ 'ਤੇ ਲੱਗਣ ਵਾਲਾ ਵਾਧੂ ਯੁੱਧ ਜੋਖਮ ਪ੍ਰੀਮੀਅਮ () ਜਹਾਜ ਦੇ ਮੁੱਲ ਦਾ 0.05-0.1 ਫੀਸਦੀ ਤੋਂ ਵਧ ਕੇ 0.5-1 ਫੀਸਦੀ ਹੋ ਗਿਆ ਹੈ। ਇਸ ਦਾ ਮਤਲਬ ਹੈ ਕਿ 10 ਕਰੋੜ ਡਾਲਰ ਦੀ ਕੀਮਤ ਵਾਲੇ ਕੱਚੇ ਤੇਲ ਦੇ ਇੱਕ ਵੱਡੇ ਕੈਰੀਅਰ ਨੂੰ ਸਿਰਫ ਬੀਮੇ ਲਈ ਹੀ 10 ਲੱਖ ਡਾਲਰ ਦੀ ਅਦਾਇਗੀ ਕਰਨੀ ਪਵੇਗੀ। ਕੁਝ ਮਾਮਲਿਆਂ ਵਿੱਚ ਪ੍ਰਮੁੱਖ ਸਮੁੰਦਰੀ ਬੀਮਾ ਕੰਪਨੀਆਂ ਨੇ ਹੋਰਮੁਜ ਦੀ ਖਾੜੀ ਵਿੱਚੋਂ ਲੰਘਣ ਵਾਲੇ ਕਿਸੇ ਵੀ ਜਹਾਜ ਲਈ ਬੀਮਾ ਕਵਰੇਜ ਦੇਣੀ ਬੰਦ ਕਰ ਦਿੱਤੀ ਹੈ।

ਇਸ ਦਾ ਸਾਡੇ ਵੱਲੋਂ ਦਰਾਮਦ ਕੀਤੇ ਜਾਣ ਵਾਲੇ ਕੱਚੇ ਤੇਲ ਦੇ ਭੰਡਾਰ 'ਤੇ ਮਾਰੂ ਅਸਰ ਪਵੇਗਾ, ਜਿਸ ਦੀ ਕੀਮਤ ਓਮਾਨ ਅਤੇ ਦੁਬਈ ਤੋਂ ਆਉਣ ਵਾਲੇ ਸਲਫਰ ਦੀ ਵੱਧ ਮਾਤਰਾ ਵਾਲੇ ਕੱਚੇ ਤੇਲ ( ) ਅਤੇ ਸਲਫਰ ਦੀ ਘੱਟ ਮਾਤਰਾ ਵਾਲੇ ਕੱਚੇ ਤੇਲ ( ) ਦੀਆਂ ਕੀਮਤਾਂ ਨੂੰ ਮਿਲਾ ਕੇ ਤੈਅ ਕੀਤੀ ਜਾਂਦੀ ਹੈ। ਸਾਨੂੰ ਖਾੜੀ ਦੇਸ਼ਾਂ ਤੋਂ ਆਉਣ ਵਾਲੇ ਕੱਚੇ ਤੇਲ ਲਈ ਵਧੇਰੇ ਕੀਮਤ ਅਦਾ ਕਰਨੀ ਪਵੇਗੀ ਅਤੇ ਉੱਤਰੀ ਅਮਰੀਕਾ ਤੋਂ ਆਉਣ ਵਾਲੇ ਕੱਚੇ ਤੇਲ 'ਤੇ ਸਾਡੀ ਨਿਰਭਰਤਾ ਵੀ ਵਧੇਗੀ, ਜਿਸ ਨਾਲ ਦਰਾਮਦ ਕੀਮਤਾਂ ਵਿੱਚ ਭਾਰੀ ਵਾਧਾ ਹੋਵੇਗਾ। ਕਿਆਸ ਲਾਏ ਜਾ ਰਹੇ ਹਨ ਕਿ ਜੇਕਰ ਹੋਰਮੁਜ ਵਿੱਚ ਇਹ ਹਾਲਾਤ ਜਾਰੀ ਰਹੇ ਤਾਂ ਭਾਰਤ ਦੇ ਕੱਚੇ ਤੇਲ ਦੇ ਭੰਡਾਰ ਦੀ ਕੀਮਤ ਮੌਜੂਦਾ 70 ਡਾਲਰ ਪ੍ਰਤੀ ਬੈਰਲ ਤੋਂ ਵਧ ਕੇ 100 ਡਾਲਰ ਪ੍ਰਤੀ ਬੈਰਲ ਜਾਂ ਇਸ ਤੋਂ ਵੀ ਵੱਧ ਹੋ ਸਕਦੀ ਹੈ।

ਕੱਚੇ ਤੇਲ ਦੀਆਂ ਕੀਮਤਾਂ 'ਚ ਭਾਰੀ ਵਾਧੇ ਦੇ ਸਾਡੀ ਆਰਥਿਕਤਾ 'ਤੇ ਚਾਰ ਵੱਡੇ ਪ੍ਰਭਾਵ ਪੈਣਗੇ: ਪਹਿਲਾ, ਤੇਲ ਦਰਾਮਦ ਬਿੱਲ ਅਤੇ ਚਾਲੂ ਖਾਤਾ ਘਾਟਾ ( )'ਤੇ ਪ੍ਰਭਾਵ, ਦੂਜਾ ਕੱਚੇ ਤੇਲ ਨੂੰ ਸੋਧਣ ਦੀ ਲਾਗਤ, ਤੀਜਾ ਪੈਟਰੋਲ ਪੰਪ 'ਤੇ ਤੇਲ ਦੀਆਂ ਕੀਮਤਾਂ 'ਤੇ ਪ੍ਰਭਾਵ ਅਤੇ ਚੌਥਾ ਪੈਟਰੋਲ ਅਤੇ ਡੀਜਲ 'ਤੇ ਟੈਕਸਾਂ ਤੋਂ ਕੇਂਦਰ ਅਤੇ ਰਾਜਾਂ ਦੀ ਕਮਾਈ 'ਤੇ ਪ੍ਰਭਾਵ। ਇੱਕ ਅਨੁਮਾਨ ਅਨੁਸਾਰ ਵਿਸ਼ਵ ਭਰ ਵਿੱਚ ਕੱਚੇ ਤੇਲ ਦੀ ਕੀਮਤ ਵਿੱਚ ਪ੍ਰਤੀ ਬੈਰਲ 10 ਡਾਲਰ ਦਾ ਵਾਧਾ ਹੋਣ 'ਤੇ ਸਾਡਾ ਦਰਾਮਦ ਬਿੱਲ 13 ਤੋਂ 14 ਬਿਲੀਅਨ ਡਾਲਰ ਤੱਕ ਵਧ ਜਾਵੇਗਾ ਕਿਉਂਕਿ ਅਸੀਂ ਵਿਸ਼ਵ-ਵਿਆਪੀ ਔਸਤ ਕੀਮਤ ਤੋਂ ਘੱਟ ਭਾਅ ਅਦਾ ਕਰਦੇ ਹਾਂ। ਜੇਕਰ ਵਿਸ਼ਵ ਭਰ ਵਿੱਚ ਤੇਲ ਦੀਆਂ ਕੀਮਤਾਂ ਵਧ ਕੇ 100 ਬਿਲੀਅਨ ਡਾਲਰ ਹੋ ਜਾਣ ਤਾਂ ਸਾਡਾ ਤੇਲ ਦਰਾਮਦ ਬਿੱਲ 30 ਤੋਂ 40 ਬਿਲੀਅਨ ਡਾਲਰ ਤੱਕ ਵਧ ਜਾਵੇਗਾ। ਬੇਸ਼ੱਕ ਹੋਰ ਚੀਜਾਂ 'ਚ ਬਦਲਾਅ ਨਾ ਹੋਵੇ ਪਰ ਇਸ ਨਾਲ ਸਾਡਾ ਚਾਲੂ ਖਾਤਾ ਘਾਟਾ ਅਤੇ ਸਾਡੀ ਦਰਾਮਦ ਤੇ ਬਰਾਮਦ ਵਿਚਲਾ ਪਾੜਾ ਜੀ ਡੀ ਪੀ ਦੇ 2 ਫੀਸਦੀ ਤੱਕ ਵਧ ਜਾਵੇਗਾ। ਜੇਕਰ ਕੱਚੇ ਤੇਲ ਦੀਆਂ ਦਰਾਮਦ ਕੀਮਤਾਂ ਵਧਦੀਆਂ ਹਨ ਤਾਂ ਰਿਫਾਇਨਰੀਆਂ ਆਪਣੇ ਮੁਨਾਫੇ ਨੂੰ ਬਰਕਰਾਰ ਰੱਖਣ ਲਈ 'ਰਿਫਾਇਨਰੀ ਗੇਟ ਕੀਮਤ' (ਪੈਟਰੋਲ ਪੰਪਾਂ ਤੱਕ ਤੇਲ ਪਹੁੰਚਾਉਣ ਦੀ ਕੀਮਤ) ਵਿੱਚ ਵਾਧਾ ਕਰਨਗੀਆਂ। ਜੇਕਰ ਕੇਂਦਰ ਤੇ ਰਾਜ ਸਰਕਾਰਾਂ ਮੌਜੂਦਾ ਦਰ ਨਾਲ ਹੀ ਟੈਕਸ ਵਸੂਲਦੀਆਂ ਰਹੀਆਂ ਤਾਂ ਖਪਤਕਾਰਾਂ ਨੂੰ ਪੈਟਰੋਲ ਅਤੇ ਡੀਜਲ ਖਰੀਦਣ ਲਈ ਭਾਰੀ ਕੀਮਤ ਚੁਕਾਉਣੀ ਪਵੇਗੀ। 100 ਡਾਲਰ ਪ੍ਰਤੀ ਬੈਰਲ ਦੀ ਕੀਮਤ ਰਹਿਣ 'ਤੇ ਰਿਫਾਇਨਰੀਆਂ ਪੈਟਰੋਲ 80 ਰੁਪਏ ਪ੍ਰਤੀ ਲਿਟਰ ਵੇਚਣਗੀਆਂ ਅਤੇ ਖਪਤਕਾਰਾਂ ਨੂੰ 115 ਤੋਂ 135 ਰੁਪਏ ਦੇ ਵਿਚਕਾਰ ਭੁਗਤਾਨ ਕਰਨਾ ਪਵੇਗਾ, ਹਾਲਾਂਕਿ ਇਹ ਇਸ ਗੱਲ 'ਤੇ ਨਿਰਭਰ ਕਰਦਾ ਹੈ ਕਿ ਉਹ ਕਿਸ ਰਾਜ ਨਾਲ ਸਬੰਧਿਤ ਹਨ। ਇਸ ਦਾ ਸਿੱਧਾ ਅਸਰ ਸਮੁੱਚੀ ਪ੍ਰਚੂਨ ਮਹਿੰਗਾਈ 'ਤੇ ਪਵੇਗਾ।

ਅਨੁਮਾਨ ਹੈ ਕਿ ਕੱਚੇ ਤੇਲ ਦੀ ਵਿਸ਼ਵ-ਵਿਆਪੀ ਕੀਮਤ ਵਿੱਚ ਪ੍ਰਤੀ ਬੈਰਲ 10 ਡਾਲਰ ਦੇ ਵਾਧੇ ਨਾਲ ਖਪਤਕਾਰ ਮੁੱਲ ਸੂਚਕ ਅੰਕ ਇੱਕ ਫੀਸਦੀ ਦਾ ਇੱਕ ਤਿਹਾਈ ਵਧਦਾ ਹੈ। 100 ਡਾਲਰ ਪ੍ਰਤੀ ਬੈਰਲ ਕੱਚੇ ਤੇਲ ਦੀ ਕੀਮਤ ਪ੍ਰਚੂਨ ਮਹਿੰਗਾਈ ਦਰ ਨੂੰ ਇੱਕ ਫੀਸਦੀ ਤੱਕ ਵਧਾ ਸਕਦੀ ਹੈ। ਇਹ ਰਿਜਰਵ ਬੈਂਕ ਨੂੰ ਮਹਿੰਗਾਈ ਰੋਕਣ ਲਈ ਆਪਣੀਆਂ ਵਿਆਜ ਦਰਾਂ ਬਦਲਣ ਲਈ ਮਜਬੂਰ ਕਰੇਗਾ। ਅਜਿਹੀ ਸਥਿਤੀ, ਜਿਥੇ ਨਿਵੇਸ ਅਤੇ ਖਪਤ ਦੋਵੇਂ ਪਹਿਲਾਂ ਹੀ ਦਬਾਅ ਹੇਠ ਹਨ, ਦਾ ਭਾਰਤ ਦੀ ਜੀ ਡੀ ਪੀ ਵਿਕਾਸ ਦਰ 'ਤੇ ਮਾੜਾ ਅਸਰ ਪਵੇਗਾ। ਕੱਚੇ ਤੇਲ ਦੀਆਂ ਵਧਦੀਆਂ ਕੀਮਤਾਂ ਕਾਰਨ ਮਹਿੰਗਾਈ 'ਤੇ ਪੈਣ ਵਾਲੇ ਅਸਰ ਨੂੰ ਘਟਾਉਣ ਦਾ ਇੱਕ ਤਰੀਕਾ ਇਹ ਹੈ ਕਿ ਕੇਂਦਰ ਅਤੇ ਰਾਜ ਸਰਕਾਰਾਂ ਪੈਟਰੋਲ ਅਤੇ ਡੀਜਲ 'ਤੇ ਲੱਗਣ ਵਾਲੇ ਟੈਕਸਾਂ ਨੂੰ ਘਟਾ ਦੇਣ। ਮੌਜੂਦਾ ਸਮੇਂ ਕੇਂਦਰ ਸਰਕਾਰ ਪੈਟਰੋਲ 'ਤੇ 13 ਰੁਪਏ ਪ੍ਰਤੀ ਲਿਟਰ ਅਤੇ ਡੀਜਲ 'ਤੇ 10 ਰੁਪਏ ਪ੍ਰਤੀ ਲਿਟਰ ਕੇਂਦਰੀ ਕਰ ਵਸੂਲਦੀ ਹੈ। ਰਾਜਾਂ ਵਿੱਚ ਵੈਟ ਦਰਾਂ ਤੇਲ ਦੀ ਕਿਸਮ ਦੇ ਆਧਾਰ 'ਤੇ 16 ਫੀਸਦੀ ਤੋਂ ਲੈ ਕੇ 26 ਫੀਸਦੀ ਤੱਕ ਵਸੂਲੀਆਂ ਜਾ ਰਹੀਆਂ ਹਨ। ਜੇਕਰ ਪ੍ਰਚੂਨ ਕੀਮਤਾਂ ਬਰਕਰਾਰ ਰੱਖੀਆਂ ਜਾਂਦੀਆਂ ਹਨ ਤਾਂ ਕੇਂਦਰ ਨੂੰ ਟੈਕਸ ਮਾਲੀਏ ਵਿੱਚ 1.5 ਲੱਖ ਕਰੋੜ ਰੁਪਏ ਦਾ ਨੁਕਸਾਨ ਹੋ ਸਕਦਾ ਹੈ, ਜਿਸ ਨਾਲ ਵਿੱਤੀ ਘਾਟਾ 4.6-4.7 ਫੀਸਦੀ ਤੱਕ ਵਧ ਜਾਵੇਗਾ। ਇਸ ਪਾੜੇ ਨੂੰ ਪੂਰਨ ਲਈ ਸਰਕਾਰ ਨੂੰ ਹੋਰ ਕਰਜਾ ਲੈਣਾ ਪਵੇਗਾ ਤੇ ਵੱਧ ਸਰਕਾਰੀ ਬਾਂਡ ਜਾਰੀ ਕਰਨੇ ਪੈਣਗੇ। ਇਸ ਸਥਿਤੀ ਵਿੱਚ ਵਿਆਜ ਦਰਾਂ ਵੀ ਵਧਣਗੀਆਂ। ਕੰਪਨੀਆਂ ਨੂੰ ਵੀ ਆਪਣੇ ਬਾਂਡਾਂ 'ਤੇ ਉੱਚ ਰਿਟਰਨ ਦੀ ਪੇਸਕਸ ਕਰਨੀ ਪਵੇਗੀ। ਸੰਖੇਪ 'ਚ ਇਹੀ ਕਿਹਾ ਜਾ ਸਕਦਾ ਹੈ ਕਿ ਭਾਵੇਂ ਕੱਚੇ ਦੀਆਂ ਕੀਮਤਾਂ ਦਾ ਬੋਝ ਖਪਤਕਾਰਾਂ 'ਤੇ ਪਵੇ ਜਾਂ ਸਰਕਾਰ ਉਸ ਨੂੰ ਓਟ ਲਵੇ ਪਰ ਵਿਆਜ ਦਰਾਂ ਵਧ ਸਕਦੀਆਂ ਹਨ ਅਤੇ ਇਹ ਆਗਾਮੀ ਵਿੱਤੀ ਸਾਲ ਵਿੱਚ ਭਾਰਤ ਦੀ ਜੀ ਡੀ ਪੀ ਵਿਕਾਸ ਦਰ ਨੂੰ ਪ੍ਰਭਾਵਿਤ ਕਰ ਸਕਦੀ ਹੈ।

ਔਨੰਦਿਓ ਚਕਰਵਰਤੀ

# ਬੇਯਕੀਨੀ ਨਾਲ ਘਿਰਿਆ ਈਰਾਨ

ਇਜਰਾਈਲ-ਅਮਰੀਕਾ ਦੀ ਸਾਂਝੀ ਫੌਜੀ ਕਾਰਵਾਈ 'ਚ ਈਰਾਨ ਦੇ ਸੁਪਰੀਮ ਲੀਡਰ ਅਤੇ ਮਜਹਬੀ ਆਗੂ ਅਯਾਤੁੱਲ੍ਹਾ ਅਲੀ ਖਾਮਨੇਈ ਦੀ ਮੌਤ ਤੋਂ ਬਾਅਦ ਉਥੇ ਲੀਡਰਸ਼ਿਪ ਤਬਦੀਲੀ ਹੋ ਗਈ, ਪਰ ਇਹ ਕਹਿਣਾ ਮੁਸ਼ਕਲ ਹੈ ਕਿ ਸੱਤਾ ਤਬਦੀਲੀ ਵੀ ਹੋ ਜਾਵੇਗੀ, ਜੋ ਕਿ ਅਮਰੀਕੀ ਰਾਸ਼ਟਰਪਤੀ ਦਾ ਟੀਚਾ ਹੈ। ਇਕ ਤਾਂ ਈਰਾਨ ਵੈਨੇਜ਼ੁਏਲਾ ਨਹੀਂ ਹੈ ਤੇ ਨਾ ਹੀ ਉਥੇ ਸ਼ਾਸਨ ਅਤੇ ਫੌਜ ਨੂੰ ਕੰਟਰੋਲ ਕਰਨ ਵਾਲੇ ਤੰਤਰ 'ਚ ਫਿਲਹਾਲ ਕਿਸੇ ਅਸਹਿਮਤੀ ਤੇ ਵਿਦਰੋਹ ਦੇ ਆਸਾਰ ਦਿਖਾਈ ਦੇ ਰਹੇ ਹਨ। ਇਸ ਦਾ ਨਤੀਜਾ ਇਹ ਹੈ ਕਿ ਖਾਮਨੇਈ ਦੀ ਥਾਂ 'ਤੇ ਅੰਤ੍ਰਿਮ ਲੀਡਰ ਦੇ ਨਾਂ ਦਾ ਐਲਾਨ ਕਰ ਦਿੱਤਾ ਗਿਆ ਹੈ ਅਤੇ ਈਰਾਨੀ ਫੌਜ ਤੇ ਵਿਸ਼ੇਸ਼ ਰੂਪ ਨਾਲ ਰਿਵੋਲਿਊਸ਼ਨਰੀ ਗਾਰਡਜ ਦੇ ਕਮਾਂਡਰ ਇਜਰਾਈਲ-ਅਮਰੀਕਾ ਦੇ ਹਮਲੇ ਦਾ ਜਵਾਬ ਦੇਣ ਦੇ ਨਾਲ ਹੀ ਖਾਮਨੇਈ ਦੀ ਮੌਤ ਦਾ ਬਦਲਾ ਲੈਣ ਦੀ ਧਮਕੀ ਵੀ ਦੇ ਰਹੇ ਹਨ।



ਈਰਾਨੀ ਫੌਜ ਜਿਸ ਤਰ੍ਹਾਂ ਇਜਰਾਈਲ ਨੂੰ ਨਿਸ਼ਾਨਾ ਬਣਾਉਣ ਦੇ ਨਾਲ ਸਾਊਦੀ ਅਰਬ, ਕਤਰ, ਜਾਰਡਨ, ਓਮਾਨ, ਬਹਿਰੀਨ, ਕੁਵੈਤ, ਸੰਯੁਕਤ ਅਰਬ ਅਮੀਰਾਤ ਆਦਿ ਥਾਂਵਾਂ 'ਤੇ ਅਮਰੀਕੀ ਫੌਜੀ ਟਿਕਾਣਿਆਂ ਦੇ ਨਾਲ ਨਾਗਰਿਕ ਖੇਤਰਾਂ ਨੂੰ ਨਿਸ਼ਾਨਾ ਬਣਾ ਰਹੀ ਹੈ, ਉਸ ਨਾਲ ਇਹੀ ਸਪੱਸ਼ਟ ਹੁੰਦਾ ਹੈ ਕਿ ਉਹ ਆਸਾਨੀ ਨਾਲ ਹਾਰ ਨਹੀਂ ਮੰਨਣ ਵਾਲੀ। ਈਰਾਨੀ ਫੌਜ ਨੇ ਜਿਸ ਤਰ੍ਹਾਂ ਗੁਆਂਢੀ ਦੇਸ਼ਾਂ 'ਚ ਨਾਗਰਿਕ ਟਿਕਾਣਿਆਂ 'ਤੇ ਹਮਲੇ ਕੀਤੇ, ਉਸ ਨਾਲ ਪੱਛਮੀ ਏਸ਼ੀਆ 'ਚ ਤਣਾਅ ਹੋਰ ਵਧੇਗਾ। ਇਸ ਦਾ ਅਸਰ ਭਾਰਤ ਸਮੇਤ ਪੂਰੀ ਦੁਨੀਆ 'ਤੇ ਪਵੇਗਾ, ਕਿਉਂਕਿ ਇਹ ਖੇਤਰ ਵਿਸ਼ਵ ਨੂੰ ਊਰਜਾ ਦੀ ਸਪਲਾਈ ਦਾ ਵੱਡਾ ਸ੍ਰੋਤ ਹੈ। ਈਰਾਨੀ ਫੌਜ ਦੀ ਪ੍ਰਤੀਕਿਰਿਆ ਦੇ ਬਾਵਜੂਦ ਤੱਥ ਇਹੀ ਹੈ ਕਿ ਉਹ ਇਜਰਾਈਲ ਤੇ ਅਮਰੀਕਾ ਦੀ ਫੌਜੀ ਸਮਰੱਥਾ ਦਾ ਲੰਬੇ ਸਮੇਂ ਤੱਕ ਸਾਹਮਣਾ ਨਹੀਂ ਕਰ ਸਕਦੀ। ਇਸ 'ਤੇ ਹੈਰਾਨੀ ਨਹੀਂ ਕਿ ਖਾਮਨੇਈ ਦੀ ਮੌਤ ਤੋਂ ਬਾਅਦ ਜਿੱਥੇ ਆਮ ਤੌਰ 'ਤੇ ਸ਼ੀਆ ਜਗਤ 'ਚ ਗੁੱਸਾ ਹੈ, ਉਥੇ ਈਰਾਨ 'ਚ ਜਨਤਾ ਦਾ ਇਕ ਵਰਗ ਖੁਸ਼ ਹੈ।

ਇਸ ਦਾ ਕਾਰਨ ਇਹੀ ਹੈ ਕਿ ਕਰੀਬ 40 ਸਾਲਾਂ ਤੋਂ ਸੱਤਾ 'ਤੇ ਕਾਬਜ ਰਹਿਣ ਦੌਰਾਨ ਉਨ੍ਹਾਂ ਨੇ ਜੁਲਮ ਨਾਲ ਸ਼ਾਸਨ ਕੀਤਾ ਤੇ ਆਪਣੇ ਲੋਕਾਂ 'ਤੇ ਸਖਤ ਮਜਹਬੀ ਮਾਨਤਾਵਾਂ ਥੋਪੀਆਂ। ਇਸ ਤੋਂ ਇਲਾਵਾ ਉਨ੍ਹਾਂ ਨੇ ਹਿਜਬੁੱਲ੍ਹਾ, ਹਮਾਸ ਤੇ ਹਾਊਤੀ ਵਰਗੇ ਸੰਗਠਨਾਂ ਦੀ ਹਰ ਤਰ੍ਹਾਂ ਦੀ ਮਦਦ ਕੀਤੀ। ਇਸ ਨਾਲ ਇਜਰਾਈਲ ਤੇ ਅਮਰੀਕਾ ਦਾ ਈਰਾਨ ਨਾਲ ਵੈਰ ਵਧਿਆ। ਇਸ 'ਚ ਸ਼ੱਕ ਨਹੀਂ ਕਿ ਈਰਾਨ 'ਤੇ ਇਜਰਾਈਲ ਤੇ ਅਮਰੀਕਾ ਦਾ ਹਮਲਾ ਸਹੀ ਨਹੀਂ।

ਇਹ ਹਮਲਾ ਕੁੱਲ ਮਿਲਾ ਕੇ ਅਮਰੀਕਾ ਦੀ ਮਨਮਰਜੀ ਨੂੰ ਹੀ ਦਰਸਾਉਂਦਾ ਹੈ, ਪਰ ਜੋ ਹਾਲਾਤ ਬਣੇ ਉਸ ਲਈ ਈਰਾਨੀ ਸੱਤਾ ਦੀ ਜਿਦ ਵੀ ਜ਼ਿੰਮੇਵਾਰ ਹੈ। ਈਰਾਨ ਪਰਮਾਣੂ ਹਥਿਆਰ ਬਣਾਉਣ ਦੀ ਜੁਗਤ 'ਚ ਲੱਗਾ ਹੋਇਆ ਸੀ। ਜੇ ਈਰਾਨੀ ਸੱਤਾ ਨੇ ਪਰਮਾਣੂ ਹਥਿਆਰ ਪ੍ਰੋਗਰਾਮ ਨੂੰ ਲੈ ਕੇ ਅੜੀਅਲ ਰੁਖ ਤੋਂ ਜਾਣੂ ਨਾ ਕਰਵਾਇਆ ਹੁੰਦਾ ਤਾਂ ਸੰਭਵ ਤੌਰ 'ਤੇ ਕੂਟਨੀਤਕ ਗੱਲਬਾਤ ਰਾਹੀਂ ਕੋਈ ਹੱਲ ਨਿਕਲ ਸਕਦਾ ਸੀ। ਕਹਿਣਾ ਮੁਸ਼ਕਲ ਹੈ ਕਿ ਈਰਾਨ ਦਾ ਭਵਿੱਖ ਕੀ ਹੈ, ਪਰ ਇਸ ਦੀ ਅਣਦੇਖੀ ਨਹੀਂ ਕੀਤੀ ਜਾ ਸਕਦੀ ਕਿ ਇਕ ਸਮਾਂ ਆਧੁਨਿਕਤਾ ਨੂੰ ਪਸੰਦ ਕਰਨ ਵਾਲਾ ਇਹ ਦੇਸ਼ ਮਜਹਬੀ ਕੱਟੜਤਾ 'ਚ ਜਕੜਿਆ ਗਿਆ ਸੀ ਤੇ ਇਸੇ ਕਾਰਨ ਈਰਾਨੀ ਜਨਤਾ ਦੇ ਇਕ ਵਰਗ ਦੇ ਨਾਲ ਪੱਛਮੀ ਜਗਤ 'ਚ ਈਰਾਨੀ ਸ਼ਾਸਨ ਦੇ ਪ੍ਰਤੀ ਵਿਰੋਧ ਵਧਦਾ ਜਾ ਰਿਹਾ ਸੀ।

# ਭਾਰਤ ਦੇ ਏਆਈ ਵੱਲ ਵਧਦੇ ਕਦਮ

ਨਵੀਂ ਦਿੱਲੀ 'ਚ ਕਰਵਾਈ ਇੰਡੀਆ ਏਆਈ ਇੰਪੈਕਟ ਸਮਿਟ ਸਿਰਫ ਇਕ ਸ਼ਿਖਰ ਸੰਮੇਲਨ ਨਾ ਹੋ ਕੇ ਆਰਟੀਫੀਸ਼ਿਅਲ ਇੰਟੈਲੀਜੈਂਸ ਭਾਵ ਏਆਈ 'ਤੇ ਵਿਸ਼ਵ ਪੱਧਰੀ ਚਰਚਾ ਨੂੰ ਨਵੀਂ ਦਿਸ਼ਾ ਦੇਣ ਵਾਲਾ ਬਹੁਤ ਹੀ ਅਹਿਮ ਪੜਾਅ ਬਣਿਆ। ਇਹ ਸੰਮੇਲਨ ਏਆਈ ਦੇ ਮੋਰਚੇ 'ਤੇ ਆਕਾਰ ਲੈ ਰਹੀਆਂ ਭੂਗੋਲਿਕ, ਸਿਆਸੀ ਅਤੇ ਮਨੋਵਿਗਿਆਨਕ ਤਬਦੀਲੀਆਂ ਨੂੰ ਪ੍ਰਦਰਸ਼ਿਤ ਕਰਨ ਦੇ ਮੰਚ ਦੇ ਰੂਪ 'ਚ ਵੀ ਉੱਭਰਿਆ।

ਪਿਛਲੇ ਦਿਨੀਂ ਏਆਈ ਸੰਮੇਲਨਾਂ ਦੇ ਕੇਂਦਰ 'ਚ ਸੁਰੱਖਿਆ, ਹੋਂਦ ਸਬੰਧੀ ਜੋਖਮ ਤੇ ਰੈਗੂਲੇਸ਼ਨ ਦੀ ਚਿੰਤਾ ਵਰਗੇ ਮੁੱਦੇ ਹੀ ਛਾਏ ਰਹੇ। ਬ੍ਰਿਟੇਨ 'ਚ ਕਰਵਾਏ ਅਜਿਹੇ ਪਹਿਲੇ ਮੁੱਖ ਸੰਮਲੇਨ ਨੂੰ ਜਿੱਥੇ ਏਆਈ ਸੁਰੱਖਿਆ ਸਮਿਟ ਦਾ ਨਾਂ ਦਿੱਤਾ ਗਿਆ ਤਾਂ ਨਵੀਂ ਦਿੱਲੀ 'ਚ ਇਸ ਦੇ ਨਾਮਕਰਨ 'ਚ ਅਸਰ ਸ਼ਬਦ ਨੂੰ ਸ਼ਾਮਲ ਕੀਤਾ ਗਿਆ। ਇਹ ਵੀ ਭਾਰਤ ਦੀ ਵੱਡੀ ਉਪਲੱਬਧੀ ਕਹੀ ਜਾ ਸਕਦੀ ਹੈ, ਕਿਉਂਕਿ ਪ੍ਰਭਾਵ ਦਾ ਅਰਥ ਬਹੁਤ ਵਿਆਪਕ ਹੁੰਦਾ ਹੈ। ਭਾਵ ਇਹ ਤਕਨੀਕ ਕਿਵੇਂ ਆਪਣੀ ਉਪਯੋਗਿਤਾ ਨਾਲ ਪ੍ਰਭਾਵਿਤ ਕਰ ਸਕਦੀ ਹੈ ਤੇ ਇਸ ਤੱਕ ਸਭ ਦੀ ਸਮਾਵੇਸ਼ੀ ਪਹੁੰਚ ਕਿਵੇਂ ਯਕੀਨੀ ਬਣੇ।

ਕਈ ਦਿੱਗਜ ਸੰਸਥਾਨਾਂ ਦੇ ਸਰਵੇਖਣਾਂ 'ਚ ਇਹ ਸਾਹਮਣੇ ਆਇਆ ਹੈ ਕਿ ਭਾਰਤ ਤੇ ਚੀਨ ਵਰਗੇ ਦੇਸ਼ਾਂ 'ਚ ਏਆਈ ਦੇ ਪ੍ਰਤੀ 88 ਫੀਸਦੀ ਤੱਕ ਦੀ ਸਕਾਰਾਤਮਕ ਭਾਵਨਾ ਹੈ। ਇਸ ਦੇ ਉਲਟ ਪੱਛਮੀ ਯੂਰਪ ਤੇ ਅਮਰੀਕਾ ਦੇ ਕੁਝ ਹਿੱਸਿਆਂ 'ਚ ਇਸ ਨੂੰ ਲੈ ਕੇ ਚੌਕਸੀ ਅਤੇ ਸ਼ੱਕ ਦਾ ਅਸਰ ਦਿਖਾਈ ਦਿੰਦਾ ਹੈ। ਵਿਕਸਤ ਅਰਥਚਾਰਿਆਂ 'ਚ ਏਆਈ ਨੇ ਕੁਝ ਸਥਾਪਿਤ ਰਵਾਇਤੀ ਪੇਸ਼ਿਆਂ ਲਈ ਖਤਰੇ ਦੀ ਘੰਟੀ ਬਜਾਈ ਹੈ ਤਾਂ ਉੱਭਰਦੇ ਅਰਥਚਾਰਿਆਂ 'ਚ ਇਸ ਨੂੰ ਮੌਕੇ ਦੇ ਰੂਪ 'ਚ ਦੇਖਿਆ ਜਾ ਰਿਹਾ ਹੈ। ਇਸ ਸਬੰਧ 'ਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਠੀਕ ਹੀ ਕਿਹਾ ਹੈ ਕਿ ਕੁਝ ਪੱਖ ਏਆਈ 'ਚ ਡਰ ਦੇਖਦੇ ਹਨ ਤੇ ਭਾਰਤ ਇਸ 'ਚ ਆਪਣਾ ਭਵਿੱਖ ਦੇਖਦਾ ਹੈ।

ਏਆਈ ਨਾਲ ਜੁੜੀਆਂ ਭਾਰਤ ਦੀਆਂ ਉਮੀਦਾਂ ਇਸ ਦੇ ਤਜਰਬਿਆਂ ਤੋਂ ਹੀ ਪੈਦਾ ਹੋਈਆਂ ਹਨ। ਜਿਵੇਂ ਆਧਾਰ ਤੇ ਯੂਪੀਆਈ ਵਰਗੇ ਡਿਜੀਟਲ ਪਬਲਿਕ ਇਨਫਰਾਸਟ੍ਰਕਚਰ ਨੇ ਅਦਾਇਗੀ, ਪਛਾਣ ਤੇ ਵੈਰੀਫਿਕੇਸ਼ਨ 'ਚ ਸਾਰੇ ਅੜਿੱਕਿਆਂ ਨੂੰ ਦੂਰ ਕਰਦੇ ਹੋਏ ਰੋਜਾਨਾ ਜੀਵਨ ਨੂੰ ਬਹੁਤ ਆਸਾਨ ਬਣਾਇਆ




ਹੈ। ਇਹ ਇਸ ਦੀ ਤਾਜਾ ਮਿਸਾਲ ਹੈ ਕਿ ਕੋਈ ਤਕਨੀਕ ਕਿਵੇਂ ਲਾਗਤ ਨੂੰ ਘਟਾ ਕੇ ਸਮਰੱਥਾ ਨੂੰ ਵਧਾ ਸਕਦੀ ਹੈ। ਸੁਭਾਵਿਕ ਹੈ ਕਿ ਭਾਰਤ ਆਪਣੀ ਇਸ ਕਾਮਯਾਬੀ ਨੂੰ ਅਗਲੇ ਪੱਧਰ 'ਤੇ ਲਿਜਾਣਾ ਚਾਹੁੰਦਾ ਹੈ। ਇਸੇ ਕੜੀ 'ਚ ਉਸ ਨੇ ਏਆਈ ਸਮਿਟ 'ਚ ਸਿਹਤ, ਖੇਤੀ, ਸਿੱਖਿਆ ਤੇ ਸ਼ਾਸਨ 'ਚ ਸਮਾਵੇਸ਼ਨ ਨੂੰ ਵਧਾਉਣ ਲਈ ਡਿਜੀਟਲ ਪਬਲਿਕ ਇਨਫਰਾਸਟ੍ਰਕਚਰ ਦੀ ਏਆਈ ਦੇ ਨਾਲ ਜੁਗਲਬੰਦੀ ਦਾ ਖਾਕਾ ਪੇਸ਼ ਕੀਤਾ।

ਪਿਛਲੇ ਏਆਈ ਸੰਮੇਲਨਾਂ 'ਚ ਗੱਲਬਾਤ ਦਾ ਕੇਂਦਰ ਬਿੰਦੂ ਸੁਰੱਖਿਆ ਸਬੰਧੀ ਤਰਜੀਹਾਂ ਰਿਹਾ, ਜਦਕਿ ਨਵੀਂ ਦਿੱਲੀ ਘੋਸ਼ਣਾ ਪੱਤਰ ਮਜਬੂਤ ਡਿਜੀਟਲ ਇਨਫਰਾਸਟ੍ਰਕਚਰ, ਸਸਤੀ ਕੁਨੈਕਟੀਵਿਟੀ ਤੇ ਕਾਰਜਬਲ ਸਿਖਲਾਈ 'ਤੇ ਜੋਰ ਦਿੰਦਾ ਹੈ। ਇਸ 'ਚ ਇਹ ਮਨਜ਼ੂਰੀ ਪ੍ਰਦਾਨ ਕੀਤੀ ਗਈ ਹੈ ਕਿ ਸਾਰਥਕ ਏਆਈ ਹਿੱਸੇਦਾਰੀ ਲਈ ਕੰਪਿਊਟਿੰਗ ਸ਼ਕਤੀ, ਇੰਟਰਨੈੱਟ ਪਹੁੰਚ ਤੇ ਹੁਨਰਮੰਦ ਲੋਕਾਂ ਦੀ ਜਰੂਰਤ ਹੁੰਦੀ ਹੈ। ਇਹ ਵਾਜਬ ਸਥਾਨਾਂ 'ਤੇ ਓਪਨ-ਸੋਰਸ ਏਆਈ ਦਾ ਸਮਰਥਨ ਵੀ ਕਰਦਾ ਹੈ। ਇਸ ਦੇ ਪਿੱਛੇ ਇਹੀ ਸੋਚ ਰਹੀ ਕਿ ਕਈ ਦੇਸ਼ ਆਪਣੇ ਤੰਤਰ ਨੂੰ ਸਿਫਰ ਤੋਂ ਖੜ੍ਹਾ ਕਰਨ ਦੀ ਸਥਿਤੀ 'ਚ ਨਹੀਂ ਹਨ ਤਾਂ ਉਨ੍ਹਾਂ ਲਈ ਕੁਝ ਗੁੰਜਾਇਸ਼ ਤਾਂ ਮਿਲਣੀ ਹੀ ਚਾਹੀਦੀ ਹੈ। ਬਿਨਾਂ ਸ਼ੱਕ ਏਆਈ ਨਾਲ ਜੁੜੇ ਆਪਣੇ ਜੋਖਮ ਵੀ ਹਨ, ਪਰ ਭਾਰਤ ਨੇ ਆਪਣੇ ਨਜਰੀਏ 'ਚ ਉਸ ਦੀ ਵਿਹਾਰਕ ਪਹੁੰਚ 'ਤੇ ਧਿਆਨ ਕੇਂਦਰਿਤ ਕੀਤਾ ਹੈ।

ਭਾਗੀਦਾਰੀ ਅਤੇ ਮਨਜ਼ੂਰੀ ਦੇ ਨਜਰੀਏ ਨਾਲ ਵੀ ਸੰਮੇਲਨ ਸਫਲ ਰਿਹਾ। ਵੰਡੇ ਹੋਏ ਭੂ-ਸਿਆਸੀ ਮਾਹੌਲ 'ਚ ਵੀ ਨਵੀਂ ਦਿੱਲੀ ਘੋਸ਼ਣਾ ਪੱਤਰ 'ਤੇ 80 ਤੋਂ ਵੱਧ ਦੇਸ਼ਾਂ ਅਤੇ ਵਿਸ਼ਵ ਪੱਧਰੀ ਸੰਗਠਨਾਂ ਦੇ ਹਸਤਾਖਰ ਇਸ ਦੀ ਕਾਮਯਾਬੀ ਨੂੰ ਰੇਖਾਂਕਿਤ ਕਰਦੇ ਹਨ। ਇਹ ਸਹੀ ਹੈ ਕਿ ਜਿਨ੍ਹਾਂ ਐਲਾਨਾਂ 'ਤੇ ਸਹਿਮਤੀ ਬਣੀ, ਉਹ ਜਰੂਰੀ ਨਹੀਂ ਹਨ, ਪਰ ਯਾਦ ਰਹੇ ਕਿ ਕਿਸੇ ਵੀ ਵਿਵਸਥਾ ਦੇ ਆਕਾਰ ਲੈਣ 'ਚ ਉਸ 'ਤੇ ਸਹਿਮਤੀ ਬਣਨਾ ਜਰੂਰੀ ਹੁੰਦਾ ਹੈ।

ਉਸ ਤੋਂ ਬਾਅਦ ਹੀ ਕਾਨੂੰਨੀ ਢਾਂਚਾ ਆਕਾਰ ਲੈਂਦਾ ਹੈ। ਆਰਥਕ ਪਹਿਲੂਆਂ 'ਤੇ ਵੀ ਪ੍ਰਗਤੀ ਦੇਖਣ ਨੂੰ ਮਿਲੀ ਹੈ। ਇਸ 'ਚ 400 ਅਰਬ ਡਾਲਰ ਤੋਂ ਵੱਧ ਦੀਆਂ ਨਿਵੇਸ਼ ਵਚਨਬੱਧਤਾਵਾਂ ਜਾਹਰ ਕੀਤੀਆਂ ਗਈਆਂ ਹਨ। ਇਸ 'ਚ 250 ਅਰਬ ਡਾਲਰ ਦਾ ਨਿਵੇਸ਼ ਬੁਨਿਆਦੀ ਢਾਂਚੇ ਸਬੰਧੀ ਜਰੂਰਤਾਂ ਤੇ 150 ਅਰਬ ਡਾਲਰ ਤਕਨੀਕੀ ਪੂੰਜੀ ਨਾਲ ਜੁੜਿਆ ਹੋਵੇਗਾ। ਏਆਈ ਕੰਪਿਊਟਿੰਗ ਸਮਰੱਥਾ, ਡਾਟਾ ਕੇਂਦਰਾਂ, ਸੈਮੀਕੰਡਕਟਰਜ ਤੇ ਪਾਵਰ ਸਿਸਟਮ ਦੀ ਜਰੂਰਤ ਕਿਸੇ ਤੋਂ ਲੁਕੀ ਨਹੀਂ ਹੈ।

ਇਸ ਸਿਲਸਿਲੇ 'ਚ ਭਾਰਤ ਨੇ ਇਸ ਸਾਲ ਦੇ ਅੰਤ ਤੱਕ ਇਕ ਲੱਖ ਜੀਪੀਯੂ (ਗ੍ਰਾਫਿਕਸ ਪ੍ਰੋਸੈਸਿੰਗ ਯੂਨਿਟ) ਦੀ ਦਿਸ਼ਾ 'ਚ ਕਦਮ ਵਧਾ ਕੇ ਵਿਸਥਾਰਤ ਇੰਡੀਆ ਏਆਈ ਮਿਸ਼ਨ ਦੇ ਤਹਿਤ ਯੋਜਨਾਵਾਂ ਦਾ ਐਲਾਨ ਕਰ ਕੇ ਆਪਣੀ ਗੰਭੀਰਤਾ ਦਾ ਸੰਕੇਤ ਦਿੱਤਾ। ਕੰਪਿਊਟਿੰਗ ਦੇ ਦਮ 'ਤੇ ਹੀ ਏਆਈ ਦਾ ਆਪਣਾ ਇਕੋਸਿਸਟਮ ਵਿਕਸਤ ਹੋ ਸਕਦਾ ਹੈ। ਨਹੀਂ ਤਾਂ ਸਾਰੀਆਂ ਗੱਲਾਂ ਸਿਧਾਂਤਕ ਬਣ ਕੇ ਰਹਿ ਜਾਂਦੀਆਂ ਹਨ।

ਇਕ ਪਾਸੇ ਮਹੱਤਵਪੂਰਨ ਯੋਗਦਾਨ ਮਾਨਵ (ਐੱਮਏਐੱਨਏਵੀ) ਦਾ ਜਿਕਰ ਰਿਹਾ। ਇਸ ਦਾ ਮਤਲਬ ਹੈ ਨੈਤਿਕ ਪ੍ਰਣਾਲੀ, ਜਵਾਬਦੇਹ ਸ਼ਾਸਨ, ਰਾਸ਼ਟਰੀ ਪ੍ਰਭੂਸੱਤਾ, ਆਸਾਨ ਏਆਈ ਤੇ ਵੈਧ ਪ੍ਰਣਾਲੀ। ਇਹ ਮਾਨਵ-ਕੇਂਦਰਿਤ ਨਜਰੀਆ ਆਸ਼ਾਵਾਦ ਤੇ ਜਵਾਬਦੇਹੀ ਦੇ ਵਿਚਾਲੇ ਸੰਤੁਲਨ ਸਥਾਪਤ ਕਰਨ ਦੀ ਕੋਸ਼ਿਸ਼ ਕਰਦਾ ਹੈ।

ਇਹ ਇਸ 'ਤੇ ਜੋਰ ਦਿੰਦਾ ਹੈ ਕਿ ਏਆਈ ਪ੍ਰਣਾਲੀਆਂ ਕਾਨੂੰਨੀ, ਜਮਹੂਰੀ ਕਦਰਾਂ ਕੀਮਤਾਂ ਦੇ ਮੁਤਾਬਕ ਅਤੇ ਵਿਆਖਿਆ ਦੀ ਨਜਰ ਨਾਲ ਆਸਾਨ ਹੋਣੀਆਂ ਚਾਹੀਦੀਆਂ ਹਨ। ਸੰਮੇਲਨ ਨੇ ਕੁਝ ਇੱਛਕ ਰੂਪ-ਰੇਖਾਵਾਂ ਵੀ ਤੈਅ ਕੀਤੀਆਂ ਹਨ।ਜਿਵੇਂ ਏਆਈ ਦੇ ਜਮਹੂਰੀ ਪ੍ਰਸਾਰ ਲਈ ਇਕ ਚਾਰਟਰ, ਸਫਲ ਤਜਰਬਿਆਂ ਨੂੰ ਅਪਨਾਉਣ ਲਈ ਵਿਸ਼ਵਾਸਯੋਗ ਤੌਰ-ਤਰੀਕੇ ਅਤੇ ਮਾਪਦੰਡ। ਅਜਿਹੀ ਪਹਿਲ ਉਨ੍ਹਾਂ ਸੰਸਥਾਗਤ ਢਾਂਚਿਆਂ ਦੀ ਨੀਂਹ ਰੱਖਦੀ ਹੈ ਜੋ ਸਮੇਂ ਦੇ ਨਾਲ ਹੋਰ ਤਜਰਬੇਕਾਰ ਹੋ ਸਕਦੇ ਹਨ। ਧਿਆਨ ਰੱਖਣਾ ਪਵੇਗਾ ਕਿ ਜੋ ਦੇਸ਼ ਇਸ ਦੇ ਮਾਪਦੰਡਾਂ ਨੂੰ ਆਕਾਰ ਦੇਣਗੇ, ਉਹੀ ਲਾਭ ਤੇ ਜੋਖਮਾਂ ਨੂੰ ਵੀ ਤੈਅ ਕਰਨਗੇ।

ਇਸ ਦਿਸ਼ਾ 'ਚ ਜੇ ਏਆਈ ਕੁਝ ਕੰਪਨੀਆਂ ਜਾਂ ਦੇਸ਼ਾਂ 'ਚ ਕੇਂਦਰਿਤ ਰਹਿੰਦੀ ਹੈ ਤਾਂ ਅਸਮਾਨਤਾ ਵਧ ਸਕਦੀ ਹੈ। ਜੇ ਇਹ ਆਸਾਨ ਬੁਨਿਆਦੀ ਢਾਂਚਾ ਬਣਦੀ ਹੈ, ਤਾਂ ਮੌਕਿਆਂ ਦਾ ਵਿਸਥਾਰ ਹੋ ਸਕਦਾ ਹੈ। ਸ਼ਿਖਰ ਸੰਮੇਲਨ ਦੀ ਕਾਮਯਾਬੀ ਤਿੰਨ ਖੇਤਰਾਂ 'ਚ ਸ਼ਾਮਲ ਹੈ। ਪਹਿਲਾ, ਇਸ ਨੇ ਏਆਈ ਦੇ ਮੋਰਚੇ 'ਤੇ ਹੁਣ ਤੱਕ ਦਾ ਸਭ ਤੋਂ ਵਿਆਪਕ ਗੱਠਜੋੜ ਤਿਆਰ ਕੀਤਾ। ਦੂਜਾ, ਇਸ ਨੇ ਨੀਤੀਗਤ ਖਾਹਿਸ਼ ਦਾ ਪੁਖਤਾ ਨਿਵੇਸ਼ ਵਚਨਬੱਧਤਾਵਾਂ ਦੇ ਨਾਲ ਤਾਲਮੇਲ ਬਣਾਇਆ।

ਤੀਜਾ, ਇਸ ਨੇ ਅਜਿਹਾ ਨੈਰੇਟਿਵ ਪੇਸ਼ ਕੀਤਾ ਜੋ ਇਕ ਦੂਜੇ ਨੂੰ ਵਿਰੋਧ 'ਚ ਖੜ੍ਹਾ ਕਰਨ ਦੀ ਥਾਂ ਨਵੀਨਤਾ ਨੂੰ ਸਮਾਵੇਸ਼ਨ ਦੇ ਨਾਲ ਜੋੜਦਾ ਹੈ। ਇਸ ਸੰਦਰਭ 'ਚ ਹੁਣ ਭਵਿੱਖ ਦੀ ਚੁਣੌਤੀ ਇਹੀ ਹੈ ਕਿ ਨਵੀਨਤਾ ਦੀ ਤੇਜੀ ਨੂੰ ਬਣਾਈ ਰੱਖਦੇ ਹੋਏ ਮਜਬੂਤ ਜਵਾਬਦੇਹੀ ਯਕੀਨੀ ਬਣਾਈ ਜਾਵੇ। ਜੇ ਭਾਰਤ ਇਸ ਸੰਤੁਲਨ ਨੂੰ ਕਾਇਮ ਰੱਖ ਸਕਦਾ ਹੈ ਤਾਂ ਇੰਡੀਆ ਏਆਈ ਇੰਪੈਕਟ ਸਮਿਟ 2026 ਨੂੰ ਉਸ ਪਲ ਦੇ ਰੂਪ 'ਚ ਯਾਦ ਕੀਤਾ ਜਾ ਸਕਦਾ ਹੈ ਜਦ ਵਿਸ਼ਵ ਪੱਧਰੀ ਏਆਈ ਸ਼ਾਸਨ-ਸੰਚਾਲਨ ਦਾ ਕੇਂਦਰ ਬਿੰਦੂ ਵਿਆਪਕ ਹਿੱਸੇਦਾਰੀ ਵੱਲ ਤਬਦੀਲ ਹੋਣਾ ਸ਼ੁਰੂ ਹੋਇਆ।

# ਭਾਰਤ-ਇਜਰਾਈਲ ਸਹਿਯੋਗ

ਭਾਰਤ-ਇਜਰਾਈਲ ਸੰਬੰਧਾਂ ਦੀ ਅਕਸਰ ਕੂਟਨੀਤੀ ਵਜੋਂ ਚਰਚਾ ਕੀਤੀ ਜਾਂਦੀ ਹੈ। ਪਰ ਇਨ੍ਹਾਂ ਨੂੰ ਸਮਝਣ ਦਾ ਵਧੇਰੇ ਸਪੱਸਟ ਤਰੀਕਾ ਇਹ ਦੇਖਣਾ ਹੈ ਕਿ ਸਹਿਯੋਗ ਕੀ ਮਾਪਣਯੋਗ ਨਤੀਜੇ ਦਿੰਦਾ ਹੈ ਤੇ ਇਹ ਕਿਸਾਨਾਂ, ਸਹਿਰਾਂ, ਸਟਾਰਟਅਪਜ ਅਤੇ ਸੁਰੱਖਿਆ ਸੰਸਥਾਵਾਂ ਲਈ ਕੀ ਲਿਆਉਂਦਾ ਹੈ। ਸੁਰੂਆਤ ਖੇਤੀਬਾੜੀ ਤੋਂ ਕਰੀਏ, ਜਿੱਥੇ ਨਤੀਜੇ ਜਮੀਨ 'ਤੇ ਸਾਫ ਨਜਰ ਆਉਂਦੇ ਹਨ। ਭਾਰਤ ਅਤੇ ਇਜਰਾਈਲ ਇੰਡੋ-ਇਜਰਾਈਲ ਐਗਰੀਕਲਚਰ ਪ੍ਰੋਜੈਕਟ ਚਲਾ ਰਹੇ ਹਨ ਜੋ ਗਿਆਨ ਤਬਾਦਲੇ ਅਤੇ ਪ੍ਰਦਰਸਨ 'ਤੇ ਅਧਾਰਿਤ ਹੈ।

ਇਸ ਦਾ ਮੁੱਖ ਹਿੱਸਾ ਐਕਸੀਲੈਂਸ ਸੈਂਟਰਾਂ (ਸੈਂਟਰਜ ਆਫ ਐਕਸੀਲੈਂਸ) ਦਾ ਨੈੱਟਵਰਕ ਹੈ। ਇਹ ਉੱਨਤ ਫਾਰਮ ਇਜਰਾਈਲੀ ਖੇਤੀ-ਤਕਨਾਲੋਜੀ ਨੂੰ ਸਥਾਨਕ ਹਾਲਾਤ ਅਨੁਸਾਰ ਅਪਣਾਉਂਦੇ ਹੋਏ ਪ੍ਰਦਰਸਿਤ ਕਰਦੇ ਹਨ। ਅਧਿਕਾਰਤ ਭਾਰਤੀ ਸਰਕਾਰੀ ਜਾਣਕਾਰੀ ਅਨੁਸਾਰ 12 ਰਾਜਾਂ ਵਿਚ 35 ਪੂਰੀ ਤਰ੍ਹਾਂ ਕਾਰਜਸੀਲ ਐਕਸੀਲੈਂਸ ਸੈਂਟਰ ਹਨ ਤੇ ਹਾਲ ਹੀ ਦੀ ਘੋਸਣਾ ਅਨੁਸਾਰ ਇਨ੍ਹਾਂ ਨੂੰ 100 ਤੱਕ ਵਧਾਉਣ ਦਾ ਟੀਚਾ ਹੈ। ਇਹ ਦੇਸ ਵਿਚ ਸਭ ਤੋਂ ਵਧੀਆ ਢਾਂਚਾਗਤ ਜੀ2ਜੀ ਖੇਤੀਬਾੜੀ ਸਹਿਯੋਗ ਮਾਡਲਾਂ ਵਿਚੋਂ ਇਕ ਹੈ। ਇਹ ਸੈਂਟਰ ਵਿਹਾਰਕ ਸਿਖਲਾਈ ਦੇ ਕੇਂਦਰ ਵਜੋਂ ਕੰਮ ਕਰਦੇ ਹਨ। ਤਕਨਾਲੋਜੀ ਨੂੰ ਸਿਰਫ "ਦਰਾਮਦ" ਵਜੋਂ ਨਾ ਦੇਖ ਕੇ, ਸੀਓਈ ਅਪਣਾਉਣ 'ਤੇ ਜੋਰ ਦਿੰਦੇ ਹਨ। ਫਸਲ-ਵਿਸੇਸ ਸਭ ਤੋਂ ਵਧੀਆ ਅਭਿਆਸ, ਸੁਰੱਖਿਅਤ ਖੇਤੀ ਤਕਨੀਕਾਂ ਅਤੇ ਕੁਸਲ ਸਿੰਚਾਈ ਵਿਧੀਆਂ ਨੂੰ ਕਿਸਾਨ ਦੇਖ ਕੇ ਅਪਣਾ ਸਕਦੇ ਹਨ।

ਤਰਕ ਸਿੱਧਾ ਹੈ ਕਿ ਜਦੋਂ ਕਿਸਾਨ ਆਪਣੀ ਮਿੱਟੀ ਅਤੇ ਮੌਸਮ ਵਿਚ ਕੰਮ ਕਰਦੀ ਤਕਨੀਕ ਦੇਖਦਾ ਹੈ ਤਾਂ ਇਸ ਨੂੰ ਅਪਣਾਉਣਾ ਸੌਖਾ ਹੋ ਜਾਂਦਾ ਹੈ ਅਤੇ ਜੋਖਮ ਘੱਟ ਲੱਗਦਾ ਹੈ। ਦੂਜਾ ਵੱਡਾ ਨਾਗਰਿਕ-ਕੇਂਦਰਿਤ ਖੇਤਰ ਹੈ ਪਾਣੀ ਦੀ ਸੁਰੱਖਿਆ। ਭਾਰਤ ਵਿਚ ਪਾਣੀ ਦੀ ਕਮੀ ਸਿਰਫ ਪੇਂਡੂ ਨਹੀਂ, ਸਹਿਰੀ ਅਤੇ ਉਦਯੋਗਿਕ ਵੀ ਹੈ। ਇਸ ਲਈ ਭਾਰਤ-ਇਜਰਾਈਲ ਸਹਿਯੋਗ ਵਿਚ ਪਾਣੀ ਪ੍ਰਬੰਧਨ ਦੇ ਵੱਖ-ਵੱਖ ਸੰਦਰਭ ਸਾਮਲ ਹਨ। ਇਨ੍ਹਾਂ 'ਚ ਪਾਣੀ ਦੀ ਕੁਸਲ



ਵਰਤੋਂ, ਮਾਈਕਰੋ-ਸਿੰਚਾਈ ਅਤੇ ਖਾਸ ਕਰਕੇ ਵੇਸਟਵਾਟਰ ਰੀਸਾਈਕਲਿੰਗ/ਮੁੜ ਵਰਤੋਂ ਅਤੇ ਡੀਸੈਲੀਨੇਸਨ ਸ਼ਾਮਲ ਹਨ। ਇਹ ਨਾਅਰੇ ਨਹੀਂ ਹਨ ਬਲਕਿ ਇਹ ਅਧਿਕਾਰਤ ਦੁਵੱਲੇ ਢਾਂਚਿਆਂ ਵਿਚ ਜਿਕਰ ਕੀਤੇ ਖਾਸ ਸਹਿਯੋਗ ਖੇਤਰ ਹਨ।

ਵਿਹਾਰਕ ਤੌਰ 'ਤੇ, ਡੀਸੈਲੀਨੇਸਨ ਅਤੇ ਪਾਣੀ ਰੀਸਾਈਕਲਿੰਗ ਸਮੁੰਦਰੀ ਕੰਢੇ ਅਤੇ ਤੇਜੀ ਨਾਲ ਵਧ ਰਹੇ ਸਹਿਰਾਂ ਲਈ ਸਭ ਤੋਂ ਮਹੱਤਵਪੂਰਨ ਹਨ ਜੋ ਪੀਕ ਸੀਜਨ ਵਿਚ ਮੰਗ ਪੂਰੀ ਕਰਨ 'ਚ ਕੰਮ ਕਰਦੇ ਹਨ। ਰਿਪੋਰਟ ਕੀਤੇ ਇਕ ਹਾਲੀਆ ਉਦਾਹਰਣ ਵਜੋਂ ਵਿਸਾਖਾਪਟਨਮ (ਵਿਜੈਗ) ਲਈ 100 ਐੱਮਐੱਲਡੀ ਡੀਸੈਲੀਨੇਸਨ ਪਲਾਂਟ ਦੀ ਯੋਜਨਾ ਹੈ, ਜਿਸ ਨੂੰ ਤੇਜੀ ਨਾਲ ਅੱਗੇ ਵਧਾਇਆ ਜਾ ਰਿਹਾ ਹੈ ਅਤੇ ਇਜਰਾਇਲੀ ਡੀਸੈਲੀਨੇਸਨ ਕੰਪਨੀ ਆਈਡੀਈ ਟੈਕਨਾਲਾਜੀਜ ਤਕਨੀਕੀ ਸਾਂਝੇਦਾਰ ਵਜੋਂ ਕੰਮ ਕਰ ਰਹੀ ਹੈ। ਇਕ ਰਿਪੋਰਟ ਵਿਚ ਇਹ ਵੀ ਦੱਸਿਆ ਗਿਆ ਹੈ ਕਿ ਉਦਯੋਗਿਕ ਪਾਣੀ ਸਪਲਾਈ ਪੀਣ ਵਾਲੇ ਪਾਣੀ ਦੀ ਵੰਡ 'ਤੇ ਦਬਾਅ ਘਟਾਉਂਦੀ ਹੈ। ਇਹ ਪਹੁੰਚ ਸਿੱਧੇ ਤੌਰ 'ਤੇ ਘਰਾਂ ਨੂੰ ਪ੍ਰਭਾਵਿਤ ਕਰਦੀ ਹੈ।

ਤੀਜਾ ਥੰਮ ਹੈ ਨਵੀਨਤਾ, ਕਿਉਂਕਿ ਤਕਨਾਲੋਜੀ ਸਾਂਝੇਦਾਰੀਆਂ ਜਦੋਂ ਵਧਦੀਆਂ ਹਨ ਤਾਂ ਨੌਕਰੀਆਂ ਪੈਦਾ ਕਰਦੀਆਂ ਹਨ। ਭਾਰਤ ਅਤੇ ਇਜਰਾਈਲ ਨੇ ਇੰਡੀਆ-ਇਜਰਾਈਲ ਇੰਡਸਟਰੀਅਲ ਆਰ ਐਂਡ ਡੀ ਐਂਡ ਟੈਕਨਾਲੋਜੀਕਲ ਇਨੋਵੇਸਨ ਫੰਡ ਰਾਹੀਂ ਉਦਯੋਗਿਕ ਆਰ ਐਂਡ ਡੀ ਸਹਿਯੋਗ ਨੂੰ ਸੰਸਥਾਗਤ ਰੂਪ ਦਿੱਤਾ ਹੈ, ਜਿਸ ਨੂੰ ਅਧਿਕਾਰਤ ਪ੍ਰੋਗਰਾਮ ਸਰੋਤਾਂ ਅਨੁਸਾਰ ਭਾਰਤ ਦੇ ਵਿਗਿਆਨ ਅਤੇ ਤਕਨਾਲੋਜੀ ਵਿਭਾਗ ਅਤੇ ਇਜਰਾਈਲ ਇਨੋਵੇਸਨ ਅਥਾਰਟੀ ਵਿਚਕਾਰ ਸਾਂਝੀ ਪਹਿਲਕਦਮੀ ਵਜੋਂ ਵਰਣਨ ਕੀਤਾ ਗਿਆ ਹੈ।

ਫੰਡ ਨੂੰ ਆਮ ਤੌਰ 'ਤੇ ਕਈ ਸਾਲਾਂ ਦੀ ਮਿਆਦ ਲਈ 40 ਮਿਲੀਅਨ ਅਮਰੀਕੀ ਡਾਲਰ ਵਜੋਂ ਵਰਣਨ ਕੀਤਾ ਜਾਂਦਾ ਹੈ, ਜੋ ਸਾਂਝੇ ਆਰ ਐਂਡ ਡੀ ਅਤੇ ਵਪਾਰੀਕਰਨ ਨੂੰ ਸਮਰਥਨ ਦਿੰਦਾ ਹੈ। ਸਟਾਰਟਅਪਜ ਅਤੇ ਉਦਯੋਗ ਲਈ, ਘੋਸਣਾਵਾਂ ਨਾਲੋਂ ਵਿਵਸਥਾਵਾਂ ਜਿਆਦਾ ਮਹੱਤਵਪੂਰਨ ਹਨ। ਭਾਰਤ ਵੱਲੋਂ ਟੈਕਨਾਲੋਜੀ ਡਿਵੈਲਪਮੈਂਟ ਬੋਰਡ (ਟੀਡੀਬੀ) ਪ੍ਰਸਤਾਵਾਂ ਲਈ ਕਾਲ ਜਾਰੀ ਕਰਦਾ ਹੈ ਅਤੇ ਸਾਂਝੇ ਪ੍ਰੋਜੈਕਟਾਂ ਲਈ ਪ੍ਰਕਿਰਿਆ ਨੂੰ ਸਮਰਥਨ ਦਿੰਦਾ ਹੈ।

ਇਹ ਸਾਂਝੇਦਾਰੀ ਨੂੰ ਸਿਰਫ ਸਮਾਗਮਾਂ ਜਾਂ ਪ੍ਰਤੀਨਿਧੀ ਮੰਡਲਾਂ ਤੱਕ ਸੀਮਤ ਨਾ ਰੱਖ ਕੇ ਸਾਂਝੇਦਾਰ ਮੈਚਿੰਗ ਤੋਂ ਲੈ ਕੇ ਅਰਜੀ ਅਤੇ ਪਾਇਲਟ ਤੱਕ ਕਾਰਜਸੀਲ ਪਾਈਪਲਾਈਨ ਬਣਾਉਂਦਾ ਹੈ। ਆਖਰ ਵਿਚ ਇਹ ਸੁਰੱਖਿਆ ਸੰਸਥਾਵਾਂ ਨੂੰ ਮਜਬੂਤ ਕਰਨ ਵਾਲਾ ਸਹਿਯੋਗ ਹੈ। ਇੱਥੇ ਨਾਗਰਿਕ ਲਾਭ ਅਸਿੱਧਾ ਪਰ ਅਸਲ ਹੈ।

ਹਾਲ ਹੀ ਵਿਚ, ਆਲਮੀ ਰਿਪੋਰਟਿੰਗ ਨੇ ਇਹ ਵੀ ਉਜਾਗਰ ਕੀਤਾ ਹੈ ਕਿ ਭਾਰਤੀ ਰੱਖਿਆ ਨਿਰਮਾਣ ਸਾਂਝੇਦਾਰੀਆਂ ਘਰੇਲੂ ਸਮਰੱਥਾ ਨੂੰ ਤੇਜ ਕਰ ਸਕਦੀਆਂ ਹਨ। ਸਭ ਨੂੰ ਇਕੱਠਾ ਕਰ ਕੇ, ਕਹਾਣੀ ਅਮੂਰਤ ਭੂ-ਰਾਜਨੀਤੀ ਦੀ ਨਹੀਂ ਹੈ। ਇਹ ਵਿਹਾਰਕ ਸਹਿਯੋਗ ਹੈ।

# ਮਨੀਪੁਰ ’ਚ ਨਵੀਂ ਸਰਕਾਰ ਲਈ ਚੁਣੌਤੀਆਂ

ਮੁੱਖ ਮੰਤਰੀ ਯੁਮਨਾਮ ਖੇਮਚੰਦ ਸਿੰਘ ਦੀ ਅਗਵਾਈ ਵਾਲੀ ਨਵੀਂ ਸਰਕਾਰ ਦੇ ਗਠਨ ਦੇ ਕਈ ਦਿਨਾਂ ਬਾਅਦ ਵੀ ਉੱਤਰ-ਪੂਰਬੀ ਰਾਜ ਮਨੀਪੁਰ ਵਿਚ ਨਸਲੀ ਹਿੰਸਾ ਤੇ ਸਾੜ-ਫੂਕ ਜਾਰੀ ਹੈ। ਮਨੀਪੁਰ ਦੇ ਨਾਗਾ ਬਹੁ-ਗਿਣਤੀ ਇਲਾਕੇ ਉਖਰੂਲ ਜਿਲ੍ਹੇ ਦੇ ਇਕ ਸਕੂਲ ਵਿੱਚੋਂ ਪੁਲਿਸ ਨੇ ਲਗਪਗ 51 ਕੁਕੀ ਵਿਦਿਆਰਥੀਆਂ ਨੂੰ ਦੋ ਭਾਈਚਾਰਿਆਂ ਵਿਚਾਲੇ ਝੜਪ ਤੋਂ ਬਾਅਦ ਅਹਿਤਿਆਤ ਦੇ ਤੌਰ ’ਤੇ ਕੱਢਿਆ ਹੈ। ਉਖਰੂਲ ’ਚ ਤੰਗਖੁਲ ਨਾਗਾ ਜਨਜਾਤੀ ਅਤੇ ਕੁਕੀ ਲੋਕਾਂ ਦਰਮਿਆਨ ਇਕ ਹਫਤੇ ਤੋਂ ਤਣਾਅ ਚੱਲ ਰਿਹਾ ਹੈ। ਉਖਰਾਲੂ ਜਿਲ੍ਹੇ ਦੇ ਲਿਟਨ ਸਾਰੇਖੋਂਗ ਇਲਾਕੇ ਵਿਚ ਝੜਪ ਦੌਰਾਨ 30 ਕੁ ਘਰ ਸਾੜ ਦਿੱਤੇ ਗਏ ਸਨ। ਉਖਰੂਲ ਜ਼ਿਲ੍ਹਾ ਪੁਲਿਸ ਨੇ ਇਕ ਬਿਆਨ ਵਿਚ ਕਿਹਾ ਕਿ ਉਖਰੂਲ ਦੇ ਜਵਾਹਰ ਨਵੋਦਿਆ ਵਿਦਿਆਲਾ ਰਾਮਵਾ ਦੇ 51 ਵਿਦਿਆਰਥੀਆਂ ਨੂੰ ਬਚਾ ਕੇ ਕਾਂਗਪੋਕਪੀ ਜਿਲ੍ਹੇ ਦੇ ਜਵਾਹਰ ਨਵੋਦਿਆ ਵਿਦਿਆਲਾ ਭੇਜਣ ਲਈ ਸੈਕੂਲ ਥਾਣੇ ਦੀ ਪੁਲਿਸ ਪਾਰਟੀ ਦੇ ਸਪੁਰਦ ਕੀਤਾ ਗਿਆ। ਇਕੱਤੀ ਵਿਦਿਆਰਥੀਆਂ ਅਤੇ 20 ਵਿਦਿਆਰਥਣਾਂ ਨੂੰ ਕੁਕੀ ਬਹੁ-ਗਿਣਤੀ ਜ਼ਿਲ੍ਹੇ ਕਾਂਗਪੋਕਪੀ ਭੇਜਿਆ ਗਿਆ ਹੈ।

ਇਸੇ ਮਹੀਨੇ ਭਾਰਤੀ ਜਨਤਾ ਪਾਰਟੀ ਦੇ ਸੀਨੀਅਰ ਆਗੂ ਯੁਮਨਾਮ ਖੇਮਚੰਦ ਸਿੰਘ ਨੇ ਬਤੌਰ ਮੁੱਖ ਮੰਤਰੀ ਸਹੁੰ ਚੁੱਕੀ ਸੀ। ਦੋ ਵਾਰ ਦੇ ਵਿਧਾਇਕ ਰਹੇ ਅਤੇ 62 ਸਾਲਾ ਮੈਤੇਈ ਆਗੂ ਨੂੰ ਮਨੀਪੁਰ ਦੀ ਰਾਜਧਾਨੀ ਇੰਫਾਲ ਸਥਿਤ ‘ਲੋਕ ਭਵਨ’ ਵਿਚ ਇਕ ਵਿਸ਼ੇਸ਼ ਸਮਾਗਮ ਦੌਰਾਨ ਰਾਜਪਾਲ ਅਜੈ ਕੁਮਾਰ ਭੱਲਾ ਨੇ ਸਹੁੰ ਚੁਕਾਈ। ਨਗਾ ਪੀਪਲਜ ਫਰੰਟ ਦੇ ਵਿਧਾਇਕ ਐੱਲ ਦਿਖੋ ਅਤੇ ਕੁਕੀ ਭਾਈਚਾਰੇ ਦੀ ਭਾਜਪਾ ਵਿਧਾਇਕ ਨੇਮਚਾ ਕਿਪਗੇਨ ਨੇ ਬਤੌਰ ਉਪ ਮੁੱਖ ਮੰਤਰੀ ਸਹੁੰ ਚੁੱਕੀ। ਕੁਕੀ-ਜੋ ਕਾਊਂਸਲ ਨੇ ਨਵੀਂ ਸਰਕਾਰ ਤੋਂ ਦੂਰੀ ਬਣਾ ਲਈ ਹੈ ਅਤੇ ਸਰਕਾਰ ’ਚ ਸ਼ਾਮਲ ਹੋਣ ਵਾਲਿਆਂ ਨੂੰ ਗਦਾਰ ਕਿਹਾ ਹੈ। ਸਿੰਘ ਦੇ ਸਹੁੰ ਚੁੱਕਣ ਤੋਂ ਅਗਲੇ ਦਿਨ ਦੋਵਾਂ ਭਾਈਚਾਰਿਆਂ ਦਰਮਿਆਨ ਨਸਲੀ ਹਿੰਸਾ ਮੁੜ ਸ਼ੁਰੂ ਹੋ ਗਈ। ਮਨੀਪੁਰ ਦੇ ਕੁਕੀ ਬਹੁ-ਗਿਣਤੀ ਵਾਲੇ ਜਿਲ੍ਹੇ ਚੁਰਾਚਾਂਦਪੁਰ ’ਚ ਮੁਜਾਹਰਾਕਾਰੀਆਂ ਤੇ ਸੁਰੱਖਿਆ ਬਲਾਂ ਵਿਚਾਲੇ ਝੜਪਾਂ ਹੋਈਆਂ। ਪ੍ਰਦਰਸ਼ਨਕਾਰੀ ਭਾਈਚਾਰੇ ਦੀ ਵਿਧਾਇਕਾ ਅਤੇ ਉਪ ਮੁੱਖ ਮੰਤਰੀ ਨੇਮਚਾ ਕਿਪਗੇਨ ਦਾ ਵਿਰੋਧ ਕਰ ਰਹੇ ਸਨ। ਚੁਰਾਚਾਂਦਪੁਰ ਬੰਦ ਰਹਿਣ ਕਾਰਨ ਜਨ-ਜੀਵਨ ਪ੍ਰਭਾਵਿਤ ਹੋਇਆ। ਤੀਜੇ ਦਿਨ ਮਨੀਪੁਰ ਦੇ ਉਖਰੂਲ ’ਚ ਹਿੰਸਾ ਭੜਕੀ, ਕਈ ਘਰ ਸਾੜੇ ਗਏ। ਤੰਗਖੁਲ ਨਾਗਾ ਤੇ ਕੁਕੀ ਭਾਈਚਾਰੇ ਵਿਚਾਲੇ ਪੱਥਰਬਾਜ਼ੀ ਹੋਈ। ਮੁੱਖ ਮੰਤਰੀ ਨੇ ਸ਼ਾਂਤੀ ਬਣਾਈ ਰੱਖਣ ਦੀ ਅਪੀਲ ਕੀਤੀ। ਮੰਗਲਵਾਰ ਨੂੰ ਮੁੜ ਮਨੀਪੁਰ ਵਿਚ ਹਿੰਸਾ ਭੜਕੀ। ਤਾਂਗਖੁਲ ਨਾਗਾ ਭਾਈਚਾਰੇ ਦੇ ਮੈਂਬਰ ’ਤੇ ਹਮਲੇ ਤੋਂ ਬਾਅਦ ਤਣਾਅ ਵਧਿਆ। ਇੰਟਰਨੈੱਟ ਸੇਵਾਵਾਂ ਬੰਦ ਕਰ ਦਿੱਤੀਆਂ ਗਈਆਂ। ਕਾਂਗਰਸ ਦੇ ਸੰਸਦ ਮੈਂਬਰ ਅੰਗੋਮਚਾ ਬਿਮੋਲ ਅਕੋਇਜ਼ਮ ਨੇ




‘ਝੜਪਾਂ ਨੂੰ ਮੰਦਭਾਗਾ ਕਰਾਰ ਦਿੱਤਾ’। ਉਨ੍ਹਾਂ ਕਿਹਾ, ‘ਸਰਕਾਰ ਯਕੀਨੀ ਬਣਾਵੇ ਕਿ ਮੁੜ ਹਿੰਸਾ ਨਾ ਹੋਵੇ’। ਸੂਬੇ ਵਿੱਚੋਂ ਰਾਸ਼ਟਰਪਤੀ ਸ਼ਾਸਨ ਹਟਾਏ ਜਾਣ ਦੇ ਕੁਝ ਘੰਟਿਆਂ ਬਾਅਦ ਹੀ ਇਹ ਸਹੁੰ ਚੁੱਕ ਸਮਾਗਮ ਕਰਵਾਇਆ ਗਿਆ। ਜ਼ਿਕਰਯੋਗ ਹੈ ਕਿ ਅਸ਼ਾਂਤ ਹਾਲਾਤ ਕਾਰਨ ਫਰਵਰੀ 2025 ਵਿਚ ਸਾਬਕਾ ਮੁੱਖ ਮੰਤਰੀ ਐੱਨ ਬੀਰੇਨ ਸਿੰਘ ਦੇ ਅਸਤੀਫੇ ਤੋਂ ਬਾਅਦ ਮਨੀਪੁਰ ਪਿਛਲੇ ਸਾਲ ਫਰਵਰੀ ਤੋਂ ਰਾਸ਼ਟਰਪਤੀ ਸ਼ਾਸਨ ਦੇ ਅਧੀਨ ਸੀ। ਰਾਸ਼ਟਰਪਤੀ ਦ੍ਰੋਪਦੀ ਮੁਰਮੂ ਦੁਆਰਾ ਦਸਤਖਤ ਕੀਤੇ ਗਏ ਨੋਟੀਫਿਕੇਸ਼ਨ ਸਦਕਾ ਨਵੀਂ ਸਰਕਾਰ ਦੇ ਗਠਨ ਨਾਲ ਰਾਜ ਵਿਚ ਮੁੜ ਲੋਕਤੰਤਰੀ ਪ੍ਰਕਿਰਿਆ ਬਹਾਲ ਹੋ ਗਈ। ਤਿੰਨ ਮਈ 2023 ਤੋਂ ਸ਼ੁਰੂ ਹੋਈ ਮੈਤੇਈ-ਕੁਕੀ ਹਿੰਸਾ ਨੇ ਰਾਜ ਨੂੰ ਦੋ ਫਿਰਕਿਆਂ ਵਿਚ ਵੰਡ ਦਿੱਤਾ ਹੈ। ਅਸਲ ਵਿਚ ਮੈਤੇਈ ਭਾਈਚਾਰੇ ਨੂੰ ਜਨਜਾਤੀ ਦਾ ਦਰਜਾ ਦੇਣ ਵਿਰੁੱਧ ਦੋਵਾਂ ਫਿਰਕਿਆਂ ਵਿਚਾਲੇ ਨਸਲੀ ਹਿੰਸਾ ਦੀ ਸ਼ੁਰੂਆਤ ਹੋਈ ਸੀ। ਇਸ ਹਿੰਸਾ ਵਿਚ 260 ਤੋਂ ਵੱਧ ਲੋਕ ਮਾਰੇ ਜਾ ਚੁੱਕੇ ਹਨ ਅਤੇ 50 ਹਜਾਰ ਤੋਂ ਜਿਆਦਾ ਰਾਹਤ ਕੈਂਪਾਂ ਵਿਚ ਗੁਜਰ-ਬਸਰ ਕਰ ਰਹੇ ਹਨ। ਕੁਕੀ-ਜੋ ਅਤੇ ਮੈਤੇਈ ਭਾਈਚਾਰਿਆਂ ਵਿਚਾਲੇ ਚੱਲ ਰਹੇ ਟਕਰਾਅ ਕਰਕੇ ਮਨੀਪੁਰ ਨੂੰ ਅਸ਼ਾਂਤ ਹੋਏ ਨੂੰ ਢਾਈ ਸਾਲ ਦੇ ਕਰੀਬ ਹੋ ਗਏ ਹਨ। ਮੀਡੀਆ ਰਿਪੋਰਟਾਂ ਮੁਤਾਬਕ ਇੰਫਾਲ ਵੈਲੀ ਤੋਂ ਮਿਆਂਮਾਰ ਬਾਰਡਰ ਵਾਲੇ ਮੋਰੇਹ ਟਾਊਨ ਤੱਕ ਕਿਧਰੇ ਵੀ ਹਾਲਾਤ ਆਮ ਵਰਗੇ ਨਹੀਂ ਹਨ। ਇੱਥੇ ਇਕ ਸਾਲ ਤੱਕ ਰਾਸ਼ਟਰਪਤੀ ਸਾਸ਼ਨ ਵੀ ਰਿਹਾ ਪਰ ਅੱਜ ਵੀ ਉੱਥੋਂ ਦੀ ਸਥਿਤੀ ਇਹ ਹੈ ਕਿ 16 ਵਿੱਚੋਂ 8 ਜਿਲ੍ਹਿਆਂ ਵਿਚ ਜਿਆਦਾ ਗੜਬੜ ਹੈ। ਕੁਕੀ-ਮੈਤੇਈ ਫਿਰਕਿਆਂ ਨਾਲ ਜੁੜੇ ਹਥਿਆਰਬੰਦ ਗਿਰੋਹ ਹਨ ਜਿਨ੍ਹਾਂ ਦੇ ਖੌਫ ਦੇ ਚੱਲਦਿਆਂ ਵਪਾਰ, ਬਾਜਾਰ, ਪੈਟਰੋਲ ਪੰਪ ਬੰਦ ਹਨ। ਅੱਤਵਾਦੀ ਸੰਗਠਨ ਜੀ-5 ਨੇ ਪੈਟਰੋਲ ਪੰਪ ਬੰਬ ਨਾਲ ਉਡਾ ਦਿੱਤਾ ਸੀ। ਪੈਟਰੋਲ ਪੰਪਾਂ ਦੇ ਬਾਹਰ ਪੈਟਰੋਲ ਵਿਕਦਾ ਹੈ। ਅੱਤਵਾਦੀ ਸੰਗਠਨ ਬੇਖੌਫ ਹੋ ਕੇ ਰੰਗਦਾਰੀ ਵਸੂਲ ਰਹੇ ਹਨ। ਗੈਸ ਸਿਲੰਡਰ ਦੋ ਹਜਾਰ ਰੁਪਏ ਨੂੰ ਮਿਲਦਾ ਹੈ। ਕੁਕੀ, ਮੈਤੇਈ ਤੇ ਨਗਾ ਆਦਿ ਫਿਰਕਿਆਂ ਦੇ ਨੌਜਵਾਨ ਅਸਾਮ, ਮੁੰਬਈ, ਦਿੱਲੀ ਤੇ ਕੋਲਕਾਤਾ ਪਲਾਇਨ ਕਰ ਰਹੇ ਹਨ। ਕੇਂਦਰੀ ਸੁਰੱਖਿਆ ਬਲਾਂ ਦੀ ਮੌਜੂਦਗੀ ਦੇ ਬਾਵਜੂਦ ਮਿਆਂਮਾਰ ਬਾਰਡਰ ਤੱਕ ਇਹ ਦ੍ਰਿਸ਼ ਦੇਖਣ ਨੂੰ ਆਮ ਮਿਲ ਜਾਣਗੇ।

ਰਾਜ ਦੇ ਪ੍ਰਮੁੱਖ ਵਪਾਰਕ ਖੇਤਰ ਥਾਂਗਲ ਅਤੇ ਪਾਉਨਾ ਬਾਜਾਰ, ਦੋਵਾਂ ਵਿਚ 60-65 ਫੀਸਦ ਹੀ ਵਪਾਰ ਹੋ ਰਿਹਾ ਹੈ। ਮਨੀਪੁਰ ਐੱਫਐੱਮਸੀਜੀ ਐਸੋਸੀਏਸ਼ਨ ਦੇ ਪ੍ਰੈਜੀਡੈਂਟ ਵਿਜੈ ਪਾਟਨੀ ਕਹਿੰਦੇ ਹਨ ਕਿ ਕੁਕੀ ਇਲਾਕੇ ਚੁਰਾਚਾਂਦਪੁਰ, ਚੰਦੇਲ, ਕਾਂਗਪੋਕਪੀ ਜਿਲ੍ਹਿਆਂ ਅਤੇ ਆਸ-ਪਾਸ ਦੇ ਇਲਾਕਿਆਂ ਵਿਚ 30-37 ਫੀਸਦੀ ਕਾਰੋਬਾਰ ਹੁੰਦਾ ਸੀ ਜੋ ਹੁਣ ਲਗਪਗ ਬੰਦ ਹੈ। ਮਨੀਪੁਰ ਵਿਚ ਕੋਈ ਫੈਕਟਰੀ ਜਾਂ ਮੈਨੂਫੈਕਚਰਿੰਗ ਯੂਨਿਟ ਨਹੀਂ ਹੈ। ਇੱਥੇ ਸਿਰਫ ਟਰੇਡਿੰਗ ਹੁੰਦੀ ਹੈ। ਹਿੰਸਾ ਕਰਕੇ ਕਾਰੋਬਾਰ ਬਿਲਕੁਲ ਤਬਾਹ ਹੋ ਗਿਆ ਹੈ। ਇਕ ਵਪਾਰੀ ਨੇ ਦੱਸਿਆ ਕਿ ਅੱਤਵਾਦੀ ਸੰਗਠਨ ਹਰ ਸੈਕਟਰ ਦੇ ਕਾਰੋਬਾਰੀਆਂ ਨੂੰ ਫੋਨ ਕਰ ਕੇ ਰੰਗਦਾਰੀ (ਫਿਰੌਤੀ) ਮੰਗ ਰਹੇ ਹਨ। ਚੁਰਾਚਾਂਦਪੁਰ ਮਾਰਕੀਟ ਸ਼ਾਮ 6 ਵਜੇ ਤੋਂ ਬਾਅਦ ਬੰਦ ਹੋ ਜਾਂਦੀ ਹੈ।

ਮਨੀਪੁਰ ਦੀ ਰਾਜਧਾਨੀ ਇੰਫਾਲ ’ਚ ਹਜਾਰਾਂ ਲੋਕਾਂ ਨੇ ਬੀਤੇ ਦਿਨੀਂ ਰੈਲੀ ਕਰ ਕੇ ਆਪਣੇ ਇਸ ਰੁਖ਼ ਦੀ ਪੁਸ਼ਟੀ ਕੀਤੀ ਕਿ ਸੂਬੇ ਦੀ ਖੇਤਰੀ ਤੇ ਪ੍ਰਸ਼ਾਸਨਿਕ ਅਖੰਡਤਾ ਨੂੰ ਕਿਸੇ ਵੀ ਕੀਮਤ ’ਤੇ ਵੰਡਿਆ ਨਹੀਂ ਜਾ ਸਕਦਾ। ਮੈਤੇਈ ਸਿਵਲ ਸੁਸਾਇਟੀ ਜਥੇਬੰਦੀਆਂ ਦੀ ਸੰਸਥਾ ਮਨੀਪੁਰ ਅਖੰਡਤਾ ਤਾਲਮੇਲ ਕਮੇਟੀ ਨੇ ‘ਮਨੀਪੁਰ ਬਚਾਓ’ ਰੈਲੀ ਕੱਢੀ। ਉੱਤਰ-ਪੂਰਬੀ ਸੂਬੇ ਹਿੰਸਾ ਤੋਂ ਬਾਅਦ ਕੁਕੀ ਭਾਈਚਾਰਾ ਵੱਖਰੇ ਪ੍ਰਸ਼ਾਸਕੀ ਪ੍ਰਬੰਧ ਦੀ ਮੰਗ ਕਰ ਰਿਹਾ ਹੈ। ਚੁਰਾਚਾਂਦਪੁਰ ਜਿਲ੍ਹੇ ’ਚ ਵੱਡੀ ਗਿਣਤੀ ਵਿਚ ਔਰਤਾਂ ਨੇ ਕਥਿਤ ਤੌਰ ’ਤੇ ਜਿਨਸੀ ਹਿੰਸਾ ਤੇ ਕਤਲ ਦੀਆਂ ਸ਼ਿਕਾਰ ਹੋਈਆਂ ਕੁਕੀ-ਜ਼ੋਮੀ ਔਰਤਾਂ ਲਈ ਇਨਸਾਫ ਦੀ ਮੰਗ ਨੂੰ ਲੈ ਕੇ ਪ੍ਰਦਰਸ਼ਨ ਕੀਤਾ। ਔਰਤਾਂ ਨੇ ਇਹ ਧਰਨਾ ਇਕ ਕੁਕੀ ਔਰਤ ਦੀ ਮੌਤ ਤੋਂ ਕੁਝ ਦਿਨਾਂ ਬਾਅਦ ਦਿੱਤਾ ਹੈ ਜੋ ਮਈ 2023 ਵਿਚ ਹੋਈ ਨਸਲੀ ਹਿੰਸਾ ਦੌਰਾਨ ਕਥਿਤ ਤੌਰ ’ਤੇ ਸਮੂਹਿਕ ਬਲਾਤਕਾਰ ਦਾ ਸ਼ਿਕਾਰ ਹੋਈ ਸੀ। ਉਦੋਂ ਤੋਂ ਹੀ ਉਹ ਸਦਮੇ ’ਚ ਸੀ। ਮਨੁੱਖੀ ਅਧਿਕਾਰਾਂ ਦੀ ਸੰਸਥਾ ਨੇ ਮੰਗ ਕੀਤੀ ਹੈ ਕਿ ਬਲਾਤਕਾਰ ਤੇ ਕਤਲ ਵਿਚ ਸ਼ਾਮਲ ਦੋਸ਼ੀਆਂ ਨੂੰ ਤੁਰੰਤ ਗ੍ਰਿਫਤਾਰ ਕਰ ਕੇ ਸਜ਼ਾ ਦਿੱਤੀ ਜਾਵੇ। ਪ੍ਰਧਾਨ ਮੰਤਰੀ ਨੂੰ ਭੇਜੇ ਮੰਗ ਪੱਤਰ ਅਨੁਸਾਰ ਮਈ 2023 ਤੋਂ ਨਵੰਬਰ 2024 ਦਰਮਿਅਨ ਘਟੋ-ਘੱਟ 20 ਕੁਕੀ-ਜ਼ੋ ਔਰਤਾਂ ਦੀ ਬੇਰਹਿਮੀ ਨਾਲ ਹੱਤਿਆ ਕੀਤੀ ਗਈ।

ਖਬਰਾਂ ਮੁਤਾਬਕ ਕਾਕਚਿੰਗ ਜ਼ਿਲ੍ਹੇ ਦੇ ਇਕ ਨੌਜਵਾਨ ਦੀ ਸ਼ਾਦੀ ਚੁਰਾਚਾਂਦਪੁਰ ਦੇ ਕੁਕੀ ਜਨਜਾਤੀ ਦੀ ਲੜਕੀ ਨਾਲ ਹੋਈ ਸੀ। ਸਥਾਨਕ ਸਮੂਹਾਂ ਨੇ ਨੌਜਵਾਨ ਨੂੰ ਪਤਨੀ ਨਾਲ ਰਹਿਣ ਦੀ ਆਗਿਆ ਦੇ ਦਿੱਤੀ ਸੀ। ਚੁਰਾਚਾਂਦਪੁਰ ਜ਼ਿਲ੍ਹੇ ਦੇ ਸ਼ੱਕੀ ਕੁਕੀ ਅੱਤਵਾਦੀਆਂ ਵੱਲੋਂ ਮੈਤੇਈ ਭਾਈਚਾਰੇ ਦੇ ਰਿਸ਼ੀਕਾਂਤ ਸਿੰਘ ਨੂੰ ਤੂਈਥੋਂਗ ਇਲਾਕੇ ਤੋਂ ਉਸ ਦੇ ਘਰੋਂ ਅਗਵਾ ਕਰ ਕੇ ਨਾਟਜੰਗ ਪਿੰਡ ਕੋਲ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ। ਖਬਰ ਫੈਲਣ ਮਗਰੋਂ ਲੋਕਾਂ ਨੇ ਸੜਕਾਂ ’ਤੇ ਟਾਇਰ ਸਾੜ ਕੇ ਆਵਾਜਾਈ ਰੋਕ ਦਿੱਤੀ ਤੇ ਧਰਨਾ ਦਿੱਤਾ। ਮੁਜਾਹਰਾਕਾਰੀਆਂ ਨੇ ਕੁਕੀ ਮਿਲੀਟੈਂਟਾਂ ਵਿਰੁੱਧ ਕਾਰਵਾਈ ਦੀ ਮੰਗ ਕੀਤੀ। ਮਨੀਪੁਰ ਦੀਆਂ ਔਰਤਾਂ ਇਨਸਾਫ ਲਈ ਸੜਕਾਂ ’ਤੇ ਉਤਰ ਆਈਆਂ ਅਤੇ ਮੈਤੇਈ ਮਹਿਲਾਵਾਂ ਨੇ ਸਰਕਾਰ ਨੂੰ 72 ਘੰਟੇ ਦਾ ਅਲਟੀਮੇਟਮ ਦਿੱਤਾ। ਹਿਊਮਨ ਰਾਈਟਸ ਕਮਿਸ਼ਨ ਦੇ ਚੇਅਰਮੈਨ ਕੇਜਮ ਖਾਂਗੇਂਦਰਾ ਨੇ ਕਿਹਾ, ‘ਉਹ ਤਿੰਨ ਦਿਨ ਸਰਕਾਰ ਦੇ ਕਦਮ ਦਾ ਇੰਤਜ਼ਾਰ ਕਰਨਗੇ। ਮਗਰੋਂ ਕਮਿਸ਼ਨ ਅਗਲੀ ਰਣਨੀਤੀ ਤੈਅ ਕਰੇਗਾ।’ ਮਨੀਪੁਰ ਹਾਈ ਕੋਰਟ ਨੇ ਕੇਂਦਰ ਸਰਕਾਰ ਨੂੰ ਉਸ ਵਾਇਰਲ ਵੀਡੀਓ ਨੂੰ ਬਲਾਕ ਕਰਨ ਲਈ ਕਿਹਾ ਹੈ ਜਿਸ ’ਚ ਚੁਰਚਾਂਦਪੁਰ ਜਿਲ੍ਹੇ ਵਿਚ ਇਕ ਨੌਜਵਾਨ ਦੀ ਹੱਤਿਆ ਹੁੰਦੀ ਵਿਖਾਈ ਗਈ ਹੈ। ਜਸਟਿਸ ਏ. ਗਣੇਸ਼ਵਰ ਸ਼ਰਮਾ ਦੇ ਸਿੰਗਲ ਬੈਂਚ ਨੇ ਕਿਹਾ ਕਿ ਇਹ ਵੀਡੀਓ ਸੋਸ਼ਲ ਮੀਡੀਆ ’ਤੇ ਤੇਜ਼ੀ ਨਾਲ ਫੈਲ ਰਿਹਾ ਹੈ ਜੋ ਸਥਿਤੀ ਨੂੰ ਵਿਗਾੜ ਸਕਦਾ ਹੈ। ਕੁਝ ਅੱਤਵਾਦੀ ਸੰਗਠਨਾਂ ਨੇ ਇਹ ਘਟਨਾ ਆਪਣੀ ਮੌਜੂਦਗੀ ਦੱਸਣ ਲਈ ਕੀਤੀ ਹੈ।

ਸਾਫ ਹੈ ਕਿ ਕਾਫੀ ਜਦੋਜਹਿਦ ਤੋਂ ਬਾਅਦ ਰਾਜ ਵਿਚ ਜੋ ਹਾਲਾਤ ਕਾਬੂ ਹੇਠ ਆਉਂਦੇ ਦਿਸ ਰਹੇ ਸਨ, ਉਨ੍ਹਾਂ ਦੇ ਵਿਗੜਨ ਦੀ ਸਥਿਤੀ ਫਿਰ ਬਣ ਰਹੀ ਹੈ। ਕੁਕੀ ਤੇ ਮੈਤੇਈ ਭਾਈਚਾਰੇ ਵਿਚਾਲੇ ਸ਼ਾਦੀ ਦੀ ਇਹ ਪਹਿਲ ਭਾਈਚਾਰਕ ਪੱਧਰ ’ਤੇ ਵੀ ਸਦਭਾਵਨਾ ਦੀ ਵਾਪਸੀ ਦੀ ਕੜੀ ਬਣ ਸਕਦੀ ਸੀ। ਇਸ ਤੋਂ ਬਾਅਦ ਦੋਵਾਂ ਭਾਈਚਾਰਿਆਂ ਵਿਚਾਲੇ ਸਹਿਮਤੀ ਆਧਾਰਤ ਹੱਲ ਦੇ ਰਾਹ ਦੀ ਤਲਾਸ਼ ਕਰਨ ’ਚ ਮਦਦ ਮਿਲ ਸਕਦੀ ਸੀ। ਖੈਰ! ਮੈਤੇਈ ਤੇ ਕੁਕੀ ਭਾਈਚਾਰੇ ਵਿਚਾਲੇ ਸੰਵਾਦ ਸੰਭਵ ਬਣਾਉਣਾ ਨਵੀਂ ਸਰਕਾਰ ਦੀ ਜਿੰਮੇਵਾਰੀ ਹੋਣੀ ਚਾਹੀਦੀ ਹੈ। ਨਵੇਂ ਮੁੱਖ ਮੰਤਰੀ ਸਾਹਮਣੇ ਅਨੇਕ ਚੁਣੌਤੀਆਂ ਹਨ, ਖਾਸ ਕਰਕੇ ਸੂਬੇ ਅੰਦਰ ਸ਼ਾਂਤੀ ਬਹਾਲੀ ਅਤੇ ਮੈਤੇਈ ਅਤੇ ਕੁਕੀ ਭਾਈਚਾਰਿਆਂ ਵਿਚਾਲੇ ਸੰਵਾਦ ਰਚਾ ਕੇ ਦੂਰੀ ਮਿਟਾ ਕੇ ਉਨ੍ਹਾਂ ਨੂੰ ਸੰਤੁਸ਼ਟ ਕਰਨਾ ਅਤੇ ਨਸਲੀ ਹਿੰਸਾ ਨੂੰ ਰੋਕਣਾ ਹੋਵੇਗਾ।

ਮੁਖ਼ਤਾਰ ਗਿੱਲ

# ਵੱਡਾ ਨਸ਼ਾ ਤਸਕਰ ਢੇਰ

ਇਸ ਵੇਲੇ ਡਰੱਗ ਮਾਫੀਆ ਤੇ ਗੈਂਗਸਟਰਵਾਦ ਆਲਮੀ ਸਮੱਸਿਆ ਬਣ ਚੁੱਕਾ ਹੈ। ਨਿੱਤ ਕਿਤੇ ਨਾ ਕਿਤੇ ਇਨ੍ਹਾਂ ਵੱਲੋਂ ਦਿਲ ਕੰਬਾਊ ਵਾਰਦਾਤਾਂ ਕੀਤੀਆਂ ਜਾ ਰਹੀਆਂ ਹਨ ਜਿਸ ਨਾਲ ਕਾਨੂੰਨ-ਵਿਵਸਥਾ ’ਤੇ ਸਵਾਲ ਉੱਠਦੇ ਹਨ। ਇਨ੍ਹਾਂ ਗੈਂਗਸਟਰਾਂ ਦੀਆਂ ਜੜ੍ਹਾਂ ਕਿੰਨੀਆਂ ਡੂੰਘੀਆਂ ਹਨ, ਇਸ ਦਾ ਅੰਦਾਜਾ ਮੈਕਸੀਕੋ ’ਚ ਫੌਜ ਵੱਲੋਂ ਹਲਾਕ ਕੀਤੇ ਗਏ ‘ਐੱਲ ਮੈਂਚੋ’ ਨਾਂ ਦੇ ਡਰੱਗ ਮਫੀਆ ਤੋਂ ਲਗਾਇਆ ਜਾ ਸਕਦਾ ਹੈ। ਮੈਕਸੀਕੋ ਸਣੇ ਆਪਣੇ ਗੁਆਂਢੀ ਦੇਸ਼ਾਂ ’ਚ ਵਾਰਦਾਤਾਂ ਲਈ ਜਿੰਮੇਵਾਰ ਐੱਲ ਮੈਂਚੋ ਜਲਿਸਕੋ ਨਿਊ ਜਨਰੇਸਨ ਕਾਰਟਲ ਦਾ ਸਭ ਤੋਂ ਵੱਡਾ ਆਗੂ ਸੀ।

ਉਸ ਦੇ ਸਿਰ ’ਤੇ 1.5 ਕਰੋੜ ਡਾਲਰ (ਲਗਪਗ 136 ਕਰੋੜ ਰੁਪਏ) ਦਾ ਇਨਾਮ ਰੱਖਿਆ ਗਿਆ ਸੀ। ਇਸ ਖੂਨੀ ਗੈਂਗਸਟਰ ਦਾ ਕੱਦ ਇਸ ਗੱਲ ਤੋਂ ਵੀ ਨਾਪਿਆ ਜਾ ਸਕਦਾ ਹੈ ਕਿ ਕਾਰਟਲ ਦੇ ਮੈਂਬਰ ਆਪਣੇ ਲੀਡਰ ਦੀ ਮੌਤ ਦਾ ਬਦਲਾ ਲੈਣ ਲਈ ਜਵਾਬੀ ਹਮਲੇ ਕਰ ਰਹੇ ਹਨ। ਮੈਕਸੀਕੋ ਦੀ ਰਾਸਟਰਪਤੀ ਕਲਾਊਡੀਆ ਸੀਨਬਾਮ ਨੇ ਐਕਸ ’ਤੇ ਫੌਜੀ ਆਪ੍ਰੇਸਨ ਦੀ ਸਲਾਘਾ ਕਰਦਿਆਂ ਲੋਕਾਂ ਨੂੰ ਸੁਰੱਖਿਅਤ ਰਹਿਣ ਲਈ ਕਿਹਾ ਹੈ। ਦਰਅਸਲ, ਮੈਕਸੀਕੋ ’ਚ ਪਿਛਲੇ 10-15 ਸਾਲਾਂ ’ਚ ਡਰੱਗ ਮਾਫੀਆ ਨੇ ਵੱਡੇ ਪੱਧਰ ’ਤੇ ਪੈਰ ਪਸਾਰੇ ਹਨ।

ਇਨ੍ਹਾਂ ’ਚ ਸਿਨਾਲੋਆ ਕਾਰਟਲ, ਜੁਆਕੁਇਨ ਐੱਲ ਚਾਪੋ ਗੁਜਮੈਨ, ਜੈਲਿਸਕੋ ਨਿਊ ਜੈਨਰੇਸ਼ਨ ਕਾਰਟਲ, ਲੋਸ ਜੇਟਸਅ ਅਤੇ ਗਲਫ ਕਾਰਟਲ ਬੇਹੱਦ ਸਰਗਰਮ ਹਨ। ਇਹ ਜਿਆਦਾਤਰ ਕੋਕੀਨ ਤੇ ਹੈਰੋਇਨ ਦੀ ਗੁਆਂਢੀ ਮੁਲਕਾਂ ਤੱਕ ਤਸਕਰੀ ਕਰਦੇ ਹਨ। ਮਨੀ ਲਾਂਡਰਿੰਗ ਇੰਨੇ ਵੱਡੇ ਪੱਧਰ ’ਤੇ ਹੁੰਦੀ ਹੈ ਕਿ ਮੈਕਸੀਕੋ ਦੀਆਂ ਕੁਝ ਰਿਪੋਰਟਾਂ ਮੁਤਾਬਕ ਇਹ ਗੈਂਗ ਉੱਥੇ ‘ਸਮਾਨਾਂਤਰ ਸਰਕਾਰ’ ਚਲਾ ਰਹੇ ਹਨ। ਇਨ੍ਹਾਂ ਗੈਂਗਸਟਰਾਂ ਦਾ ਨੈੱਟਵਰਕ ਸਕੂਲਾਂ ਤੱਕ ਪੁੱਜ ਚੁੱਕਾ ਹੈ।




ਵਿਦਿਆਰਥੀਆਂ ਕੋਲੋਂ ਡਰੱਗਜ ਮਿਲਣ ਦੀਆਂ ਘਟਨਾਵਾਂ ਵਾਪਰ ਰਹੀਆਂ ਹਨ।

ਇਸੇ ਕਾਰਨ ਕਿਡਨੈਪਿੰਗ, ਫਿਰੌਤੀਆਂ ਤੇ ਮਨੁੱਖੀ ਤਸਕਰੀ ਦੀਆਂ ਘਟਨਾਵਾਂ ਆਮ ਹਨ। ਇਹ ਮਾਫੀਆ ਧੜੇ ਦੇਸ਼ ’ਤੇ ਆਪਣਾ ਦਬਦਬਾ ਦਰਸਾਉਣ ਲਈ ਆਪਸ ’ਚ ਲੜਦੇ ਰਹਿੰਦੇ ਹਨ ਜਿਸ ਕਾਰਨ ਸਥਾਨਕ ਪੁਲਿਸ ਪ੍ਰਸ਼ਾਸਨ ਨੂੰ ਸੁਰੱਖਿਆ ਪ੍ਰਬੰਧਾਂ ਨਾਲ ਜੁੜੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਮੈਕਸੀਕੋ ਦੇ ਇਨ੍ਹਾਂ ਡਰੱਗ ਤਸਕਰਾਂ ਤੋਂ ਕੈਨੇਡਾ ਤੇ ਅਮਰੀਕਾ ਵਰਗੇ ਵੱਡੇ ਮੁਲਕ ਵੀ ਬੁਰੀ ਤਰ੍ਹਾਂ ਪ੍ਰਭਾਵਿਤ ਹਨ। ਅਮਰੀਕਾ ਕਸਟਮ ਐਂਡ ਬਾਰਡਰ ਪੈਟਰੋਲ ਵੱਲੋਂ ਜੂਨ ’ਚ ਜਾਰੀ ਅੰਕੜਿਆਂ ਮੁਤਾਬਕ ਅਕਤੂਬਰ 2024 ਤੋਂ ਹੁਣ ਤੱਕ ਅਮਰੀਕਾ ’ਚ ਕੁੱਲ 9,200 ਪੌਂਡ (4,182 ਕਿੱਲੋ) ਫੈਂਟਾਨਿਲ ਜਬਤ ਕੀਤਾ ਜਾ ਚੁੱਕਾ ਹੈ।

ਇਸ ਵਿਚ ਲਗਪਗ 96 ਫੀਸਦ ਫੈਂਟਾਨਿਲ ਮੈਕਸੀਕੋ ਦੇ ਨਾਲ ਲੱਗਦੀ ਦੱਖਣ-ਪੱਛਮੀ ਸਰਹੱਦ ’ਤੇ ਫੜਿਆ ਗਿਆ। ਜੇਕਰ ਭਾਰਤ ਦੇ ਨਜਰੀਏ ਨਾਲ ਦੇਖਿਆ ਜਾਵੇ ਤਾਂ ਸਥਿਤੀ ਇੱਥੇ ਵੀ ਇਸੇ ਤਰ੍ਹਾਂ ਦੀ ਹੈ। ਭਾਰਤ ’ਚ ਗੈਂਗਸਟਰਵਾਦ ਤੇ ਡਰੱਗ ਮਾਫੀਆ ਖਾਸ ਕਰਕੇ ਸਰਹੱਦੀ ਇਲਾਕਿਆਂ ਲਈ ਵੱਡੀ ਚੁਣੌਤੀ ਬਣਿਆ ਹੋਇਆ ਹੈ। ਵਿਦੇਸ਼ਾਂ ’ਚ ਬੈਠ ਕੇ ਗੈਂਗਸਟਰਾਂ ਵੱਲੋਂ ਚਲਾਏ ਜਾਂਦੇ ਗਿਰੋਹਾਂ ਕਾਰਨ ਫਿਰੌਤੀਆਂ ਮੰਗਣ, ਗੋਲੀਆਂ ਚੱਲਣ ਤੇ ਕਤਲਾਂ ਦੀਆਂ ਘਟਨਾਵਾਂ ਆਮ ਹੁੰਦੀਆਂ ਜਾ ਰਹੀਆਂ ਹਨ। ਵੱਡਾ ਸਵਾਲ ਇਹ ਵੀ ਹੈ ਕਿ ਆਖਰ ਇਹ ਗੈਂਗਸਟਰ ਲੋਕਾਂ ’ਚ ‘ਹੀਰੋ’ ਕਿਉਂ ਬਣ ਰਹੇ ਹਨ?

ਜੇ ਸਾਰੀਆਂ ਸਰਕਾਰਾਂ ਦੇ ਕਾਰਜਕਾਲ ਦੌਰਾਨ ਨਸ਼ਾ ਤਸਕਰਾਂ ਨੂੰ ਨੱਥ ਪੈਂਦੀ ਹੈ ਤਾਂ ਨਸ਼ਾ ਖਤਮ ਹੋਣ ਦਾ ਨਾਂ ਕਿਉਂ ਨਹੀਂ ਲੈ ਰਿਹਾ? ਕਿਨ੍ਹਾਂ ਲੋਕਾਂ ਦੀ ਸ਼ਹਿ ’ਤੇ ਇਹ ਗੈਂਗਸਟਰ ਆਪਣੇ ਟਿਕਾਣੇ ਇਕ ਤੋਂ ਦੂਜੇ ਮੁਲਕ ’ਚ ਬਦਲ ਰਹੇ ਹਨ। ਇਸ ਦੀ ਨਿਰਪੱਖ ਜਾਂਚ ਹੋਣੀ ਚਾਹੀਦੀ ਹੈ। ਸੋਸ਼ਲ ਮੀਡੀਆ ’ਤੇ ਗੈਂਗਸਟਰਾਂ ਦੀ ਚਕਾਚੌਂਧ ਭਰੀ ਜਿੰਦਗੀ ਨੂੰ ‘ਹੀਰੋਆਂ’ ਵਾਂਗ ਪੇਸ਼ ਕਰਨ ਦੇ ਸਾਰੇ ਤਰੀਕਿਆਂ ’ਤੇ ਰੋਕ ਲੱਗਣੀ ਚਾਹੀਦੀ ਹੈ। ਸਮਾਜ ਦੇ ਸਾਰੇ ਵਰਗਾਂ, ਖਾਸ ਤੌਰ ’ਤੇ ਨੌਜਵਾਨਾਂ ਨੂੰ ਸੁਰੱਖਿਅਤ ਰਾਹ ’ਤੇ ਰੱਖਣ ਵਾਸਤੇ ਗੈਂਗਸਟਰਵਾਦ ਤੇ ਡਰੱਗ ਮਾਫੀਆ ਦੀ ਸਾਂਝੇ ਯਤਨਾਂ ਨਾਲ ਕਮਰ ਤੋੜਨ ਦੀ ਲੋੜ ਹੈ।

# ਬੱਚਿਆਂ ਦਾ ਨਾਨਕਿਆਂ ਪ੍ਰਤੀ ਘਟਦਾ ਮੋਹ

ਹੁਣ ਕੋਈ ਨਹੀਂ ਕਹਿੰਦਾ, 'ਨਾਨਕੇ ਜਾਵਾਂਗੇ, ਮੋਟੇ ਹੋ ਕੇ ਆਵਾਂਗੇ'। ਇਹ ਕਹਾਵਤ ਹੁਣ ਬੜੀ ਪੁਰਾਣੀ ਜਿਹੀ ਲਗ ਰਹੀ ਹੈ। ਕੋਈ ਸਮਾਂ ਹੁੰਦਾ ਸੀ ਬੱਚੇ ਬੜੀ ਬੇਸਬਰੀ ਨਾਲ ਗਰਮੀਆਂ ਦੀਆਂ ਛੁੱਟੀਆਂ ਦੀ ਉਡੀਕ ਕਰਦੇ ਸਨ। ਉਨ੍ਹਾਂ ਨੂੰ ਪਤਾ ਹੁੰਦਾ ਸੀ ਕਿ ਸਾਰੇ ਚਾਅ-ਮਲ੍ਹਾਰ ਤਾਂ ਨਾਨਕੇ ਜਾ ਕੇ ਹੀ ਪੂਰੇ ਹੁੰਦੇ ਹਨ। ਦੂਜੇ ਪਾਸੇ ਮਾਂ ਵੀ ਸਾਰਾ ਸਾਲ ਇਸ ਉਮੀਦ ਵਿਚ ਕੱਟ ਦਿੰਦੀ ਹੈ ਕਿ ਛੁੱਟੀਆਂ ਵਿਚ ਧੀਆਂ ਬੱਚਿਆਂ ਨੂੰ ਨਾਨਕੇ ਲੈ ਕੇ ਆਉਣਗੀਆਂ। ਬੱਚੇ ਵੀ ਰੋਜ਼ ਦਿਨ ਗਿਣਦੇ ਹਨ ਕਿ ਕਿੰਨੇ ਦਿਨ ਨਾਨਕੇ ਜਾਣ 'ਚ ਰਹਿ ਗਏ ਹਨ। ਉਹ ਵੀ ਜਾਣਦੇ ਹਨ ਕਿ ਸਾਰੀਆਂ ਖ਼ਾਹਿਸ਼ਾਂ ਤੇ ਜ਼ਿਦਾਂ ਉਥੇ ਹੀ ਜਾ ਕੇ ਪੂਰੀਆਂ ਹੋਣਗੀਆਂ। ਉਹ ਕਈ-ਕਈ ਦਿਨ ਪਹਿਲਾਂ ਲਿਸਟਾਂ ਬਣਾਉਣੀਆਂ ਸ਼ੁਰੂ ਕਰ ਦਿੰਦੇ ਹਨ ਕਿ ਕਿਹੜੀ ਫ਼ਰਮਾਇਸ਼ ਕਿਸ ਕੋਲੋਂ ਪੂਰੀ ਕਰਨੀ ਹੈ। ਉਨ੍ਹਾਂ ਵਾਸਤੇ ਨਾਨਕਾ ਘਰ ਗਿਫ਼ਟ ਸੈਂਟਰ ਤੋਂ ਘੱਟ ਨਹੀਂ ਹੁੰਦਾ ਸੀ, ਜਿਸ ਚੀਜ਼ 'ਤੇ ਹੱਥ ਰੱਖੋ, ਉਹ ਹੀ ਮਿਲ ਜਾਂਦੀ ਸੀ। ਨਾਨੀ ਹੀ ਉਨ੍ਹਾਂ ਵਾਸਤੇ ਸਾਲ ਭਰ ਚੀਜ਼ਾਂ ਜੋੜਦੀ ਰਹਿੰਦੀ ਸੀ। ਨਾਨਾ ਵੇਖ-ਵੇਖ ਕੇ ਖ਼ੁਸ਼ ਹੁੰਦਾ ਸੀ ਜਦੋਂ ਬੱਚੇ ਆਪਣੀਆਂ ਚੀਜ਼ਾਂ ਲੁਕੋ-ਲੁਕੋ ਰੱਖਦੇ ਸਨ। ਇਹ ਉਹ ਜਗ੍ਹਾ ਹੁੰਦੀ ਸੀ ਜਿਥੇ ਨਾ ਕੋਈ ਰੋਕ-ਟੋਕ ਹੁੰਦੀ ਸੀ, ਹਰ ਤਰ੍ਹਾਂ ਦਾ ਮਨ-ਪਸੰਦ ਖਾਣਾ, ਮੌਜ-ਮਸਤੀ, ਘੁੰਮਣ-ਫਿਰਨ ਦੇ ਨਾਲ-ਨਾਲ ਸਾਲ ਭਰ ਦੇ ਸਾਰੇ ਵਾਅਦੇ ਪੂਰੇ ਕੀਤੇ ਜਾਂਦੇ ਸਨ।

ਛੁੱਟੀਆਂ ਵਿਚ ਧੀਆਂ ਨੂੰ ਵੀ ਪੇਕੇ ਜਾਣ ਦੀ ਬਹੁਤ ਖਿੱਚ ਹੁੰਦੀ ਸੀ। ਇਹ ਹੀ ਇਕ ਜਗ੍ਹਾ ਹੁੰਦੀ ਹੈ ਜਿਥੇ ਉਹ ਜਾ ਕੇ ਆਪਣਾਪਣ ਮਹਿਸੂਸ ਕਰਦੀਆਂ। ਪੁਰਾਣੀਆਂ ਯਾਦਾਂ ਨੂੰ ਆਪਣੇ ਬੱਚਿਆਂ ਨਾਲ ਸਾਂਝਾ ਕਰਦੀਆਂ ਹਨ। ਗਲੀ-ਮੁਹੱਲੇ ਤੇ ਪੁਰਾਣੇ ਲੋਕਾਂ ਨੂੰ ਮਿਲ ਕੇ ਤਰੋਤਾਜ਼ਾ ਹੋ ਜਾਂਦੀਆਂ ਹਨ। ਸਾਲ ਭਰ ਦੇ ਦੁੱਖ-ਸੁਖ ਦਾ ਪਿਟਾਰਾ ਵੀ ਉਹ ਮਾਂ ਨਾਲ ਫੋਲ ਕੇ ਦਿਲ ਹੌਲਾ ਕਰ ਲੈਂਦੀ ਹੈ। ਬੱਚੇ ਜਾ ਕੇ ਮਾਮੇ-ਮਾਸੀ ਦੇ ਦੁਆਲੇ ਹੋ ਜਾਂਦੇ ਹਨ। ਧੀਆਂ ਨੂੰ ਤਾਂ ਇਹ ਪਤਾ ਵੀ ਨਹੀਂ ਹੁੰਦਾ ਕਿ ਬੱਚੇ ਕੀ ਕਰ ਰਹੇ ਹਨ। ਉਹ ਤਾਂ ਪੇਕੇ ਸਾਲ ਭਰ ਦੀ



ਥਕਾਵਟ ਲਾਉਣ ਆਉਂਦੀਆਂ ਹਨ।

ਪਰ ਬੜੇ ਅਫ਼ਸੋਸ ਦੀ ਗੱਲ ਹੈ ਕਿ ਹੁਣ ਬੱਚਿਆਂ ਦਾ ਆਪਣੇ ਨਾਨਕਿਆਂ ਪ੍ਰਤੀ ਮੋਹ ਘਟ ਰਿਹਾ ਹੈ। ਨਾਨਾ-ਨਾਨੀ ਜਿਹੜੇ ਬੜੀ ਉਮੀਦ ਨਾਲ ਸਾਲ ਭਰ ਉਨ੍ਹਾਂ ਦੇ ਆਉਣ ਦੀ ਉਡੀਕ ਕਰਦੇ ਰਹਿੰਦੇ ਸਨ, ਉਥੇ ਹੁਣ ਜਾਣਾ ਪਸੰਦ ਹੀ ਨਹੀਂ ਕਰਦੇ। ਉਨ੍ਹਾਂ ਨੂੰ ਨਾਨਕੇ ਬੋਰ ਲਗਦੇ ਹਨ। ਇਸ ਦਾ ਸਭ ਤੋਂ ਵੱਡਾ ਕਾਰਨ ਸੋਸ਼ਲ ਮੀਡੀਆ ਹੈ, ਕਹਿਣ ਨੂੰ ਤਾਂ ਸੋਸ਼ਲ ਹੈ। ਪਰ ਇਸ ਦੀ ਵਰਤੋਂ ਸਭ ਨੂੰ ਇਕੱਲੇ ਕਰਦੀ ਜਾ ਰਹੀ ਹੈ। ਸਮਾਰਟ ਫ਼ੋਨ ਨੇ ਬੱਚਿਆਂ ਨੂੰ ਇਕੱਲਾ ਕਰ ਦਿੱਤਾ ਹੈ। ਉਹ ਉਸ ਨਾਲ ਹੀ ਸਾਰਾ ਦਿਨ ਬਿਤਾਉਣ ਵਿਚ ਅਨੰਦ ਮਹਿਸੂਸ ਕਰਦੇ ਹਨ। ਕਿਤੇ ਜਾਣਾ ਉਨ੍ਹਾਂ ਨੂੰ ਬੋਝ ਲਗਦਾ ਹੈ, ਕਿਸੇ ਦਾ ਘਰ ਆਉਣਾ ਵੀ ਉਨ੍ਹਾਂ ਨੂੰ ਪਸੰਦ ਨਹੀਂ। ਉਹ ਆਜ਼ਾਦ ਰਹਿਣਾ ਪਸੰਦ ਕਰਦੇ ਹਨ। ਅੱਜ ਦੇ ਯੁੱਗ ਵਿਚ ਵੱਟਸਐਪ, ਫੇਸਬੁੱਕ ਤੇ ਨੈੱਟ ਆਦਿ ਹੀ ਉਨ੍ਹਾਂ ਦੇ ਮਿੱਤਰ ਅਤੇ ਰਿਸ਼ਤੇਦਾਰ ਹਨ। ਇਨ੍ਹਾਂ ਦੀ ਹਾਜ਼ਰੀ ਵਿਚ ਨਾਨਕਿਆਂ ਦੀ ਅਹਿਮੀਅਤ ਬਹੁਤ ਕਮਜ਼ੋਰ ਪੈ ਗਈ ਹੈ ਤੇ ਇੰਝ ਜਾਪਦਾ ਹੈ ਜਿਵੇਂ ਇਹ ਰਿਸ਼ਤਾ ਹੀ ਬੇਬੱਸ ਹੋ ਗਿਆ ਹੈ।

ਹੁਣ ਲੋਕ ਰਿਸ਼ਤੇਦਾਰਾਂ 'ਤੇ ਬੋਝ ਬਣਨ ਦੀ ਬਜਾਏ ਛੁੱਟੀਆਂ ਦਾ ਅਨੰਦ ਮਾਨਣਾ ਜ਼ਿਆਦਾ ਪਸੰਦ ਕਰਦੇ ਹਨ। ਕਈ ਬੱਚੇ ਆਪਣੇ ਦੋਸਤਾਂ ਨਾਲ ਛੁੱਟੀਆਂ ਮਨਾਉਂਦੇ ਹਨ। ਕਈ ਪਰਿਵਾਰ ਆਪਣੀ ਹੈਸੀਅਤ ਅਨੁਸਾਰ ਕਿਸੇ ਪਹਾੜੀ ਸਥਾਨ, ਧਾਰਮਿਕ ਜਾਂ ਇਤਿਹਾਸਕ ਥਾਂ 'ਤੇ ਜਾਣ ਦੇ ਨਾਲ-ਨਾਲ ਵਿਦੇਸ਼ੀ ਟੂਰ 'ਤੇ ਜਾਣਾ ਵੀ ਪਸੰਦ ਕਰਦੇ ਹਨ।

ਘਰਾਂ ਵਿਚ ਹਰ ਤਰ੍ਹਾਂ ਦੀ ਸਹੂਲਤ ਹੋਣ ਕਰਕੇ ਧੀਆਂ ਪੇਕੇ ਤੇ ਬੱਚੇ ਨਾਨਕੇ ਜਾਣ ਤੋਂ ਜੀਅ ਚਰਾਉਂਦੇ ਹਨ। ਆਧੁਨਿਕ ਤਕਨੀਕਾਂ ਨੇ ਵੀ ਲੋਕਾਂ ਨੂੰ ਬਹੁਤ ਨੇੜੇ ਕਰ ਦਿੱਤਾ ਹੈ। ਫ਼ੋਨ ਜਾਂ ਵੀਡੀਓ ਕਾਲ ਕਰ ਕੇ ਇਕ ਦੂਜੇ ਕੋਲੋਂ ਪਲ-ਪਲ ਦੀ ਖ਼ਬਰ ਲੈਂਦੇ ਰਹਿੰਦੇ ਹਨ। ਪਰ ਨਾਨਕੇ ਤਾਂ ਅੱਜ ਵੀ ਗਰਮੀਆਂ ਦੀਆਂ ਛੁੱਟੀਆਂ ਵਿਚ ਦੋਹਤੇ-ਦੋਹਤੀਆਂ ਦੀ ਉਡੀਕ ਕਰਦੇ ਹਨ। ਬੇਸ਼ੱਕ ਤੁਸੀਂ ਬਹੁਤ ਦਿਨਾਂ ਵਾਸਤੇ ਛੁੱਟੀਆਂ ਵਿਚ ਨਾਨਕੇ ਨਾ ਜਾਓ। ਪਰ ਉਨ੍ਹਾਂ ਦੀ ਉਡੀਕ ਨੂੰ ਉਦਾਸੀ ਵਿਚ ਬਦਲਣ ਨਾ ਦਿਓ। ਆਪਣੀ ਸਹੂਲੀਅਤ ਅਨੁਸਾਰ ਦੋ-ਚਾਰ ਦਿਨਾਂ ਲਈ ਨਾਨਕਿਆਂ ਦੇ ਵਿਹੜੇ ਦੀ ਰੌਣਕ ਜ਼ਰੂਰ ਬਣੋ। ਉਥੇ ਜਾ ਕੇ ਸਮਾਰਟ ਫ਼ੋਨ 'ਤੇ ਮਸਤ ਰਹਿਣ ਦੀ ਬਜਾਏ ਨਾਨੀ-ਨਾਨੇ ਕੋਲੋਂ ਆਸ਼ੀਰਵਾਦ ਲੈਣ ਦੇ ਨਾਲ-ਨਾਲ ਉਨ੍ਹਾਂ ਦੇ ਅਨੁਭਵਾਂ ਨੂੰ ਸਿੱਖੋ ਅਤੇ ਉਸ ਦਾ ਲਾਭ ਉਠਾਓ। ਸਮੇਂ-ਸਮੇਂ 'ਤੇ ਉਨ੍ਹਾਂ ਨਾਲ ਸੰਪਰਕ ਕਰਦੇ ਰਹੋ ਅਤੇ ਅਸੀਸਾਂ ਲੈਂਦੇ ਰਹੋ।

ਪ੍ਰਵੀਨ ਅਬਰੋਲ

# ਆਲੂ ਵਾਲੇ ਕਾਲੇ ਛੋਲੇ



ਸਮੱਗਰੀ : ਇਕ ਕੱਪ ਕਾਲੇ ਛੋਲੇ, ਡੇਢ ਚਮਚ ਲੂਣ, ਅੱਧਾ ਚਮਚ ਬੇਕਿੰਗ ਸੋਢਾ, ਇਕ ਚੌਥਾਈ ਲੀਟਰ ਪਾਣੀ, ਇਕ ਪਿਆਜ਼ ਕੱਟਿਆ ਹੋਇਆ, ਇਕ ਕਲੀ ਲਸਣ ਕੱਟੀ ਜਾਂ ਸਵਾਦ ਅਨੁਸਾਰ, ਇਕ ਪੀਸ ਕੱਟਿਆ ਤਾਜ਼ਾ ਅਦਰਕ, ਤਿੰਨ ਚਮਚ ਸਬਜ਼ੀ ਦਾ ਤੇਲ, ਚੌਥਾ ਹਿੱਸਾ ਚਮਚ ਜ਼ੀਰਾ, 2 ਚੁਟਕੀਆਂ ਹਿੰਗ ਪਾਊਡਰ, 4 ਆਲੂ ਛਿੱਲੇ ਹੋਏ ਅਤੇ ਕੱਟੇ ਹੋਏ। ਇਕ ਚਮਚ ਹਰਾ ਧਨੀਆ, ਇਕ ਚਮਚ ਗਰਮ ਮਸਾਲਾ, ਚੌਥਾ ਹਿੱਸਾ ਚਮਚ ਹਲਦੀ, ਚੌਥਾ ਹਿੱਸਾ ਚਮਚ ਲਾਲ ਮਿਰਚ, 2 ਕੱਪ ਪਾਣੀ, 3 ਚਮਚ ਇਮਲੀ ਦੀ ਚਟਨੀ ਜਾਂ ਸਵਾਦ ਅਨੁਸਾਰ।

ਵਿਧੀ : ਸਾਫ਼ ਕਾਲੇ ਛੋਲੇ ਠੰਢੇ ਪਾਣੀ ਵਿਚ ਧੋ ਲਵੋ। ਸੁੱਕੇ ਇਕੱਠੇ ਕਾਲੇ ਛੋਲਿਆਂ ਵਿਚ ਅੱਧਾ ਚਮਚ ਲੂਣ ਅਤੇ ਮਿੱਠਾ ਸੋਢਾ ਇਕ ਵੱਡੀ ਕੜਾਹੀ ਵਿਚ ਪਾ ਲਵੋ ਅਤੇ ਇਕ ਤਿਹਾਈ ਪਾਣੀ 24 ਘੰਟੇ ਤੱਕ ਛੋਲਿਆਂ ਨੂੰ ਭਿੱਜਣ ਦਿਓ।

ਸੁੱਕੇ ਪਿਆਜ਼, ਲਸਣ ਅਤੇ ਅਦਰਕ ਬਲੈਂਡਰ ਵਿਚ ਰਲਾਓ ਅਤੇ 3 ਚਮਚ ਪਾਣੀ ਪਾਓ। ਇਸ ਨੂੰ ਪੂਰੀ ਹਾਈ ਸਪੀਡ 'ਤੇ ਉਸ ਸਮੇਂ ਤੱਕ ਮਿਲਾਓ ਜਦੋਂ ਤੱਕ ਇਹ ਪੂਰੀ ਤਰ੍ਹਾਂ ਪੇਸਟ ਨਾ ਬਣ ਜਾਵੇ। ਦਰਮਿਆਨੀ ਅੱਗ 'ਤੇ ਸਬਜ਼ੀ ਤੇਲ ਛੋਟੇ ਭਾਂਡੇ ਵਿਚ ਗਰਮ ਕਰੋ। ਇਸ ਵਿਚ ਜ਼ੀਰਾ ਅਤੇ ਹਿੰਗ ਮਿਲਾਓ ਤੇ ਉਸ ਸਮੇਂ ਤੱਕ ਪਕਾਓ ਜਦੋਂ ਤੱਕ ਹਿੰਗ ਫੈਲਦਾ ਅਤੇ ਜ਼ੀਰਾ ਕਾਲੇ ਨਹੀਂ ਹੋ ਜਾਂਦੇ। ਫਿਰ ਪਿਆਜ਼ ਦਾ ਪੇਸਟ ਜ਼ੀਰੇ ਦੇ ਮਿਸ਼ਰਨ ਵਿਚ ਪਾਓ। ਇਸ ਗੱਲ ਦਾ ਧਿਆਨ ਰੱਖੋ ਕਿ ਕਿਣਕੇ ਨਾ ਬਣ ਜਾਣ। ਇਸ ਨੂੰ ਲਗਭਗ 5 ਮਿੰਟ ਤੱਕ ਪਕਾਓ ਅਤੇ ਇਹ ਧਿਆਨ ਰੱਖੋ ਕਿ ਇਹ ਚੰਗੀ ਤਰ੍ਹਾਂ ਰਲ ਜਾਵੇ।

ਫਿਰ ਕਾਲੇ ਛੋਲੇ, ਆਲੂ, ਇਕ ਚਮਚ ਲੂਣ, ਧਨੀਆ, ਗਰਮ ਮਸਾਲਾ, ਹਲਦੀ ਅਤੇ ਲਾਲ ਮਿਰਚ, ਪਿਆਜ਼, ਜ਼ੀਰਾ ਮਿਸ਼ਰਨ ਵਿਚ ਮਿਲਾਓ। ਇਸ ਵਿਚ 2 ਕੱਪ ਪਾਣੀ ਵੀ ਮਿਲਾਓ। ਇਸ ਨੂੰ ਉਬਾਲਣ ਲਈ ਢੱਕ ਕੇ ਰੱਖ ਦਿਓ। ਇਕ ਘੰਟਾ ਇਸ ਵਿਚੋਂ ਗੈਸ ਨਿਕਲਣ ਦਾ ਪ੍ਰਬੰਧ ਕਰਕੇ ਉਬਾਲੋ। ਫਿਰ ਇਮਲੀ ਦੀ ਚਟਨੀ, ਕਾਲੇ ਛੋਲਿਆਂ ਦੇ ਮਿਸ਼ਰਨ ਵਿਚ ਮਿਲਾਓ। ਫਿਰ ਪਰੰਪਰਕ ਤਰੀਕੇ ਨਾਲ 10 ਮਿੰਟ ਤੋਂ ਜ਼ਿਆਦਾ ਪਕਾਓ।

# ਕਾਮਯਾਬੀ ਦਾ ਰਾਜ਼ ਸਖ਼ਤ ਮਿਹਨਤ

ਕਾਮਯਾਬ ਲੋਕਾਂ ਦੇ ਜੀਵਨ ਬਾਰੇ ਜ਼ਿਆਦਾਤਰ ਇੰਝ ਲਗਦਾ ਹੈ ਕਿ ਕੁਦਰਤ ਇਨ੍ਹਾਂ 'ਤੇ ਦਿਆਲੂ ਹੈ। ਉਨ੍ਹਾਂ ਦੀ ਰਹਿਣੀ-ਬਹਿਣੀ ਜੀਵਨ ਦੀ ਗੁਣਵੱਤਾ ਦੇਖ ਕੇ ਇਹ ਮਹਿਸੂਸ ਹੁੰਦਾ ਹੈ ਕਿ ਇਨ੍ਹਾਂ ਦੀ ਕਿਸਮਤ ਇਨ੍ਹਾਂ 'ਤੇ ਬਹੁਤ ਮਿਹਰਬਾਨ ਹੈ ਪਰ ਜੇਕਰ ਉਨ੍ਹਾਂ ਲੋਕਾਂ ਦੀ ਜ਼ਿੰਦਗੀ ਵਿਚ ਬਾਰੀਕੀ ਨਾਲ ਝਾਕੀਏ ਜਾਂ ਉਨ੍ਹਾਂ ਦੀ ਕਾਮਯਾਬੀ ਦੀ ਕਹਾਣੀ ਉਨ੍ਹਾਂ ਦੀ ਜ਼ੁਬਾਨੀ ਸੁਣੀਏ ਤਾਂ ਬਹੁਤ ਸਾਰੀਆਂ ਗੱਲਾਂ ਇਸ ਤਰ੍ਹਾਂ ਲੱਗਣਗੀਆਂ ਕਿ ਜੋ ਇਹ ਦੱਸ ਰਹੇ ਹਨ ਕੀ ਉਹ ਸੰਭਵ ਵੀ ਹੈ? ਇਨ੍ਹਾਂ ਲੋਕਾਂ ਨੇ ਆਪਣੇ ਚੁਣੇ ਹੋਏ ਖੇਤਰ ਵਿਚ ਚੰਗੇ ਨਤੀਜੇ ਪ੍ਰਾਪਤ ਕਰਨ ਲਈ ਸਖ਼ਤ ਮਿਹਨਤ ਅਤੇ ਜ਼ਿੰਦਗੀ ਦਾ ਜ਼ਿਆਦਾ ਸਮਾਂ ਲਾਇਆ ਹੁੰਦਾ ਹੈ। ਬਹੁਤ ਵਾਰ ਸੁਣਨ ਨੂੰ ਮਿਲ ਜਾਂਦਾ ਹੈ ਕਿ ਕਿਸਮਤ ਵਿਚ ਜੋ ਹੋਵੇ, ਉਹੋ ਹੀ ਮਿਲਦਾ ਹੈ। ਇਸ ਦੇ ਉਲਟ ਕਿਸਮਤ ਨੂੰ ਬਦਲਣ ਦੀ ਕੋਈ ਯੁਕਤੀ ਹੈ ਤਾਂ ਉਹ ਹੈ ਸਖ਼ਤ ਮਿਹਨਤ। ਜਦੋਂ ਦੁਨੀਆ ਸੌਂ ਰਹੀ ਹੁੰਦੀ ਹੈ, ਉਸ ਸਮੇਂ ਵੀ ਮਿਹਨਤੀ ਲੋਕ ਆਪਣੇ ਟੀਚੇ ਲਈ ਗਤੀਸ਼ੀਲਤਾ ਨਾਲ ਕੰਮ ਕਰ ਰਹੇ ਹੁੰਦੇ ਹਨ। ਬਹੁਤੇ ਲੋਕਾਂ ਦੀ ਅਸਫ਼ਲਤਾ ਦਾ ਕਾਰਨ ਉਨ੍ਹਾਂ ਵਲੋਂ ਆਪਣੀ ਦਿਲਚਸਪੀ ਤੋਂ ਉਲਟ ਖੇਤਰ ਦੀ ਚੋਣ ਹੁੰਦੀ ਹੈ। ਜਿਵੇਂ ਕਿ ਅੱਜ ਦੇ ਸਮੇਂ ਵਿਚ ਵਿੱਦਿਆ ਪ੍ਰਾਪਤ ਕਰਨ ਸਮੇਂ ਵਿਦਿਆਰਥੀ ਆਪਣੀ ਦਿਲਚਸਪੀ ਤੋਂ ਜ਼ਿਆਦਾ ਇਸ ਗੱਲ ਦਾ ਖ਼ਿਆਲ ਕਰਦੇ ਹਨ ਕਿ ਉਨ੍ਹਾਂ ਵਿਸ਼ਿਆਂ ਦੀ ਚੋਣ ਕੀਤੀ ਜਾਵੇ ਜਿਨ੍ਹਾਂ ਨਾਲ ਰੁਜ਼ਗਾਰ ਮਿਲ ਸਕਦਾ ਹੋਵੇ। ਦੁਨੀਆ ਵਿਚ ਜਿੰਨੇ ਮਨੁੱਖ ਹਨ, ਓਨੇ ਹੀ ਕੰਮ ਹਨ। ਜ਼ਰੂਰੀ ਇਹ ਹੈ ਕਿ ਉਸ ਖੇਤਰ ਦੀ ਚੋਣ ਕੀਤੀ ਜਾਵੇ ਜਿਸ ਵਿਚ ਸਾਡੀ ਦਿਲਚਸਪੀ ਹੈ ਅਤੇ ਉਸ ਖੇਤਰ ਵਿਚ ਸਖ਼ਤ ਮਿਹਨਤ ਕਰ ਕੇ ਵੱਖਰੀ ਪ੍ਰਾਪਤੀ ਹਾਸਲ ਕੀਤੀ ਜਾਵੇ। ਜੇਕਰ ਅਸੀਂ ਆਪਣੀ ਦਿਲਚਸਪੀ ਦੇ ਉਲਟ ਕਿਸੇ ਖੇਤਰ ਦੀ ਚੋਣ ਕਰਦੇ ਹਾਂ ਤਾਂ ਉਹ ਕੁਝ ਸਮੇਂ ਬਾਅਦ ਬੋਝ ਬਣ ਜਾਵੇਗਾ, ਜਿਸ ਕਾਰਨ ਅਸੀਂ ਸਫਲ ਨਹੀਂ ਹੋ ਪਾਵਾਂਗੇ। ਸਾਡੇ ਲਈ ਵੀ ਜ਼ਰੂਰੀ ਹੈ ਕਿ ਕਾਮਯਾਬੀ ਨੂੰ ਚੁਣੌਤੀ ਦੀ ਤਰ੍ਹਾਂ ਲਈਏ ਅਤੇ ਉਦੋਂ ਤੱਕ ਲੱਗੇ ਰਹੀਏ ਜਦੋਂ ਤੱਕ ਸਫਲਤਾ ਨਾ ਮਿਲ ਜਾਵੇ ਕਿਉਂਕਿ ਸਫਲਤਾ ਦੀ ਬੁਨਿਆਦ ਮਿਹਨਤ ਹੀ ਹੈ।



ਗੁਰਿੰਦਰ ਕਲੇਰ

# ਘਰੇਲੂ ਹਿੰਸਾ 'ਤੇ ਰੋਕ ਲਗਾਉਣ ਲਈ ਸਭ ਧਿਰਾਂ ਸਹਿਯੋਗ ਦੇਣ

ਘਰੇਲੂ ਹਿੰਸਾ ਅਤਿਅੰਤ ਦੁੱਖਮਈ ਅਤੇ ਚਿੰਤਾਜਨਕ ਵਰਤਾਰਾ ਹੈ। ਇਹ ਅਜੋਕੇ ਸਮਾਜ ਦੇ ਖ਼ੂਬਸੂਰਤ ਆਖੇ ਜਾਂਦੇ ਚਿਹਰੇ 'ਤੇ ਲੱਗਾ ਇਕ ਬਦਨੁਮਾ ਦਾਗ਼ ਹੈ। ਉਂਜ ਸੱਭਿਅਕ ਸਮਾਜ 'ਚ ਪੜ੍ਹੇ-ਲਿਖੇ ਲੋਕ ਦਲੀਲ ਨਾਲ ਗੱਲ ਕਰ ਕੇ ਕਿਸੇ ਸਮੱਸਿਆ ਨੂੰ ਨਿਪਟਾਉਂਦੇ ਹਨ ਪਰ ਘਰੇਲੂ ਹਿੰਸਾ ਦੀ ਵਰਤੋਂ ਕਰ ਕੇ ਅਜੋਕਾ ਮਨੁੱਖ ਇਹ ਸਿੱਧ ਕਰ ਰਿਹਾ ਹੈ ਕਿ ਉਸ ਨੇ ਸਿੱਖਿਆ ਗ੍ਰਹਿਣ ਤਾਂ ਕਰ ਲਈ ਹੈ ਪਰ ਧਾਰਨ ਨਹੀਂ ਕੀਤੀ ਹੈ।

ਇਹ ਕੋਈ ਅਤਿਕਥਨੀ ਨਹੀਂ ਹੈ ਕਿ ਘਰੇਲੂ ਰਿਸ਼ਤਿਆਂ ਵਿਚ ਹਿੰਸਾ ਪੁਰਾਤਨ ਸਮੇਂ ਤੋਂ ਚਲਦੀ ਆ ਰਹੀ ਹੈ ਤੇ ਇਸ ਘਰੇਲੂ ਹਿੰਸਾ ਦਾ ਸਭ ਤੋਂ ਵੱਧ ਸ਼ਿਕਾਰ ਔਰਤਾਂ ਨੂੰ ਹੀ ਬਣਨਾ ਪਿਆ ਹੈ ਪਰ ਇਹ ਵੀ ਇਕ ਤੱਥ ਹੈ ਕਿ ਹੁਣ ਘਰੇਲੂ ਹਿੰਸਾ ਦਾ ਸ਼ਿਕਾਰ ਪਰਿਵਾਰ ਦੇ ਬੱਚੇ, ਬਜ਼ੁਰਗ ਤੇ ਮਰਦ ਵੀ ਹੋਣ ਲੱਗ ਪਏ ਹਨ। ਆਧੁਨਿਕ ਸਮਾਜ ਵਿਗਿਆਨੀਆਂ ਅਨੁਸਾਰ ਘਰੇਲੂ ਹਿੰਸਾ ਨੂੰ ਕੇਵਲ ਸਰੀਰਕ ਹਿੰਸਾ ਦੇ ਰੂਪ 'ਚ ਹੀ ਮੁਲਾਂਕਿਤ ਨਹੀਂ ਕੀਤਾ ਜਾਣਾ ਚਾਹੀਦਾ ਹੈ ਸਗੋਂ ਮੌਖਿਕ, ਭਾਵੁਕ ਜਾਂ ਮਾਨਸਿਕ ਹਿੰਸਾ ਨੂੰ ਵੀ ਇਸ ਸ਼੍ਰੇਣੀ ਵਿਚ ਰੱਖਿਆ ਜਾ ਸਕਦਾ ਹੈ। ਔਰਤਾਂ ਨਾਲ ਵਾਪਰਨ ਵਾਲੀ ਘਰੇਲੂ ਹਿੰਸਾ ਦੇ ਮੁੱਖ ਕਾਰਨਾਂ ਵਿਚ ਪੁਰਸ਼ ਪ੍ਰਧਾਨਤਾ, ਦਹੇਜ, ਜਾਇਦਾਦ ਦਾ ਲਾਲਚ, ਧੀਆਂ ਦਾ ਜਨਮ ਜਾਂ ਸੱਚ ਆਖਣ ਦੀ ਬੇਬਾਕੀ ਆਦਿ ਨੂੰ ਸ਼ਾਮਿਲ ਕੀਤਾ ਜਾ ਸਕਦਾ ਹੈ। ਇਹ ਵੀ ਵੇਖਣ 'ਚ ਆਇਆ ਹੈ ਕਿ ਔਰਤਾਂ ਨਾਲ ਵਾਪਰਨ ਵਾਲੀ ਘਰੇਲੂ ਹਿੰਸਾ ਵਿਚ ਬਹੁਤੀ ਵਾਰ ਪਰਿਵਾਰ ਦੀ ਹੀ ਕਿਸੇ ਔਰਤ ਦਾ ਹੱਥ ਹੁੰਦਾ ਹੈ। ਅਜਿਹੀ ਔਰਤ ਕਈ ਵਾਰ ਸਿੱਧੇ ਤੌਰ 'ਤੇ ਆਪ ਹੀ ਜਾਂ ਕਈ ਵਾਰ ਪਰਿਵਾਰ ਦੇ ਕਿਸੇ ਮਰਦ ਮੈਂਬਰ ਰਾਹੀਂ ਦੂਜੀ ਔਰਤ ਉੱਤੇ



ਸਰੀਰਕ, ਮਾਨਸਿਕ ਜਾਂ ਮੌਖਿਕ ਹਿੰਸਾ ਭਰਪੂਰ ਹਮਲਾ ਕਰਵਾਉਂਦੀ ਹੈ। ਔਰਤ ਦਾ ਦੁਖ਼ਾਂਤ ਇਹ ਹੈ ਕਿ ਉਸ ਨੂੰ ਘਰ ਵਿਚ, ਬਾਜ਼ਾਰ ਵਿਚ, ਬੱਸ ਵਿਚ ਜਾਂ ਕੰਮਕਾਜ ਵਾਲੀ ਥਾਂ 'ਤੇ ਵੀ ਹਿੰਸਾ ਦੇ ਕੁਚੱਕਰ 'ਚੋਂ ਲੰਘਣਾ ਪੈਂਦਾ ਹੈ।

ਮਾਪਿਆਂ ਦੇ ਵਧਦੇ ਰੁਝੇਵੇਂ ਤੇ ਘਰੇਲੂ ਲੋੜਾਂ ਪੂਰੀਆਂ ਕਰਨ ਲਈ ਪੈਸੇ ਦੀ ਵਧਦੀ ਲੋੜ ਨੇ ਮਾਪਿਆਂ ਦੇ ਸੰਬੰਧਾਂ ਵਿਚ ਤਣਾਅ ਪੈਦਾ ਕਰ ਦਿੱਤਾ ਹੈ। ਜ਼ਿਆਦਾਤਰ ਪਰਿਵਾਰਾਂ ਵਿਚ ਗੁਜ਼ਾਰਾ ਵਧੀਆ ਢੰਗ ਨਾਲ ਚਲਾਉਣ ਲਈ ਔਰਤਾਂ ਨੂੰ ਕੰਮ 'ਤੇ ਜਾਣਾ ਪੈਂਦਾ ਹੈ। ਥਕਾਵਟ ਤੇ ਰੁਝੇਵੇਂ ਵਧਣ ਕਰਕੇ ਮਾਪੇ ਆਪਣੇ ਬੱਚਿਆਂ ਲਈ ਸਮਾਂ ਨਹੀਂ ਕੱਢ ਪਾ ਰਹੇ ਹਨ ਤੇ ਉਨ੍ਹਾ ਦੁਆਰਾ ਪੁੱਛੇ ਜਾਂਦੇ ਸਵਾਲਾਂ ਦੇ ਜਵਾਬ ਦੇਣ ਦੀ ਥਾਂ ਖਿਝ ਕੇ ਬੱਚਿਆਂ ਨਾਲ ਹਿੰਸਾਤਮਿਕ ਦੁਰਵਿਵਹਾਰ ਕਰਨ 'ਤੇ ਉੱਤਰ ਆਉਂਦੇ ਹਨ। ਆਪਣਾ ਗੁੱਸਾ, ਥਕਾਵਟ, ਖਿਝ ਤੇ ਮਾਨਸਿਕ ਅਸ਼ਾਂਤੀ ਆਦਿ ਨੂੰ ਬੱਚਿਆਂ 'ਤੇ ਕੱਢਣਾ ਬਹੁਤੇ ਮਾਪਿਆਂ ਦਾ ਸੁਭਾਅ ਬਣ ਗਿਆ ਹੈ।

ਕਈ ਪਰਿਵਾਰਾਂ ਵਿਚ ਬਜ਼ੁਰਗਾਂ ਦੀ ਹਾਲਤ ਕਾਫ਼ੀ ਤਰਸਯੋਗ ਬਣੀ ਹੋਈ ਹੈ। ਸਾਰੀ ਉਮਰ ਬੱਚਿਆਂ ਲਈ ਮਿਹਨਤ-ਮੁਸ਼ਕਤ ਕਰ ਕੇ ਉਨ੍ਹਾਂ ਦੀਆਂ ਲੋੜਾਂ ਤੇ ਖ਼ਾਹਿਸ਼ਾਂ ਪੂਰੀਆਂ ਕਰਨ ਵਾਲੇ ਮਾਪੇ ਜਦੋਂ ਬਜ਼ੁਰਗ ਹੋ ਜਾਂਦੇ ਹਨ ਤਾਂ ਉਹ ਆਪਣੇ ਧੀਆਂ-ਪੁੱਤਾਂ ਦੇ ਮੁਥਾਜ ਹੋ ਜਾਂਦੇ ਹਨ। ਬੁਢਾਪੇ 'ਚ ਪੈਸੇ ਦੀ ਕਮੀ ਤੇ ਸਰੀਰਕ ਅਯੋਗਤਾ ਹੋ ਜਾਣ ਕਰਕੇ ਉਨ੍ਹਾਂ ਨੂੰ ਆਪਣੇ ਪੁੱਤਰਾਂ ਜਾਂ ਨੂੰਹਾਂ ਹੱਥੋਂ ਮੌਖਿਕ, ਮਾਨਸਿਕ ਜਾਂ ਕਦੇ ਕਦੇ ਸਰੀਰਕ ਹਿੰਸਾ ਦਾ ਸ਼ਿਕਾਰ ਹੋਣਾ ਪੈਂਦਾ ਹੈ।

ਅੱਜ ਲੋੜ ਹੈ ਕਿ ਘਰੇਲੂ ਹਿੰਸਾ ਦੇ ਕਾਰਨਾਂ ਦੀ ਪਛਾਣ ਕਰ ਕੇ ਉਨ੍ਹਾ ਦਾ ਸਮੇਂ ਸਿਰ ਨਿਪਟਾਰਾ ਕੀਤਾ ਜਾਵੇ ਤੇ ਘਰੇਲੂ ਹਿੰਸਾ ਨੂੰ ਠੱਲ੍ਹ ਪਾਉਣ ਲਈ ਲੋੜੀਂਦੇ ਕਾਨੂੰਨ ਤੇ ਉਪਾਅ ਅਮਲ ਵਿਚ ਲਿਆਂਦੇ ਜਾਣ। ਸਕੂਲਾਂ, ਕਾਲਜਾਂ ਤੇ ਦਫ਼ਤਰਾਂ ਵਿਚ ਘਰੇਲੂ ਹਿੰਸਾ ਰੋਕਣ ਸੰਬੰਧੀ ਸੈਮੀਨਾਰ ਕਰਵਾ ਕੇ ਲੋਕਾਂ ਨੂੰ ਜਾਗਰੂਕ ਕੀਤਾ ਜਾਵੇ। ਟੀ.ਵੀ. 'ਤੇ ਅਜਿਹੇ ਨਾਟਕਾਂ ਤੇ ਫ਼ਿਲਮਾਂ ਦਾ ਪ੍ਰਸਾਰਣ ਕੀਤਾ ਜਾਵੇ ਜੋ ਨੈਤਿਕ ਗੁਣਾਂ ਨੂੰ ਵਧਾਉਣ ਉੱਤੇ ਅਤੇ ਘਰੇਲੂ ਹਿੰਸਾ ਦੀ ਥਾਂ ਘਰ ਵਿਚ ਪਿਆਰ, ਸਲੂਕ ਅਤੇ ਸਤਿਕਾਰ ਵਧਾਉਣ ਦੀ ਲੋੜ ਉੱਤੇ ਜ਼ੋਰ ਦਿੰਦੇ ਹੋਣ।

ਅਸ਼ਵਨੀ ਚਤਰਥ

# ਬਣਾਉਟੀ ਬੁੱਧੀ ਦਾ 'ਆਪਣਾ' ਕ੍ਰਿਸ਼ਮਾ

ਨਵੀਂ ਦਿੱਲੀ ਵਿੱਚ ਇਸੇ ਹਫਤੇ ਹੋਏ ਕੌਮਾਂਤਰੀ ਪੱਧਰ ਦੇ 'ਇੰਡੀਆ ਏ ਆਈ ਇੰਪੈਕਟ ਸਮਿੱਟ' ਵਿੱਚ ਦੁਨੀਆ ਭਰ ਤੋਂ ਆਗੂਆਂ ਅਤੇ ਏ ਆਈ ਖੇਤਰ ਦੀਆਂ ਵੱਡੀਆਂ ਹਸਤੀਆਂ ਨੇ ਸ਼ਿਰਕਤ ਕੀਤੀ। ਕੌਮਾਂਤਰੀ ਪੱਧਰ 'ਤੇ ਜਿੰਨੀ ਚਰਚਾ ਇਸ ਸੰਮੇਲਨ ਦੀ ਹੋਈ, ਓਨੀ ਹੀ ਗਲਗੋਟੀਆ ਯੂਨੀਵਰਸਿਟੀ ਵੱਲੋਂ ਆਪਣਾ ਦੱਸ ਕੇ ਪੇਸ਼ ਕੀਤੇ ਗਏ ਰੋਬੋਟਿਕ ਡੌਗ 'ਓਰਾਇਨ' ਦੀ ਵੀ ਹੋਈ। ਗਲਗੋਟੀਆ ਯੂਨੀਵਰਸਿਟੀ ਵੱਲੋਂ ਇਸ ਰੋਬੋਟਿਕ ਡੌਗ ਬਾਰੇ ਦਾਅਵਾ ਸੀ ਕਿ ਇਹ ਡੌਗ ਉਨ੍ਹਾਂ ਨੇ ਡਿਵੈਲਪ ਕੀਤਾ ਹੈ। ਦੂਰਦਰਸ਼ਨ ਦੇ ਰਿਪੋਰਟਰ ਵੱਲੋਂ ਪੈਵੇਲੀਅਨ 'ਚ ਜਾ ਕੇ ਗਲਗੋਟੀਆ ਦੀ ਪ੍ਰੋਫੈਸਰ ਨੇਹਾ ਸਿੰਘ ਨਾਲ ਬਾਕਾਇਦਾ ਇੰਟਰਵਿਊ ਕੀਤੀ ਗਈ, ਜਿਸ ਵਿੱਚ ਉਸ ਨੇ ਬਹੁਤ ਉਤਸ਼ਾਹ ਨਾਲ ਪੱਤਰਕਾਰ ਨੂੰ ਕਿਹਾ, "ਤੁਹਾਨੂੰ ਓਰਾਇਨ ਨੂੰ ਮਿਲਣਾ ਚਾਹੀਦਾ ਹੈ, ਜਿਸ ਨੂੰ ਸਾਡੇ ਸੈਂਟਰ ਔਫ ਐਕਸੀਲੈਂਸ ਵੱਲੋਂ ਡਿਵੈਲਪ ਕੀਤਾ ਗਿਆ ਹੈ। ਸਾਡੀ ਪਹਿਲੀ ਪ੍ਰਾਈਵੇਟ ਯੂਨੀਵਰਸਿਟੀ ਹੈ, ਜਿਸ ਨੇ ਆਰਟੀਫੀਸ਼ੀਅਲ ਇੰਟੈਲੀਜੈਂਸ (ਬਣਾਉਟੀ ਬੁੱਧੀ) 'ਚ 350 ਕਰੋੜ ਰੁਪਏ ਨਿਵੇਸ਼ ਕੀਤੇ ਹਨ।" ਪ੍ਰੋ. ਨੇਹਾ ਸਿੰਘ ਜਿਸ ਵੇਲੇ ਪੱਤਰਕਾਰ ਨੂੰ ਓਰਾਇਨ ਦੇ ਗੁਣਾਂ ਦਾ ਵਿਖਿਆਨ ਕਰਦਿਆਂ ਦੱਸ ਰਹੀ ਸੀ ਕਿ ਇਹ ਕਈ ਤਰ੍ਹਾਂ ਦੇ ਆਕਾਰ ਤੇ ਰੂਪ ਲੈ ਲੈਂਦਾ ਹੈ ਤਾਂ ਉਨ੍ਹਾਂ ਦੋਹਾਂ ਤੋਂ ਮਹਿਜ ਕੁਝ ਫੁੱਟ ਦੂਰ ਖੜ੍ਹਾ ਓਰਾਇਨ ਕਦੇ ਆਪਣੀ ਇੱਕ ਬਾਂਹ ਉੱਚੀ ਚੁੱਕ ਲੈਂਦਾ, ਕਦੇ ਅੱਗੇ ਹੁੰਦਾ ਤੇ ਕਦੇ ਪਿੱਛੇ, ਕਦੇ ਇੱਕ ਪਾਸੇ ਨੂੰ ਝੁਕ ਜਾਂਦਾ। ਪੱਤਰਕਾਰ ਓਰਾਇਨ ਦੀਆਂ ਇਨ੍ਹਾਂ ਪੇਸ਼ਕਾਰੀਆਂ ਨੂੰ ਮੰਤਰ-ਮੁਗਧ ਹੋ ਕੇ ਦੇਖਦਿਆਂ ਕਹਿੰਦਾ ਹੈ, "ਇਹ ਸ਼ਰਾਰਤੀ () ਹੈ।" ਗਲਗੋਟੀਆ ਦੀ ਮਾਣਮੱਤੀ ਪ੍ਰੋਫੈਸਰ ਓਰਾਇਨ ਦੇ ਹੋਰ ਗੁਣ ਗਿਣਾਉਂਦਿਆਂ ਕਹਿੰਦੀ ਹੈ ਕਿ ਇਹ ਸਰਵੇਲੈਂਸ ਅਤੇ ਮੋਨੀਟਰਿੰਗ ਕਰਨ ਦੇ ਨਾਲ ਨਾਲ ਮੂਨ ਵਾਕ (ਉੱਘੇ ਅਮਰੀਕੀ ਗਾਇਕ ਮਾਈਕਲ ਜੈਕਸਨ ਦੇ ਨੱਚਣ ਦੇ ਵਿਸ਼ੇਸ਼ ਅੰਦਾਜ ਨੂੰ 'ਮੂਨ ਵਾਕ' ਕਿਹਾ ਜਾਂਦਾ ਹੈ) ਵੀ ਕਰ ਲੈਂਦਾ ਹੈ।

ਜਿਉਂ ਹੀ ਸ਼ਰਾਰਤੀ ਓਰਾਇਨ ਦੀ ਨੱਚਦੇ ਦੀ ਵੀਡੀਓ ਵਾਇਰਲ ਹੋਈ ਤਾਂ ਥੋੜ੍ਹੇ ਹੀ ਸਮੇਂ ਬਾਅਦ ਸੋਸ਼ਲ ਮੀਡੀਆ ਦੇ ਵਰਤੋਂਕਾਰਾਂ ਨੇ ਉਸ ਦੀ 'ਜਨਮ ਪੱਤਰੀ ਦੇ ਸਾਰੇ ਗ੍ਰਹਿ ਨਛੱਤਰਾਂ ਦਾ ਅਧਿਐਨ' ਕਰ ਕੇ ਜੱਗ ਸਾਹਮਣੇ ਇਸ ਗੱਲ ਦਾ ਖੁਲਾਸਾ ਕੀਤਾ ਕਿ ਇਸ ਦੀ ਮਲਕੀਅਤ ਗਲਗੋਟੀਆ ਯੂਨੀਵਰਸਿਟੀ ਦੀ ਨਹੀਂ, ਸਗੋਂ ਇਹ ਬਾਜਾਰ 'ਚ ਮਿਲਦਾ ਯੂਨੀਟਰੀ ਗੋ 2 ਰੋਬੋਟ ਹੈ, ਜੋ ਅਸਲ ਵਿੱਚ ਚੀਨ ਦੀ ਕੰਪਨੀ ਯੂਨੀਟਰੀ ਰੋਬੋਟਿਕਸ ਵੱਲੋਂ ਤਿਆਰ ਕੀਤਾ ਗਿਆ ਹੈ। ਸੋਸ਼ਲ ਮੀਡੀਆ ਵਰਤੋਂਕਾਰਾਂ ਨੇ ਬਾਜਾਰ ਵਿੱਚ ਮਿਲਦੇ ਗੋ 2 ਰੋਬੋਟ ਦੀ ਤਸਵੀਰ ਓਰਾਇਨ ਦੇ ਬਰਾਬਰ ਹੀ ਲਾ ਕੇ ਸੋਸ਼ਲ ਮੀਡੀਆ 'ਤੇ ਸਾਂਝੀ ਕੀਤੀ। ਦੋਵੇਂ ਤਸਵੀਰਾਂ ਦੇਖ ਕੇ ਲਗਦਾ ਸੀ ਜਿਵੇਂ ਦੋਵੇਂ ਜੌੜੇ ਭਰਾ ਹੋਣ ਤੇ ਇੱਕ ਵਿਛੜ ਕੇ ਚੀਨ ਦੀ ਯੂਨੀਟਰੀ ਰੋਬੋਟਿਕਸ ਕੋਲ ਪੁੱਜ ਗਿਆ ਹੋਵੇ ਅਤੇ ਦੂਜਾ ਗਲਗੋਟੀਆ ਯੂਨੀਵਰਸਿਟੀ ਵਾਲਿਆਂ ਕੋਲ। ਇੰਟਰਨੈੱਟ ਅਤੇ ਸੋਸ਼ਲ ਮੀਡੀਆ ਦੇ ਯੁੱਗ 'ਚ ਚਾਹੁੰਦਿਆਂ ਵੀ ਗੱਲਾਂ ਗੁੱਝੀਆਂ ਨਹੀਂਰੱਖੀਆਂ ਜਾ ਸਕਦੀਆਂ। ਗੱਲ ਝੱਟ ਚੀਨ ਤੱਕ ਜਾ ਪੁੱਜੀ ਅਤੇ ਚੀਨ ਦੇ ਅਧਿਕਾਰਕ ਸੋਸ਼ਲ ਮੀਡੀਆ ਪਲੈਟਫਾਰਮਾਂ ਨੇ 'ਆਪਣੇ ਓਰਾਇਨ' (ਸ਼ਾਇਦ ਉਨ੍ਹਾਂ ਲਾਡ ਨਾਲ ਕੋਈ ਹੋਰ ਨਾਂ ਰੱਖਿਆ ਹੋਵੇ) ਦੇ ਸਾਰੇ ਵੇਰਵੇ ਕੁੱਲ ਦੁਨੀਆ ਨਾਲ ਸਾਂਝੇ ਕੀਤੇ ਅਤੇ ਇਹ ਵੀ ਦੱਸਿਆ ਕਿ ਜੇਕਰ ਕੋਈ ਉਨ੍ਹਾਂਦੇ ਓਰਾਇਨ ਨੂੰ ਖਰੀਦਣਾ ਚਾਹੇ ਤਾਂ ਕਿੰਨੀ ਕੀਮਤ ਤਾਰ ਕੇ ਇਸ ਨੂੰ ਬਾਜਾਰ 'ਚੋਂ ਖਰੀਦ ਕੇ ਆਪਣੇ ਘਰ ਲਿਜਾ ਸਕਦਾ ਹੈ। ਇਸ ਮਗਰੋਂ ਦੁਨੀਆ ਭਰ ਦੇ ਮੀਡੀਆ 'ਚ ਓਰਾਇਨ ਦੇ ਚਰਚੇ ਹਨ। ਇਸ ਸਮੁੱਚੇ ਘਟਨਾਕ੍ਰਮ ਅਤੇ ਸਬੂਤਾਂ ਮਗਰੋਂ ਗਲਗੋਟੀਆ ਵਾਲਿਆਂ ਨੇ ਇਸ ਮਾਮਲੇ ਤੋਂ ਭਾਵੇਂ ਇਹ ਕਹਿ ਕੇ ਪੱਲਾ ਝਾੜਨ ਦੀ ਕੋਸ਼ਿਸ਼ ਕੀਤੀ ਕਿ ਉਨ੍ਹਾਂ ਤਾਂ ਕਦੇ ਓਰਾਇਨ 'ਤੇ ਆਪਣੀ ਮਾਲਕੀ ਜਤਾਈ ਹੀ ਨਹੀਂ, ਪਰ ਜੋ ਕੁਝ ਪਹਿਲਾਂ ਕਿਹਾ ਜਾ ਚੁੱਕਿਆ ਸੀ ਉਸ ਦੀਆਂ ਪੈੜਾਂ ਇੰਟਰਨੈੱਟ ਅਤੇ ਸੋਸ਼ਲ ਮੀਡੀਆ ਤੋਂ ਹਟਾਉਣਾ ਸੰਭਵ ਨਹੀਂ।



ਦੁਨੀਆ ਭਰ 'ਚ ਗਲਗੋਟੀਆ ਦੇ ਨਾਲ ਨਾਲ ਭਾਰਤ ਦੀ ਉੱਡ ਰਹੀ ਖਿੱਲੀ ਕਾਰਨ ਸਰਕਾਰ ਨੇ ਆਖਰ ਗਲਗੋਟੀਆ ਯੂਨੀਵਰਸਿਟੀ ਤੋਂ ਪੈਵੇਲੀਅਨ ਖਾਲੀ ਕਰਵਾ ਲਿਆ ਅਤੇ ਉੱਥੋਂ ਦੀ ਬਿਜਲੀ ਕੱਟ ਦਿੱਤੀ।

ਇੱਥੇ ਹੈਰਾਨੀ ਦੀ ਗੱਲ ਇਹ ਸੀ ਕਿ ਭਾਰਤ ਮੰਡਪਮ ਦੇ ਪੈਵੇਲੀਅਨ 'ਚ ਜਿੰਨੀ ਜਗ੍ਹਾ ਇਸ ਇੱਕ ਪ੍ਰਾਈਵੇਟ ਯੂਨੀਵਰਸਿਟੀ ਨੂੰ ਅਲਾਟ ਕੀਤੀ ਗਈ ਸੀ, ਉਹ ਚਾਰ ਆਈ ਆਈ ਟੀਜ ਨੂੰ ਅਲਾਟ ਕੀਤੀ ਜਗ੍ਹਾ ਤੋਂ ਵੀ ਵੱਧ ਸੀ। ਨਵੀਂ ਦਿੱਲੀ 'ਚ ਹੋਏ ਇਸ 'ਇੰਡੀਆ ਏ ਆਈ ਇੰਪੈਕਟ ਐਕਸਪੋ' ਵਿੱਚ ਪ੍ਰਦਰਸ਼ਨੀ ਲਈ ਜਗ੍ਹਾ ਦੀ ਅਲਾਟਮੈਂਟ ਇਲੈਕਟ੍ਰੌਨਿਕਸ ਅਤੇ ਆਈ ਟੀ ਮੰਤਰਾਲੇ ਅਧੀਨ ਆਉਂਦੀ ਖੁਦਮੁਖਤਿਆਰ ਸੰਸਥਾ 'ਸੌਫਟਵੇਅਰ ਟੈਕਨੋਲੋਜੀ ਪਾਰਕਸ ਔਫ ਇੰਡੀਆ' ਵੱਲੋਂ 'ਪਹਿਲਾਂ ਆਓ ਪਹਿਲਾਂ ਪਾਓ' ਦੇ ਨਿਯਮ ਤਹਿਤ ਕੀਤੀ ਗਈ ਸੀ।

ਖੈਰ, ਕਿਸੇ ਹੋਰ ਵੱਲੋਂ ਤਿਆਰ ਕੀਤੇ ਉਤਪਾਦ ਉੱਤੇ ਖੋਜ ਅਤੇ ਕਾਢ ਦੇ ਨਾਂ 'ਤੇ ਆਪਣਾ ਠੱਪਾ ਲਾ ਕੇ ਪੇਸ਼ ਕਰਨ ਬਾਰੇ ਇਹ ਸਵਾਲ ਉੱਠਿਆ ਕਿ ਅਜਿਹੀਆਂ ਪ੍ਰਦਰਸ਼ਨੀਆਂ 'ਚ ਜਿਨ੍ਹਾਂ ਕਾਢਾਂ ਜਾਂ ਉਤਪਾਦਾਂ ਦੀ ਨੁਮਾਇਸ਼ ਲਗਾਈ ਗਈ ਸੀ, ਉਨ੍ਹਾਂ ਦੀ ਮੌਲਿਕਤਾ ਦੀ ਜਾਂਚ ਪੜਤਾਲ ਲਈ ਕੀ ਪੈਮਾਨਾ ਤੈਅ ਕੀਤਾ ਗਿਆ ਸੀ? ਪ੍ਰਦਰਸ਼ਨੀ ਲਾਉਣ ਵਾਲਿਆਂ ਦੀ ਚੋਣ ਦੇ ਅਮਲ 'ਚ ਸ਼ਾਮਲ ਇੱਕ ਅਧਿਕਾਰੀ ਦਾ ਜਵਾਬ ਸੀ, "ਸਾਡਾ ਖਿਆਲ ਸੀ ਕਿ ਇਸ ਪ੍ਰਦਰਸ਼ਨੀ 'ਚ ਹਿੱਸਾ ਲੈਣ ਵਾਲੇ ਸਵੈ-ਜਾਬਤਾ ਲਾਗੂ ਕਰਦਿਆਂ ਕੋਈ ਅਜਿਹੀ ਚੀਜ ਜਾਂ ਉਤਪਾਦ ਪ੍ਰਦਰਸ਼ਿਤ ਨਹੀਂ ਕਰਨਗੇ, ਜਿਨ੍ਹਾਂ 'ਤੇ ਉਨ੍ਹਾਂ ਦੀ ਮਾਲਕੀ ਦਾ ਕੋਈ ਦਾਅਵਾ ਨਹੀਂ। ਅਸੀਂ ਨਹੀਂ ਸੀ ਚਾਹੁੰਦੇ ਕਿ ਅਸੀਂ ਇਹ ਹਦਾਇਤਾਂ ਦੇਈਏ ਕਿ ਉਹ ਕੀ ਪ੍ਰਦਰਸ਼ਿਤ ਕਰ ਸਕਦੇ ਹਨ ਅਤੇ ਕੀ ਨਹੀਂ।"

ਹੁਣ ਜਦੋਂ ਸਾਰਾ ਮਾਮਲਾ ਕੌਮਾਂਤਰੀ ਮੀਡੀਆ ਵਿੱਚ ਚਰਚਾ ਦਾ ਵਿਸ਼ਾ ਬਣ ਗਿਆ ਤਾਂ ਗਲਗੋਟੀਆ ਯੂਨੀਵਰਸਿਟੀ ਵਾਲਿਆਂ ਨੂੰ ਵੀ ਤਰ੍ਹਾਂ-ਤਰ੍ਹਾਂ ਦੇ ਸਵਾਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਓਰਾਇਨ ਦੇ ਮਾਮਲੇ 'ਚ ਸ਼ਬਦਾਂ ਨੂੰ ਸਹੀ ਤਰ੍ਹਾਂ ਨਾ ਸਮਝਣ ਦੀ 'ਠੋਸ' ਦਲੀਲ ਘੜੀ ਗਈ ਹੈ। ਗਲਗੋਟੀਆ ਦਾ ਕਹਿਣਾ ਹੈ ਕਿ ਉਨ੍ਹਾਂ ਦੀ ਪ੍ਰੋਫੈਸਰ ਨੇ 'ਡਿਵੈਲਪ' ਨਹੀਂ ਸਗੋਂ 'ਡਿਵੈਲਪਮੈਂਟ' ਸ਼ਬਦ ਵਰਤਿਆ ਸੀ। ਡਿਵੈਲਪਮੈਂਟ ਦਾ ਮਤਲਬ ਬਣਾਉਣਾ ਨਹੀਂ ਹੁੰਦਾ ਸਗੋਂ ਇਹ ਸਮਝਣਾ ਹੁੰਦਾ ਹੈ ਕਿ ਵੱਖ-ਵੱਖ ਉਤਪਾਦਾਂ 'ਚ ਕਿਹੜੀ ਤਕਨਾਲੋਜੀ ਵਰਤੀ ਗਈ ਹੈ ਅਤੇ ਯੂਨੀਵਰਸਿਟੀ ਦੀ ਉਸ ਪ੍ਰਤੀਨਿਧੀ ਨੂੰ ਪ੍ਰੋਡਕਟ ਦੀ ਤਕਨੀਕੀ ਜਾਣਕਾਰੀ ਨਹੀਂ ਸੀ। ਜੇਕਰ ਯੂਨੀਵਰਸਿਟੀ ਦੀ ਇਹ ਦਲੀਲ ਮੰਨ ਲਈ ਜਾਵੇ ਤਾਂ ਇਹ ਹੋਰ ਵੀ ਹੈਰਾਨੀ ਦੀ ਗੱਲ ਹੈ ਕਿ ਇਸ ਵੱਕਾਰੀ ਕੌਮਾਂਤਰੀ ਪੱਧਰ ਦੇ ਸੰਮੇਲਨ 'ਚ ਉਸ ਨੇ ਵਿਸ਼ੇ ਤੋਂ ਅਣਜਾਣ ਪ੍ਰੋਫੈਸਰ ਨੂੰ ਆਪਣੀ ਨੁਮਾਇੰਦਗੀ ਕਰਨ ਲਈ ਭੇਜਿਆ। ਓਦਾਂ ਵੀ ਨੇਹਾ ਸਿੰਘ ਯੂਨੀਵਰਸਿਟੀ ਦੇ ਮਾਸ ਕਮਿਊਨੀਕੇਸ਼ਨ ਵਿਭਾਗ 'ਚ ਪੜ੍ਹਾਉਂਦੀ ਹੈ ਨਾ ਕਿ ਆਰਟੀਫੀਸ਼ੀਅਲ ਇੰਟੈਲੀਜੈਂਸ ਵਿਭਾਗ ਵਿੱਚ।

ਪ੍ਰੋ. ਨੇਹਾ ਸਿੰਘ ਨੇ ਵੀ ਪੱਤਰਕਾਰਾਂ ਸਿਰ ਠੀਕਰਾ ਭੰਨਦਿਆਂ ਕਿਹਾ ਹੈ ਕਿ ਉਹ ਬਹੁਤ ਜਲਦੀ 'ਚ ਸਵਾਲ ਪੁੱਛਦੇ ਹਨ ਅਤੇ ਕਈ ਵਾਰੀ ਜਲਦੀ 'ਚ ਜਵਾਬ ਦੇਣ ਵੇਲੇ ਕੁਝ ਇੱਧਰ ਉੱਧਰ ਹੋ ਜਾਂਦਾ ਹੈ। ਓਦਾਂ ਉਸ ਦੀ ਜਿਹੜੀ ਇੰਟਰਵਿਊ ਵਾਇਰਲ ਹੋਈ ਹੈ ਉਸ ਵਿੱਚ ਨਾ ਤਾਂ ਪੱਤਰਕਾਰ ਨੇ ਕਾਹਲੀ 'ਚ ਕੋਈ ਸਵਾਲ ਪੁੱਛਿਆ ਤੇ ਨਾ ਹੀ ਪ੍ਰੋ. ਨੇਹਾ ਸਿੰਘ ਨੇ ਕਾਹਲੀ 'ਚ ਕੋਈ ਜਵਾਬ ਦਿੱਤਾ ਹੈ। ਹੁਣ ਪ੍ਰੋ. ਨੇਹਾ ਸਿੰਘ ਦੀ ਪੱਤਰਕਾਰਾਂ ਨੂੰ ਸਲਾਹ ਹੈ ਕਿ ਉਹ ਇਸ ਸੰਦਰਭ ਵਿੱਚ ਸਾਰੇ ਸ਼ਬਦ ਬਹੁਤ ਜਿੰਮੇਵਾਰੀ ਨਾਲ ਵਰਤਣ। ਆਪਣੇ ਹੱਕ 'ਚ ਦਲੀਲ ਦਿੰਦਿਆਂ ਉਸ ਨੇ ਕਿਹਾ ਕਿ ਉਸ ਵੱਲੋਂ ਸਮੇਂ ਦੀ ਘਾਟ ਕਾਰਨ ਜਾਂ ਆਸ-ਪਾਸ ਦੇ ਸ਼ੋਰ ਕਾਰਨ ਵਿਆਖਿਆ ਕਰਨ 'ਚ ਕੋਈ ਉਕਾਈ ਹੋਈ ਹੈ ਅਤੇ ਅਗਲੇ ਹੀ ਸਾਹ ਉਸ ਨੇ ਨਵੀਂ ਦਲੀਲ ਦਿੱਤੀ, "ਯੂਅਰ ਸਿਕਸ ਕੈਨ ਬੀ ਮਾਇ ਨਾਈਨ" (ਸਭ ਦਾ ਆਪੋ ਆਪਣਾ ਨਜਰੀਆ ਹੈ)।

ਵਾਕਈ ਗੱਲ ਤਾਂ ਨਜਰ ਤੇ ਨਜਰੀਏ ਦੀ ਹੀ ਹੈ। ਕਿਸੇ ਲਈ 'ਓਰਾਇਨ' ਨੂੰ ਇਉਂ 'ਆਪਣਾ' ਦੱਸਣਾ ਨੈਤਿਕਤਾ ਦਾ ਮਸਲਾ ਹੋ ਸਕਦਾ ਹੈ, ਪਰ ਹੁਣ ਜਦੋਂ ਅਸੀਂ ਇਸ ਨੂੰ ਆਪਣਾ ਸਮਝ ਕੇ ਅਪਣਾ ਹੀ ਲਿਆ ਤਾਂ ਫਿਰ ਮਸਨੂਈ ਬੁੱਧੀ ਦੇ ਇਸ ਕ੍ਰਿਸ਼ਮੇ ਦੀ ਮਾਲਕੀ ਬਾਰੇ ਰੌਲਾ ਪਾਉਣ ਵਾਲੇ ਭਲੇ ਲੋਕੋ, ਇਹ ਤਾਂ ਹੁਣ 'ਆਪਣਾ' ਹੀ ਹੋਇਆ।

**ਅਰਵਿੰਦਰ ਜੌਹਲ**

# 'ਸਵੱਛ ਭਾਰਤ' ਦਾ ਅਧੂਰਾ ਸੁਪਨਾ

ਸਾਡਾ ਦੇਸ਼ ਜਿਸ ਨਾਲ ਸਾਨੂੰ ਬਹੁਤ ਪਿਆਰ ਹੈ, ਕੁਦਰਤ ਨੇ ਵੀ ਇਸ ਨੂੰ ਬਹੁਤ ਸੋਹਣਾ ਬਣਾਇਆ ਹੈ। ਸਮੁੰਦਰ, ਨਦੀਆਂ, ਝਰਨੇ ਤੇ ਹਰਿਆਲੀ ਸਭ ਕੁਝ ਦਿੱਤਾ ਹੈ। ਇਸ ਨੂੰ ਤਰ੍ਹਾਂ-ਤਰ੍ਹਾਂ ਦੀਆਂ ਰੁੱਤਾਂ ਨਾਲ ਨਿਵਾਜ਼ਿਆ ਹੈ ਪਰ ਅਸੀਂ ਇਸ ਨੂੰ ਸੰਭਾਲ ਨਾ ਸਕੇ। ਅਸੀਂ ਆਪਣੇ ਦੇਸ਼ ਨੂੰ ਗੰਦਾ ਕਰਨ ਵਿਚ ਕੋਈ ਕਸਰ ਨਹੀਂ ਛੱਡੀ। ਕਿਸੇ ਵੀ ਸ਼ਹਿਰ ਨੂੰ ਅਸੀਂ ਸਾਫ-ਸੁਥਰਾ ਰੱਖਣ ਵਿਚ ਅਸਫਲ ਰਹੇ।

ਕੁਝ ਸਾਲ ਪਹਿਲਾਂ ਇਕ ਸਰਕਾਰ ਨੇ ਕੁਝ ਸ਼ਹਿਰਾਂ ਨੂੰ ਵਿਸ਼ਵ ਪੱਧਰ ਦੇ ਬਣਾਉਣ ਦਾ ਵਾਅਦਾ ਕੀਤਾ ਸੀ। ਕੀ ਉਹ ਵਾਅਦਾ ਪੂਰਾ ਹੋ ਪਾਇਆ? ਕੀ ਕੋਈ ਵੀ ਸ਼ਹਿਰ ਸਾਫ-ਸੁਥਰਾ ਹੋਏ ਬਿਨਾਂ ਵਰਲਡ ਕਲਾਸ ਦਾ ਸ਼ਹਿਰ ਬਣ ਸਕਦਾ ਹੈ? ਵਿਸ਼ਵ ਪੱਧਰ ਦਾ ਬਣਾਉਣ ਵਾਸਤੇ ਬਹੁਤ ਸਾਰੇ ਮਿਆਰਾਂ 'ਤੇ ਖਰਾ ਉਤਰਨਾ ਪੈਂਦਾ ਹੈ ਜਿਨ੍ਹਾਂ 'ਚੋਂ ਸਭ ਤੋਂ ਵੱਡਾ ਤੇ ਪ੍ਰਮੁੱਖ ਮਿਆਰ ਹੈ ਸ਼ਹਿਰਾਂ ਦਾ ਸਾਫ਼ ਹੋਣਾ।

ਸਭ ਤੋਂ ਪਹਿਲਾਂ ਅਸੀਂ ਦੇਸ਼ ਦੀ ਰਾਜਧਾਨੀ ਨੂੰ ਹੀ ਲੈ ਲਈਏ। ਬਸ ਕੁਝ ਇਲਾਕਿਆਂ ਨੂੰ ਛੱਡ ਕੇ ਬਾਕੀ ਜਗ੍ਹਾ ਤਾਂ ਟੁੱਟੀਆਂ ਸੜਕਾਂ, ਤਾਰਾਂ ਦੇ ਵਿਛੇ ਜਾਲ 'ਤੇ ਗੰਦ-ਮੰਦ ਦੇ ਢੇਰ ਨੇ। ਸਰਕਾਰਾਂ ਨੂੰ ਲੱਗਦਾ ਹੈ ਕਿ ਜੋ ਵੀ ਬਾਹਰੋਂ ਵੱਡੇ ਅਹੁਦੇਦਾਰ ਆਉਂਦੇ ਨੇ, ਉਹ ਸਿਰਫ਼ ਖਾਸ ਥਾਵਾਂ ਤੋਂ ਹੀ ਲੰਘਦੇ ਨੇ। ਬਸ ਉਨ੍ਹਾਂ ਥਾਵਾਂ ਨੂੰ ਸਾਫ਼ ਦਿਖਾਉਣਾ ਚਾਹੀਦਾ ਹੈ। ਬਾਕੀ ਥਾਵਾਂ 'ਤੇ ਤਾਂ ਆਮ ਜਨਤਾ ਹੀ ਜਾਂਦੀ ਹੈ। ਉਸ ਨੂੰ ਸਫਾਈ ਦਾ ਕੀ ਫਰਕ ਪੈਂਦਾ ਹੈ। ਇਲੈਕਸ਼ਨ ਦੇ ਨੇੜੇ ਕੋਈ ਯਮੁਨਾ ਨੂੰ ਸਾਫ ਕਰਨ ਦੀ ਗੱਲ ਕਰਦਾ, ਕੋਈ ਕੂੜੇ-ਕਰਕਟ ਦੇ ਢੇਰਾਂ ਨੂੰ ਹਟਾਉਣ ਦੇ ਵਾਅਦੇ ਕਰਦੇ ਨੇ ਤੇ ਬਾਅਦ ਵਿਚ ਪੰਜ ਸਾਲ ਕੀ ਹੁੰਦਾ ਹੈ, ਕੋਈ ਅਤਾ-ਪਤਾ ਨਹੀਂ।

ਜੇ ਪੰਜਾਬ ਦੀ ਗੱਲ ਕਰੀਏ ਤਾਂ ਸਰਕਾਰ ਸੂਬੇ ਨੂੰ 'ਰੰਗਲਾ ਪੰਜਾਬ' ਬਣਾਉਣ ਜੇ ਦਾਅਵੇ-ਵਾਅਦੇ ਕਰਦੀ ਹੈ। ਉਸ ਨੂੰ ਲੱਗਦਾ ਹੈ ਕਿ ਗਿੱਧੇ ਪਾਉਂਦੀਆਂ ਮੁਟਿਆਰਾਂ ਤੇ ਭੰਗੜੇ ਪਾਉਂਦੇ ਗੱਭਰੂਆਂ ਦੇ ਪੋਸਟਰ ਦਿਖਾ ਕੇ ਜਾਂ ਕੁਝ ਤਿਉਹਾਰ ਮਨਾ ਕੇ 'ਰੰਗਲਾ ਪੰਜਾਬ' ਬਣ ਗਿਆ। ਇਸ 'ਰੰਗਲੇ ਪੰਜਾਬ' ਵਿਚ ਇਕ ਵੀ ਸ਼ਹਿਰ ਨਹੀਂ ਹੈ ਜੋ ਸਾਫ਼ ਹੋਵੇ। ਬਾਕੀ ਥਾਵਾਂ ਦੀ ਤਾਂ ਗੱਲ ਬਾਅਦ ਵਿਚ ਹੈ। ਆਪਣਾ 'ਅੰਮ੍ਰਿਤਸਰ ਸਿਫਤੀ ਦਾ ਘਰ' ਦੀ ਗੱਲ ਕਰੀਏ ਜਿੱਥੇ ਦੇਸ਼-ਵਿਦੇਸ਼ ਤੋਂ ਸਿੱਖ ਸੰਗਤ ਤੇ ਸੈਲਾਨੀ ਆਉਂਦੇ ਨੇ ਹਰਿਮੰਦਰ ਸਾਹਿਬ ਦੇ ਦਰਸ਼ਨ ਕਰਨ ਵਾਸਤੇ। ਸਰਕਾਰ ਨੂੰ ਸਭ ਤੋਂ ਜ਼ਿਆਦਾ ਸੈਰ-ਸਪਾਟੇ ਤੋਂ ਪੈਸਾ ਅੰਮ੍ਰਿਤਸਰ ਤੋਂ ਮਿਲਦਾ ਹੈ। ਫਿਰ ਵੀ ਇਹ ਸ਼ਹਿਰ ਸਾਫ-ਸੁਥਰਾ ਨਹੀਂ ਹੈ। ਜਗ੍ਹਾ-ਜਗ੍ਹਾ ਕੂੜਾ-ਕਰਕਟ ਦੇ ਢੇਰ ਲੱਗੇ ਹੋਏ ਹਨ। ਸ਼ਹਿਰ ਵਿਚ ਪ੍ਰਵੇਸ਼ ਕਰਦੇ ਹੀ ਤੁਹਾਨੂੰ ਭੀੜ-ਭੜੱਕਾ ਤੇ ਟੁੱਟੀਆਂ ਸੜਕਾਂ ਦਿਸਣ ਲੱਗ ਪੈਣਗੀਆਂ। ਸੜਕਾਂ ਦੇ ਦੋਵੇਂ ਪਾਸੇ ਕੂੜੇ ਦੇ ਢੇਰ ਦਿਸਣ ਲੱਗ ਜਾਂਦੇ ਹਨ। ਹਰਿਮੰਦਰ ਸਾਹਿਬ ਦੀ ਬਦੌਲਤ ਹੀ ਘੱਟੋ-ਘੱਟ ਇਕ ਸ਼ਹਿਰ ਨੂੰ ਤਾਂ ਸਾਫ ਕਰ ਲਓ। ਹੁਣ ਇਕ ਹੋਰ ਸ਼ਹਿਰ ਦੀ ਗੱਲ ਕਰ ਲੈਂਦੇ ਹਾਂ, ਉਹ ਹੈ ਰਿਆਸਤੀ ਸ਼ਹਿਰ ਪਟਿਆਲਾ। ਕਾਂਗਰਸ ਦੀ ਸਰਕਾਰ ਦੇ ਵਕਤ ਇੱਥੋਂ ਦੇ ਰਾਜਾ ਅਮਰਿੰਦਰ ਸਿੰਘ ਜੋ ਪੰਜਾਬ ਦੇ ਮੁੱਖ ਮੰਤਰੀ ਸਨ, ਉਹ ਇਕ ਆਪਣੇ ਸ਼ਹਿਰ ਨੂੰ ਸਾਫ-ਸੁਥਰਾ ਨਾ ਬਣਾ ਸਕੇ। ਅੱਜ ਦੀ ਸਰਕਾਰ ਦੇ ਸਿਹਤ ਮੰਤਰੀ ਪਟਿਆਲੇ ਤੋਂ ਹਨ। ਉਨ੍ਹਾਂ ਨੂੰ ਵੀ ਸਿਹਤ ਲਈ ਸਫਾਈ ਦੀ ਕੋਈ ਮਹੱਤਤਾ ਨਜ਼ਰ ਨਹੀਂ ਆਈ। ਹਰ ਸ਼ਹਿਰ ਵਿਚ ਤਰੱਕੀ ਤਾਂ ਬਹੁਤ ਹੈ ਪਰ ਸਫਾਈ ਵੱਲ ਕੋਈ ਧਿਆਨ ਨਹੀਂ ਦਿੱਤਾ ਜਾ ਰਿਹਾ। ਸਾਡੇ ਦੇਸ਼ ਵਿਚ 28 ਰਾਜ ਹਨ। 8 ਕੇਂਦਰ ਸ਼ਾਸਿਤ ਪ੍ਰਦੇਸ਼ ਹਨ। ਵੈਸੇ ਤਾਂ ਹਰ ਸ਼ਹਿਰ ਦਾ ਸਾਫ ਹੋਣਾ ਬਹੁਤ ਜ਼ਰੂਰੀ ਹੈ ਅਤੇ ਸਫਾਈ ਕਰਨਾ ਬਹੁਤ ਆਸਾਨ ਵੀ ਹੈ ਪਰ ਸ਼ਾਸਨ-ਪ੍ਰਸ਼ਾਸਨ ਦੀ ਨਾਅਹਿਲੀਅਤ ਕਾਰਨ ਕੋਈ ਵੀ ਸਰਕਾਰੀ ਕੰਮ ਚੱਜ ਨਾਲ ਨਹੀਂ ਹੁੰਦਾ। ਸਫਾਈ ਰੱਖਣ ਲਈ ਸਾਰੇ ਸ਼ਹਿਰਾਂ ਵਿਚ ਸਭ ਤੋਂ ਸੌਖਾ ਅਤੇ ਮਹੱਤਵਪੂਰਨ ਕਦਮ ਹੈ 'ਵਨ ਟਾਈਮ ਯੂਜ਼ ਪੋਲੀਥੀਨ' ਪੂਰੀ ਤਰ੍ਹਾਂ ਬੈਨ ਕਰਨਾ ਆਦਿ ਪਰ ਨਾ ਹੀ ਸਰਕਾਰੀ ਨੁਮਾਇੰਦੇ ਇਸ ਗੱਲ ਵੱਲ ਕੋਈ ਤਵੱਜੋ ਦਿੰਦੇ ਹਨ ਅਤੇ ਨਾ ਹੀ ਸਾਡੇ ਸਿਆਸਤਦਾਨ ਅਤੇ ਨਾ ਹੀ ਜਨਤਾ। ਚਲੋ ਸਾਰੇ ਸ਼ਹਿਰਾਂ ਦੀ ਗੱਲ ਛੱਡ ਹੀ ਦੇਈਏ ਪਰ ਜੇ ਹਰ ਸੂਬੇ ਦਾ ਮੁੱਖ ਮੰਤਰੀ ਆਪਣੇ ਸੂਬੇ ਦੀ ਰਾਜਧਾਨੀ ਨੂੰ ਹੀ ਸਫਾਈ ਵਿਚ ਵਰਲਡ ਕਲਾਸ ਬਣਾ ਦੇਵੇ ਤਾਂ 28 ਸ਼ਹਿਰ ਤਾਂ ਸਾਫ ਹੋ ਹੀ ਜਾਣਗੇ। ਅੱਠ ਕੇਂਦਰ ਸ਼ਾਸਿਤ ਪ੍ਰਦੇਸ਼ ਕੇਂਦਰ ਸਰਕਾਰ ਸਾਫ ਬਣਾਉਣ ਦਾ ਬੀੜਾ ਚੁੱਕ ਲਵੇ ਤਾਂ 8 ਹੋਰ ਸ਼ਹਿਰ ਸਾਫ ਹੋ ਜਾਣਗੇ। ਕਿਸੇ ਵੀ ਗਲੀ-ਕੂਚੇ 'ਚ ਚਲੇ ਜਾਓ, ਸਾਈਡਾਂ 'ਤੇ ਤੁਹਾਨੂੰ ਪੋਲੀਥੀਨ ਬੈਗਜ਼ ਦੇ ਢੇਰਾਂ ਦੇ ਢੇਰ ਨਜ਼ਰ ਆਉਂਦੇ ਨੇ ਜਦਕਿ ਵਿਦੇਸ਼ਾਂ ਵਿਚ ਹਰਿਆਲੀ ਨਾਲ ਹਰੇ-ਭਰੇ ਗਲੀਚੇ ਵਿਛੇ ਨਜ਼ਰ ਆਉਂਦੇ ਨੇ। ਜੇ ਸਾਰੇ ਐੱਮਪੀ ਆਪੋ-ਆਪਣੇ ਹਲਕੇ ਨੂੰ ਸਾਫ਼ ਕਰਵਾ ਦੇਣ ਤਾਂ ਸੋਚੋ ਕਿੰਨੇ ਹੋਰ ਸ਼ਹਿਰ ਸਾਫ਼-ਸੁਥਰੇ ਸ਼ਹਿਰਾਂ ਵਿਚ ਸ਼ਾਮਲ ਹੋ ਸਕਦੇ ਹਨ। ਅੱਧੇ ਤੋਂ ਜ਼ਿਆਦਾ ਸ਼ਹਿਰ ਸਾਫ਼ ਹੋ ਸਕਦੇ ਹਨ। ਹਰ ਸਟੇਟ ਵਿਚ ਕੁਝ ਖਾਸ ਸ਼ਹਿਰ ਜੋ ਸੈਰ-ਸਪਾਟੇ ਲਈ ਜਾਣੇ ਜਾਂਦੇ ਹਨ, ਉਨ੍ਹਾਂ ਨੂੰ ਹੀ ਸਾਫ਼-ਸੁਥਰਾ ਰੱਖਿਆ ਜਾਵੇ ਤਾਂ ਜੋ ਦੁਨੀਆ ਭਰ ਤੋਂ ਆਉਂਦੇ ਸੈਲਾਨੀ ਸਾਡੇ ਦੇਸ਼ ਦੀ ਸ਼ਲਾਘਾ ਕਰ ਸਕਣ। ਹੁਣ ਮੈਂ ਆਪਣੇ ਸ਼ਹਿਰ ਚੰਡੀਗੜ੍ਹ ਦੀ ਗੱਲ ਕਰਾਂ ਜੋ ਸਭ ਤੋਂ ਸੋਹਣਾ ਹੈ ਪਰ ਜੇ ਇਸ ਦੀਆਂ ਮਾਰਕੀਟਾਂ ਦੀਆਂ ਪਿਛਲੀ ਗਲੀਆਂ ਨੂੰ ਦੇਖਿਆ ਜਾਵੇ ਜਾਂ ਆਸੇ-ਪਾਸੇ ਪਿੰਡ ਜੋ ਚੰਡੀਗੜ੍ਹ ਦਾ ਹੀ ਹਿੱਸਾ ਹਨ, ਤਾਂ ਉੱਥੇ ਗੰਦਗੀ ਦੇ ਢੇਰ, ਗੰਦੀਆਂ ਗਲੀਆਂ, ਟੁੱਟੀਆਂ-ਫੁੱਟੀਆਂ ਸੜਕਾਂ ਦੇਖਣ ਨੂੰ ਮਿਲ ਜਾਂਦੀਆਂ ਹਨ। ਇਹ ਆਸੇ-ਪਾਸੇ ਦੇ ਪਿੰਡ ਜੋ ਚੰਡੀਗੜ੍ਹ ਦਾ ਹਿੱਸਾ ਹਨ, ਉਨ੍ਹਾਂ ਦੀ ਉਸਾਰੀ ਚੰਡੀਗੜ੍ਹ ਦੀ ਯੋਜਨਾ ਮੁਤਾਬਕ ਨਹੀਂ ਕੀਤੀ ਹੋਈ ਹੈ। ਹਾਲੇ ਤੱਕ ਤਾਂ ਕਈਆਂ ਪਿੰਡਾਂ ਵਿਚ ਸੀਵਰੇਜ ਤੱਕ ਨਹੀਂ ਪਾਇਆ ਗਿਆ ਹੈ। ਆਪਣੇ ਦੇਸ਼ ਨੂੰ ਸੁੰਦਰ ਬਣਾਉਣ ਲਈ ਕੁਦਰਤ ਦੀਆਂ ਨੇਮਤਾਂ ਨੂੰ ਸੰਭਾਲਿਆ ਜਾਵੇ ਤੇ ਸਾਫ-ਸੁਥਰਾ ਰੱਖਿਆ ਜਾਵੇ। ਇਹ ਕੰਮ ਸਭ ਤੋਂ ਸੌਖਾ ਹੈ ਕਿ ਜੇ ਸਰਕਾਰਾਂ ਇਸ ਲਈ ਜੀਅ-ਜਾਨ ਲਗਾ ਕੇ ਕੰਮ ਕਰਨ ਤੇ ਇਸ ਲਈ ਸਖ਼ਤ ਕਾਨੂੰਨ ਬਣਾ ਕੇ ਜਨਤਾ 'ਤੇ ਵੀ ਲਾਗੂ ਕੀਤੇ ਜਾਣ। ਤਾਂ ਹੀ ਇਹ ਕੰਮ ਬਹੁਤ ਜਲਦੀ ਤੇ ਆਸਾਨੀ ਨਾਲ ਹੋ ਸਕਦਾ ਹੈ।

**ਡੇਜੀ ਵਾਲੀਆ**

# ਅੱਖਾਂ ਦੀ ਤੰਦਰੁਸਤੀ ਦਾ ਰੱਖੋ ਪੂਰਾ ਧਿਆਨ



ਅੱਖਾਂ ਕੁਦਰਤ ਵਲੋਂ ਮਨੁੱਖ ਨੂੰ ਦਿੱਤੀ ਜਾਣ ਵਾਲੀ ਅਜਿਹੀ ਅਨਮੋਲ ਦਾਤ ਹਨ, ਜੋ ਉਸ ਦੀ ਜ਼ਿੰਦਗੀ ਨੂੰ ਰੌਸ਼ਨ-ਨੁਮਾ ਕਰਦੀਆਂ ਹਨ ਅਤੇ ਇਨ੍ਹਾਂ ਅੱਖਾਂ ਦੇ ਸਹਾਰੇ ਹੀ ਮਨੁੱਖ ਰੰਗੀਨ ਸੰਸਾਰ ਨਾਲ ਜੁੜ ਕੇ ਜੀਵਨ ਦੀਆਂ ਭਰਪੂਰ ਖ਼ੁਸ਼ੀਆਂ ਦਾ ਅਨੰਦ ਮਾਣ ਸਕਦਾ ਹੈ। ਸਿਆਣਿਆਂ ਦਾ ਕਥਨ ਹੈ 'ਦੰਦ ਗਏ ਸੁਆਦ ਗਿਆ, ਅੱਖਾਂ ਗਈਆਂ ਜਹਾਨ ਗਿਆ'। ਆਦਮੀ ਦੀ ਜ਼ਿੰਦਗੀ ਵਿਚ ਅੱਖਾਂ ਦੀ ਏਨੀ ਵੱਡੀ ਅਹਿਮੀਅਤ ਨੂੰ ਵੇਖਦਿਆਂ, ਇਨ੍ਹਾਂ ਦੀ ਦੇਖਭਾਲ ਕਰਨੀ ਬੇਹੱਦ ਲਾਜ਼ਮੀ ਹੋ ਜਾਂਦੀ ਹੈ। ਰੋਜ਼ਾਨਾ ਜੀਵਨ ਵਿਚ ਨਿੱਕੀਆਂ-ਨਿੱਕੀਆਂ ਗੱਲਾਂ ਦਾ ਧਿਆਨ ਰੱਖ ਕੇ ਅੱਖਾਂ ਦੀ ਤੰਦਰੁਸਤੀ ਨੂੰ ਕਾਇਮ ਰੱਖਿਆ ਜਾ ਸਕਦਾ ਹੈ। ਆਓ, ਜਾਣੀਏ ਇਨ੍ਹਾਂ ਦੀ ਸੰਭਾਲ ਸੰਬੰਧੀ ਕੁਝ ਨੁਕਤੇ :

1. ਅੱਖਾਂ ਦੀ ਤੰਦਰੁਸਤੀ ਲਈ ਸੰਤੁਲਿਤ ਭੋਜਨ ਲਓ, ਜਿਸ ਵਿਚ ਸਬਜ਼ੀਆਂ ਤੇ ਫਲ ਭਰਪੂਰ ਮਾਤਰਾ ਵਿਚ ਹੋਣ, ਖਾਸ ਕਰਕੇ ਗਾੜ੍ਹੇ ਪੀਲੇ ਫਲ ਅਤੇ ਹਰੇ ਰੰਗ ਦੀਆਂ ਸਬਜ਼ੀਆਂ ਸ਼ਾਮਿਲ ਹੋਣ।
2. ਅੱਖਾਂ ਨੂੰ ਵਾਰ-ਵਾਰ ਮਲਿਆ ਨਾ ਜਾਵੇ ਅਤੇ ਧਿਆਨ ਰੱਖਿਆ ਜਾਵੇ ਕਿ ਅੱਖਾਂ ਨੂੰ ਛੂਹਣ ਤੋਂ ਪਹਿਲਾਂ ਹੱਥਾਂ ਨੂੰ ਚੰਗੀ ਤਰ੍ਹਾਂ ਸਾਫ਼ ਕਰ ਲਿਆ ਜਾਵੇ। ਅਜਿਹਾ ਕਰਨ ਨਾਲ ਅੱਖਾਂ ਨੂੰ ਲਾਗ ਤੋਂ ਬਚਾਇਆ ਜਾ ਸਕਦਾ ਹੈ।
3. ਨੰਗੀਆਂ ਅੱਖਾਂ ਨਾਲ ਸੂਰਜ ਵੱਲ ਸਿੱਧੇ ਨਾ ਵੇਖਿਆ ਜਾਵੇ। ਧੁੱਪ ਵਿਚਲੀਆਂ ਯੂ.ਵੀ. ਕਿਰਨਾਂ ਤੋਂ ਬਚਣ ਲਈ ਧੁੱਪ ਵਾਲੀਆਂ ਐਨਕਾਂ ਵਰਤੀਆਂ ਜਾਣ।
4. ਮੋਟਾਪਾ, ਕੋਲੈਸਟ੍ਰੋਲ, ਹਾਈ ਬਲੱਡ ਪ੍ਰੈਸ਼ਰ ਅਤੇ ਸ਼ੂਗਰ ਆਦਿ ਦਾ ਅੱਖਾਂ ਦੀ ਸਿਹਤ ਉੱਤੇ ਸਿੱਧਾ ਅਸਰ ਪੈਂਦਾ ਹੈ। ਇਨ੍ਹਾਂ ਬਿਮਾਰੀਆਂ ਤੋਂ ਬਚਣ ਲਈ ਰੋਜ਼ਾਨਾ ਕਸਰਤ ਦਾ ਸਹਾਰਾ ਲਿਆ ਜਾਵੇ।
5. ਅੱਖਾਂ ਦੀਆ ਮਾਸਪੇਸ਼ੀਆਂ ਨੂੰ ਮਜ਼ਬੂਤ ਬਣਾਉਣ ਲਈ ਅੱਖਾਂ ਦੀ ਕਸਰਤ ਵੀ ਕੀਤੀ ਜਾਵੇ।
6. ਨਸ਼ੇ ਦੀ ਵਰਤੋਂ ਕਰਨ ਨਾਲ ਅੱਖਾਂ ਦੀਆਂ ਬਿਮਾਰੀਆਂ ਦਾ ਖ਼ਤਰਾ ਵੱਧ ਜਾਂਦਾ ਹੈ। ਇਸ ਲਈ ਇਨ੍ਹਾਂ ਦੀ ਵਰਤੋਂ ਤੋਂ ਬਚਿਆ ਜਾਵੇ।
7. ਦਿਨ ਵਿਚ 7-8 ਘੰਟੇ ਨੀਂਦ ਲੈਣ ਨਾਲ ਅੱਖਾਂ ਨੂੰ ਆਰਾਮ ਮਿਲਦਾ ਹੈ।
8. ਉਮਰ ਵੱਧਣ ਨਾਲ ਸ਼ੂਗਰ ਜਾਂ ਹਾਈ ਬਲੱਡ ਪ੍ਰੈਸ਼ਰ ਕਾਰਨ ਅੱਖਾਂ ਅੰਦਰ ਤਰਲ ਦਾ ਦਬਾਅ ਵੱਧਣ ਲੱਗਦਾ ਹੈ, ਜਿਸ ਦਾ ਅੱਖਾਂ ਦੀ ਸਿਹਤ ਉੱਤੇ ਮਾੜਾ ਅਸਰ ਪੈਂਦਾ ਹੈ। ਮਾਹਿਰ ਇਸ ਨੂੰ ਇੰਟਰਾ ਓਕੂਲਰ ਦਬਾਅ ਦਾ ਵਧਣਾ ਆਖਦੇ ਹਨ। ਇਸ ਦਬਾਅ ਦੇ ਵਧਣ ਕਾਰਨ ਅੱਖਾਂ ਦਾ ਪਰਦਾ ਜਾਂ ਆਪਟਿਕ ਨਸ ਖ਼ਰਾਬ ਹੋ ਸਕਦੇ ਹਨ ਜਾਂ ਕਾਲਾ ਮੋਤੀਆ (ਮੋਤੀਆ ਬਿੰਦ) ਹੋ ਸਕਦਾ ਹੈ, ਜਿਸ ਨਾਲ ਆਦਮੀ ਦੀ ਨਜ਼ਰ ਉਮਰ ਭਰ ਲਈ ਜਾ ਸਕਦੀ ਹੈ। ਇਨ੍ਹਾਂ ਤੋਂ ਬਚਣ ਲਈ ਜਦੋਂ ਕਦੀ ਵੀ ਅੱਖਾਂ ਭਾਰੀਆਂ ਲੱਗਣ ਤਾਂ ਡਾਕਟਰੀ ਸਲਾਹ ਲਈ ਜਾਵੇ।
9. ਸਰੀਰਕ ਤੰਦਰੁਸਤੀ ਲਈ ਖਾਸ ਕਰਕੇ ਅੱਖਾਂ ਦੀ ਸਹੀ ਸਲਾਮਤੀ ਲਈ ਭਰਪੂਰ ਪਾਣੀ ਪੀਤਾ ਜਾਵੇ।
10. ਪੜ੍ਹਦੇ-ਲਿਖਦੇ ਜਾਂ ਕੰਪਿਊਟਰ 'ਤੇ ਕੰਮ ਕਰਦੇ ਸਮੇਂ ਕਾਪੀ-ਕਿਤਾਬ ਅਤੇ ਮਾਨੀਟਰ ਆਦਿ ਨੂੰ ਅੱਖਾਂ ਤੋਂ ਇਕ ਖਾਸ ਦੂਰੀ 'ਤੇ ਰੱਖਿਆ ਜਾਵੇ। ਜੇਕਰ ਤੁਸੀਂ ਲੰਮਾ ਸਮਾਂ ਕੰਪਿਊਟਰ 'ਤੇ ਕੰਮ ਕਰਦੇ ਹੋ ਤਾਂ ਹਰ ਅੱਧੇ ਘੰਟੇ ਬਾਅਦ ਥੋੜ੍ਹੇ ਸਮੇਂ ਲਈ ਅੱਖਾਂ ਨੂੰ ਆਰਾਮ ਦਿਓ।
11. ਜੇਕਰ ਨੇੜੇ ਜਾਂ ਦੂਰ ਦੇਖਣ ਵਿਚ ਕੋਈ ਮੁਸ਼ਕਿਲ ਮਹਿਸੂਸ ਹੋਵੇ ਤਾਂ ਡਾਕਟਰੀ ਸਲਾਹ ਲਵੋ।
12. ਆਪਣੇ ਚੌਗਿਰਦੇ ਦੀ ਸਾਫ਼-ਸਫ਼ਾਈ ਬਣਾ ਕੇ ਰੱਖੋ, ਤਾਂ ਕਿ ਤੁਹਾਡੀਆਂ ਅੱਖਾਂ ਉੱਤੇ ਧੂੜ ਨਾ ਪਵੇ।
13. ਜਿਨ੍ਹਾਂ ਲੋਕਾਂ ਨੂੰ ਨਜ਼ਰ ਦੀ ਐਨਕ ਲੱਗੀ ਹੋਈ ਹੈ, ਉਨ੍ਹਾਂ ਨੂੰ ਪੜ੍ਹਣ-ਲਿਖਣ ਲੱਗਿਆਂ ਐਨਕ ਦੀ ਵਰਤੋਂ ਕਰਨੀ ਚਾਹੀਦੀ ਹੈ।

ਅਸ਼ਵਨੀ ਚਤਰਥ

# ਜਦੋਂ ਹੱਡੀ ਟੁੱਟ ਜਾਵੇ



ਬਾਂਹ, ਲੱਤ, ਉਂਗਲੀ, ਹੱਥ, ਪੈਰ ਦੀ ਹੱਡੀ ਟੁੱਟਣ ਨੂੰ ਫਰੈਕਚਰ ਕਹਿੰਦੇ ਹਨ। ਹੱਡੀ ਨੂੰ ਜੁੜਨ ਵਿਚ ਆਮ ਤੌਰ 'ਤੇ ਤਿੰਨ ਤੋਂ ਛੇ ਮਹੀਨੇ ਤੱਕ ਲੱਗ ਜਾਂਦੇ ਹਨ। ਹੱਡੀ ਜੁੜਨ ਤੋਂ ਬਾਅਦ ਅੰਗ ਨੂੰ ਪੂਰੀ ਤਰ੍ਹਾਂ ਸਹੀ ਹੋਣ ਵਿਚ ਕਦੀ-ਕਦੀ ਜ਼ਿਆਦਾ ਸਮਾਂ ਵੀ ਲੱਗ ਜਾਂਦਾ ਹੈ।

ਕਾਰਨ : ਫਰੈਕਚਰ ਹੋਣ 'ਤੇ ਕਈ ਵਾਰ ਹੱਡੀ ਦੇ ਟੁਕੜਿਆਂ ਵਿਚਾਲੇ ਮਾਸ ਆ ਜਾਣ 'ਤੇ ਹੱਡੀ ਸਹੀ ਰੂਪ ਨਾਲ ਨਹੀਂ ਜੁੜਦੀ। ਇਸ ਹਾਲਤ ਵਿਚ ਆਪ੍ਰੇਸ਼ਨ ਕਰਵਾਉਣਾ ਪੈ ਸਕਦਾ ਹੈ। ਫਰੈਕਚਰ ਹੋਣ 'ਤੇ ਕਈ ਵਾਰ ਖੁੱਲ੍ਹੇ ਜ਼ਖ਼ਮ ਵੀ ਨਾਲ ਹੀ ਹੋ ਜਾਂਦੇ ਹਨ ਜਾਂ ਹੱਡੀ ਕਈ ਥਾਵਾਂ ਤੋਂ ਟੁੱਟ ਜਾਂਦੀ ਹੈ। ਇਸ ਤਰ੍ਹਾਂ ਦੀ ਸਥਿਤੀ ਵਿਚ ਵੀ ਹੱਡੀ ਜੁੜਨ ਵਿਚ ਜ਼ਿਆਦਾ ਸਮਾਂ ਲਗਦਾ ਹੈ ਪੈਰ ਦੀ ਹੱਡੀ, ਪੱਟ ਦੀ ਹੱਡੀ, ਗਰਦਨ ਦੇ ਕੋਲ ਦੀ ਹੱਡੀ, ਗੁੱਟ ਅਤੇ ਪੰਜੇ ਦੀ ਹੱਡੀ ਕੁਝ ਮੁਸ਼ਕਿਲ ਨਾਲ ਜੁੜਦੀ ਹੈ ਕਿਉਂਕਿ ਇਨ੍ਹਾਂ ਅੰਗਾਂ ਦੀਆਂ ਹੱਡੀਆਂ ਦੀ ਬਨਾਵਟ ਇਸ ਤਰ੍ਹਾਂ ਦੀ ਹੁੰਦੀ ਹੈ ਜਿਨ੍ਹਾਂ ਵਿਚ ਖ਼ੂਨ ਦਾ ਦੌਰਾ ਕੁਝ ਘੱਟ ਹੁੰਦਾ ਹੈ। ਸ਼ੂਗਰ ਹੋਣ 'ਤੇ, ਟੀ.ਬੀ. ਹੋਣ 'ਤੇ, ਹਾਰਮੋਨਜ਼ ਅੰਸਤੁਨਲ ਹੋਣ 'ਤੇ ਜਾਂ ਬੁਢਾਪੇ ਵਿਚ ਵੀ ਹੱਡੀਆਂ ਦੇ ਜੁੜਨ ਦੀ ਪ੍ਰਕਿਰਿਆ ਹੌਲੀ ਹੋ ਜਾਂਦੀ ਹੈ। ਹੱਡੀ ਟੁੱਟਣ 'ਤੇ ਹਮੇਸ਼ਾ ਹੱਡੀਆਂ ਦੇ ਮਾਹਿਰ ਡਾਕਟਰ ਦੀ ਸਲਾਹ ਜ਼ਰੂਰ ਲਓ। ਮਾਲਿਸ਼ ਕਰਵਾ ਕੇ ਹੱਡੀ ਦਾ ਨੁਕਸਾਨ ਨਾ ਕਰਵਾਓ। ਜੇਕਰ ਤੁਸੀਂ ਡਾਕਟਰ ਤੋਂ ਸੰਤੁਸ਼ਟ ਨਹੀਂ ਹੋ ਤਾਂ ਕਿਸੇ ਹੋਰ ਹੱਡੀ ਮਾਹਿਰ ਤੋਂ ਜ਼ਰੂਰ ਸਲਾਹ ਲਓ। ਪਲੱਸਤਰ ਵਾਲੀ ਥਾਂ 'ਤੇ ਪੂਰਾ ਧਿਆਨ ਰੱਖੋ ਅਤੇ ਲਗਾਤਾਰ ਸਮੇਂ 'ਤੇ ਜਾਂਚ ਕਰਵਾਉਂਦੇ ਰਹੋ। ਥੋੜ੍ਹੀ ਜਿਹੀ ਲਾਪ੍ਰਵਾਹੀ ਤੁਹਾਡੇ ਅੰਗ ਨੂੰ ਪ੍ਰਭਾਵਿਤ ਕਰ ਸਕਦੀ ਹੈ।

ਸਾਵਧਾਨੀਆਂ : ਸਮੇਂ ਤੋਂ ਪਹਿਲਾਂ ਪਲੱਸਤਰ ਕੱਟ ਦੇਣ ਨਾਲ ਹੱਡੀ ਮੁੜ ਸਕਦੀ ਹੈ ਅਤੇ ਕੱਚੀ ਵੀ ਜੁੜ ਸਕਦੀ ਹੈ। ਮਾਲਿਸ਼, ਖਿੱਚ-ਧੂਹ ਅਤੇ ਸੇਕ ਨਾਲ ਹੱਡੀ ਨੂੰ ਨੁਕਸਾਨ ਵੀ ਪਹੁੰਚ ਸਕਦਾ ਹੈ। ਪਲੱਸਤਰ ਲਗਾਉਣ ਤੋਂ ਬਾਅਦ ਕਦੀ ਵੀ ਪੈਂਸਿਲ ਜਾਂ ਕਿਸੇ ਨੁਕੀਲੀ ਚੀਜ਼ ਨਾਲ ਖਾਰਸ਼ ਨਾ ਕਰੋ। ਇਸ ਦੇ ਅੰਦਰ ਲਗਣ 'ਤੇ ਇਨਫੈਕਸ਼ਨ ਵੀ ਹੋ ਸਕਦੀ ਹੈ। ਪਲੱਸਤਰ ਨੂੰ ਕਦੀ ਖ਼ੁਦ ਨਾ ਕੱਟੋ, ਨਾ ਹੀ ਛੋਟਾ ਕਰੋ। ਪਲੱਸਤਰ ਨੂੰ ਪਾਣੀ ਤੋਂ ਬਚਾ ਕੇ ਰੱਖੋ। ਪਲੱਸਤਰ ਦੇ ਟੁੱਟ ਜਾਣ 'ਤੇ ਜਾਂ ਚਟਕ ਜਾਣ 'ਤੇ ਤੁਰੰਤ ਡਾਕਟਰ ਦੀ ਸਲਾਹ ਲਓ। ਹੁੱਡੀ ਖਿਸਕ ਕੇ ਗ਼ਲਤ ਵੀ ਜੁੜ ਸਕਦੀ ਹੈ।

ਪਲੱਸਤਰ ਲਗਾਉਣ ਤੋਂ ਬਾਅਦ ਡਾਕਟਰ ਤੋਂ ਜਾਣਕਾਰੀ ਲੈ ਲਓ ਕਿ ਪਲੱਸਤਰ ਲੱਗੇ ਅੰਗ ਨੂੰ ਕਿੰਨਾ ਹਿਲਾਉਣਾ ਚਾਹੀਦਾ ਹੈ, ਕਿੰਨਾ ਕੰਮ ਉਸ ਅੰਗ ਤੋਂ ਲੈਣਾ ਚਾਹੀਦਾ ਹੈ ਅਤੇ ਕਿੰਨਾ ਵਜ਼ਨ ਉਸ ਅੰਗ ਨਾਲ ਚੁੱਕਣਾ ਚਾਹੀਦਾ ਹੈ। ਉਸ ਅੰਗ ਨੂੰ ਕਿੰਨੇ ਆਰਾਮ ਦੀ ਜ਼ਰੂਰਤ ਹੈ, ਇਸ ਦੀ ਵੀ ਪੂਰੀ ਜਾਣਕਾਰੀ ਲਓ। ਜ਼ਿਆਦਾ ਹਿਲਾਉਣ-ਜੁਲਾਉਣ ਨਾਲ ਹੱਡੀ ਦੇਰ ਨਾਲ ਜੁੜਦੀ ਹੈ ਅਤੇ ਖਿਸਕ ਵੀ ਸਕਦੀ ਹੈ।

ਨੀਤੂ ਗੁਪਤਾ

# ਸੂਪ ਪੀਓ, ਸਿਹਤ ਬਣਾਓ

ਕਿਸੇ ਵੀ ਮੌਸਮ ਵਿਚ ਸਬਜ਼ੀਆਂ ਦਾ ਸੂਪ ਪੀਣਾ ਕਾਫੀ ਫਾਇਦੇਮੰਦ ਮੰਨਿਆ ਜਾਂਦਾ ਹੈ। ਜਿੱਥੇ ਇਹ ਕਾਫੀ ਸੁਆਦ ਹੁੰਦਾ ਹੈ, ਉਥੇ ਕਈ ਸਰੀਰਕ ਸਮੱਸਿਆਵਾਂ ਤੋਂ ਵੀ ਬਚਾਉਂਦਾ ਹੈ। ਜਿਸ ਮੌਸਮ ਵਿਚ ਜਿਨ੍ਹਾਂ ਸਬਜ਼ੀਆਂ ਦੀ ਬਹਾਰ ਹੁੰਦੀ ਹੈ, ਉਨ੍ਹਾਂ ਸਬਜ਼ੀਆਂ ਦਾ ਸੂਪ ਜ਼ਰੂਰ ਪੀਣਾ ਚਾਹੀਦਾ ਹੈ।

ਸੂਪ ਦੇ ਲਾਭ ਸੂਪ ਸਬਜ਼ੀਆਂ ਦੇ ਉਪਯੋਗ ਦਾ ਬਹੁਤ ਵਧੀਆ ਤਰੀਕਾ ਹੈ ਕਿਉਂਕਿ ਜੇਕਰ ਅਸੀਂ ਸਬਜ਼ੀਆਂ ਨੂੰ ਪਕਾ ਕੇ ਖਾਂਦੇ ਹਾਂ ਤਾਂ ਇਨ੍ਹਾਂ ਵਿਚ ਕਈ ਪੌਸ਼ਕ ਤੱਤ ਖ਼ਤਮ ਹੋ ਜਾਂਦੇ ਹਨ ਪਰ ਸੂਪ ਬਣਾਉਂਦੇ ਸਮੇਂ ਇਨ੍ਹਾਂ ਦੇ ਪੌਸ਼ਕ ਤੱਤ ਅਤੇ ਵਿਟਾਮਿਨ ਸੁਰੱਖਿਅਤ ਰਹਿੰਦੇ ਹਨ।

ਇਹ ਦਮਾ, ਸ਼ੂਗਰ ਅਤੇ ਹੋਰ ਕਈ ਤਰ੍ਹਾਂ ਦੀਆਂ ਬੀਮਾਰੀਆਂ 'ਚ ਲਾਭਦਾਇਕ ਹੁੰਦੇ ਹਨ। ਇਹ ਸਿਰਫ਼ ਸਬਜ਼ੀਆਂ ਦੇ ਕਾਰਨ ਹੀ ਲਾਭਦਾਇਕ ਨਹੀਂ ਹੁੰਦੇ ਬਲਕਿ ਇਸ ਲਈ ਵੀ ਲਾਭਦਾਇਕ ਹੁੰਦੇ ਹਨ ਕਿਉਂਕਿ ਇਨ੍ਹਾਂ ਨੂੰ ਤਿਆਰ ਕਰਦੇ ਸਮੇਂ ਅਸੀਂ ਅਦਰਕ, ਲਸਣ, ਕਾਲੀ ਮਿਰਚ ਆਦਿ ਦਾ ਇਸੇਤਮਾਲ ਕਰਦੇ ਹਾਂ। ਇਹ ਪਦਾਰਥ ਖੰਘ ਅਤੇ ਬਲਗਮ ਨੂੰ ਘੱਟ ਕਰਨ ਵਿਚ ਸਹਾਇਕ ਹੁੰਦੇ ਹਨ। ਲਸਣ ਕੈਲਸਟਰੋਲ ਨੂੰ ਘੱਟ ਕਰਨ ਦਾ ਚੰਗਾ ਸਾਧਨ ਹੈ। ਨਾਲ ਹੀ ਇਨ੍ਹਾਂ ਸਬਜ਼ੀਆਂ ਵਿਚ ਐਂਟੀਆਕਸੀਡੈਂਟ ਤੱਤ ਪਾਏ ਜਾਂਦੇ ਹਨ।

ਸੂਪ ਵਿਚ ਮੌਜੂਦ ਐਂਟੀਆਕਸੀਡੈਂਟ ਖ਼ੂਨ ਵਿਚ ਸ਼ੂਗਰ ਦੇ ਖ਼ਤਰੇ ਨੂੰ ਘਟਾਉਂਦੇ ਹਨ।



ਇਹ ਭਾਰ ਨੂੰ ਘੱਟ ਕਰਨ ਵਿਚ ਵੀ ਸਹਾਇਕ ਹੁੰਦੇ ਹਨ ਕਿਉਂਕਿ ਇਨ੍ਹਾਂ ਵਿਚ ਬਹੁਤ ਘੱਟ ਕੈਲੋਰੀਜ਼ ਹੁੰਦੀਆਂ ਹਨ।



ਸੂਪ ਚਾਹ ਜਾਂ ਕਾਫੀ ਤੋਂ ਕਿਤੇ ਵੱਧ ਬਿਹਤਰ ਹੁੰਦੇ ਹਨ। ਬੱਚੇ ਪਕਾਈਆਂ ਹੋਈਆਂ ਸਬਜ਼ੀਆਂ ਤੋਂ ਵੱਧ ਸੂਪ ਨੂੰ ਪਸੰਦ ਕਰਦੇ ਹਨ।

ਸੂਪ ਬਣਾਉਂਦੇ ਸਮੇਂ ਧਿਆਨ ਦਿਉ

ਜਦੋਂ ਤੁਸੀਂ ਘਰ ਵਿਚ ਸਬਜ਼ੀਆਂ ਦਾ ਸੂਪ ਤਿਆਰ ਕਰਦੇ ਹੋ ਤਾਂ ਇਸ ਵਿਚ ਦੁਧ ਜਾਂ ਕ੍ਰੀਮ ਨਾ ਮਿਲਾਓ, ਕਿਉਂਕਿ ਇਹ ਸੂਪ ਵਿਚ ਸਿਰਫ ਕੈਲੋਰੀ ਹੀ ਨਹੀਂ ਵਧਾਉਂਦੇ ਬਲਕਿ ਇਹ ਸੂਪ ਵਿਚ ਮੌਜੂਦ ਵਿਟਾਮਿਨ ਵੀ ਸਰੀਰ ਨੂੰ ਪ੍ਰਾਪਤ ਕਰਨ ਤੋਂ ਰੋਕਦੇ ਹਨ।

ਇਨ੍ਹਾਂ ਵਿਚ ਕਾਰਨਫਲੋਰ ਅਤੇ ਮੈਦਾ ਮਿਲਾਉਣ ਤੋਂ ਬਚੋ ਕਿਉਂਕਿ ਇਹ ਸੂਪ ਵਿਚ ਹੋਣ ਵਾਲੇ ਫਾਇਦੇ ਵਿਚ ਅੜਚਣਾਂ ਪਾਉਂਦੇ ਹਨ।

ਬਾਜ਼ਾਰ ਵਿਚ ਮਿਲਣ ਵਾਲੇ ਪੈਕੇਟ ਬੰਦ ਸੂਪ ਦਾ ਇਸਤੇਮਾਲ ਨਾ ਕਰੋ। ਸਿਰਫ ਤਾਜ਼ਾ ਅਤੇ ਘਰ ਵਿਚ ਬਣੇ ਸੂਪ ਵਿਚ ਹੀ ਐਂਟੀਆਕਸੀਡੈਂਟ ਤੱਤ ਪਾਏ ਜਾਂਦੇ ਹਨ।

ਇਸ ਵਿਚ ਰੋਗ ਨਿਵਾਰਕ ਪਦਾਰਥ ਜਿਵੇਂ ਧਨੀਆ, ਅਦਰਕ, ਲਸਣ ਆਦਿ ਮਿਲਾਓ।

ਸੂਪ ਨੂੰ ਸੰਪੂਰਣ ਭੋਜਨ ਬਨਾਉਣ ਲਈ ਇਸ ਵਿਚ ਚਿਕਨ ਜਾਂ ਟੋਫੂ ਮਿਲਾਓ ਯਾ ਉਬਲੀ ਹੋਈ ਮੂੰਗੀ ਦੀ ਦਾਲ ਜਾਂ ਛੋਲਿਆਂ ਦੀ ਦਾਲ ਮਿਲਾਓ।

ਕੁਝ ਮਹੱਤਵਪੂਰਣ ਸੂਪ : ਪਿਆਜ਼ ਦਾ ਸੂਪ ਕੋਲਾਟਿੰਗ ਡਿਸਆਡਰ ਲਈ ਫਾਇਦੇਮੰਦ ਹੈ। ਬੰਦ ਗੋਭੀ ਦਾ ਸੂਪ ਭਾਰ ਨੂੰ ਘੱਟ ਕਰਨ ਵਿਚ ਸਹਾਇਕ ਹੁੰਦਾ ਹੈ। ਮਿਲੀਆਂ-ਜੁਲੀਆਂ ਸਬਜ਼ੀਆਂ ਅਤੇ ਚਿਕਨ ਦਾ ਸੂਪ ਇਕ ਸੰਪੂਰਨ ਆਹਾਰ ਹੈ।

ਪਾਲਕ ਦਾ ਸੂਪ ਖ਼ੂਨ ਦੀ ਕਮੀ ਨੂੰ ਦੂਰ ਕਰਦਾ ਹੈ।

ਸੂਪ ਬੱਚਿਆਂ ਦੇ ਵਿਕਾਸ ਲਈ ਲਾਭਕਾਰੀ ਹੁੰਦਾ ਹੈ।

# ਫ਼ਾਇਦੇ ਟਮਾਟਰ-ਰਸ ਦੇ



ਪਕੇ ਹੋਏ ਟਮਾਟਰਾਂ ਦਾ ਰਸ ਸਵੇਰੇ ਅਤੇ ਸ਼ਾਮ 20 ਗ੍ਰਾਮ ਤਾਜ਼ੇ ਅਤੇ ਕੋਸੇ ਪਾਣੀ ਨਾਲ ਪੀਣ ਤੇ ਫੋੜੇ, ਫਿਨਸੀ ਅਤੇ ਖਾਰਸ਼ ਆਦਿ ਵਿਚ ਲਾਭ ਹੁੰਦਾ ਹੈ। ਇਸ ਰਸ ਦੇ ਸੇਵਨ ਨਾਲ ਮਧੂਮੇਹ ਭਾਵ ਸ਼ੂਗਰ ਰੋਗੀ ਦੇ ਮੂਤਰ ਵਿਚ ਸ਼ੱਕਰ ਦੀ ਮਾਤਰਾ ਆਮ ਹੋ ਜਾਂਦੀ ਹੈ। ਬੁਖਾਰ ਵਿਚ ਇਸ ਦੇ ਰਸ ਦਾ ਸੇਵਨ ਕਰਨ ਨਾਲ ਬੁਖਾਰ ਠੀਕ ਹੋ ਜਾਂਦਾ ਹੈ। ਮੂੰਹ ਦੇ ਛਾਲੇ ਅਤੇ ਮਸੂੜਿਆਂ 'ਚੋਂ ਖ਼ੂਨ ਵਗਣ 'ਤੇ ਟਮਾਟਰ ਦੇ ਰਸ ਨੂੰ ਪਾਣੀ ਵਿਚ ਮਿਲਾ ਕੇ ਕੁਰਲੀ ਕਰਨ 'ਤੇ ਰਹਿਣ ਨਾਲ ਮੂੰਹ ਦੇ ਛਾਲੇ ਠੀਕ ਹੋ ਜਾਂਦੇ ਹਨ ਅਤੇ ਮਸੂੜਿਆਂ 'ਚੋਂ ਖ਼ੂਨ ਆਉਣਾ ਵੀ ਰੁਕ ਜਾਂਦਾ ਹੈ।

# ਯਾਦ ਸ਼ਕਤੀ ਲਈ ਘਾਤਕ ਹੈ ਐਲੂਮੀਨੀਅਮ



ਬ੍ਰੈੱਡ, ਪਨੀਰ, ਕੋਕੋ, ਡੱਬਾ ਬੰਦ ਅਚਾਰ ਆਦਿ ਖਾਣ ਵਾਲੇ ਪਦਾਰਥਾਂ ਦਾ ਇਸਤੇਮਾਲ ਅੱਜ ਕੱਲ੍ਹ ਬਹੁਤ ਹੋਣ ਲੱਗਾ ਹੈ। ਇਸ ਵਿਚ ਮੌਜੂਦ ਐਲੂਮੀਨੀਅਮ ਦੇ ਕਣ ਸਿਹਤ ਘਾਤਕ ਪ੍ਰਭਾਵ ਪਾਉਂਦੇ ਹਨ। ਮਾਹਿਰਾਂ ਦਾ ਕਹਿਣਾ ਹੈ ਕਿ ਵੱਧ ਮਾਤਰਾ ਵਿਚ ਐਲੂਮੀਨੀਅਮ ਜਦੋਂ ਸਰੀਰ ਦੇ ਅੰਦਰ ਪਹੁੰਚਦਾ ਹੈ ਤਾਂ ਇਸ ਨਾਲ ਨਾ ਸਿਰਫ ਯਾਦ ਸ਼ਕਤੀ ਘੱਟ ਹੁੰਦੀ ਹੈ, ਬਲਕਿ ਇਸ ਦੇ ਪ੍ਰਭਾਵ ਨਾਲ ਹੱਡੀਆਂ ਵੀ ਟੇਢੀਆਂ-ਮੇਢੀਆਂ ਹੋਣ ਲਗਦੀਆਂ ਹਨ। ਇਥੋਂ ਤਕ ਕਿ ਇਹ ਲਗਪਗ ਚਾਲੀ ਸਾਲ ਦੀ ਉਮਰ ਤੋਂ ਬਾਅਦ ਦਿਮਾਗ ਦੀਆਂ ਕੋਸ਼ਿਕਾਵਾਂ ਦਾ ਵਾਧਾ ਇਕਦਮ ਰੁਕ ਸਕਦਾ ਹੈ।

ਇਸ ਦੇ ਨਾਲ ਕਿਡਨੀ, ਦਿਮਾਗ, ਲਿਵਰ ਅਤੇ ਹੱਡੀਆਂ ਵਿਚ ਜਮ੍ਹਾਂ ਹੁੰਦਾ ਹੈ। ਇਕ ਖੋਜ ਅਨੁਸਾਰ ਗੁਰਦਿਆਂ ਵਿਚ ਐਲੂਮੀਨੀਅਮ ਦੇ ਜਮ੍ਹਾਂ ਹੋਣ ਨਾਲ ਗੁਰਦੇ ਮੁੱਖ ਕੰਮ ਸਰੀਰ ਵਿਚ ਫਾਸਫੇਟ ਦੀ ਮਾਤਰਾ ਨੂੰ ਕੰਟਰੋਲ ਕਰਨਾ ਛੱਡ ਦਿੰਦੀਆਂ ਹਨ।

ਚੂਹਿਆਂ 'ਤੇ ਕੀਤੇ ਗਏ ਤਜਰਬਿਆਂ ਨਾਲ ਇਹ ਸਿੱਧ ਹੋਇਆ ਹੈ ਕਿ ਕੈਲਸ਼ੀਅਮ ਬਹੁਤ ਹੱਦ ਤਕ ਐਲੂਮੀਨੀਅਮ 'ਤੇ ਕਾਬੂ ਰੱਖਣ ਵਿਚ ਸਹਾਇਤਾ ਕਰਦਾ ਹੈ। ਇਸ 'ਤੇ ਅਜੇ ਹੋਰ ਖੋਜ ਕੀਤੀ ਜਾ ਰਹੀ ਹੈ, ਜਿਸ ਨਾਲ ਭਵਿੱਖ ਵਿਚ ਕੁਝ ਹੋਰ ਵੀ ਨਵੇਂ ਤੱਥ ਸਾਹਮਣੇ ਆਉਣ ਦੀ ਸੰਭਾਵਨਾ ਹੈ।

ਇਲਾਜ ਨਾਲੋਂ ਪਰਹੇਜ਼ ਹਮੇਸ਼ਾ ਚੰਗਾ ਹੁੰਦਾ ਹੈ ਅਤੇ ਆਉ ਹੇਠ ਲਿਖੀਆਂ ਗੱਲਾਂ ਵੱਲ ਧਿਆਨ ਦੇਈਏ :

ਭੋਜਨ ਬਣਾਉਣ ਲਈ ਜਿੱਥੋਂ ਤਕ ਸੰਭਵ ਹੋਵੇ ਐਲੂਮੀਨੀਅਮ ਦੇ ਭਾਂਡਿਆਂ ਦਾ ਇਸਤੇਮਾਲ ਨਾ ਕਰੋ। ਜੇਕਰ ਐਲੂਮੀਨੀਅਮ ਦੇ ਭਾਂਡੇ ਦਾ ਇਸਤੇਮਾਲ ਕਰਨਾ ਵੀ ਹੋਵੇ ਤਾਂ ਅਮਲੀ ਪਦਾਰਥ ਜਾਂ ਨਿੰਬੂ ਦਾ ਰਸ, ਟਮਾਟਰ ਦੀ ਚਟਨੀ ਆਦਿ ਇਸ ਵਿਚ ਨਾ ਰੱਖੋ। ਡੱਬਾ ਬੰਦ ਪ੍ਰੋਸੈਸਡ ਭੋਜਨ-ਜਿਸ ਵਿਚ ਸੰਭਾਲਨ ਵਾਲੇ ਤੱਤ ਪ੍ਰੀਜ਼ਰਵੇਟਿਵ ਦਾ ਇਸੇਤਮਾਲ ਕੀਤਾ ਗਿਆ ਹੋਵੇ ਦੇ ਇਸਤੇਮਾਲ ਤੋਂ ਬਚੋ।

ਐਲੂਮੀਨੀਅਮ ਜ਼ੈਲ ਐਂਟਾਸਿਡ ਦਾ ਇਸਤੇਮਾਲ ਨਾ ਕਰੋ।

ਗਰਭਵਤੀ ਔਰਤਾਂ, ਵਧੇਰੇ ਉਮਰ ਵਾਲੇ ਵਿਅਕਤੀ, ਸ਼ਰਾਬ ਪੀਣ ਵਾਲੇ ਜਾਂ ਜੋ ਹਰ ਰੋਜ਼ ਕੈਲੀਸ਼ੀਅਮ ਘੱਟ ਮਾਤਰਾ ਵਿਚ ਲੈਂਦੇ ਹੋਣ, ਉਨ੍ਹਾਂ ਲਈ ਐਲੂਮੀਨੀਅਮ ਤੋਂ ਪਰਹੇਜ਼ ਬਹੁਤ ਜਰੂਰੀ ਹੈ।

ਜੇਕਰ ਦਿਮਾਗ ਜਾਂ ਹੱਡੀਆਂ ਦੇ ਠੀਕ ਵਿਕਾਸ ਵਿਚ ਥੋੜ੍ਹੀ ਵੀ ਕਮੀ ਦਾ ਅਹਿਸਾਸ ਹੋਵੇ, ਆਸਟੋਪੋਰੋਸਿਸ ਜਾਂ ਯਾਦ ਸ਼ਕਤੀ ਕਮਜ਼ੋਰ ਹੋਣ ਦਾ ਕੋਈ ਵੀ ਲੱਛਣ ਦਿਖਾਈ ਦੇਵੇ ਤਾਂ ਬਿਨਾਂ ਦੇਰ ਕੀਤੇ ਤੁਰੰਤ ਮਾਹਿਰਾਂ ਨਾਲ ਸੰਪਰਕ ਸਥਾਪਿਤ ਕਰੋ।

# ਸੋਸ਼ਲ ਮੀਡੀਆ ਦੀ ਖਿੱਚ ਖਤਰਨਾਕ

ਇੰਝ ਲੱਗਦਾ ਹੈ ਕਿ ਸੋਸਲ ਮੀਡੀਆ ਵਰਤਣ ਦੀ ਸਾਡੀ ਵਧਦੀ ਆਦਤ ਠੀਕ ਨਹੀਂ ਹੈ। ਸੋਸ਼ਲ ਮੀਡੀਆ, ਖਾਸ ਤੌਰ 'ਤੇ ਫੇਸਬੁੱਕ, ਇੰਸਟਾਗ੍ਰਾਮ ਅਤੇ ਯੂਟਿਊਬ ਵਰਗੇ ਪਲੈਟਫਾਰਮਾਂ ਦਾ ਜਨੂੰਨ ਸਾਡੇ ਬੱਚਿਆਂ ਦੀ ਮਾਨਸਿਕ ਸਿਹਤ, ਉਨ੍ਹਾਂ ਦੇ ਵਧਣ-ਫੁੱਲਣ ਦੀ ਪ੍ਰਕਿਰਿਆ, ਉਨ੍ਹਾਂ ਦੇ ਸਮਾਜਿਕ ਰਾਬਤੇ ਤੇ ਸਿੱਖਿਆ ਅਤੇ ਵਰਚੁਅਲ ਦੁਨੀਆ ਨਾਲ ਜੁੜਨ ਦੇ ਤੌਰ-ਤਰੀਕਿਆਂ ਨੂੰ ਪ੍ਰਭਾਵਿਤ ਕਰ ਰਿਹਾ ਹੈ।

ਕੀ ਇਹੀ ਕਾਰਨ ਹੈ ਕਿ ਆਸਟਰੇਲੀਆ ਨੇ ਪਹਿਲਾਂ ਹੀ 16 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਲਈ ਸੋਸਲ ਮੀਡੀਆ 'ਤੇ ਪਾਬੰਦੀ ਲਗਾ ਦਿੱਤੀ ਹੈ ਅਤੇ ਕਈ ਯੂਰੋਪੀਅਨ ਦੇਸ ਵੀ ਇਸੇ ਰਾਹ 'ਤੇ ਚੱਲਣ ਲਈ ਤਿਆਰ ਹਨ? ਭਾਰਤ ਵਿੱਚ ਵੀ 16 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਲਈ ਸੋਸਲ ਮੀਡੀਆ 'ਤੇ ਪਾਬੰਦੀ ਲਗਾਉਣ ਬਾਰੇ ਬਹਿਸ ਤੇਜ ਹੋ ਰਹੀ ਹੈ।

ਜਰਾ ਸੋਚੋ, ਜੇਕਰ ਤੁਸੀਂ ਆਪਣੇ ਬੱਚੇ ਨੂੰ ਕੁਝ ਦਿਨਾਂ ਲਈ ਸਮਾਰਟਫੋਨ ਦੀ ਵਰਤੋਂ ਨਾ ਕਰਨ ਲਈ ਕਹੋ ਅਤੇ ਇਸ ਦੀ ਬਜਾਏ ਪੜ੍ਹਾਈ 'ਤੇ ਧਿਆਨ ਕੇਂਦਰਿਤ ਕਰਨ ਜਾਂ ਆਪਣੇ ਦੋਸਤਾਂ ਅਤੇ ਪਿਆਰਿਆਂ ਨਾਲ ਆਹਮੋ-ਸਾਹਮਣੇ ਗੱਲਬਾਤ ਕਰਨ ਲਈ ਉਤਸ਼ਾਹਿਤ ਕਰੋ ਤਾਂ ਤੁਹਾਡੇ ਬੱਚੇ ਦਾ ਰਵੱਈਆ ਕੀ ਹੋਵੇਗਾ?

ਮੈਂ ਜਦੋਂ ਗਾਜੀਆਬਾਦ ਦੀ ਇੱਕ ਹਾਊਸਿੰਗ ਸੁਸਾਇਟੀ ਵਿੱਚ ਅਪਾਰਟਮੈਂਟ ਦੀ ਨੌਵੀਂ ਮੰਜਿਲ ਤੋਂ ਛਾਲ ਮਾਰ ਕੇ ਜਾਨ ਦੇਣ ਵਾਲੀਆਂ 16, 14 ਅਤੇ 12 ਸਾਲ ਦੀਆਂ ਤਿੰਨ ਭੈਣਾਂ ਦੀ ਹੋਣੀ ਬਾਰੇ ਸੋਚਦਾ ਹਾਂ ਤਾਂ ਮੈਨੂੰ ਸੱਚਮੁੱਚ ਭੈਅ ਆਉਂਦਾ ਹੈ। ਰਿਪੋਰਟਾਂ ਦੱਸਦੀਆਂ ਹਨ ਕਿ ਪਰਿਵਾਰ ਵਿੱਚ ਕਲੇਸ਼ ਸੀ ਅਤੇ ਸਭ ਤੋਂ ਮਹੱਤਵਪੂਰਨ ਗੱਲ ਇਹ ਸੀ ਕਿ ਉਨ੍ਹਾਂ ਦਾ ਪਿਤਾ ਆਪਣੀਆਂ ਤਿੰਨੇ ਧੀਆਂ ਦੀ ਸੋਸਲ ਮੀਡੀਆ ਵਰਤਣ ਅਤੇ ਔਨਲਾਈਨ ਕੋਰੀਅਨ ਗੇਮ ਖੇਡਣ ਦੀ ਲਤ ਤੋਂ ਖੁਸ ਨਹੀਂ ਸੀ। ਅਜਿਹਾ ਲੱਗਦਾ ਹੈ ਕਿ ਉਹ ਇਸ 'ਸਦਮੇ' ਨੂੰ ਬਰਦਾਸਤ ਨਹੀਂ ਕਰ ਸਕੀਆਂ ਅਤੇ ਉਨ੍ਹਾਂ ਆਪਣੀਆਂ ਜਿੰਦਗੀਆਂ ਨੂੰ ਖਤਮ ਕਰਨ ਦਾ ਰਾਹ ਚੁਣ ਲਿਆ।

ਅੱਜ ਕੱਲ੍ਹ ਮੈਂ ਤਕਨਾਲੋਜੀ 'ਤੇ ਦਵੰਦ ਬਾਰੇ ਹੋਰ ਵੀ ਜਿਆਦਾ ਯਕੀਨ ਕਰਨ ਲੱਗਾ ਹਾਂ। ਉਦਾਹਰਨ ਵਜੋਂ, ਸਮਾਰਟਫੋਨ ਵਰਗੇ ਉਪਕਰਨ ਬਾਰੇ ਸੋਚੋ! ਹਾਂ, ਇਹ ਜਾਦੂਈ ਜਰੂਰ ਹੈ, ਪਰ ਜੇਕਰ ਤੁਸੀਂ ਇਹ ਉਪਕਰਨ ਕਿਸੇ ਬੱਚੇ ਜਾਂ ਅੱਲ੍ਹੜ ਨੂੰ ਦੇ ਦਿਓਗੇ ਤਾਂ ਉਹ ਤੁਰੰਤ ਦੁਨੀਆ ਨਾਲ ਜੁੜ ਸਕਦਾ ਹੈ, ਫਿਲਮ ਦੇਖ ਸਕਦਾ ਹੈ, ਗੀਤ ਸੁਣ ਸਕਦਾ ਹੈ, ਵੀਡੀਓ ਗੇਮ ਖੇਡ ਸਕਦਾ ਹੈ, ਕਿਤਾਬ ਪੜ੍ਹ ਸਕਦਾ ਹੈ, ਰੀਲਾਂ ਤੇ ਵੀਡੀਓ ਬਣਾ ਸਕਦਾ ਹੈ ਅਤੇ ਫੇਸਬੁੱਕ, ਇੰਸਟਾਗ੍ਰਾਮ ਤੇ ਵੱਟਸਐਪ ਨੂੰ ਆਪਣੇ ਤਰੀਕੇ ਨਾਲ ਵਰਤ ਸਕਦਾ ਹੈ। ਦਰਅਸਲ, ਇਹ ਅਮਲ ਬੱਚਿਆਂ ਨੂੰ ਬਹੁਤ ਪ੍ਰਭਾਵਿਤ ਕਰਦਾ ਹੈ। ਸਚਾਈ ਇਹ ਵੀ ਹੈ ਕਿ ਸਮਾਰਟਫੋਨ ਦੀ ਇਹ ਆਦਤ ਉਨ੍ਹਾਂ ਤੋਂ ਬਹੁਤ ਕੁਝ ਖੋਹ ਵੀ ਰਹੀ ਹੈ। ਉਹ ਜਿੰਨਾ ਜਿਆਦਾ ਸਕਰੀਨ ਦੇ ਆਦੀ ਹੁੰਦੇ ਹਨ, ਓਨੇ ਹੀ ਉਹ ਅਸਲ ਦੁਨੀਆ ਤੋਂ ਕੱਟੇ ਜਾਂਦੇ ਹਨ; ਉਹ ਜਿੰਨਾ ਜਿਆਦਾ ਔਨਲਾਈਨ ਗੇਮਾਂ ਖੇਡਦੇ ਹਨ, ਓਨੇ ਹੀ ਇਕੱਲੇ ਹੁੰਦੇ ਜਾਂਦੇ ਹਨ ਕਿਉਂਕਿ ਉਹ ਖੁੱਲ੍ਹੀ ਜਗ੍ਹਾ ਵਿੱਚ ਆਪਣੇ ਦੋਸਤਾਂ ਨਾਲ ਫੁੱਟਬਾਲ ਜਾਂ ਕ੍ਰਿਕਟ ਖੇਡਣ ਦੀ ਖੁਸੀ ਗੁਆ ਲੈਂਦੇ ਹਨ; ਉਹ ਜਿੰਨਾ ਜਿਆਦਾ ਸਕਰੋਲ ਕਰਦੇ ਹਨ, ਓਨਾ ਹੀ ਉਨ੍ਹਾਂ ਦਾ ਧਿਆਨ ਵੰਡਿਆ ਜਾਂਦਾ ਹੈ; ਅਤੇ ਜਿੰਨਾ ਸਮਾਂ ਉਹ ਆਪਣੀਆਂ ਵੀਡੀਓਜ ਨੂੰ ਵਾਇਰਲ ਕਰਨ ਵਿੱਚ ਬਿਤਾਉਂਦੇ ਹਨ, ਓਨਾ ਹੀ ਘੱਟ ਸਮਾਂ ਉਨ੍ਹਾਂ ਨੂੰ ਇੱਕ ਕਿਤਾਬ ਨੂੰ ਛੂਹਣ, ਪੜ੍ਹਨ, ਮਹਿਸੂਸ ਕਰਨ, ਵਿਸਲੇਸਣ ਕਰਨ ਅਤੇ ਅਨੁਭਵ ਕਰਨ ਲਈ ਮਿਲਦਾ ਹੈ।

ਇਹ ਦਵੰਦ ਦੱਸਦਾ ਹੈ ਕਿ ਸੋਸਲ ਮੀਡੀਆ ਦੀ ਆਦਤ ਨੇ




ਕਿਉਂ ਬੱਚਿਆਂ ਦੀ ਸਿਹਤ ਨੂੰ ਪ੍ਰਭਾਵਿਤ ਕਰਨਾ ਸੁਰੂ ਕਰ ਦਿੱਤਾ ਹੈ, ਉਨ੍ਹਾਂ ਦੀ ਚਿੰਤਾ ਵਧਾ ਦਿੱਤੀ ਹੈ, ਡਿਪਰੈਸਨ ਪੈਦਾ ਕੀਤਾ ਹੈ ਅਤੇ ਉਨ੍ਹਾਂ ਦੇ ਸਵੈ-ਮਾਣ ਨੂੰ ਵੀ ਠੇਸ ਪਹੁੰਚਾਈ ਹੈ। ਅਮਰੀਕੀ ਸਮਾਜਿਕ ਮਨੋਵਿਗਿਆਨੀ ਜੋਨਾਥਨ ਹਾਇਟ ਨੇ ਆਪਣੀ ਦਿਲਚਸਪ ਪੁਸਤਕ 'ਦਿ ਐਂਗਸ਼ੀਅਸ ਜੈਨਰੇਸਨ' ਵਿੱਚ ਇਸ ਸੰਕਟ ਦਾ ਵਿਸਲੇਸਣ ਕੀਤਾ ਹੈ। ਜੋਨਾਥਨ ਤਰਕ ਦਿੰਦਾ ਹੈ: 'ਡਿਜੀਟਲ ਅੰਡਰ-ਪੇਰੈਂਟਿੰਗ' (ਬੱਚਿਆਂ 'ਤੇ ਡਿਜੀਟਲ ਨਿਗਰਾਨੀ ਦੀ ਕਮੀ) ਨੇ ਲਤ ਲਾਉਣ ਅਤੇ ਮੁਕਾਬਲੇਬਾਜੀ ਵਾਲੇ ਸੋਸਲ ਮੀਡੀਆ ਤੱਕ ਬਿਨਾਂ ਨਿਗਰਾਨੀ ਦੇ ਪਹੁੰਚ ਆਸਾਨ ਬਣਾ ਦਿੱਤੀ ਹੈ; ਇਸੇ ਤਰ੍ਹਾਂ 'ਰੀਅਲ ਵਰਲਡ ਓਵਰ-ਪੇਰੈਂਟਿੰਗ' (ਅਸਲ ਦੁਨੀਆ ਵਿੱਚ ਬੱਚਿਆਂ ਨੂੰ ਲੈ ਕੇ ਹੱਦ ਤੋਂ ਵੱਧ ਫਿਕਰਮੰਦੀ) ਸਾਡੇ ਬੱਚਿਆਂ ਦੇ ਵਿਕਾਸ ਦੀ ਪ੍ਰਕਿਰਿਆ ਵਿੱਚ ਰੁਕਾਵਟ ਬਣ ਰਹੀ ਹੈ।

ਇਹ ਦੇਖ ਕੇ ਦੁੱਖ ਹੁੰਦਾ ਹੈ ਕਿ ਬਚਪਨ ਹੁਣ ਬਾਹਰ 'ਖੇਡ' ਕੇ ਨਹੀਂ ਬੀਤ ਰਿਹਾ ਸਗੋਂ ਇਹ ਹੁਣ 'ਫੋਨ ਆਧਾਰਿਤ' ਹੋ ਗਿਆ ਹੈ। ਇਸ ਲਈ ਇਹ ਹੈਰਾਨੀ ਦੀ ਗੱਲ ਨਹੀਂ ਹੈ ਕਿ ਸਮਾਰਟਫੋਨ ਸਾਡੇ ਬੱਚਿਆਂ ਨੂੰ ਉਨ੍ਹਾਂ ਦੇ ਆਲੇ-ਦੁਆਲੇ ਤੋਂ ਦੂਰ ਕਰ ਰਹੇ ਹਨ ਅਤੇ ਅਸਲ ਜੀਵਨ ਦੀ ਦੋਸਤੀ ਦੀ ਥਾਂ ਖੋਖਲੇ ਔਨਲਾਈਨ ਸੰਵਾਦ ਲੈ ਰਹੇ ਹਨ। ਇਸ 'ਉਤਾਵਲੀ ਪੀੜ੍ਹੀ' ਲਈ ਹਾਇਟ ਸਾਨੂੰ ਚਿਤਾਵਨੀ ਦਿੰਦਾ ਹੈ ਕਿ ਨੀਂਦ ਦੀ ਕਮੀ, ਇਕਾਗਰਤਾ ਦਾ ਟੁੱਟਣਾ ਅਤੇ ਇਕੱਲਾਪਣ ਆਮ ਰੁਝਾਨ ਬਣਦੇ ਜਾ ਰਹੇ ਹਨ। ਭਾਰਤ ਵਿੱਚ ਇਸ ਸੰਕਟ ਦੀ ਗੰਭੀਰਤਾ ਨੂੰ ਸਮਝੋ: ਸਾਲਾਨਾ ਸਿੱਖਿਆ ਰਿਪੋਰਟ (2024) ਅਨੁਸਾਰ, ਸਾਡੇ 76 ਫੀਸਦੀ ਬੱਚੇ (14-16 ਉਮਰ ਵਰਗ) ਸੋਸਲ ਮੀਡੀਆ ਚਲਾਉਣ ਲਈ ਸਮਾਰਟਫੋਨ ਦੀ ਵਰਤੋਂ ਕਰਦੇ ਹਨ।

ਕੰਟੈਂਟ ਕ੍ਰੀਏਟਰਾਂ ਜਾਂ ਯੂਟਿਊਬਰਾਂ ਦਾ ਇਨ੍ਹਾਂ ਕੋਮਲ ਮਨਾਂ 'ਤੇ ਪ੍ਰਭਾਵ ਵੀ ਓਨਾ ਹੀ ਡਰਾਉਣਾ ਹੈ। ਕਲਪਨਾ ਕਰੋ: ਤੁਹਾਡਾ ਬੱਚਾ ਉਦੋਂ ਤੱਕ ਸੌਂ ਨਹੀਂ ਸਕਦਾ ਜਦੋਂ ਤੱਕ ਉਹ ਹਰ ਰਾਤ ਕਿਸੇ ਮਸਹੂਰ 'ਇਨਫਲੂਐਂਸਰ' ਦੀਆਂ ਕਾਲਪਨਿਕ ਕਹਾਣੀਆਂ ਦੇਖ-ਸੁਣ ਨਹੀਂ ਲੈਂਦਾ। ਉੱਤਰਾਖੰਡ ਦੇ ਛੋਟੇ ਜਿਹੇ ਕਸਬੇ ਦਾ ਇੱਕ ਨੌਜਵਾਨ ਜਿਸ ਦੇ 3.1 ਕਰੋੜ ਤੋਂ ਵੱਧ ਫਾਲੋਅਰ ਹਨ ਅਤੇ ਉਹ ਲਗਾਤਾਰ ਮਹਿੰਗੀਆਂ ਕਾਰਾਂ ਮਰਸਿਡੀਜ-ਬੈਂਜ, ਜੀ-ਵੈਗਨ, ਪੋਰਸ 718 ਬਾਕਸਟਰ ਅਤੇ ਟੋਇਟਾ ਫਾਰਚੂਨਰ ਲੈਜੈਂਡਰ ਪ੍ਰਤੀ ਆਪਣੀ ਖਿੱਚ ਦਾ ਮੁਜਾਹਰਾ ਕਰਦਾ ਰਹਿੰਦਾ ਹੈ। ਅਜਿਹਾ ਕੁਝ ਦੇਖਣਾ ਹੀਣ ਭਾਵਨਾ ਅਤੇ ਆਤਮ-ਸਨਮਾਨ ਡਿੱਗਣ ਦਾ ਕਾਰਨ ਬਣ ਸਕਦਾ ਹੈ। ਜਦੋਂ ਇਸ ਕਿਸਮ ਦਾ ਕੋਈ 'ਇਨਫਲੂਐਂਸਰ' ਇੱਕ ਕੋਮਲ ਮਨ ਦੇ ਲੜਕੇ ਦੀਆਂ ਇੱਛਾਵਾਂ ਨੂੰ ਆਕਾਰ ਦੇਣਾ ਸੁਰੂ ਕਰ ਦਿੰਦਾ ਹੈ ਤਾਂ ਉਹ ਸਾਇਦ ਇਹ ਵਿਸਵਾਸ ਕਰਨ ਲੱਗੇ ਕਿ ਜੇਕਰ ਕੋਈ ਹਰ ਰੋਜ ਸਵੇਰੇ ਫੈਮਿਲੀ ਵਲੌਗ ਪਾ ਕੇ ਹੀ ਇੰਨਾ ਜਿਆਦਾ ਕਮਾ ਸਕਦਾ ਹੈ ਤਾਂ ਸਖਤ ਮਿਹਨਤ ਕਰਨ, ਡੂੰਘਾਈ ਨਾਲ ਪੜ੍ਹਨ ਅਤੇ ਰਚਨਾਤਮਕ ਹੁਨਰ ਨੂੰ ਨਿਖਾਰਨ ਦੀ ਕੀ ਲੋੜ ਹੈ? ਕੀ ਇਹੀ ਕਾਰਨ ਹੈ ਕਿ ਅਸੀਂ ਹਰ ਜਗ੍ਹਾ ਨੌਜਵਾਨਾਂ ਨੂੰ ਆਪਣੇ ਸਮਾਰਟਫੋਨ ਨਾਲ ਰੀਲਾਂ ਬਣਾਉਂਦੇ, ਵੀਡੀਓ ਅਪਲੋਡ ਕਰਦੇ, ਯੂਟਿਊਬ ਜਾਂ ਇੰਸਟਾਗ੍ਰਾਮ 'ਤੇ ਆਪਣੀ ਮੌਜੂਦਗੀ ਦਾ ਅਹਿਸਾਸ ਕਰਵਾਉਣ ਦੀ ਕੋਸਿਸ ਕਰਦੇ ਅਤੇ ਤੁਰੰਤ ਪ੍ਰਸਿੱਧੀ ਤੇ ਸਫਲਤਾ ਲਈ ਜੱਦੋਜਹਿਦ ਕਰਦੇ ਦੇਖਦੇ ਹਾਂ? ਅਜਿਹਾ ਲੱਗਦਾ ਹੈ ਕਿ 'ਲਾਈਕ ਐਂਡ ਸਬਸਕ੍ਰਾਈਬ' ਸਾਡੇ ਸਮਿਆਂ ਦਾ ਪਸੰਦੀਦਾ ਮੰਤਰ ਬਣ ਗਿਆ ਹੈ।

ਸਵਾਲ ਇਹ ਹੈ ਕਿ ਅਸੀਂ ਆਪਣੇ ਬੱਚਿਆਂ ਨੂੰ ਇਸ ਫਰੇਬ ਤੋਂ ਕਿਵੇਂ ਬਚਾ ਸਕਦੇ ਹਾਂ? ਭਾਵੇਂ ਅਸੀਂ ਆਪਣੇ ਬੱਚਿਆਂ ਲਈ ਸੋਸਲ ਮੀਡੀਆ ਦੀ ਵਰਤੋਂ 'ਤੇ ਪੂਰੀ ਤਰ੍ਹਾਂ ਪਾਬੰਦੀ ਲਗਾਉਣ ਦੇ ਵਿਚਾਰ 'ਤੇ ਇਤਰਾਜ ਕਰੀਏ, ਪਰ ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਹੁਣ ਸਮਾਂ ਆ ਗਿਆ ਹੈ ਕਿ ਅਸੀਂ ਕੁਝ ਅਜਿਹਾ ਠੋਸ ਕਦਮ ਚੁੱਕੀਏ ਤਾਂ ਜੋ ਇਸ ਲਤ ਨੂੰ ਘਟਾਇਆ ਜਾ ਸਕੇ।

ਦਰਅਸਲ, ਅਧਿਆਪਕਾਂ ਅਤੇ ਮਾਪਿਆਂ ਵਜੋਂ ਸਾਨੂੰ ਉਨ੍ਹਾਂ ਨਾਲ ਪਿਆਰ ਤੇ ਹਮਦਰਦੀ ਨਾਲ ਗੱਲਬਾਤ ਕਰਨੀ ਚਾਹੀਦੀ ਹੈ, ਉਨ੍ਹਾਂ ਨੂੰ ਅਸਲ ਤੇ ਵਰਚੁਅਲ ਵਿੱਚ ਫਰਕ ਕਰਨ ਲਈ ਉਤਸਾਹਿਤ ਕਰਨਾ ਚਾਹੀਦਾ ਹੈ, ਦੋਸਤਾਂ ਤੇ ਗੁਆਂਢੀਆਂ ਨਾਲ ਮਿਲਣ-ਗਿਲਣ, ਭੱਜ-ਦੌੜ ਵਾਲੀਆਂ ਖੇਡਾਂ ਖੇਡਣ, ਚੰਗੀਆਂ ਕਿਤਾਬਾਂ ਪੜ੍ਹਨ ਦੀ ਆਦਤ ਪਾਉਣ ਅਤੇ ਆਲੋਚਨਾਤਮਕ ਸੋਚ ਤੇ ਚਿੰਤਨ ਸਕਤੀ ਨੂੰ ਤੇਜ ਕਰਨ ਲਈ ਪ੍ਰੇਰਿਤ ਕਰਨਾ ਚਾਹੀਦਾ ਹੈ। ਉਨ੍ਹਾਂ ਨਾਲ ਗੱਲਬਾਤ ਕਰਨਾ ਅਤੇ ਉਨ੍ਹਾਂ ਨੂੰ ਇਹ ਸਮਝਾਉਣਾ ਵੀ ਓਨਾ ਹੀ ਮਹੱਤਵਪੂਰਨ ਹੈ ਕਿ ਸਾਡੀ ਰੋਜਾਨਾ ਹੋਂਦ ਸੁੰਦਰਤਾ, ਪ੍ਰਸਿੱਧੀ ਅਤੇ ਠਾਠ ਦੀਆਂ ਉਨ੍ਹਾਂ ਸਜਾ ਕੇ ਪੇਸ਼ ਕੀਤੀਆਂ ਤਸਵੀਰਾਂ ਵਰਗੀ ਨਹੀਂ ਹੁੰਦੀ, ਜੋ ਅਸੀਂ ਸਕਰੀਨ 'ਤੇ ਦੇਖਦੇ ਹਾਂ। ਇਹ ਵੀ ਸਮਝਾਉਣ ਦੀ ਲੋੜ ਹੈ ਕਿ 'ਸਾਧਾਰਨ', 'ਅਧੂਰੇ' ਹੋਣਾ ਅਤੇ ਫਿਰ ਵੀ ਪਿਆਰ, ਉਤਸੁਕਤਾ ਅਤੇ ਸੱਚੇ ਰਿਸਤਿਆਂ ਨਾਲ ਭਰਪੂਰ ਹੋਣਾ ਚੰਗੀ ਗੱਲ ਹੈ।

ਮੈਂ ਯਕੀਨ ਨਾਲ ਨਹੀਂ ਕਹਿ ਸਕਦਾ ਕਿ ਕੀ ਬਾਲਗਾਂ ਵਜੋਂ ਅਸੀਂ ਇਸ ਅਸਲੋਂ ਮਹੱਤਵਪੂਰਨ ਕਾਰਜ ਨੂੰ ਸਿਰੇ ਚੜ੍ਹਾਉਣ ਦੇ ਸਮਰੱਥ ਹਾਂ ਜਾਂ ਨਹੀਂ। ਜਾਂ ਕੀ ਅਸੀਂ ਵੀ ਆਪਣੀ 9 ਤੋਂ 5 ਦੀ ਨੀਰਸ ਅਤੇ ਤਣਾਅਪੂਰਨ ਜਿੰਦਗੀ ਤੋਂ ਬਾਅਦ ਆਪਣੇ ਸਮਾਰਟਫੋਨ ਅੱਗੇ ਹਥਿਆਰ ਸੁੱਟਣਾ ਚਾਹੁੰਦੇ ਹਾਂ ਅਤੇ ਇਉਂ ਆਪਣੇ ਬੱਚਿਆਂ ਨਾਲ ਗੰਭੀਰ ਤੇ ਅਰਥਪੂਰਨ ਢੰਗ ਨਾਲ ਜੁੜਦੇ ਹੀ ਨਹੀਂ?

- ਅਵੀਜੀਤ ਪਾਠਕ

# ਨਕਲੀ-ਘਟੀਆ ਸਮੱਗਰੀ ਦਾ ਵਧਦਾ ਬਾਜ਼ਾਰ

ਹੋਲੀ ਨੇੜੇ ਆਉਂਦੇ ਹੀ ਦੇਸ਼ ਭਰ ਵਿਚ ਅਜਿਹੀਆਂ ਖਬਰਾਂ ਆਉਣ ਦਾ ਸਿਲਸਿਲਾ ਕਾਇਮ ਹੋ ਗਿਆ ਹੈ ਕਿ ਨਕਲੀ ਖੋਆ, ਪਨੀਰ ਜਾਂ ਫਿਰ ਮਿਲਾਵਟੀ ਮਠਿਆਈਆਂ ਬਰਾਮਦ। ਬੀਤੇ ਹਫਤੇ ਆਗਰਾ ਤੋਂ ਮਿਲੀ ਇਕ ਖਬਰ ਅਨੁਸਾਰ ਰਾਜਸਥਾਨ ਤੋਂ ਲਿਆਂਦਾ ਗਿਆ 1,320 ਕਿੱਲੋ ਮਿਲਾਵਟੀ ਖੋਇਆ ਬਰਾਮਦ ਕੀਤਾ ਗਿਆ।

ਕਾਨਪੁਰ ਤੋਂ ਆਈ ਇਕ ਹੋਰ ਖਬਰ ਇਹ ਕਹਿੰਦੀ ਹੈ ਕਿ ਹੋਲੀ ਅਤੇ ਰਮਜਾਨ ਦੇ ਮੌਕੇ 'ਤੇ 50 ਲੱਖ ਰੁਪਏ ਮੁੱਲ ਦੇ 10,000 ਕਿੱਲੋ ਪੁਰਾਣੇ ਅਤੇ ਖਰਾਬ ਖਜੂਰਾਂ ਦੇ ਪੈਕਟਾਂ 'ਤੇ ਨਵੇਂ ਲੇਬਲ ਲਗਾ ਕੇ ਉਨ੍ਹਾਂ ਨੂੰ ਬਾਜਾਰ ਵਿਚ ਖਪਾਉਣ ਦੀ ਯੋਜਨਾ ਬਣਾਈ ਜਾ ਰਹੀ ਸੀ। ਇਸੇ ਦਿਨ ਦੀ ਇਕ ਹੋਰ ਖਬਰ ਮੁਤਾਬਕ ਕਾਨਪੁਰ ਵਿਚ ਹੀ 600 ਕਿੱਲੋ ਮਿਲਾਵਟੀ ਖੋਇਆ ਵੀ ਫੜਿਆ ਗਿਆ। ਇਸ ਤੋਂ ਇਲਾਵਾ ਲਗਪਗ 2 ਲੱਖ ਰੁਪਏ ਤੋਂ ਵੱਧ ਮੁੱਲ ਦੀ ਕਟੀ ਹੋਈ ਸੁਪਾਰੀ ਵੀ ਜਬਤ ਕੀਤੀ ਗਈ ਜਿਸ ਨੂੰ ਮਿਲਾਵਟੀ ਪਾਏ ਜਾਣ 'ਤੇ ਨਸਟ ਕੀਤਾ ਗਿਆ।

ਬੀਤੇ ਦਿਨੀਂ ਲਖਨਊ ਤੋਂ ਮਿਲੀ ਇਕ ਹੋਰ ਖਬਰ ਵਿਚ ਦੱਸਿਆ ਗਿਆ ਕਿ ਖੁਰਾਕੀ ਸੁਰੱਖਿਆ ਅਤੇ ਦਵਾਈ ਪ੍ਰਸਾਸਨ ਵਿਭਾਗ ਨੇ ਮਿਲਾਵਟੀ ਖੁਰਾਕੀ ਪਦਾਰਥਾਂ ਖਿਲਾਫ ਚਲਾਈ ਗਈ ਮੁਹਿੰਮ ਵਿਚ ਲਗਪਗ 13 ਕੁਇੰਟਲ ਸੜੇ ਹੋਏ ਅਤੇ ਮਨੁੱਖੀ ਵਰਤੋਂ ਲਈ ਅਸੁਰੱਖਿਅਤ ਖਜੂਰ ਨਸਟ ਕਰਵਾਏ। ਇਸੇ ਮੁਹਿੰਮ ਤਹਿਤ 2,000 ਕਿੱਲੋ ਹਲਦੀ ਅਤੇ 20,000 ਕਿੱਲੋ ਸੁਪਾਰੀ ਵੀ ਜਬਤ ਕੀਤੀ ਗਈ ਕਿਉਂਕਿ ਉਨ੍ਹਾਂ ਦੇ ਖਰਾਬ ਹੋਣ ਦਾ ਸੰਦੇਹ ਸੀ।

ਸਹਾਰਨਪੁਰ ਤੋਂ ਮਿਲੀ ਇਕ ਖਬਰ ਅਨੁਸਾਰ, ਖੁਰਾਕ ਵਿਭਾਗ ਨੇ ਰਾਮਪੁਰ ਮਨਿਹਾਰਨ ਕਸਬੇ ਵਿਚ ਲਗਪਗ 6.5 ਕੁਇੰਟਲ ਮਿਲਾਵਟੀ ਪਨੀਰ ਬਰਾਮਦ ਕੀਤਾ। ਹਾਲ ਹੀ ਵਿਚ ਭੀਲਵਾੜਾ ਵਿਚ ਇਕ ਕੋਲਡ ਸਟੋਰੇਜ ਤੋਂ ਵੱਡੀ ਮਾਤਰਾ ਵਿਚ ਸ਼ੱਕੀ ਮਿਲਾਵਟੀ ਮਸਾਲੇ ਜਬਤ ਕੀਤੇ ਗਏ। ਇਨ੍ਹਾਂ ਵਿਚ 2,300 ਕਿੱਲੋ ਲਾਲ ਮਿਰਚ ਪਾਊਡਰ ਅਤੇ 1,700 ਕਿੱਲੋ ਸਾਬਤ ਧਨੀਏ ਨੂੰ ਮਿਲਾਵਟੀ ਹੋਣ ਦੇ ਸ਼ੱਕ ਵਿਚ ਜਬਤ ਕੀਤਾ ਗਿਆ।

ਇਸੇ ਮਹੀਨੇ ਗੁਜਰਾਤ ਦੇ ਸਾਬਰਕਾਂਠਾ ਵਿਚ ਡਿਟਰਜੈਂਟ, ਕਾਸਟਿਕ ਸੋਡਾ, ਯੂਰੀਆ ਆਦਿ ਦੀ ਵਰਤੋਂ ਕਰ ਕੇ ਨਕਲੀ ਦੁੱਧ ਅਤੇ ਲੱਸੀ ਬਣਾਉਣ ਵਾਲੀ ਫੈਕਟਰੀ ਦਾ ਪਰਦਾਫਾਸ਼ ਕੀਤਾ ਗਿਆ। ਇਹ ਫੈਕਟਰੀ ਪਿਛਲੇ ਪੰਜ ਸਾਲਾਂ ਤੋਂ ਚੱਲ ਰਹੀ ਸੀ। ਬੀਤੇ ਦਿਨੀਂ ਆਂਧਰ ਪ੍ਰਦੇਸ ਦੇ ਇਕ ਕਸਬੇ ਵਿਚ ਮਿਲਾਵਟੀ-ਜਹਿਰੀਲਾ ਦੁੱਧ ਪੀਣ ਕਾਰਨ ਪੰਜ ਲੋਕਾਂ ਦੀ ਮੌਤ ਹੋ ਗਈ। ਜੇਕਰ ਪਿਛਲੇ 15-20 ਦਿਨਾਂ ਦੀਆਂ ਹੀ ਦੇਸ ਭਰ ਤੋਂ ਆਈਆਂ ਖਬਰਾਂ ਦਾ ਜਾਇਜਾ ਲਿਆ ਜਾਵੇ ਤਾਂ ਉਨ੍ਹਾਂ ਦਾ ਜਿਕਰ ਕਰਨ ਲਈ ਇਹ ਪੂਰਾ ਪੰਨਾ ਜਾਂ ਫਿਰ ਅਖਬਾਰ ਵੀ ਘੱਟ ਪੈ ਸਕਦੀ ਹੈ। ਇਨ੍ਹਾਂ ਖਬਰਾਂ ਦੇ ਆਧਾਰ 'ਤੇ



ਅਜਿਹੇ ਕਿਸੇ ਨਤੀਜੇ 'ਤੇ ਪੁੱਜਣ ਦੀ ਭੁੱਲ ਨਹੀਂ ਕੀਤੀ ਜਾਣੀ ਚਾਹੀਦੀ ਕਿ ਸਿਰਫ ਤਿਉਹਾਰਾਂ 'ਤੇ ਹੀ ਨਕਲੀ ਜਾਂ ਮਿਲਾਵਟੀ ਖੁਰਾਕੀ ਪਦਾਰਥ ਬਣਨ ਅਤੇ ਵਿਕਣ ਲੱਗਦੇ ਹਨ। ਦਰਅਸਲ, ਇਹ ਕੰਮ ਸਾਲ ਭਰ ਬਿਨਾਂ ਕਿਸੇ ਰੋਕ-ਟੋਕ ਦੇ ਚੱਲਦਾ ਰਹਿੰਦਾ ਹੈ।

ਕਿਸੇ ਨੂੰ ਇਸ ਨਤੀਜੇ 'ਤੇ ਵੀ ਨਹੀਂ ਪੁੱਜਣਾ ਚਾਹੀਦਾ ਕਿ ਜਿਨ੍ਹਾਂ ਵਿਭਾਗਾਂ 'ਤੇ ਮਿਲਾਵਟੀ, ਨਕਲੀ, ਘਟੀਆ ਖੁਰਾਕੀ ਸਮੱਗਰੀ 'ਤੇ ਨਜਰ ਰੱਖਣ ਅਤੇ ਉਨ੍ਹਾਂ ਨੂੰ ਬਣਾਉਣ ਤੇ ਵੇਚਣ ਵਾਲਿਆਂ ਵਿਰੁੱਧ ਕਾਰਵਾਈ ਕਰਨ ਦੀ ਜਿੰਮੇਵਾਰੀ ਹੈ, ਉਹ ਮਿਲਾਵਟਖੋਰਾਂ ਵਿਰੁੱਧ ਸਦਾ ਚੌਕਸ ਰਹਿੰਦੇ ਹਨ। ਸੱਚ ਇਹ ਹੈ ਕਿ ਅਜਿਹੇ ਵਿਭਾਗ ਸਿਰਫ ਸਿਰਫ ਤਿਉਹਾਰਾਂ ਦੇ ਸਮੇਂ ਹੀ ਚੌਕਸ ਅਤੇ ਸਰਗਰਮ ਦਿਖਾਈ ਦਿੰਦੇ ਹਨ।

ਇਹ ਅਨੁਮਾਨ ਸਹਿਜੇ ਹੀ ਲਗਾਇਆ ਜਾ ਸਕਦਾ ਹੈ ਕਿ ਉਨ੍ਹਾਂ ਦੀ ਚੌਕਸੀ-ਸਰਗਰਮੀ ਉਸ ਮਿਲਾਵਟੀ ਅਤੇ ਨਕਲੀ ਖੁਰਾਕੀ ਸਮੱਗਰੀ ਦਾ ਇਕ ਹਿੱਸਾ ਹੀ ਫੜ ਪਾਉਂਦੀ ਹੈ ਜੋ ਬਾਜਾਰ ਵਿਚ ਵਿਕਣ ਲਈ ਆ ਜਾਂਦੀ ਹੈ। ਕਲਪਨਾ ਕਰੋ ਕਿ ਆਪਣੇ ਦੇਸ ਵਿਚ ਕਿੰਨੇ ਹੀ ਲੋਕ ਟਨਾਂ ਦੇ ਹਿਸਾਬ ਨਾਲ ਮਿਲਾਵਟੀ, ਨਕਲੀ ਅਤੇ ਸਿਹਤ ਲਈ ਖਤਰਨਾਕ ਖੁਰਾਕੀ ਪਦਾਰਥਾਂ ਦੀ ਵਰਤੋਂ ਕਰਨ ਅਤੇ ਅਜਿਹਾ ਕਰ ਕੇ ਬਿਮਾਰ ਹੋਣ ਲਈ ਮਜਬੂਰ ਹਨ? ਮਿਲਾਵਟੀ ਅਤੇ ਨਕਲੀ ਖੁਰਾਕੀ ਸਮੱਗਰੀ ਖਿਲਾਫ ਚਲਾਈਆਂ ਜਾਣ ਵਾਲੀਆਂ ਮੁਹਿੰਮਾਂ ਦੌਰਾਨ ਅਜਿਹੀ ਸੂਚਨਾ ਤਾਂ ਆਉਂਦੀ ਹੈ ਕਿ ਸ਼ੱਕੀ ਖੁਰਾਕੀ ਪਦਾਰਥਾਂ ਦੇ ਨਮੂਨੇ ਪ੍ਰੀਖਣ ਲਈ ਭੇਜੇ ਗਏ ਪਰ ਇਹ ਖਬਰ ਮੁਸ਼ਕਲ ਨਾਲ ਹੀ ਮਿਲਦੀ ਹੈ ਕਿ ਇਨ੍ਹਾਂ ਨਮੂਨਿਆਂ ਦੇ ਨਤੀਜੇ ਕੀ ਰਹੇ? ਜੇ ਕਦੇ ਅਜਿਹੀ ਖਬਰ ਆ ਵੀ ਜਾਂਦੀ ਹੈ ਤਾਂ ਇਹ ਪਤਾ ਲੱਗਣਾ ਮੁਸ਼ਕਲ ਹੁੰਦਾ ਹੈ ਕਿ ਮਿਲਾਵਟੀ ਜਾਂ ਫਿਰ ਨਕਲੀ ਖੁਰਾਕੀ ਸਮੱਗਰੀ ਬਣਾਉਣ-ਵੇਚਣ ਵਾਲਿਆਂ ਨੂੰ ਸਜਾ ਕੀ ਮਿਲੀ? ਅਜਿਹੀ ਖਬਰ ਮੁਸ਼ਕਲ ਨਾਲ ਇਸ ਲਈ ਆਉਂਦੀ ਹੈ ਕਿਉਂਕਿ ਅਜਿਹੇ ਲੋਕਾਂ ਨੂੰ ਸਜਾ ਮਿਲਣ ਦੇ ਮਾਮਲੇ ਬਹੁਤ ਹੀ ਦੁਰਲਭ ਹਨ। ਸਿਰਫ ਇਸ ਤੋਂ ਚਿੰਤਤ ਹੋਣ ਦੀ ਜਰੂਰਤ ਨਹੀਂ ਕਿ ਆਪਣੇ ਦੇਸ਼ ਵਿਚ ਨਕਲੀ, ਮਿਲਾਵਟੀ ਜਾਂ ਫਿਰ ਘਟੀਆ ਕਿਸਮ ਦੀ ਖੁਰਾਕੀ ਸਮੱਗਰੀ ਬਣਦੀ ਅਤੇ ਵਿਕਦੀ ਰਹਿੰਦੀ ਹੈ। ਚਿੰਤਾ ਵਾਲੀ ਗੱਲ ਇਹ ਵੀ ਹੈ ਕਿ ਦਵਾਈਆਂ ਦੇ ਮਾਮਲੇ ਵਿਚ ਵੀ ਇਹੀ ਸਥਿਤੀ ਹੈ।

ਅਕਸਰ ਅਜਿਹੀਆਂ ਖਬਰਾਂ ਆਉਂਦੀਆਂ ਹਨ ਕਿ ਫਲਾਣੀਆਂ ਦਵਾਈਆਂ ਦੇ ਸੈਂਪਲ ਫੇਲ੍ਹ। ਬੀਤੇ ਦਿਨ ਦੀ ਇਕ ਖਬਰ ਇਹ ਕਹਿੰਦੀ ਹੈ ਕਿ ਦੇਸ਼ ਭਰ ਵਿਚ ਨਿਰਮਿਤ 215 ਦਵਾਈਆਂ ਦੇ ਸੈਂਪਲ ਫੇਲ੍ਹ ਪਾਏ ਗਏ। ਕੇਂਦਰੀ ਦਵਾ ਮਾਨਕ ਨਿਯੰਤਰਣ ਸੰਗਠਨ ਵੱਲੋਂ ਜਾਰੀ ਡਰੱਗ ਅਲਰਟ ਮੁਤਾਬਕ ਇਨ੍ਹਾਂ 'ਚੋਂ 71 ਦਵਾਈਆਂ ਹਿਮਾਚਲ ਵਿਚ ਬਣੀਆਂ ਹਨ। ਇਹ ਦਵਾਈਆਂ ਮੁੱਖ ਤੌਰ 'ਤੇ ਐਲਰਜੀ, ਦਮਾ, ਦਰਦ-ਬੁਖਾਰ ਦੀਆਂ ਹਨ। ਇਸ ਤੋਂ ਇਲਾਵਾ ਕੁਝ ਐਂਟੀਬਾਇਓਟਿਕਸ ਅਤੇ 16 ਕਫ ਕੋਲਡ ਸਿਰਪ ਵੀ ਹਨ। ਅਜਿਹੇ ਡਰੱਗ ਅਲਰਟ ਨਵੇਂ ਨਹੀਂ ਹਨ ਅਤੇ ਨਾ ਹੀ ਉਹ ਕਦੇ-ਕਦਾਈਂ ਜਾਰੀ ਹੁੰਦੇ ਹਨ।

ਉਹ ਜਾਰੀ ਹੀ ਹੁੰਦੇ ਰਹਿੰਦੇ ਹਨ ਪਰ ਨੀਤੀ-ਘਾੜਿਆਂ ਦਾ ਦੋਇਮ ਦਰਜੇ ਦੀਆਂ ਖੁਰਾਕੀ ਵਸਤਾਂ ਅਤੇ ਦਵਾਈਆਂ ਵੱਲ ਧਿਆਨ ਉਦੋਂ ਹੀ ਜਾਂਦਾ ਹੈ ਜਦ ਲੋਕ ਗੰਭੀਰ ਰੂਪ ਵਿਚ ਬਿਮਾਰ ਹੋ ਜਾਂਦੇ ਹਨ ਜਾਂ ਫਿਰ ਉਨ੍ਹਾਂ ਦੀ ਮੌਤ ਹੋ ਜਾਂਦੀ ਹੈ। ਤੁਸੀਂ ਉਨ੍ਹਾਂ ਖਬਰਾਂ ਤੋਂ ਵੀ ਅਣਜਾਣ ਨਹੀਂ ਹੋ ਸਕਦੇ ਜੋ ਇਹ ਦੱਸਦੀਆਂ ਹਨ ਕਿ ਨਕਲੀ ਟੁੱਥਪੇਸਟ, ਸਾਬਣ ਵਰਗੇ ਉਤਪਾਦ ਬਣਾਉਣ ਵਾਲੀਆਂ ਫੈਕਟਰੀਆਂ ਫੜੀਆਂ ਗਈਆਂ।

ਬੀਤੇ ਅਗਸਤ ਵਿਚ ਜੈਪੁਰ ਵਿਚ ਅਜਿਹੀ ਹੀ ਇਕ ਫੈਕਟਰੀ ਵਿਚ ਨਾਮੀ ਟੁੱਥਪੇਸਟ, ਕਰੀਮ, ਸਾਬਣ ਆਦਿ ਦੇ ਨਾਲ-ਨਾਲ ਬ੍ਰਾਂਡਡ ਕੰਪਨੀਆਂ ਦਾ ਨਕਲੀ ਘਿਉ ਬਣ ਰਿਹਾ ਸੀ। ਇਸੇ ਤਰ੍ਹਾਂ ਦਿੱਲੀ ਵਿਚ ਇਕ ਫੈਕਟਰੀ ਨਕਲੀ ਈਨੋ ਬਣਾਉਂਦੀ ਹੋਈ ਫੜੀ ਗਈ ਸੀ। ਜਿਸ ਦੇਸ਼ ਵਿਚ ਜਾਨਲੇਵਾ ਘਟੀਆ ਖੁਰਾਕੀ ਸਮੱਗਰੀ ਇੰਨੇ ਵੱਡੇ ਪੈਮਾਨੇ 'ਤੇ ਬਣ ਰਹੀ ਹੋਵੇ, ਉਹ ਆਖਰ ਵਿਕਸਤ ਕਿਵੇਂ ਬਣ ਸਕਦਾ ਹੈ? ਜਿੱਥੇ ਅਜਿਹੇ ਮਾੜੇ ਕੰਮ ਧੜੱਲੇ ਨਾਲ ਹੋ ਰਹੇ ਹਨ, ਉੱਥੇ ਏਆਈ ਸਮਿੱਟ ਵਿਚ ਕਿਸੇ ਯੂਨੀਵਰਸਿਟੀ ਵੱਲੋਂ ਚੀਨੀ ਰੋਬੋਟਿਕ ਡੌਗ ਨੂੰ ਆਪਣਾ ਦੱਸ ਕੇ ਪੇਸ਼ ਕਰਨ 'ਚ ਕਿਸੇ ਨੂੰ ਹੈਰਾਨੀ ਨਹੀਂ ਹੋਣੀ ਚਾਹੀਦੀ।

ਰਾਜੀਵ ਸਚਾਨ

# ਕੈਨੇਡਾ 'ਚ ਕਤਲੇਆਮਾਂ ਦਾ ਲੰਬਾ ਇਤਿਹਾਸ

ਇਸ ਮਹੀਨੇ ਦੀ 10 ਤਰੀਕ ਨੂੰ ਬ੍ਰਿਟਿਸ ਕੋਲੰਬੀਆ ਸੂਬੇ ਦੇ ਵੈਨਕੂਵਰ ਸਹਿਰ ਤੋਂ 670 ਕਿੱਲੋਮੀਟਰ ਉੱਤਰ-ਪੂਰਬ ਵਿਚ ਲਗਪਗ 2400 ਵਿਅਕਤੀਆਂ ਦੀ ਆਬਾਦੀ ਵਾਲੇ ਖ਼ੂਬਸੂਰਤ ਕਸਬੇ ਟੰਬਲਰ ਰਿਜ ਦੇ ਸੈਕੰਡਰੀ ਸਕੂਲ ਵਿਚ ਗੋਲੀਬਾਰੀ ਹੋਈ। ਅਠਾਰਾਂ ਸਾਲਾਂ ਦੀ ਕਿਸ਼ੋਰ ਲੜਕੀ ਜੈਸੀ ਵਾਨ ਰੂਟਸਲਾਰ ਇਕ ਬੰਦੂਕ ਤੇ ਇਕ ਸਵੈ-ਚਾਲਕ ਪਿਸਟਲ ਨਾਲ ਦੁਪਹਿਰ 1 ਵਜੇ ਤੋਂ ਬਾਅਦ ਸਕੂਲ ਪੁੱਜਦੀ ਹੈ ਤੇ ਗੋਲੀਬਾਰੀ ਸ਼ੁਰੂ ਕਰ ਦਿੰਦੀ ਹੈ। ਇਸ ਘਟਨਾ 'ਚ ਅੱਠ ਵਿਦਿਆਰਥੀਆਂ ਅਤੇ ਅਧਿਆਪਕਾਂ ਦੀ ਮੌਤ ਹੋ ਜਾਂਦੀ ਹੈ ਅਤੇ 25 ਜਖਮੀ ਹੋ ਜਾਂਦੇ ਹਨ। ਇਸ ਤੋਂ ਬਾਅਦ ਉਹ ਆਪਣੇ-ਆਪ ਨੂੰ ਗੋਲੀ ਮਾਰ ਕੇ ਹਲਾਕ ਕਰ ਲੈਂਦੀ ਹੈ। ਇਸ ਘਿਨਾਉਣੇ ਕਾਰਨਾਮੇ ਨੂੰ ਅੰਜਾਮ ਦੇਣ ਤੋਂ ਪਹਿਲਾਂ ਘਰੋਂ ਚੱਲਣ ਵੇਲੇ ਉਹ ਆਪਣੇ 11 ਸਾਲਾ ਸੌਤੇਲੇ ਭਰਾ ਅਤੇ 39 ਸਾਲਾ ਮਾਂ ਦਾ ਕਤਲ ਕਰ ਦਿੰਦੀ ਹੈ। ਪੁਲਿਸ ਨੂੰ 1:20 ਵਜੇ ਇਤਲਾਹ ਦਿੱਤੀ ਜਾਂਦੀ ਹੈ ਅਤੇ ਦੋ ਮਿੰਟ ਵਿਚ ਹੀ ਪੁਲਿਸ ਘਟਨਾ ਸਥਾਨ 'ਤੇ ਪੁੱਜ ਜਾਂਦੀ ਹੈ। ਜੇਕਰ ਪੁਲਿਸ ਜਰਾ ਵੀ ਦੇਰੀ ਕਰ ਦਿੰਦੀ ਤਾਂ ਸਾਇਦ ਇਹ ਮਾਨਸਿਕ ਤੌਰ 'ਤੇ ਬਿਮਾਰ ਲੜਕੀ ਪਤਾ ਨਹੀਂ ਕਿੰਨੇ ਹੋਰ ਲੋਕਾਂ ਨੂੰ ਮਾਰ ਦਿੰਦੀ?

ਕਿਹਾ ਜਾ ਰਿਹਾ ਹੈ ਕਿ ਜੈਸੀ ਜਨਮ ਵੇਲੇ ਇਕ ਲੜਕਾ ਸੀ ਜੋ ਬਾਅਦ ਵਿਚ ਸੈਕਸ ਤਬਦੀਲੀ ਰਾਹੀਂ ਲੜਕੀ ਬਣ ਗਿਆ। ਉਸ ਦਾ ਕੱਦ ਆਮ ਬੱਚਿਆਂ ਨਾਲੋਂ ਬਹੁਤ ਲੰਬਾ ਸੀ। ਉਹ ਨਸ਼ੀਲੇ ਪਦਾਰਥਾਂ ਦਾ ਸੇਵਨ ਕਰਨ ਲੱਗੀ। ਉਸ ਦੇ ਘਰ ਵਿਚ ਪੰਜ ਬੰਦੂਕਾਂ ਤੇ ਕਾਫੀ ਗੋਲੀ-ਸਿੱਕਾ ਸੀ। ਉਹ ਅਕਸਰ ਇਨ੍ਹਾਂ ਨੂੰ ਫੜ ਕੇ ਵੀਡੀਓਜ ਸੋਸ਼ਲ ਮੀਡੀਆ 'ਤੇ ਪਾਈ ਜਾਂਦੀ। ਉਸ ਦੀਆਂ ਮਾਨਸਿਕ ਬਿਮਾਰੀ ਵਾਲੀਆਂ ਹਰਕਤਾਂ ਕਰਕੇ 14 ਸਾਲ ਦੀ ਉਮਰ ਵਿਚ ਉਸ ਦਾ ਸਕੂਲ ਵਿਚ ਦਾਖਲਾ ਬੰਦ ਕਰ ਦਿੱਤਾ ਗਿਆ। ਪੁਲਿਸ ਅਨੁਸਾਰ ਉਸ ਨੂੰ ਕੁਝ ਸਮੇਂ ਲਈ ਹਸਪਤਾਲ ਵਿਚ ਦਾਖਲ ਵੀ ਕਰਾਇਆ ਗਿਆ ਸੀ। ਉਸ ਕੋਲ ਬੰਦੂਕ ਦਾ ਇਕ ਲਾਇਸੈਂਸ ਵੀ ਸੀ ਜਿਸ ਦੀ ਮਿਆਦ ਖਤਮ ਹੋ ਚੁੱਕੀ ਸੀ। ਸਕੂਲ ਵਿਚ ਕਤਲੇਆਮ ਦੀ ਘਟਨਾ ਵੇਲੇ ਉਸ ਨੇ ਹਥਿਆਰ ਕਿੱਥੋਂ ਪ੍ਰਾਪਤ ਕੀਤੇ, ਇਸ ਦੀ ਜਾਣਕਾਰੀ ਅਜੇ ਮਿਲਣੀ ਬਾਕੀ ਹੈ।

ਇਸ ਕਤਲੇਆਮ ਉਪਰੰਤ ਪੂਰਾ ਕੈਨੇਡਾ ਆਪਣੇ ਪੀੜਤ ਪਰਿਵਾਰਾਂ ਅਤੇ ਟੰਬਲਰ ਰਿਜ ਕਸਬੇ ਨਾਲ ਖੜ੍ਹਾ ਦਿਖਾਈ ਦਿੱਤਾ। ਕੈਨੇਡਾ ਦੀ ਸਿਆਸੀ ਲੀਡਰਸ਼ਿਪ ਆਪਣੇ ਲੋਕਾਂ ਦੇ ਦੁੱਖ ਅਤੇ ਦਰਦ ਪ੍ਰਤੀ ਕਿੰਨੀ ਸੰਵੇਦਨਸੀਲ ਹੈ, ਇਸ ਦੀ ਮਿਸਾਲ ਇਸ ਗੱਲ ਤੋਂ ਮਿਲਦੀ ਹੈ ਕਿ ਇਸ ਦੁੱਖ ਦੀ ਘੜੀ ਵਿਚ ਪਾਰਲੀਮੈਂਟਰੀ ਕਮੇਟੀਆਂ ਨੇ ਆਪਣਾ ਕੰਮ ਠੱਪ ਕਰ ਦਿੱਤਾ। ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਜਰਮਨੀ ਵਿਖੇ ਹੋ ਰਹੀ ਇਕ ਪ੍ਰਮੁੱਖ ਸੁਰੱਖਿਆ ਕਾਨਫਰੰਸ 'ਚ ਜਾਣਾ ਮੁਲਤਵੀ ਕਰ ਦਿੱਤਾ। ਹਾਊਸ ਆਫ ਕਾਮਨਜ ਦੀ ਕਾਰਵਾਈ ਰੋਕ ਦਿੱਤੀ ਗਈ ਅਤੇ ਸਾਰੀਆਂ ਸਿਆਸੀ ਪਾਰਟੀਆਂ ਦੇ ਆਗੂਆਂ ਨੇ ਇਸ ਘਟਨਾ ਵਿਚ ਮਾਰੇ ਗਏ ਅਤੇ ਜਖਮੀ ਲੋਕਾਂ ਤੇ ਉਨ੍ਹਾਂ ਦੇ ਪਰਿਵਾਰਾਂ ਨਾਲ ਇਸ ਔਖੀ ਘੜੀ ਵਿਚ ਇਕਜੁੱਟਤਾ ਦਾ ਮੁਜਾਹਰਾ ਕੀਤਾ ਤੇ ਮਾਰੇ ਗਏ ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਸਰਧਾਂਜਲੀ ਭੇਟ ਕੀਤੀ। ਇਸ ਮੌਕੇ ਪ੍ਰਧਾਨ ਮੰਤਰੀ ਕਾਰਨੀ ਨੇ ਪੀੜਤ ਪਰਿਵਾਰਾਂ, ਅਧਿਆਪਕਾਂ, ਵਿਦਿਆਰਥੀਆਂ



ਅਤੇ ਟੰਬਲਰ ਰਿਜ ਵਾਸੀਆਂ ਨੂੰ ਭਰੋਸਾ ਦਿੱਤਾ ਕਿ ਤੁਹਾਡੇ ਨਾਲ ਸਾਰਾ ਕੈਨੇਡਾ ਖੜ੍ਹਾ ਹੈ। ਵਿਰੋਧੀ ਧਿਰ ਦੇ ਆਗੂ ਪੈਰੇ ਪੁਲੀਵਰ ਨੇ ਕਿਹਾ ਕਿ ਸਾਡੇ ਕੋਲ ਅਜਿਹੇ ਸਬਦ ਨਹੀਂ ਹਨ ਜੋ ਪੀੜਤ ਪਰਿਵਾਰਾਂ ਨੂੰ ਦਿਲਾਸਾ ਦੇ ਸਕਣ। ਬ੍ਰਿਟਿਸ ਕੋਲੰਬੀਆ ਦੀ ਵਿਧਾਨ ਸਭਾ ਨੇ ਸਦਨ ਚਲਾਉਣ ਦੇ ਨਿਯਮਾਂ ਵਿਚ ਤਬਦੀਲੀ ਕਰਦਿਆਂ 12 ਫਰਵਰੀ ਨੂੰ ਸ਼ੁਰੂ ਸੈਸ਼ਨ ਵਿਚ ਉਪ ਰਾਜਪਾਲ ਵੈਂਡੀ ਕੋਸੀਆ ਦੁਆਰਾ ਦਿੱਤਾ ਜਾਣ ਵਾਲਾ ਭਾਸ਼ਣ ਰੋਕ ਦਿੱਤਾ ਤੇ ਇਸ ਦੀ ਥਾਂ ਉਪ-ਰਾਜਪਾਲ ਨੇ ਟੰਬਲਰ ਰਿਜ ਕਸਬੇ ਦੇ ਪੀੜਤ ਲੋਕਾਂ ਨੂੰ ਸੰਵੇਦਨਸੀਲ ਸਬਦਾਂ ਵਿਚ ਸਰਧਾਂਜਲੀ ਦਿੱਤੀ।

ਅਜਿਹੀਆਂ ਭਿਅੰਕਰ ਅਤੇ ਦੁਖਦਾਈ ਘਟਨਾਵਾਂ ਕਈ ਵਾਰ ਬੱਚਿਆਂ ਦੇ ਮਨਾਂ 'ਤੇ ਕਿੰਨਾ ਬੁਰਾ ਅਸਰ ਪਾਉਂਦੀਆਂ ਹਨ, ਇਸ ਦੀ ਮਿਸਾਲ ਸੰਨ 1975 ਵਿਚ ਕੈਨੇਡਾ ਦੇ ਓਂਟਾਰੀਓ ਸੂਬੇ ਅੰਦਰ ਬਰੈਂਪਟਨ ਵਿਖੇ ਇਕ ਸਕੂਲ ਵਿਚ ਵਾਪਰੀ ਬਹੁਤ ਹੀ ਕਰੂਰ ਘਟਨਾ ਤੋਂ ਮਿਲਦੀ ਹੈ। ਇਸ ਸਕੂਲ ਦਾ ਇਕ ਲੜਕਾ ਟਾਇਲਟ ਵਿਚ ਦੋ ਬੰਦੂਕਾਂ ਲੋਡ ਕਰਦਾ ਹੈ ਅਤੇ ਦੋ ਲੋਕਾਂ ਨੂੰ ਮਾਰ ਦਿੰਦਾ ਹੈ ਅਤੇ 13 ਹੋਰਾਂ ਨੂੰ ਜਖਮੀ ਕਰ ਦਿੰਦਾ ਹੈ। ਇਕ ਲੜਕੀ ਪਾਮ ਹੈਂਡ ਜਦੋਂ ਉਸ ਲੜਕੇ ਨੂੰ ਇਕ ਰਾਈਫਲ ਆਪਣੇ ਸਿਰ 'ਤੇ ਤਾਣਦੇ ਅਤੇ ਉਸ ਦਾ ਘੋੜਾ ਦਬਾਉਂਦੇ ਦੇਖਦੀ ਹੈ ਤਾਂ ਇਹ ਦ੍ਰਿਸ ਉਸ ਦੇ ਦਿਲੋ-ਦਿਮਾਗ 'ਤੇ ਇੰਨਾ ਬੁਰਾ ਅਸਰ ਪਾਉਂਦਾ ਹੈ ਕਿ ਉਹ ਇਸ ਬਾਰੇ 40 ਸਾਲਾਂ ਤੱਕ ਗੱਲ ਨਹੀਂ ਕਰ ਸਕੀ। ਆਖਰ 2015 ਵਿਚ ਉਸ ਨੇ ਇਸ ਘਟਨਾ ਨੂੰ ਅਤੀ ਪੀੜਾਜਨਕ ਸਥਿਤੀ ਵਿਚ ਬਿਆਨ ਕੀਤਾ। ਕਿਸ ਮਨੋਵਿਗਿਆਨਕ ਪੀੜਾ ਵਿਚ ਉਸ ਨੇ ਇਸ ਹਕੀਕਤ ਨੂੰ ਦਬਾ ਕੇ ਰੱਖਿਆ, ਇਹ ਤਾਂ ਉਹ ਜਾਂ ਕੋਈ ਮਨੋਵਿਗਿਆਨੀ ਹੀ ਦੱਸ ਸਕਦਾ ਹੈ?

ਕਾਕੇਸ਼ੀਅਨ ਨਸਲ ਦੇ ਲੋਕ ਜੋ ਬਰਤਾਨੀਆ, ਅਮਰੀਕਾ, ਆਸਟ੍ਰੇਲੀਆ, ਕੈਨੇਡਾ, ਨਿਊਜੀਲੈਂਡ ਆਦਿ ਦੇਸਾਂ ਵਿਚ ਰਹਿੰਦੇ ਹਨ, ਅਕਸਰ ਸਮੂਹਿਕ ਕਤਲੇਆਮ ਕਰਦੇ ਵੇਖੇ ਜਾਂਦੇ ਹਨ। ਅਮਰੀਕਾ ਵਿਚ 78.5, ਕੈਨੇਡਾ ਵਿਚ 38 ,ਆਸਟ੍ਰੇਲੀਆ ਵਿਚ 12 ਅਤੇ ਇੰਗਲੈਂਡ ਅਤੇ ਵੇਲਜ ਵਿਚ 6.5 ਪ੍ਰਤੀਸਤ ਗੋਲੀਬਾਰੀ ਰਾਹੀਂ ਮੌਤਾਂ ਦੀ ਦਰ ਹੈ। ਅਮਰੀਕਾ ਕਰਕੇ ਹੀ ਕੈਨੇਡਾ ਵੀ ਅਜਿਹੇ ਕਤਲੇਆਮਾਂ ਦਾ ਸਿਕਾਰ ਬਣਿਆ ਪਿਆ ਹੈ। ਕੈਨੇਡਾ ਅੰਦਰ ਬੰਦੂਕ ਰੱਖਣ 'ਤੇ ਪਾਬੰਦੀ ਟਰੂਡੋ ਸਰਕਾਰ ਨੇ ਲਗਾਈ ਸੀ। ਨੋਵਾ ਸਕੋਸੀਆ ਵਿਖੇ ਭਿਆਨਕ ਕਤਲੇਆਮ ਦੀ ਘਟਨਾ ਤੋਂ ਬਾਅਦ 1500 ਕਿਸਮ ਦੀਆਂ ਬੰਦੂਕਾਂ 'ਤੇ ਪਾਬੰਦੀ ਲਗਾਈ ਗਈ ਸੀ। ਆਰਸੀਐੱਮਪੀ ਪੁਲਿਸ ਫੋਰਸ ਅਨੁਸਾਰ 2023 'ਚ ਸਿਰਫ ਬ੍ਰਿਟਿਸ ਕੋਲੰਬੀਆ ਸੂਬੇ ਵਿਚ 355678 ਭਾਵ ਇਕ ਲੱਖ ਲੋਕਾਂ ਪਿੱਛੇ 6240 ਲਾਇਸੈਂਸ ਸਨ। ਬਹੁਤ ਸਾਰੇ ਲੋਕ ਗੈਰ-ਕਾਨੂੰਨੀ ਬੰਦੂਕਾਂ ਰੱਖਦੇ ਹਨ। ਇਕ ਸਤੰਬਰ 1972 ਨੂੰ ਅਗਨੀ ਹਮਲੇ ਨਾਲ ਮਾਂਟਰੀਅਲ ਨਾਈਟ ਕਲੱਬ ਵਿਚ 37 ਲੋਕ ਮਾਰੇ ਗਏ ਅਤੇ 64 ਜਖਮੀ ਹੋਏ ਸਨ। ਤਿੰਨ ਸਰਾਬੀਆਂ ਨੂੰ ਜਦੋਂ ਇਸ ਕਲੱਬ ਵਿਚ ਵੜਨ ਨਾ ਦਿੱਤਾ ਤਾਂ ਉਨ੍ਹਾਂ ਨੇ ਪੌੜੀਆਂ ਵਿਚ ਗੈਸੋਲੀਨ ਡੋਲ੍ਹ ਕੇ ਅੱਗ ਲਾ ਦਿੱਤੀ। ਛੇ ਦਸੰਬਰ 1989 ਨੂੰ ਮਾਰਕ ਲਿਪਾਈਨ ਜੋ ਔਰਤਾਂ ਨੂੰ ਨਫਰਤ ਕਰਦਾ ਸੀ, ਨੇ ਮਾਂਟਰੀਅਲ ਯੂਨੀਵਰਸਿਟੀ ਨਾਲ ਸਬੰਧਤ ਈਕੋਲ ਪੋਲੀਟੈਕਨਿਕ ਵਿਚ ਗੋਲੀਬਾਰੀ ਕਰ ਕੇ 14 ਔਰਤਾਂ ਨੂੰ ਮਾਰ ਦਿੱਤਾ ਸੀ ਅਤੇ ਦਸ ਹੋਰਾਂ ਨੂੰ ਜਖਮੀ ਕਰ ਦਿੱਤਾ ਸੀ। ਅਠਾਰਾਂ ਸਤੰਬਰ 1992 ਨੂੰ ਇਕ ਬੰਬ ਚਲਾ ਕੇ ਨੌਂ ਹੜਤਾਲੀ ਕਰਮਚਾਰੀ ਉੱਤਰ-ਪੱਛਮ ਖੇਤਰ ਵਿਚ ਮਾਰ ਦਿੱਤੇ ਗਏ। ਪੰਜ ਅਪ੍ਰੈਲ 1996 ਨੂੰ ਮਾਰਕ ਚਾਹਲ ਨੇ ਆਪਣੀ ਸਾਲੀ ਦੀ ਸਾਦੀ 'ਤੇ ਵਰਨਨ, ਬ੍ਰਿਟਿਸ ਕੋਲੰਬੀਆ ਵਿਖੇ ਨੌਂ ਰਿਸਤੇਦਾਰਾਂ ਦਾ ਕਤਲ ਕਰ ਦਿੱਤਾ ਸੀ ਅਤੇ ਬਾਅਦ ਵਿਚ ਖੁਦ ਨੂੰ ਗੋਲੀ ਮਾਰ ਕੇ ਜਾਨ ਦੇ ਦਿੱਤੀ ਸੀ। ਪੰਜ ਅਪ੍ਰੈਲ 2014 ਨੂੰ ਮਾਨਸਿਕ ਰੋਗੀ ਮੈਥੀਓ ਡੀ ਗੁਰੂਡ ਨੇ ਘਰੇਲੂ ਸਮਾਰੋਹ ਵਿਚ ਪੰਜ ਵਿਅਕਤੀ ਛੁਰਾ ਮਾਰ ਕੇ ਜਖਮੀ ਕਰ ਦਿੱਤੇ ਸਨ। ਚਾਰ ਜੂਨ 2014 ਨੂੰ ਜਸਟਿਨ ਵਰਕ ਨਾਮੀ ਵਿਅਕਤੀ ਨੇ ਸਵੈਚਾਲਕ ਬੰਦੂਕ ਨਾਲ ਨਿਊ ਬਰੌਂਸਵਿਕ (ਐਂਨਬੀ) ਵਿਖੇ ਮਕਟਨ ਵਿਚ ਤਿੰਨ ਪੁਲਿਸ ਅਫਸਰ ਜਾਨੋਂ ਮਾਰ ਦਿੱਤੇ ਤੇ ਦੋ ਜਖਮੀ ਕਰ ਦਿੱਤੇ ਸਨ। ਜਨਵਰੀ 2017 ਵਿਚ ਕਿਊਬਿਕ ਦੀ ਮਸਜਿਦ 'ਚ ਅਲੈਗਜੈਂਡਰ ਬਿਸਨੋਟ ਨੇ ਛੇ ਲੋਕਾਂ ਦੀ ਜਾਨ ਲੈ ਲਈ ਸੀ ਤੇ ਅੱਠ ਜਖਮੀ ਕਰ ਦਿੱਤੇ ਸਨ। ਤੇਈ ਅਪ੍ਰੈਲ 2018 ਨੂੰ ਅਲੈਕ ਮੀਨਾਸੀਅਨ ਨੇ ਭੀੜਭਾੜ ਵਾਲੀ ਟੋਰਾਂਟੋ ਸਾਈਡ ਵਾਕ 'ਤੇ ਵਾਹਨ ਨਾਲ ਦਰੜ ਕੇ 10 ਲੋਕ ਮਾਰ ਦਿੱਤੇ ਤੇ 16 ਜਖਮੀ ਕਰ ਦਿੱਤੇ ਸਨ। ਦਸ ਅਗਸਤ 2018 ਨੂੰ ਮੈਥਿਊ ਰੇਮੰਡ ਨੇ ਐਂਨਬੀ, ਫਰੈਡਰਿਕਨ ਵਿਚ ਦੋ ਮਿਊਂਸੀਪਲ ਪੁਲਸੀਏ ਤੇ ਦੋ ਸਹਿਰੀ ਮਾਰ ਦਿੱਤੇ ਸਨ। ਅਠਾਰਾਂ ਤੇ 19 ਅਪ੍ਰੈਲ 2020 ਨੂੰ ਕੈਨੇਡਾ ਦੇ ਨੋਵਾ ਸਕੋਸੀਆ ਪ੍ਰਾਂਤ ਵਿਚ 51 ਸਾਲਾ ਗੈਬਰੀਲ ਵੋਟਮੈਨ (ਡੈਂਟਲ ਤਕਨੀਸੀਅਨ) ਨੇ 40 ਮਿੰਟਾਂ ਵਿਚ ਪੋਰਟਪੀਕਉ ਵਿਖੇ 13 ਲੋਕ ਅਤੇ ਅਗਲੇ ਦਿਨ ਇਕ ਗਰਭਵਤੀ ਅਤੇ ਪੁਲਿਸ ਅਫਸਰ ਸਮੇਤ ਨੌਂ ਵਿਅਕਤੀਆਂ ਨੂੰ ਮਾਰ ਦਿੱਤਾ ਸੀ। ਆਰਸੀਐੱਮਪੀ ਨੇ ਉਸ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਸੀ। ਇਹ ਕੁਝ ਦਿਲ ਦਹਿਲਾ ਦੇਣ ਵਾਲੀਆਂ ਕਤਲੇਆਮ ਦੀਆਂ ਘਟਨਾਵਾਂ ਹਨ ਜੋ 1867 ਵਿਚ ਕੈਨੇਡਾ ਦੇ ਇਕ ਰਾਸਟਰ ਵਜੋਂ ਹੋਂਦ ਵਿਚ ਆਉਣ ਤੋਂ ਬਾਅਦ ਵਾਪਰੀਆਂ।

ਸਨਕੀ ਲੋਕਾਂ ਵੱਲੋਂ ਅੰਜਾਮ ਦਿੱਤੇ ਗਏ ਅਜਿਹੇ ਕਾਰਨਾਮਿਆਂ ਰਾਹੀਂ ਅਨੇਕ ਬੇਗੁਨਾਹ ਕੈਨੇਡੀਅਨਾਂ ਦਾ ਖੂਨ ਵਹਿ ਚੁੱਕਾ ਹੈ ਤੇ ਕਈ ਘਰ ਬਰਬਾਦ ਹੋ ਚੁੱਕੇ ਹਨ। ਸਰਕਾਰ ਇਸ ਵਰਤਾਰੇ ਤੋਂ ਬਹੁਤ ਚਿੰਤਤ ਹੈ ਅਤੇ ਇਸ ਦੀ ਰੋਕਥਾਮ ਲਈ ਕਈ ਕਮੇਟੀਆਂ ਤੇ ਕਮਿਸਨਾਂ ਦਾ ਗਠਨ ਕੀਤਾ ਗਿਆ ਅਤੇ ਉਨ੍ਹਾਂ ਦੀਆਂ ਸਿਫਾਰਸਾਂ 'ਤੇ ਢੁਕਵੇਂ ਕਦਮ ਵੀ ਚੁੱਕੇ ਗਏ ਹਨ ਤਾਂ ਕਿ ਭਵਿੱਖ ਵਿਚ ਅਜਿਹੇ ਸਮੂਹਿਕ ਕਤਲੇਆਮ ਰੁਕ ਸਕਣ।

ਦਰਬਾਰਾ ਸਿੰਘ ਕਾਹਲੋਂ

# ਵਿਦਿਆਰਥੀਆਂ 'ਤੇ ਦਬਾਅ

ਵਿਦਿਆਰਥੀ ਪੂਰਾ ਸਾਲ ਮਿਹਨਤ ਕਰਦੇ ਹਨ। ਪੇਪਰਾਂ ਦੌਰਾਨ ਅਤੇ ਇਨ੍ਹਾਂ ਤੋਂ ਪਹਿਲਾਂ ਉਨ੍ਹਾਂ ਨੂੰ ਕਈ ਤਰ੍ਹਾਂ ਦੇ ਤਣਾਅ ਸਹਿਣੇ ਪੈਂਦੇ ਹਨ। ਸਾਰੇ ਵਿਦਿਆਰਥੀਆਂ ਦੀ ਮਨੋਸਥਿਤੀ ਵੀ ਇੱਕੋ ਜਿਹੀ ਨਹੀਂ ਹੁੰਦੀ। ਕਈ ਮਾਮਲਿਆਂ 'ਚ ਕੁਝ ਬੱਚੇ ਪੜ੍ਹਾਈ ਨਾਲ ਜੁੜੇ ਦਬਾਅ ਅਤੇ ਚਿੰਤਾਵਾਂ ਨੂੰ ਬਰਦਾਸ਼ਤ ਨਹੀਂ ਕਰ ਪਾਉਂਦੇ ਅਤੇ ਬਦਕਿਸਮਤੀ ਨਾਲ ਗਲਤ ਕਦਮ ਚੁੱਕ ਲੈਂਦੇ ਹਨ। ਪਾਤੜਾਂ 'ਚ ਨਰਸਿੰਗ ਦੀ 21 ਸਾਲਾਂ ਦੀ ਪੀਜੀ 'ਚ ਰਹਿਣ ਵਾਲੀ ਵਿਦਿਆਰਥਣ ਅਤੇ ਫਾਜਿਲਕਾ 'ਚ ਨਾਬਾਲਗ ਵਿਦਿਆਰਥੀ ਵੱਲੋਂ ਖੁਦਕੁਸ਼ੀ ਕਰਨ ਦੀਆਂ ਘਟਨਾਵਾਂ ਚਿੰਤਾ ਦਾ ਵਿਸ਼ਾ ਹਨ।

ਨਾਬਾਲਗ ਵਿਦਿਆਰਥੀ ਦੇ ਮਾਮਲੇ 'ਚ ਦੱਸਿਆ ਜਾ ਰਿਹਾ ਹੈ ਕਿ ਉਸ ਨੇ ਆਪਣੇ ਸਕੂਲ ਦੇ ਆਈਡੀ ਕਾਰਡ ਵਾਲੀ ਪੱਟੀ ਨਾਲ ਗਲਾ ਘੁੱਟਿਆ ਅਤੇ ਉਸ ਦੀ ਲਾਸ਼ ਦੇ ਲਾਗੇ ਕਿਤਾਬ ਵੀ ਖੁੱਲ੍ਹੀ ਪਈ ਸੀ। ਇਹ ਦੋਵੇਂ ਮਾਮਲੇ ਇਸ਼ਾਰਾ ਕਰਦੇ ਹਨ ਕਿ ਵਿਦਿਆਰਥੀ ਵਰਗ ਦਾ ਪੇਪਰਾਂ ਅਤੇ ਪੜ੍ਹਾਈ ਦੇ ਸਮੇਂ ਦੌਰਾਨ ਸਾਥ ਦੇਣ ਦੀ ਕਿੰਨੀ ਲੋੜ ਹੈ। ਅਜਿਹਾ ਵੀ ਨਹੀਂ ਹੈ ਕਿ ਇਸ ਤੋਂ ਪਹਿਲਾਂ ਅਜਿਹੇ ਮਾਮਲੇ ਸਾਹਮਣੇ ਨਹੀਂ ਆਏ ਹਨ। ਅਕਸਰ ਵਿਦਿਆਰਥੀ ਜਮਾਤਾਂ 'ਚ ਪੜ੍ਹਾਈ ਦੇ ਦਬਾਅ ਅਤੇ ਮਾਪਿਆਂ ਦੀਆਂ ਇੱਛਾਵਾਂ ਵਿਚਾਲੇ ਤਾਲਮੇਲ ਨਹੀਂ ਬਿਠਾ ਪਾਉਂਦੇ।

ਸਮਾਜ ਲਗਾਤਾਰ ਤਰੱਕੀ ਕਰ ਰਿਹਾ ਹੈ। ਮੁਕਾਬਲੇਬਾਜੀ ਵਧ ਰਹੀ ਹੈ। ਵਿਦਿਆਰਥੀਆਂ 'ਚ ਪੜ੍ਹਾਈ ਦੌਰਾਨ ਆਪਣੇ ਸਹਿਪਾਠੀਆਂ ਨਾਲੋਂ ਵੱਧ ਨੰਬਰ ਲੈਣ ਦੀ ਦੌੜ ਲੱਗੀ ਹੁੰਦੀ ਹੈ। ਇਸ ਲਈ ਘਰ ਅਤੇ ਸਕੂਲ ਦਾ ਮਾਹੌਲ ਬਹੁਤ ਕੁਝ ਤੈਅ ਕਰਦਾ ਹੈ ਕਿ ਇਸ ਮੁਕਾਬਲੇ ਨਾਲ ਉਨ੍ਹਾਂ ਨੇ ਕਿਵੇਂ ਸਿੱਝਣਾ ਹੈ।



ਹਾਲਾਂਕਿ ਵਿਦਿਆਰਥੀਆਂ ਵਿਚ ਚੁੱਕੇ ਜਾਣ ਵਾਲੇ ਆਤਮਘਾਤੀ ਕਦਮਾਂ ਪਿੱਛੇ ਸਿਰਫ ਪੜ੍ਹਾਈ ਹੀ ਕਾਰਨ ਹੋਵੇ, ਅਜਿਹਾ ਵੀ ਜ਼ਰੂਰੀ ਨਹੀਂ ਹੈ। ਘਰ ਤੋਂ ਸਕੂਲ ਤੱਕ ਪਹੁੰਚਦਿਆਂ ਉਨ੍ਹਾਂ ਨੂੰ ਅਣਗਿਣਤ ਸਮੱਸਿਆਵਾਂ ਨਾਲ ਜੂਝਣਾ ਪੈਂਦਾ ਹੈ। ਬੇਸ਼ੱਕ ਇਹ ਆਲਮੀ ਚਿੰਤਾ ਹੈ ਪਰ ਪਿਛਲੇ ਸਾਲਾਂ ਦੇ ਅੰਕੜੇ ਇਸ ਗੱਲ ਦੀ ਪੁਸ਼ਟੀ ਕਰਦੇ ਹਨ ਕਿ ਮੁਲਕ 'ਚ ਵਿਦਿਆਰਥੀਆਂ ਵੱਲੋਂ ਖੁਦਕੁਸ਼ੀ ਕਰਨ ਦੇ ਮਾਮਲੇ ਬਾਕੀ ਦੇਸ਼ਾਂ ਨਾਲੋਂ ਵੱਧ ਹਨ। ਨੈਸ਼ਨਲ ਕ੍ਰਾਈਮ ਰਿਕਾਰਡਜ ਬਿਊਰੋ ਦੀ ਰਿਪੋਰਟ ਮੁਤਾਬਕ ਸਾਲ 2013 ਤੋਂ 2023 ਦੌਰਾਨ 1,17,849 ਵਿਦਿਆਰਥੀਆਂ ਨੇ ਪੇਪਰਾਂ ਦੇ ਤਣਾਅ ਕਾਰਨ ਖੁਦਕੁਸ਼ੀ ਕੀਤੀ।

ਇਨ੍ਹਾਂ ਅੰਕੜਿਆਂ ਨੂੰ ਦੇਖਦੇ ਹੋਏ ਸਵਾਲ ਉੱਠਦਾ ਹੈ ਕਿ ਕੀ ਸਾਡਾ ਵਿੱਦਿਅਕ ਢਾਂਚਾ ਬੱਚਿਆਂ ਦੇ ਮਨ ਦੀ ਸ਼ਾਂਤੀ ਨੂੰ ਮਹਿਫੂਜ਼ ਨਹੀਂ ਕਰ ਪਾ ਰਿਹਾ? ਇਸ ਦੇ ਨਾਲ ਹੀ ਸਵਾਲ ਇਹ ਵੀ ਹੈ ਕਿ ਕੀ ਮਾਪੇ ਪੇਪਰਾਂ ਦੇ ਦਿਨਾਂ 'ਚ ਬੱਚਿਆਂ ਦੇ ਮਦਦਗਾਰ ਬਣਨ ਤੋਂ ਪੱਛੜ ਰਹੇ ਹਨ। ਇਕ ਹੋਰ ਰਿਪੋਰਟ ਮੁਤਾਬਕ ਸੂਬਿਆਂ 'ਚ ਬੱਚਿਆਂ ਦੇ ਪੇਪਰਾਂ ਦੇ ਦਿਨਾਂ ਵਿਚ ਤਣਾਅ ਦੇ ਵੱਖੋ-ਵੱਖ ਕਾਰਨ ਹਨ। ਹਰਿਆਣਾ, ਤਮਿਲਨਾਡੂ, ਆਂਧਰ ਪ੍ਰਦੇਸ਼ ਅਤੇ ਮਹਾਰਾਸ਼ਟਰ ਵਿਚ ਪੇਪਰਾਂ ਦੇ ਸਮੇਂ ਵਿਦਿਆਰਥੀ ਡਿਪ੍ਰੈਸ਼ਨ ਦਾ ਵੱਧ ਸ਼ਿਕਾਰ ਹੋਏ ਹਨ। ਵੱਡੀਆਂ ਜਮਾਤਾਂ ਦੇ ਵਿਦਿਆਰਥੀਆਂ ਵਿਚ ਇਹ ਤਣਾਅ ਰੁਜ਼ਗਾਰ ਦੀ ਭਾਲ ਤ

ਇਕ ਸਰਵੇਖਣ ਮੁਤਾਬਕ ਪੰਜ ਵਿਦਿਆਰਥੀਆਂ ਵਿੱਚੋਂ ਇਕ ਬਹੁਤ ਜ਼ਿਆਦਾ ਅਸ਼ਾਂਤ, ਉਦਾਸ ਬਿਰਤੀ ਵਾਲਾ ਜਾਂ ਫਿਰ ਹੱਦੋਂ ਵੱਧ ਉਤਸ਼ਾਹਤ ਪਾਇਆ ਗਿਆ ਹੈ। ਇਕੱਲੇ ਪੇਪਰ ਹੀ ਬੱਚਿਆਂ ਨੂੰ ਇਸ ਤਰ੍ਹਾਂ ਦੀ ਸਥਿਤੀ 'ਚ ਨਹੀਂ ਧੱਕ ਰਹੇ ਹਨ। ਸੋਸ਼ਲ ਮੀਡੀਆ ਦੀ ਹੱਦੋਂ ਵੱਧ ਵਰਤੋਂ ਦੇ ਲਾਲਚ ਵਿਚ ਕਿਤਾਬਾਂ ਨੂੰ ਪਾਸੇ ਕਰਨਾ ਅਤੇ ਮਾਪਿਆਂ ਦੀਆਂ ਉਮੀਦਾਂ 'ਤੇ ਖਰੇ ਉਤਰਨ ਲਈ ਭਾਰੀ ਦਬਾਅ ਮਹਿਸੂਸ ਕਰਨਾ ਵੀ ਇਸ ਦਾ ਇਕ ਕਾਰਨ ਹੈ। ਬੱਚਿਆਂ ਨੂੰ ਇਸ ਸਥਿਤੀ 'ਚੋਂ ਕੱਢਣ ਲਈ ਸਮੁੱਚੇ ਵਿੱਦਿਅਕ ਢਾਂਚੇ ਨੂੰ ਦਰੁਸਤ ਕਰਨ ਸਣੇ ਮਾਪਿਆਂ ਨੂੰ ਆਤਮ ਮੰਥਨ ਕਰਨਾ ਪੈਣਾ ਹੈ ਕਿ ਉਹ ਬੱਚਿਆਂ ਦੇ ਮਨ ਨੂੰ ਸੰਤੁਲਿਤ ਰੱਖਣ ਲਈ ਕੀ ਕਦਮ ਚੁੱਕ ਰਹੇ ਹਨ।

# ਇਨਕਲਾਬੀ ਸੋਚ ਨੇ ਮਾਲਕ ਸਨ ਸ਼ਹੀਦ ਭਗਤ ਸਿੰਘ

## ਸ਼ਹੀਦੀ ਦਿਹਾੜੇ 'ਤੇ ਵਿਸ਼ੇਸ਼




ਲੋਕਾਂ ਨੂੰ ਮਾਰ ਕੇ ਤੁਸੀਂ ਉਨ੍ਹਾਂ ਦੇ ਵਿਚਾਰ ਨਹੀਂ ਮਾਰ ਸਕਦੇ, ਇਹ ਕਹਿਣਾ ਸ਼ਹੀਦ-ਏ-ਆਜਮ ਭਗਤ ਸਿੰਘ ਦਾ ਸੀ, ਦੇਸ ਦੇ ਸਭ ਤੋਂ ਵੱਡੇ ਕ੍ਰਾਂਤੀਕਾਰੀ ਤੇ ਅੰਗ੍ਰੇਜੀ ਹਕੂਮਤ ਦੀਆਂ ਜੜ੍ਹਾਂ ਨੂੰ ਆਪਣੇ ਹੌਂਸਲੇ ਨਾਲ ਹਿਲਾ ਦੇਣ ਵਾਲੇ ਭਗਤ ਸਿੰਘ ਮਹਿਜ 23 ਸਾਲ ਦੀ ਉਮਰ 'ਚ ਦੇਸ਼ ਦੀ ਆਜਾਦੀ ਲਈ ਕੁਰਬਾਨੀ ਦਿੱਤੀ। 23 ਮਾਰਚ ਨੂੰ ਦੇਸ਼ ਵਾਸੀ ਸ਼ਹੀਦ ਭਗਤ ਸਿੰਘ ਤੇ ਉਨ੍ਹਾਂ ਦੇ ਸਾਥੀ ਰਾਜਗੁਰੂ ਤੇ ਸੁਖਦੇਵ ਸਣੇ ਉਨ੍ਹਾਂ ਦੀ ਸ਼ਹਾਦਤ ਨੂੰ ਯਾਦ ਕਰਦੇ ਹਨ।

ਭਗਤ ਸਿੰਘ ਦਾ ਜਨਮ ਤੇ ਜੀਵਨ

ਭਗਤ ਸਿੰਘ ਦਾ ਜਨਮ 28 ਸਤੰਬਰ 1907 ਨੂੰ ਪਿਤਾ ਕਿਸ਼ਨ ਸਿੰਘ ਦੇ ਘਰ ਮਾਤਾ ਵਿਦਿਆਵਤੀ ਦੀ ਕੁੱਖੋਂ ਹੋਇਆ। ਭਗਤ ਸਿੰਘ ਦਾ ਜੱਦੀ ਪਿੰਡ ਖਟਕੜ ਕਲਾਂ (ਜਿਲ੍ਹਾਂ ਨਵਾਂ ਸ਼ਹਿਰ) ਸੀ, ਪਰ ਇਹ ਪਰਿਵਾਰ ਇਥੋਂ ਲਾਇਲਪੁਰ ਦੇ ਬਾਰ ਇਲਾਕੇ ਵਿੱਚ ਜਾ ਵਸਿਆ ਸੀ। ਭਗਤ ਸਿੰਘ ਦਾ ਪਰਿਵਾਰ ਮੁੱਢ ਤੋਂ ਹੀ ਕ੍ਰਾਂਤੀਕਾਰੀ ਸੀ। ਛੋਟੇ ਹੁੰਦਿਆਂ 14 ਅਪਰੈਲ 1919 ਦੇ ਦਿਨ ਜਲਿਆਂਵਾਲੇ ਬਾਗ਼ ਦੀ ਘਟਨਾ ਨੇ ਭਗਤ ਸਿੰਘ ਦੇ ਮਨ 'ਤੇ ਬਹੁਤ ਡੂੰਘਾ ਅਸਰ ਪਾਇਆ। ਭਗਤ ਸਿੰਘ ਨੇ ਮਹਿਜ 14 ਸਾਲ ਦੀ ਉਮਰ 'ਚ ਹੀ ਜੁਲਮ ਦੇ ਖਿਲਾਫ਼ ਆਵਾਜ ਬੁਲੰਦ ਕਰ ਲਈ ਸੀ। ਭਗਤ ਸਿੰਘ ਨੇ ਵਿਆਹ ਕਰਵਾਉਣ ਤੋਂ ਇਨਕਾਰ ਕਰ ਦਿੱਤਾ ਅਤੇ ਪਰਿਵਾਰ ਨੂੰ ਦੱਸਿਆ ਕਿ ਉਹ ਆਪਣਾ ਜੀਵਨ ਦੇਸ਼ ਦੀ ਆਜਾਦੀ ਲਈ ਵਾਰਨਾ ਚਾਹੁੰਦੇ ਹਨ।

ਇਨਕਲਾਬੀ ਲਹਿਰ ਦੇ ਆਗੂ

ਸਾਲ 1921-1922 'ਚ ਲਾਹੌਰ ਵਿਖੇ ਦੇਸ਼ ਭਗਤਾਂ ਦੁਆਰਾ ਨੈਸ਼ਨਲ ਕਾਲਜ ਬਣਾਇਆ ਗਿਆ ਜਿਸ 'ਚ ਭਗਤ ਸਿੰਘ ਨੂੰ ਇੱਕ ਕਠਿਨ ਪ੍ਰੀਖਿਆ ਪਾਸ ਕਰਕੇ ਕਾਲਜ ਦੇ ਪਹਿਲੇ ਸਾਲ 'ਚ ਦਾਖਲਾ ਮਿਲ ਗਿਆ। ਇਥੇ ਜੈਦੇਵ ਗੁਪਤਾ ਅਤੇ ਉਨ੍ਹਾਂ ਦੀ ਕਲਾਸ 'ਚ ਪੜ੍ਹਦੇ ਸਨ। ਭਗਤ ਸਿੰਘ ਦੇ ਸਾਥੀ ਸੁਖਦੇਵ ਤੇ ਰਾਜਗੁਰੂ ਨਾਲ ਕਾਲਜ ਦਾ ਇਹ ਸਾਥ ਫਾਂਸੀ ਦੇ ਤਖ਼ਤੇ ਤੱਕ ਗਿਆ।

ਅਜਿਹੀ ਦੋਸਤੀ ਸ਼ਾਇਦ ਹੀ ਕਿਸੇ ਨੇ ਅੱਜ ਤੱਕ ਨਿਭਾਈ ਹੋਵੇ। ਕਾਲਜ 'ਚ ਪੜ੍ਹਾਈ ਦੇ ਦੌਰਾਨ ਉਨ੍ਹਾਂ ਨੇ ਕਾਲਜ ਦੇ ਨੈਸ਼ਨਲ ਨਾਟਕ ਕਲੱਬ ਦੇ ਅੰਤਰਗਤ ਇਨਕਲਾਬੀ ਡਰਾਮੇ ਖੇਡੇ। ਸੋਹਣੀ ਸ਼ਕਲ ਸੂਰਤ ਅਤੇ ਸੁਰੀਲੀ ਅਵਾਜ਼ ਦੀ ਬਦੌਲਤ ਭਗਤ ਸਿੰਘ ਨੇ ਬਹੁਤ ਸਾਰੇ ਨਾਟਕਾਂ 'ਚ ਨਾਇਕ ਦੀ ਭੂਮਿਕਾ ਨਿਭਾਉਂਦੇ ਹੋਏ ਇਨਕਲਾਬੀ ਗੀਤ ਗਾਏ। ਅੰਗਰੇਜ਼ ਸਰਕਾਰ ਵੱਲੋਂ ਇਸ ਕਲੱਬ 'ਤੇ ਇਨਕਲਾਬੀ ਨਾਟਕ ਖੇਡਣ ਕਾਰਨ ਪਾਬੰਦੀ ਲਗਾ ਦਿੱਤੀ ਗਈ।

ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਨੇ ਸਾਰੀ ਇਨਕਲਾਬੀ ਲਹਿਰ ਨੂੰ ਧਰਮ-ਨਿਰਪੱਖ ਬਣਾਉਣ ਦਾ ਯਤਨ ਕੀਤਾ। ਉਹ ਲਾਲਾ ਲਾਜਪਤ ਰਾਏ ਦਾ ਸਤਿਕਾਰ ਕਰਦੇ ਸਨ। ਭਗਤ ਸਿੰਘ ਦੇ ਵਿਚਾਰਾਂ ਨੂੰ ਸੁਣ ਕੇ ਲਾਲਾ ਜੀ ਨੇ ਉਸ ਨੂੰ ਇੱਕ ਵਾਰ ਰੂਸੀ ਏਜੰਟ ਵੀ ਕਿਹਾ ਸੀ। ਭਗਤ ਸਿੰਘ ਨੇ ਸਾਰੀ ਇਨਕਲਾਬੀ ਲਹਿਰ ਨੂੰ ਇਨਕਲਾਬ ਜ਼ਿੰਦਾਬਾਦ ਦਾ ਨਾਅਰਾ ਦਿੱਤਾ ਸੀ, ਜੋ ਅੱਗੇ ਚੱਲ ਕੇ ਸਾਰੇ ਦੇਸ਼ ਦਾ ਨਾਅਰਾ ਬਣ ਗਿਆ।

ਸਾਂਡਰਸ ਕਤਲ ਦੇ ਕੇਸ ਦਾ ਮੁਕੱਦਮਾ

ਸਾਂਡਰਸ ਕਤਲ ਦੇ ਕੇਸ ਦਾ ਮੁਕੱਦਮਾ 10 ਜੁਲਾਈ 1929 ਈ: ਨੂੰ ਜੇਲ 'ਚ ਹੀ ਵਿਸ਼ੇਸ਼ ਮੈਜਿਸਟ੍ਰੇਟ ਦੀ ਅਦਾਲਤ 'ਚ ਸ਼ੁਰੂ ਕੀਤਾ ਗਿਆ। ਇਸ ਮਾਮਲੇ 'ਚ 25 ਵਿਅਕਤੀ ਨਾਮਜ਼ਦ ਕੀਤੇ ਗਏ ਸਨ। ਇਨਕਲਾਬੀਆਂ ਨੇ ਇਸ ਮੁਕਦਮੇ ਪ੍ਰਤੀ ਕੋਈ ਖਾਸ ਗੰਭੀਰਤਾ ਨਹੀਂ ਦਿਖਾਈ। ਇੰਝ ਤਰ੍ਹਾਂ ਲੱਗਦਾ ਸੀ ਕਿ ਜਿਵੇਂ ਉਨ੍ਹਾਂ ਦਾ ਮਕਸਦ ਸਿਰਫ ਫਾਂਸੀ ਚੜਨ ਤੱਕ ਹੀ ਸੀਮਿਤ ਸੀ। ਸਰਦਾਰ ਭਗਤ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਦੇ ਮਾਮਲੇ ਦੀ ਕਾਰਵਾਈ ਲਈ ਇਕ ਟ੍ਰਿਬਿਊਨਲ ਗਠਿਤ ਕੀਤੀ ਗਈ। ਜਿਸ ਦੇ ਤਿੰਨ ਜੱਜ ਮੈਂਬਰ ਸਨ। ਇਸ ਟ੍ਰਿਬਿਊਨਲ ਨੇ 7 ਅਕਤੂਬਰ 1930 ਨੂੰ ਫੈਸਲਾ ਸੁਣਾਉਂਦੇ ਹੋਏ ਭਗਤ ਸਿੰਘ, ਸੁਖਦੇਵ ਥਾਪੜ ਅਤੇ ਸ਼ਿਵਰਾਮ ਰਾਜਗੁਰੂ ਨੂੰ ਫਾਂਸੀ ਦੀ ਸਜ਼ਾ ਸੁਣਾਈ

ਵੱਡੇ ਕ੍ਰਾਂਤੀਕਾਰੀ ਤੇ ਕਿਤਾਬਾਂ ਦਾ ਜਾਣੂੰਨ

ਸਰਦਾਰ ਭਗਤ ਸਿੰਘ ਜਿੱਥੇ ਇਕ ਵੱਡੇ ਕ੍ਰਾਂਤੀਕਾਰੀ ਸਨ, ਉੱਥੇ ਹੀ ਉਹ ਉੱਘੇ ਵਿਦਵਾਨ ਵੀ ਸਨ। ਉਨ੍ਹਾਂ ਨੇ ਇੰਨੀ ਛੋਟੀ ਉਮਰ 'ਚ ਬਹੁਤ ਵੱਡੀਆਂ ਪੁਲਾਘਾਂ ਭਰੀਆ। ਸਰਦਾਰ ਭਗਤ ਸਿੰਘ ਨੇ ਵਿਦੇਸ਼ੀ ਅਜ਼ਾਦੀ ਘੁਲਾਟੀਆਂ ਦੀਆਂ ਸਵੈ-ਜੀਵਨੀਆਂ ਦਾ ਭਾਰਤੀ ਭਾਸ਼ਾ 'ਚ ਅਨੁਵਾਦ ਕਰਨ ਦੇ ਨਾਲ-ਨਾਲ ਖੁਦ ਵੀ ਕਿਤਾਬਾਂ ਅਤੇ ਪਰਚੇ ਲਿਖੇ। ਉਨ੍ਹਾਂ ਨੂੰ ਕਿਤਾਬਾਂ ਪੜ੍ਹਨ ਦਾ ਸ਼ੌਕ ਜਾਣੂੰਨੀ ਹੱਦ ਤੱਕ ਸੀ। ਉਹ ਆਪਣੇ ਨਾਲ ਹਰ ਵੇਲੇ ਕਿਤਾਬ ਅਤੇ ਪਿਸਤੌਲ ਰੱਖਦੇ ਸਨ।

ਫਾਂਸੀ

ਭਗਤ ਸਿੰਘ, ਸੁਖਦੇਵ ਅਤੇ ਰਾਜਗੁਰੂ ਨੂੰ ਫਾਂਸੀ ਲਾਉਣ ਦੀ ਮਿਤੀ 24 ਮਾਰਚ, 1931 ਮੁਕਰਰ ਕੀਤੀ ਗਈ। ਪਰ ਲੋਕਾਂ ਦੀ ਭੀੜ 23 ਮਾਰਚ ਸਵੇਰ ਤੋਂ ਜੇਲ ਦੀ ਗੇਟ ਦੇ ਬਾਹਰ ਇਕੱਠੀ ਹੋਣ ਲੱਗੀ। ਲੋਕਾਂ ਦੀ ਬਗਾਵਤ ਤੋਂ ਡਰਦਿਆਂ ਅੰਗਰੇਜ਼ ਹਕੂਮਤ ਨੇ ਇੱਕ ਕੋਝੀ ਚਾਲ ਚਲਦਿਆਂ 23 ਮਾਰਚ, 1931 ਨੂੰ ਸ਼ਾਮ 7:30 ਵਜੇ ਫਾਂਸੀ ਦੇਣ ਦੀ ਯੋਜਨਾ ਬਣਾਈ।

ਫਾਂਸੀ ਤੋਂ ਪਹਿਲਾਂ ਜਦੋਂ ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਨੂੰ ਫਾਂਸੀ ਦੇ ਤੱਖਤੇ ਤੱਕ ਲਿਜਾਉਣ ਲਈ ਪੁਲਿਸ ਕਰਮਚਾਰੀ ਆਏ ਤਾਂ ਉਸ ਸਮੇਂ ਭਗਤ ਸਿੰਘ ਲੈਨਿਨ ਦੀ ਜੀਵਨੀ ਪੜ੍ਹ ਰਹੇ ਸਨ। ਭਗਤ ਸਿੰਘ ਨੇ ਕਿਹਾ ਰੁਕੋ ਇਕ ਕ੍ਰਾਂਤੀਕਾਰੀ ਦੂਜੇ ਕ੍ਰਾਂਤੀਕਾਰੀ ਨਾਲ ਮੁਲਾਕਾਤ ਕਰ ਰਿਹਾ ਹੈ। ਇਸ ਤੋਂ ਬਾਅਦ ਭਗਤ ਸਿੰਘ ਕਿਤਾਬ ਦਾ ਪੰਨਾ ਮੋੜ ਪੁਲਿਸ ਕਰਮਚਾਰੀਆਂ ਨਾਲ ਤੁਰ ਪਏ। ਕਿਤਾਬ ਦਾ ਮੁੜਿਆ ਹੋਇਆ ਪੰਨਾਂ ਇੰਝ ਕਹਿ ਰਿਹਾ ਸੀ ਜਿਵੇਂ ਕਿ ਇਹ ਸੰਘਰਸ਼ ਅਧੂਰਾ ਹੈ ਜੋ ਆਉਣ ਵਾਲੀ ਪੀੜ੍ਹੀ ਪੂਰਾ ਕਰੇਗੀ।

ਦੇਸ਼ ਨੂੰ ਆਜਾਦ ਕਰਵਾਉਣ ਲਈ ਭਗਤ ਸਿੰਘ ਨੇ ਆਪਣੇ ਹੋਰਨਾਂ ਦੋ ਸਾਥੀਆਂ ਰਾਜਗੁਰੂ ਤੇ ਸੁਖਦੇਵ ਨਾਲ 23 ਮਾਰਚ,1931 ਨੂੰ ਹੱਸਦੇ ਹੋਏ ਸ਼ਹੀਦੀ ਦਾ ਜਾਮ ਪੀਤਾ। ਈਟੀਵੀ ਭਾਰਤ ਇਨ੍ਹਾਂ ਮਹਾਨ ਸ਼ਹੀਦਾਂ ਦੀ ਸ਼ਹਾਦਤ ਨੂੰ ਸਲਾਮ ਕਰਦਾ ਹੈ।

# ਛੇ ਬੱਬਰਾਂ ਦੀ ਸ਼ਹਾਦਤ



ਜਦੋਂ ਮਨੁੱਖ ਵਿੱਚੋਂ ਅਦਬ ਤੇ ਦਲੇਰੀ ਖਤਮ ਹੋ ਜਾਂਦੀ ਹੈ, ਉਦੋਂ ਮਨੁੱਖਤਾ ਖਤਮ ਹੋ ਜਾਂਦੀ ਹੈ। ਲੰਬੀ ਗੁਲਾਮੀ ਤੋਂ ਛੁਟਕਾਰਾ ਪਾਉਣ ਲਈ ਪੰਜਾਬ ਦੀ ਧਰਤੀ ਤੋਂ ਅਨੇਕ ਲਹਿਰਾਂ ਚੱਲੀਆਂ। ਸਮੁੱਚੇ ਹਿੰਦੋਸਤਾਨ ਦੇ ਲੋਕ ਗੁਲਾਮੀ, ਅਨਪੜ੍ਹਤਾ ਅਤੇ ਗਰੀਬੀ ਕਾਰਨ ਸਾਹ-ਸੱਤਹੀਣ ਹੋ ਚੁੱਕੇ ਸਨ। ਦੇਸ਼ ਨੂੰ ਯੋਗ ਆਗੂਆਂ ਦੀ ਲੋੜ ਸੀ। ਪੰਜਾਬ ਦੀ ਧਰਤੀ ਨੂੰ ਗੁਰੂ ਸਾਹਿਬਾਨ ਨੇ ਕਰਮਯੋਗੀ ਬਣਾ ਕੇ ਅਣਖੀ ਜੀਵਨ ਜਿਉਣ ਦੀ ਗੁੜ੍ਹਤੀ ਦਿੱਤੀ ਹੋਈ ਹੈ।

ਜਦੋਂ ਅੰਗਰੇਜ਼ ਹਕੂਮਤ ਦੌਰਾਨ ਪੰਜਾਬ ਦੇ ਗੁਰਧਾਮ ਅੱਯਾਸ਼ ਮਹੰਤਾਂ, ਗੱਦੀਦਾਰਾਂ ਤੇ ਮਤਮੜ੍ਹੀਆਂ ਦੀਆਂ ਆਪਹੁਦਰੀਆਂ ਕਾਰਨ ਅਪਵਿੱਤਰ ਹੋ ਚੁੱਕੇ ਸਨ ਤਾਂ ਸਿੱਖ ਹਿੱਤਾਂ ਲਈ ਜੂਝਣ ਵਾਲੀ ਨਵੀਂ ਬਣੀ ਜਥੇਬੰਦੀ ਸ੍ਰੋਮਣੀ ਅਕਾਲੀ ਦਲ ਦੀ ਅਗਵਾਈ ਵਿਚ ਸਿੱਖ ਜਗਤ ਨੇ ਸ਼ਾਂਤਮਈ ਢੰਗ ਨਾਲ ਗੁਰਦੁਆਰਾ ਸੁਧਾਰ ਲਹਿਰ ਵਿਚ ਸ਼ਾਮਲ ਹੋ ਕੇ ਤਸੀਹੇ ਝੱਲਦਿਆਂ ਸ਼ਹੀਦੀਆਂ ਪ੍ਰਾਪਤ ਕੀਤੀਆਂ। ਇਨ੍ਹਾਂ ਦਿਨਾਂ ਵਿਚ ਹੀ ਸਿੱਖ ਸ਼ਹਾਦਤਾਂ ਅਤੇ ਗ੍ਰਿਫ਼ਤਾਰੀਆਂ ਦੌਰਾਨ ਅਕਾਲੀਆਂ ਵਿੱਚੋਂ ਹੀ ਇਕ ਗਰਮ ਦਲ ਤਿਆਰ ਹੋ ਗਿਆ। ਇਸ ਲਹਿਰ ਨੂੰ 'ਬੱਬਰ ਅਕਾਲੀ ਦਲ' ਦਾ ਨਾਂ ਦਿੱਤਾ ਗਿਆ। ਇਨ੍ਹਾਂ ਬੱਬਰ ਅਕਾਲੀਆਂ ਦਾ ਟੀਚਾ ਹਥਿਆਰਬੰਦ ਸੰਘਰਸ਼ ਵਿਚ ਅੰਗਰੇਜ਼ ਅਫ਼ਸਰਾਂ, ਝੋਲੀ ਚੁੱਕ, ਸੂਹੀਆਂ ਨੂੰ ਸਬਕ ਸਿਖਾਉਣਾ ਸੀ।

ਉੱਨੀ ਅਤੇ 21 ਮਾਰਚ 1921 ਨੂੰ ਸ੍ਰੀ ਨਨਕਾਣਾ ਸਾਹਿਬ ਦੇ ਖ਼ੂਨੀ ਸਾਕੇ ਤੋਂ ਛੇਤੀ ਪਿੱਛੋਂ ਹੁਸ਼ਿਆਰਪੁਰ ਵਿਖੇ ਸਿੱਖ ਐਜੂਕੇਸ਼ਨ ਕਾਨਫਰੰਸ ਦੌਰਾਨ ਮਾਸਟਰ ਮੋਤਾ ਸਿੰਘ ਪਤਾਰਾ ਅਤੇ ਜਲੰਧਰ ਸ਼ਹਿਰ ਦੀ ਬੁੱਕਲ ਵਿਚ ਵਸੇ ਪਿੰਡ ਬੜਿੰਗ ਦੇ ਜਥੇਦਾਰ ਕਿਸ਼ਨ ਸਿੰਘ ਗੜਗੱਜ ਦੀ ਅਗਵਾਈ ਵਿਚ ਇਨ੍ਹਾਂ ਜਾਨ ਤਲੀ 'ਤੇ ਰੱਖ ਕੇ ਜੂਝਣ ਵਾਲੇ ਗਰਮਦਲੀਏ ਮਰਜੀਵੜਿਆਂ ਦੀ ਇਕ ਖੁਫੀਆ ਮੀਟਿੰਗ ਹੋਈ। ਇਸ ਮੀਟਿੰਗ ਦੌਰਾਨ ਗੁਰਦੁਆਰਾ ਜਨਮ ਅਸਥਾਨ ਸ੍ਰੀ ਨਨਕਾਣਾ ਸਾਹਿਬ ਦੇ ਸ਼ਹੀਦੀ ਸਾਕੇ ਦੇ ਜ਼ਿੰਮੇਵਾਰ ਅਫ਼ਸਰਾਂ ਨੂੰ ਸੋਧਣ ਦਾ ਫੈਸਲਾ ਕੀਤਾ ਗਿਆ।

ਇਸ ਤੋਂ ਥੋੜ੍ਹੇ ਦਿਨਾਂ ਪਿੱਛੋਂ ਇਨ੍ਹਾਂ ਮਰਜੀਵੜਿਆਂ ਵਿੱਚੋਂ, ਜਿਨ੍ਹਾਂ ਨੂੰ ਇਹ ਕੰਮ ਸੌਂਪਿਆ ਗਿਆ ਸੀ, 23 ਮਈ 1921 ਨੂੰ ਖੁਫੀਆ ਏਜੰਸੀ ਦੀ ਸੂਹ 'ਤੇ ਗ੍ਰਿਫ਼ਤਾਰ ਕਰ ਲਿਆ ਗਿਆ। ਇਸ ਦੌਰਾਨ ਮਾਸਟਰ ਮੋਤਾ ਸਿੰਘ ਅਤੇ ਕਿਸ਼ਨ ਸਿੰਘ ਗੜਗੱਜ ਰੂਪੋਸ਼ ਹੋ ਗਏ। ਇਸ ਗੁਪਤਵਾਸ ਦੌਰਾਨ ਜਥੇਦਾਰ ਗੜਗੱਜ ਨੇ ਆਪਣਾ ਇਕ ਗੁਪਤ ਜੱਥਾ ਤਿਆਰ ਕੀਤਾ। ਇਸੇ ਦਾ ਨਾਂ 'ਚੱਕਰਵਰਤੀ ਜੱਥਾ' ਰੱਖਿਆ ਗਿਆ। ਇਸ ਜੱਥੇ ਦਾ ਕੰਮ ਪਿੰਡਾਂ ਦੇ ਲੋਕਾਂ ਵਿਚ ਅੰਗਰੇਜ਼ ਸ਼ਾਸਕਾਂ ਵਿਰੁੱਧ ਵਿਦਰੋਹ ਦੀ ਭਾਵਨਾ ਪੈਦਾ ਕਰਨੀ ਸੀ। ਹੁਸ਼ਿਆਰਪੁਰ ਵਿਚ ਜਥੇਦਾਰ ਕਰਮ ਸਿੰਘ ਦੌਲਤਪੁਰੀਏ ਨੇ ਵੀ ਇਸੇ ਲੀਹ 'ਤੇ ਚੱਲਦਿਆਂ ਆਪਣਾ ਜੱਥਾ ਤਿਆਰ ਕੀਤਾ। ਜੱਥੇ ਦਾ ਨਾਂ 'ਬੱਬਰ ਅਕਾਲੀ ਜੱਥਾ' ਰੱਖ ਦਿੱਤਾ ਗਿਆ।

ਇਸੇ ਦੌਰਾਨ ਅੰਗਰੇਜ਼ ਹਕੂਮਤ ਵੱਲੋਂ ਬੱਬਰ ਅਕਾਲੀਆਂ ਨੂੰ ਗ੍ਰਿਫ਼ਤਾਰ ਕਰਵਾਉਣ ਲਈ ਇਨਾਮ ਵੀ ਐਲਾਨੇ ਗਏ। ਸਰਕਾਰ ਦੀ ਸਖ਼ਤੀ ਕਾਰਨ ਅੰਦੋਲਨਕਾਰੀ ਸਿੱਖ ਨੌਜਵਾਨਾਂ ਲਈ ਅੰਦੋਲਨ ਚਲਾਉਣਾ ਔਖਾ ਹੋ ਰਿਹਾ ਸੀ। ਸੰਨ 1922-23 ਦੌਰਾਨ ਅਨੇਕਾਂ ਗਦਾਰਾਂ ਤੇ ਸਰਕਾਰ ਪੱਖੀ ਲੋਕਾਂ ਨੂੰ ਸੋਧਿਆ ਗਿਆ। ਜੂਨ 1924 ਵਿਚ ਲਾਇਲਪੁਰ (ਪਾਕਿਸਤਾਨ) ਹੁਣ ਫੈਸਲਾਬਾਦ ਜ਼ਿਲ੍ਹੇ ਵਿਚ ਵਰਿਆਮ ਸਿੰਘ ਦੀ ਸ਼ਹਾਦਤ ਪਿੱਛੋਂ ਸਮੁੱਚੇ ਪੰਜਾਬ ਵਿੱਚੋਂ ਬੱਬਰਾਂ ਦੀਆਂ ਗ੍ਰਿਫ਼ਤਾਰੀਆਂ ਸ਼ੁਰੂ ਹੋ ਗਈਆਂ। ਗੁਪਤ ਜਥੇਬੰਦੀ ਹੋਣ ਕਰਕੇ ਇਹ ਸਾਰੇ ਸਿੱਖ ਮਰਿਆਦਾ ਦਾ ਪਾਲਣ ਕਰਨ ਵਾਲੇ ਅਤੇ ਨਿੱਤਨੇਮ ਵਿਚ ਪਰਪੱਕ ਸਨ। ਅੰਗਰੇਜ਼ ਸਰਕਾਰ ਮੁਤਾਬਕ ਇਨ੍ਹਾਂ ਦੀ ਗਿਣਤੀ ਦੋ ਸੌ ਦੇ ਲਗਪਗ ਸੀ।

ਇਨ੍ਹਾਂ ਦਾ ਕੰਮ ਹਥਿਆਰ ਇਕੱਠੇ ਕਰ ਕੇ ਫ਼ੌਜੀਆਂ ਨੂੰ ਸਰਕਾਰ ਵਿਰੁੱਧ ਉਕਸਾਉਣਾ ਅਤੇ ਨੌਜਵਾਨਾਂ ਨੂੰ ਸੰਘਰਸ਼ ਲਈ ਤਿਆਰ ਕਰਨਾ ਸੀ। ਇਸ ਜਥੇਬੰਦੀ ਤੋਂ ਅੰਗਰੇਜ਼ ਹਕੂਮਤ ਇੰਨਾ ਘਬਰਾਈ ਹੋਈ ਸੀ ਕਿ ਪੁਲਿਸ ਦੀ ਮਦਦ ਲਈ ਫੌਜ ਵੀ ਤਾਇਨਾਤ ਕੀਤੀ ਗਈ। ਸਰਕਾਰ ਨੇ ਸਖਤੀ ਦਾ ਦੌਰ ਸ਼ੁਰੂ ਕੀਤਾ ਅਤੇ 98 ਬੱਬਰ ਅਕਾਲੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ। ਲਾਹੌਰ ਸੈਂਟਰਲ ਜੇਲ੍ਹ ਵਿਚ ਮੁਕੱਦਮਾ ਸ਼ੁਰੂ ਹੋਇਆ।

ਦੋ ਤਫਤੀਸ਼ ਦੌਰਾਨ ਸ਼ਹੀਦ ਹੋ ਗਏ। ਬਾਕੀਆਂ ਨੂੰ ਸੈਸ਼ਨ ਸਪੁਰਦ ਕੀਤਾ ਗਿਆ। ਅਠਾਈ ਫਰਵਰੀ 1925 ਨੂੰ ਫੈਸਲਾ ਹੋਇਆ ਤ 34 ਬੱਬਰਾਂ ਨੂੰ ਛੱਡ ਦਿੱਤਾ ਗਿਆ, 49 ਨੂੰ ਉਮਰ ਕੈਦ ਤੇ ਸਖ਼ਤ ਸਜ਼ਾਵਾਂ ਦਿੱਤੀਆਂ ਗਈਆਂ। ਛੇ ਬੱਬਰ ਅਕਾਲੀਆਂ ਨੂੰ 27 ਫਰਵਰੀ 1926 ਫਾਂਸੀ ਦੇ ਫੰਦੇ 'ਤੇ ਲਟਕਾਇਆ ਗਿਆ।

ਇਨ੍ਹਾਂ ਸ਼ਹਾਦਤ ਦਾ ਜਾਮ ਪੀਣ ਵਾਲਿਆਂ ਵਿਚ ਜਥੇਦਾਰ ਕਿਸ਼ਨ ਸਿੰਘ ਗੜਗੱਜ, ਬਾਬੂ ਸੰਤਾ ਸਿੰਘ ਛੋਟੀ ਹਰਿਓ, ਭਾਈ ਦਲੀਪ ਸਿੰਘ ਧਾਮੀਆਂ, ਭਾਈ ਕਰਮ ਸਿੰਘ ਹਰੀਪੁਰ, ਭਾਈ ਨੰਦ ਸਿੰਘ ਘੁੜਿਆਲ ਤੇ ਭਾਈ ਧਰਮ ਸਿੰਘ ਹਯਾਤਪੁਰ ਸ਼ਾਮਲ ਸਨ। ਇਨ੍ਹਾਂ ਮਹਾਨ ਸ਼ਹੀਦਾਂ ਦਾ ਸਸਕਾਰ ਲਾਹੌਰ ਵਿਖੇ ਰਾਵੀ ਦਰਿਆ ਦੇ ਕਿਨਾਰੇ ਕੀਤਾ ਗਿਆ। ਇਨ੍ਹਾਂ ਕੌਮੀ ਸ਼ਹੀਦਾਂ ਨੂੰ ਪ੍ਰਣਾਮ।

ਭਗਵਾਨ ਸਿੰਘ ਜੌਹਲ

# ਏ ਆਈ ਸੰਮੇਲਨ ਦੇ ਸੰਦੇਸ਼ ਤੇ ਭਾਰਤ ਦੀ ਸਥਿਤੀ

ਇੰਡੀਆ ਏ ਆਈ ਇੰਪੈਕਟ ਸਮਿਟ' ਦੇ ਇੱਕ ਛਿਣ ਨੇ ਹੀ ਐਲਾਨਨਾਮੇ ਨਾਲੋਂ ਵੱਧ ਗੱਲਾਂ ਸਾਫ ਕਰ ਦਿੱਤੀਆਂ। ਇੱਕ ਯੂਨੀਵਰਸਿਟੀ ਦੇ ਖੇਮੇ ਵਿਚ ਅਜਿਹਾ ਰੋਬੋਟਿਕ ਸਿਸਟਮ ਪੇਸ ਕੀਤਾ ਗਿਆ ਜਿਸ ਨੂੰ ਉਨ੍ਹਾਂ ਦੇ ਨੁਮਾਇੰਦਿਆਂ ਨੇ ਪਹਿਲਾਂ 'ਸਵਦੇਸੀ' ਦੱਸਿਆ, ਪਰ ਕੁਝ ਹੀ ਘੰਟਿਆਂ ਬਾਅਦ ਪਤਾ ਲੱਗਾ ਕਿ ਇਹ ਵਪਾਰਕ ਤੌਰ 'ਤੇ ਉਪਲਬਧ ਇੱਕ ਚੀਨੀ ਰੋਬੋਟਿਕ 'ਡੌਗ' ਹੈ। ਉਨ੍ਹਾਂ ਨੂੰ ਆਪਣੀ ਪ੍ਰਦਰਸਨੀ ਫੌਰੀ ਹਟਾਉਣ ਲਈ ਕਿਹਾ ਗਿਆ ਤੇ ਮਗਰੋਂ ਇਸ ਘਟਨਾਕ੍ਰਮ ਲਈ ਮੁਆਫੀ ਵੀ ਮੰਗੀ ਗਈ। ਇਹ ਘਟਨਾ ਭਾਵੇਂ ਮਾਮੂਲੀ ਸੀ, ਪਰ ਇਸ ਤੋਂ ਮਿਲਿਆ ਸੰਕੇਤ ਨਹੀਂ। ਏ ਆਈ (ਆਰਟੀਫੀਸ਼ੀਅਲ ਇੰਟੈਲੀਜੈਂਸ) ਵਿੱਚ ਭਾਰਤ ਦੀ ਹਕੂਮਤ ਦਾ ਬਿਰਤਾਂਤ ਅਜੇ ਵੀ ਇੱਕ ਅਜਿਹੇ 'ਗਲੋਬਲ ਸਟੈਕ' (ਡਿਜੀਟਲ ਤਕਨੀਕਾਂ ਦਾ ਸੰਗ੍ਰਹਿ) 'ਤੇ ਨਿਰਭਰ ਹੈ ਜਿਸ 'ਤੇ ਉਸ ਦਾ ਕੰਟਰੋਲ ਨਹੀਂ ਹੈ।

ਸੰਮੇਲਨ ਦਾ 'ਦਿੱਲੀ ਐਲਾਨਨਾਮਾ' ਇਸ ਗੱਲ ਨੂੰ ਮੰਨਦਾ ਹੈ ਕਿ ਏ ਆਈ ਦੇ ਫਾਇਦੇ ਸਮੁੱਚੀ ਮਨੁੱਖਤਾ ਨਾਲ ਸਾਂਝੇ ਕੀਤੇ ਜਾਣੇ ਚਾਹੀਦੇ ਹਨ। ਇਹ ਇੱਕ ਬੁਨਿਆਦੀ ਸਿਧਾਂਤ ਹੈ, ਹਾਲਾਂਕਿ ਇਸ ਸਿਧਾਂਤ 'ਤੇ ਅਮਲ ਮਰਜੀ 'ਤੇ ਨਿਰਭਰ ਕਰਦਾ ਹੈ। ਇਸ ਵਿੱਚ 'ਤਵੱਜੋ ਦੇਣ' ਅਤੇ 'ਸਵੀਕਾਰਨ' ਵਰਗੇ ਸਬਦ ਹਨ। ਪਰ ਇਹ ਕਿਸੇ 'ਤੇ ਬੰਧੇਜ ਨਹੀਂ ਹੈ। ਅਰਥ ਸਾਸਤਰ ਅਤੇ ਕੂਟਨੀਤੀ ਵਿੱਚ ਵਾਅਦੇ ਲਾਗੂ ਹੋਏ ਬਿਨਾਂ ਸਿਰਫ ਲਹਿਜਾ ਤੈਅ ਕਰਦੇ ਹਨ, ਲਾਭ ਨਹੀਂ।

ਕੌਮਾਂਤਰੀ ਏ ਆਈ ਸੰਮੇਲਨਾਂ ਦੀ ਲੜੀ ਵਿੱਚ ਇਹ ਚੌਥਾ ਸੰਮੇਲਨ ਸੀ। ਦਿੱਲੀ ਵਾਲਾ ਸੰਮੇਲਨ ਅਜਿਹਾ ਪਹਿਲਾ ਸੀ ਜਿਸ ਦੀ ਮੇਜਬਾਨੀ ਕਿਸੇ 'ਗਲੋਬਲ ਸਾਊਥ' (ਵਿਕਾਸਸ਼ੀਲ ਮੁਲਕ) ਦੇਸ ਦੁਆਰਾ ਕੀਤੀ ਗਈ ਸੀ। ਪ੍ਰਤੀਕਾਤਮਕ ਤੌਰ 'ਤੇ ਇਹ ਮਹੱਤਵਪੂਰਨ ਸੀ। ਪਰ ਏ ਆਈ ਵਿੱਚ ਦਬਦਬਾ ਇਸ ਗੱਲ ਨਾਲ ਕਾਇਮ ਨਹੀਂ ਹੋਵੇਗਾ ਕਿ ਤੁਸੀਂ ਕ੍ਰਮ ਵਿੱਚ ਕਿਹੜੇ ਨੰਬਰ 'ਤੇ ਹੋ, ਅਜਿਹਾ ਕਰਨ ਲਈ ਵਾਗਡੋਰ ਹੱਥਾਂ 'ਚ ਲੈਣ ਦੀ ਲੋੜ ਹੈ। ਏ ਆਈ ਨਾਲ ਸਬੰਧਿਤ ਜਿਆਦਾਤਰ ਤਾਲਮੇਲ ਅੱਜ 'ਸਾਫਟ ਲਾਅ' ਜਾਂ ਅਰਧ-ਕਾਨੂੰਨੀ ਢੰਗਾਂ, ਮਿਆਰਾਂ, ਮਾਪਦੰਡਾਂ, ਖਰੀਦ ਨਿਯਮਾਂ ਤੇ ਸਾਖ ਦੇ ਦਬਾਅ ਕਾਰਨ ਹੁੰਦਾ ਹੈ। ਮੁੱਦਾ ਇਹ ਨਹੀਂ ਹੈ ਕਿ ਕੀ ਦਿੱਲੀ 'ਚ ਇਸ ਮੌਕੇ ਕੋਈ ਸੰਧੀ ਹੋਈ ਹੈ, ਸਗੋਂ ਇਹ ਹੈ ਕਿ ਕੀ ਇਸ ਨੇ ਅਜਿਹੇ ਸਾਧਨ ਬਣਾਏ ਹਨ ਜੋ ਰਵੱਈਏ ਨੂੰ ਬਦਲ ਸਕਣ। ਘੋਸਣਾ ਪੱਤਰ ਨੇ ਪਲੈਟਫਾਰਮ ਅਤੇ ਰੂਪ-ਰੇਖਾ ਤਾਂ ਘੜੀ ਹੈ, ਪਰ ਦੋਵਾਂ ਵਿਚੋਂ ਕਿਸੇ ਲਈ ਵੀ ਇਹ ਜਰੂਰੀ ਨਹੀਂ ਬਣਾਇਆ ਕਿ ਉਹ ਜਾਣਕਾਰੀ ਉਪਲਬਧ ਕਰਾਉਣ। ਕਿਸੇ ਲਈ ਵੀ ਤਸਦੀਕ ਲਾਜਮੀ ਨਹੀਂ ਹੈ। ਕਿਸੇ ਵੀ ਸੰਸਥਾ ਨੂੰ ਸਪੱਸਟ ਤੌਰ 'ਤੇ ਹਦਾਇਤਾਂ ਲਾਗੂ ਕਰਨ ਦਾ ਕੰਮ ਨਹੀਂ ਸੌਂਪਿਆ ਗਿਆ ਹੈ। ਇਕ ਡੂੰਘੀ ਵੰਡ ਵੀ ਸੰਮੇਲਨ ਵਿਚ ਉੱਭਰ ਕੇ ਸਾਹਮਣੇ ਆਈ। ਸੰਯੁਕਤ ਰਾਸਟਰ ਨੇ ਤਾਲਮੇਲ ਵਾਲੀ




ਨਿਗਰਾਨੀ ਦੀ ਦਲੀਲ ਦਿੱਤੀ ਅਤੇ ਚਿਤਾਵਨੀ ਦਿੱਤੀ ਕਿ 'ਕੰਪਿਊਟ' (ਵਿਸ਼ੇਸ਼ ਹਾਰਡਵੇਅਰ) ਤੱਕ ਸਾਂਝੀ ਪਹੁੰਚ ਤੋਂ ਬਿਨਾਂ, ਵਿਕਾਸਸੀਲ ਅਰਥਚਾਰਿਆਂ ਦੇ ਪੱਛੜਨ ਦਾ ਖਤਰਾ ਹੈ। ਇਹ ਅਨੁਮਾਨ ਲਾਇਆ ਗਿਆ ਹੈ ਕਿ ਲਗਭਗ 3 ਅਰਬ ਡਾਲਰ ਵਿਕਾਸਸੀਲ ਦੇਸਾਂ ਨੂੰ 'ਕੰਪਿਊਟ' ਸਿਸਟਮ ਤੱਕ ਸਾਰਥਕ ਪਹੁੰਚ ਪ੍ਰਦਾਨ ਕਰ ਸਕਦੇ ਹਨ। ਅਮਰੀਕੀ ਵਫਦ ਨੇ ਆਲਮੀ ਪ੍ਰਬੰਧਕੀ ਢਾਂਚੇ ਦੇ ਵਿਚਾਰ ਨੂੰ ਰੱਦ ਕਰ ਦਿੱਤਾ। ਯੂਰੋਪੀਅਨ ਪ੍ਰਤੀਨਿਧਾਂ ਨੇ ਰੈਗੂਲੇਟਰੀ ਸੁਰੱਖਿਆ ਘੇਰੇ ਨੂੰ ਮਜਬੂਤ ਕਰਨ ਦੀ ਗੱਲ ਕੀਤੀ। ਚੀਨ, ਜੋ ਕਿ ਏ ਆਈ ਸਮਰੱਥਾ ਅਤੇ ਚਿਪ ਸਪਲਾਈ ਲਈ ਬੇਹੱਦ ਜਰੂਰੀ ਹੈ, ਦਿੱਲੀ 'ਚੋਂ ਉੱਭਰ ਰਹੇ ਪ੍ਰਸਾਸਕੀ ਢਾਂਚੇ ਵਿੱਚ ਸੰਸਥਾਗਤ ਤੌਰ 'ਤੇ ਸਾਮਲ ਨਹੀਂ ਹੋਇਆ। ਭਾਰਤ ਨੇ ਖੁਦ ਨੂੰ ਵਿਕਸਿਤ ਅਰਥਚਾਰਿਆਂ ਅਤੇ ਵਿਕਾਸਸ਼ੀਲ ਮੁਲਕਾਂ ਵਿਚਕਾਰ ਇੱਕ ਪੁਲ ਦੱਸਿਆ। ਪਰ ਪੁਲ ਨੂੰ ਦੋਵੇਂ ਪਾਸਿਓਂ ਸਥਿਰਤਾ ਦੀ ਲੋੜ ਹੁੰਦੀ ਹੈ।

ਸਭ ਤੋਂ ਵੱਡਾ ਵਿਰੋਧਾਭਾਸ ਭਾਰਤ ਦੇ ਆਪਣੇ ਮੰਚ 'ਤੇ ਹੀ ਉੱਭਰ ਕੇ ਸਾਹਮਣੇ ਆਇਆ। ਪ੍ਰਮੁੱਖ ਏ ਆਈ ਕੰਪਨੀਆਂ ਨੇ ਏਕਾਧਿਕਾਰ ਦੇ ਖਤਰਿਆਂ ਨੂੰ ਸਵੀਕਾਰ ਕਰਦਿਆਂ ਕੌਮਾਂਤਰੀ ਤਾਲਮੇਲ ਦਾ ਸੱਦਾ ਦਿੱਤਾ। ਜਿਹੜੀਆਂ ਕੰਪਨੀਆਂ ਇਸ ਖੇਤਰ ਵਿੱਚ ਮੋਹਰੀ ਹਨ, ਉਹ ਖੁਦ ਨਿਗਰਾਨੀ ਦੀ ਮੰਗ ਕਰ ਰਹੀਆਂ ਸਨ, ਜਦੋਂ ਕਿ ਉਨ੍ਹਾਂ ਦੀਆਂ ਸਰਕਾਰਾਂ ਇਸ ਤੋਂ ਇਨਕਾਰ ਕਰ ਰਹੀਆਂ ਹਨ। ਇਹ ਮੱਤਭੇਦ ਕਾਰਪੋਰੇਟ ਜਗਤ ਦੀ ਤਾਲਮੇਲ ਦੀ ਮੰਗ ਅਤੇ ਖੁਦਮੁਖਤਿਆਰ ਸਰਕਾਰ ਦੇ ਵਿਰੋਧ ਨੂੰ ਦਰਸਾਉਂਦਾ ਹੈ ਕਿ ਸਿਰਫ ਇੱਕ ਮੰਚ 'ਤੇ ਇਕੱਤਰ ਹੋਣ ਅਤੇ ਅਸਲ ਮੁੱਦਿਆਂ ਨੂੰ ਸੰਬੋਧਨ ਕਰਨ ਵਿਚਾਲੇ ਫਰਕ ਹੁੰਦਾ ਹੈ। ਵੱਖ-ਵੱਖ ਧਿਰਾਂ ਨੂੰ ਇੱਕ ਮੰਚ 'ਤੇ ਲਿਆਉਣ ਦਾ ਮਤਲਬ ਇਹ ਨਹੀਂ ਕਿ ਉਨ੍ਹਾਂ ਦੇ ਉਦੇਸ ਵੀ ਇੱਕੋ ਹੀ ਹੋ ਜਾਣਗੇ।

ਸੰਸਥਾਗਤ ਅਸੰਤੁਲਨ ਏ ਆਈ ਦੇ ਢਾਂਚੇ ਵਿੱਚ ਹੀ ਪਿਆ ਹੋਇਆ ਹੈ। ਇਹ ਤਿੰਨ ਪਰਤਾਂ 'ਤੇ ਟਿਕਿਆ ਹੋਇਆ ਹੈ: ਕੰਪਿਊਟ (ਹਾਰਡਵੇਅਰ), ਮਾਡਲ (ਕੰਪਿਊਟਰ ਪ੍ਰੋਗਰਾਮ) ਤੇ ਐਪਲੀਕੇਸਨ (ਸਾਫਟਵੇਅਰ ਸਿਸਟਮ)। ਭਾਰਤ 'ਐਪਲੀਕੇਸਨ' 'ਚ ਮਜਬੂਤ ਹੈ। ਯੂ ਪੀ ਆਈ, ਆਧਾਰ ਤੇ 'ਭਾਸਿਨੀ' ਵਰਗੇ ਬਹੁ-ਭਾਸਾਈ ਪਲੈਟਫਾਰਮ ਰਾਸਟਰੀ ਪੱਧਰ 'ਤੇ ਕੰਮ ਕਰ ਰਹੇ ਹਨ। ਇਹ ਸਾਰੇ ਭਰੋਸੇਯੋਗ ਨਮੂਨੇ ਹਨ। 'ਮਾਡਲ' ਪੱਧਰ 'ਤੇ ਦੇਸੀ ਕੰਪਨੀਆਂ ਨੇ ਭਾਰਤੀ ਸੰਦਰਭਾਂ ਅਨੁਸਾਰ ਭਾਸਾ ਮਾਡਲ ਲਾਂਚ ਕਰਨੇ ਸੁਰੂ ਕਰ ਦਿੱਤੇ ਹਨ। ਕੰਪਿਊਟ 'ਸਭ ਤੋਂ ਵੱਡੀ ਰੁਕਾਵਟ' ਬਣਿਆ ਹੋਇਆ ਹੈ। ਭਾਰਤ ਵੱਲੋਂ ਜੀ ਪੀ ਯੂ ਪੂਲ (ਗਰਾਫਿਕਸ ਪ੍ਰੋਸੈਸਿੰਗ ਯੂਨਿਟ) ਦਾ ਵਿਸਥਾਰ ਇੱਕ ਅਹਿਮ ਨੀਤੀ ਹੈ। ਪਰ ਦੁਨੀਆ ਵਿੱਚ ਹੋਰ ਥਾਵਾਂ 'ਤੇ 'ਫਰੰਟੀਅਰ ਕਲੱਸਟਰ' ਜਾਂ ਸੁਪਰਕੰਪਿਊਟਰ ਬਹੁਤ ਵੱਡੇ ਪੱਧਰ 'ਤੇ ਕੰਮ ਕਰ ਰਹੇ ਹਨ। ਕੰਪਿਊਟ ਸਿਰਫ ਹਾਰਡਵੇਅਰ ਨਹੀਂ ਹੈ। ਇਸ ਵਿੱਚ ਸਪਲਾਈ ਚੇਨ, ਬਰਾਮਦ ਨਿਯੰਤਰਨ, ਊਰਜਾ ਸਮਰੱਥਾ, ਕਲਾਊਡ ਤੱਕ ਪਹੁੰਚ ਅਤੇ ਕੀਮਤ ਨਿਰਧਾਰਤ ਕਰਨ ਦੀ ਸਮਰੱਥਾ ਹੈ। ਦੇਸ਼ ਤੋਂ ਬਾਹਰੋਂ ਚਲਾਏ ਜਾ ਰਹੇ 'ਕੰਪਿਊਟ' ਉਤੇ ਟਿਕੀ ਹੋਈ ਸਾਡੀ 'ਐਪਲੀਕੇਸਨ' ਦੀ ਤਾਕਤ ਅਸਲ ਵਿੱਚ ਨਿਰਭਰਤਾ ਹੈ।

ਇੱਥੇ ਦੋ ਸਪੱਸ਼ਟ ਸੰਦੇਸ਼ ਹਨ: ਗਲੋਬਲ ਸਾਊਥ (ਵਿਕਾਸਸੀਲ ਦੇਸਾਂ) ਲਈ ਇਹ ਐਲਾਨਨਾਮਾ ਇੱਕ ਸੁਰੂਆਤ ਹੈ, ਹੱਲ ਨਹੀਂ। ਸਮੂਲੀਅਤ ਇਸ ਗੱਲ 'ਤੇ ਨਿਰਭਰ ਕਰੇਗੀ ਕਿ 'ਕੰਪਿਊਟ' ਤੱਕ ਪਹੁੰਚ ਕਿਸ ਦੀ ਹੈ, ਮੁਲਾਂਕਣ ਦੇ ਮਾਪਦੰਡ ਕੌਣ ਤੈਅ ਕਰਦਾ ਹੈ ਅਤੇ ਖਰੀਦ ਦੇ ਨਿਯਮ ਕੌਣ ਬਣਾਉਂਦਾ ਹੈ। ਭਾਰਤ ਦੇ ਸਰਕਾਰੀ ਡਿਜੀਟਲ ਢਾਂਚੇ ਦੀ ਦੂਜੇ ਮੁਲਕਾਂ ਵਿਚ ਨਕਲ ਕੀਤੀ ਜਾ ਸਕਦੀ ਹੈ, ਪਰ ਇਸ ਦੇ ਲਈ ਉਨ੍ਹਾਂ ਸਰੋਤਾਂ ਦੀ ਲੋੜ ਹੈ ਜੋ ਫਿਲਹਾਲ ਬਹੁਤ ਸਾਰੇ ਵਿਕਾਸਸੀਲ ਅਰਥਚਾਰਿਆਂ ਕੋਲ ਨਹੀਂ ਹਨ। ਵਿਕਸਤ ਅਰਥਚਾਰਿਆਂ ਲਈ ਸੁਨੇਹਾ ਵੱਖਰਾ ਹੈ; ਏ ਆਈ 'ਚ ਅਗਵਾਈ ਕਰਨ ਵਾਲੀਆਂ ਫਰਮਾਂ ਤਾਲਮੇਲ ਚਾਹੁੰਦੀਆਂ ਹਨ, ਪਰ ਸਰਕਾਰਾਂ ਇਕਸੁਰ ਨਹੀਂ ਹਨ। ਜੇਕਰ ਵੱਡੀਆਂ ਤਾਕਤਾਂ ਨੇਮਾਂ ਦੀ ਰੂਪ-ਰੇਖਾ 'ਤੇ ਸਹਿਮਤ ਨਹੀਂ ਹੁੰਦੀਆਂ ਤਾਂ ਇਸ ਖੇਤਰ ਵਿੱਚ ਇਕਸੁਰਤਾ ਕਾਇਮ ਨਹੀਂ ਕੀਤੀ ਜਾ ਸਕੇਗੀ, ਜਿਸ ਦਾ ਨੁਕਸਾਨ ਵਿਕਾਸਸੀਲ ਦੇਸਾਂ ਨੂੰ ਹੋਵੇਗਾ। ਅਮਰੀਕਾ ਦੀ ਅਗਵਾਈ ਹੇਠਲੀ ਪਹਿਲਕਦਮੀ 'ਏ ਆਈ ਸਪਲਾਈ-ਚੇਨ' ਵਿੱਚ ਸਾਮਲ ਹੋਣ ਦਾ ਭਾਰਤ ਦਾ ਫੈਸਲਾ ਸੰਤੁਲਨ ਬਣਾਉਣ ਦੀ ਇੱਕ ਕੋਸਿਸ ਹੈ। ਇਹ ਸਫਬੰਦੀ ਪਹੁੰਚ ਨੂੰ ਤਾਂ ਮਜਬੂਤ ਕਰ ਸਕਦੀ ਹੈ, ਪਰ ਨਿਰਪੱਖਤਾ ਦੀ ਗੁੰਜਾਇਸ ਘਟਾਉਂਦੀ ਹੈ। ਅਸਲ ਪ੍ਰੀਖਿਆ ਇਹ ਹੋਵੇਗੀ ਕਿ ਭਾਰਤ ਬਦਲੇ ਵਿੱਚ ਕੀ ਹਾਸਲ ਕਰਦਾ ਹੈ- ਮਾਪਦੰਡਾਂ 'ਚ ਰਸੂਖ, 'ਕੰਪਿਊਟ' ਤੱਕ ਪਹੁੰਚ ਜਾਂ ਬਰਾਮਦ ਕੰਟਰੋਲ ਪ੍ਰਣਾਲੀ 'ਚ ਢਿੱਲ।

ਸੰਮੇਲਨ ਵਿੱਚ ਇਸ ਖੇਤਰ ਨਾਲ ਜੁੜੇ ਕਾਮਿਆਂ ਨਾਲ ਸਬੰਧਤ ਫਿਕਰਾਂ ਬਾਰੇ ਕੁਝ ਵੀ ਨਹੀਂ ਕਿਹਾ ਗਿਆ, ਜੋ ਕਿ ਚਿੰਤਾ ਦਾ ਵਿਸ਼ਾ ਹੈ। ਹਾਲਾਂਕਿ ਵਿਸਾ 'ਸਾਰਿਆਂ ਦੀ ਭਲਾਈ, ਸਭ ਦੀ ਖੁਸੀ' ਸੀ, ਪਰ ਭਾਰਤ ਦੇ 58 ਲੱਖ ਆਈ ਟੀ ਕਰਮਚਾਰੀਆਂ ਦੀ ਸੰਮੇਲਨ ਦੇ ਤਾਕਤਵਰ ਮੰਚਾਂ 'ਤੇ ਕੋਈ ਸੰਗਠਿਤ ਨੁਮਾਇੰਦਗੀ ਨਹੀਂ ਸੀ। ਆਈ ਐੱਮ ਐੱਫ ਅਨੁਸਾਰ ਦੁਨੀਆ ਦੀਆਂ 40 ਫੀਸਦੀ ਨੌਕਰੀਆਂ ਏ ਆਈ ਨਾਲ ਪ੍ਰਭਾਵਿਤ ਹੋ ਸਕਦੀਆਂ ਹਨ। ਐਂਟਰੀ-ਲੈਵਲ ਪ੍ਰੋਗਰਾਮ ਕੋਡਿੰਗ, ਸਾਫਟਵੇਅਰ ਟੈਸਟਿੰਗ ਤੇ ਦਫਤਰੀ/ਪ੍ਰਸ਼ਾਸਕੀ ਕੰਮ, ਜੋ ਭਾਰਤੀ ਆਈ ਟੀ ਖੇਤਰ ਦਾ ਆਧਾਰ ਹਨ, ਨਿਸ਼ਚਿਤ ਰੂਪ ਵਿਚ ਉਹ ਖੇਤਰ ਹਨ, ਜਿਨ੍ਹਾਂ 'ਚ ਕਿਰਤ ਦੀ ਮੰਗ ਨੂੰ ਜੈਨਰੇਟਿਵ ਟੂਲ (ਚੈਟਜੀਪੀਟੀ ਤੇ ਹੋਰ) ਨਵਾਂ ਰੂਪ ਦੇ ਰਹੇ ਹਨ। ਸੰਮੇਲਨ 'ਚ 'ਲੇਬਰ' ਦਾ ਜਿਕਰ ਵਚਨਬੱਧਤਾਵਾਂ ਵਿਚ ਸਿਰਫ ਇੱਕ ਨੀਤੀਗਤ ਚਿੰਤਾ ਵਜੋਂ ਹੋਇਆ, ਨਾ ਕਿ ਇੱਕ ਹਿੱਸੇਦਾਰ ਵਜੋਂ। ਪ੍ਰਧਾਨ ਮੰਤਰੀ ਮੋਦੀ ਵੱਲੋਂ ਪੇਸ਼ ਕੀਤਾ ਗਿਆ 'ਮਾਨਵ' ਢਾਂਚਾ- ਨੈਤਿਕ ਪ੍ਰਣਾਲੀਆਂ, ਜਵਾਬਦੇਹ ਸਾਸਨ, ਰਾਸਟਰੀ ਪ੍ਰਭੁਸੱਤਾ, ਪਹੁੰਚਯੋਗ ਏ ਆਈ ਅਤੇ ਜਾਇਜ ਨਿਗਰਾਨੀ ਨੂੰ ਇੱਕ ਚੰਗਾ ਉੱਦਮ ਮੰਨਿਆ ਜਾ ਸਕਦਾ ਹੈ। ਅਗਲਾ ਪੜਾਅ ਇਹ ਤੈਅ ਕਰੇਗਾ ਕਿ ਕੀ ਇਹ ਸਿਧਾਂਤ ਲੇਖੇ-ਜੋਖੇ ਦੀ ਸਮਰੱਥਾ, ਸਪਲਾਈ ਦੀ ਰਣਨੀਤੀ, 'ਕੰਪਿਊਟ' ਦੇ ਵਿਸਤਾਰ ਤੇ ਕਾਨੂੰਨੀ ਸਪੱਸ਼ਟਤਾ ਪੱਖੋਂ ਅਮਲੀ ਰੂਪ ਲੈਂਦੇ ਹਨ ਜਾਂ ਨਹੀਂ।

ਇਹ ਕੋਈ ਆਲੋਚਨਾ ਨਹੀਂ, ਸਗੋਂ ਐਲਾਨਨਾਮੇ ਤੋਂ ਅਮਲੀ ਕਾਰਵਾਈ ਤੱਕ ਦੀ ਕੁਦਰਤੀ ਪ੍ਰਕਿਰਿਆ ਹੈ। ਦਿੱਲੀ ਨੇ ਸਾਰੀ ਦੁਨੀਆ ਨੂੰ ਇਕੱਠਾ ਕਰ ਕੇ ਦਿਖਾਇਆ ਹੈ। ਭਾਰਤ ਨੇ 'ਐਪਲੀਕੇਸ਼ਨ' ਪੱਧਰ 'ਤੇ ਆਪਣੀਆਂ ਤਾਕਤਾਂ ਅਤੇ ਮਾਡਲ ਪੱਧਰ 'ਤੇ ਆਪਣੀਆਂ ਖਾਹਿਸ਼ਾਂ ਨੂੰ ਪ੍ਰਤੱਖ ਕੀਤਾ ਹੈ ਤੇ ਇਸੇ ਗੱਲ ਨੇ ਭਾਰਤ ਨੂੰ ਚਰਚਾ ਦੇ ਕੇਂਦਰ ਵਿੱਚ ਰੱਖਿਆ ਹੈ। ਪਰ ਇਸ ਨੇ ਅਜੇ ਤੱਕ ਉਨ੍ਹਾਂ ਮਹੱਤਵਪੂਰਨ ਕਾਰਕਾਂ (ਕੰਪਿਊਟ, ਮਾਪਦੰਡ ਅਤੇ ਨਿਯਮ) 'ਤੇ ਪੂਰਾ ਕੰਟਰੋਲ ਸਾਬਿਤ ਨਹੀਂ ਕੀਤਾ ਹੈ ਜੋ ਏ ਆਈ ਦੇ ਭਵਿੱਖ ਨੂੰ ਤੈਅ ਕਰਦੇ ਹਨ।

ਇਕ ਮੇਜਬਾਨ 'ਸੀਟਿੰਗ ਪਲਾਨ' ਬਣਾਉਂਦਾ ਹੈ, ਇਕ ਪੁਲ ਢਾਂਚਿਆਂ ਨੂੰ ਜੋੜਦਾ ਹੈ ਅਤੇ ਇਕ ਯਾਤਰੀ ਉਸ ਚੀਜ ਦੀ ਵਰਤੋਂ ਕਰਦਾ ਹੈ ਜੋ ਦੂਜਿਆਂ ਨੇ ਬਣਾਈ ਹੈ। ਭਾਰਤ ਸਿਰਫ ਇਕ ਯਾਤਰੀ ਨਹੀਂ ਹੈ। ਕੀ ਇਹ ਸਿਰਫ ਦੁਨੀਆ ਦੇ ਸਭ ਤੋਂ ਪ੍ਰਭਾਵਸਾਲੀ ਮੇਜਬਾਨ ਦੀ ਬਜਾਏ ਨਿਯਮਾਂ ਨੂੰ ਸਰੂਪ ਦੇਣ ਵਾਲਾ ਬਣੇਗਾ ? ਇਹੀ ਉਹ ਸਵਾਲ ਹੈ ਜਿਹੜਾ ਅਗਲੇ ਸੰਮੇਲਨ ਵਿੱਚ ਹੋਰ ਜੋਰਦਾਰ ਢੰਗ ਨਾਲ ਗੂੰਜੇਗਾ।

ਉਦੈਬੀਰ ਐਸ ਦਾਸ

# ਮਾਂ-ਬੋਲੀ ਨੂੰ ਸੰਭਾਲੀਏ

ਅੱਜ ਦੁਨੀਆ ਵਿਚ ਬਹੁਤ ਸਾਰੀਆ ਭਾਸ਼ਾਵਾਂ ਬੋਲੀਆਂ ਜਾਂਦੀਆਂ ਹਨ। ਹਰ ਭਾਸ਼ਾ ਦੀ ਆਪਣੀ ਲਿਪੀ ਹੁੰਦੀ ਹੈ। ਜਿਹੜੀ ਭਾਸ਼ਾ ਬੱਚੇ ਨੂੰ ਮਾਂ ਤੋਂ ਸਿੱਖਣ ਨੂੰ ਮਿਲਦੀ ਹੈ, ਉਹੀ ਉਸ ਦੀ ਮਾਂ-ਬੋਲੀ ਹੁੰਦੀ ਹੈ। ਜਿੱਥੇ ਹੋਰ ਭਾਸਾਵਾਂ ਦਾ ਗਿਆਨ ਪ੍ਰਾਪਤ ਕਰਨਾ ਚੰਗੀ ਗੱਲ ਹੈ, ਉੱਥੇ ਹੀ ਆਪਣੀ ਮਾਂ-ਬੋਲੀ ਨੂੰ ਆਪਣੇ ਦਿਲ ਵਿਚ ਵਸਾ ਕੇ ਰੱਖਣਾ ਵਧੀਆ ਗੱਲ ਹੈ। ਪੰਜਾਬੀ ਸਾਡੀ ਮਾਂ-ਬੋਲੀ ਹੈ। ਪੰਜਾਬੀ ਬੋਲੀ ਅੱਜ ਦੁਨੀਆ ਦੇ ਹਰ ਕੋਨੇ ਵਿਚ ਵਸਦੇ ਪੰਜਾਬੀਆਂ ਵੱਲੋਂ ਬੋਲੀ ਜਾਂਦੀ ਹੈ। ਪੰਜਾਬੀ ਆਪਣੇ-ਆਪ ਵਿਚ ਵਿਲੱਖਣ ਅਤੇ ਅਮੀਰ ਬੋਲੀ ਹੈ। ਵਿਡੰਬਣਾ ਇਹ ਹੈ ਕਿ ਅੱਜ-ਕੱਲ੍ਹ ਪੰਜਾਬ ਵਿਚਲੇ ਹੀ ਬਹੁਤ ਸਾਰੇ ਸਹਿਰਾਂ ਤੇ ਪਿੰਡਾਂ ਵਿਚ ਪੰਜਾਬੀ ਬੋਲਣ 'ਚ ਸੰਕੋਚ ਤੇ ਸਰਮ ਮਹਿਸੂਸ ਕੀਤੀ ਜਾਣ ਲੱਗੀ ਹੈ। ਬੱਚਿਆਂ ਨੂੰ ਅੰਗਰੇਜੀ ਸਬਦ ਮਾਪਿਆਂ ਵੱਲੋਂ ਸਿਖਾਏ ਜਾ ਰਹੇ ਹਨ। ਆਪਣੇ-ਆਪ ਨੂੰ ਮਾਡਰਨ ਕਹਾਉਣ ਵਾਲੇ ਮਾਪੇ ਬੱਚਿਆਂ ਤੋਂ ਨੱਕ ਨੂੰ ਨੋਜ, ਗੇਂਦ ਨੂੰ ਬਾਲ, ਕੁੱਤੇ ਨੂੰ ਡੋਗੀ ਤੇ ਚਮਚੇ ਨੂੰ ਸਪੂਨ ਆਦਿ ਅਖਵਾਉਣ ਵਿਚ ਫਖਰ ਮਹਿਸੂਸ ਕਰਦੇ ਹਨ। ਉਨ੍ਹਾਂ ਨੇ ਰਿਸਤਿਆਂ ਦਾ ਰੂਪ ਵੀ ਬਦਲ ਕੇ ਰੱਖ ਦਿੱਤਾ ਹੈ। ਪੱਛਮੀ ਸੱਭਿਅਤਾ ਦੇ ਅਸਰ ਹੇਠ ਮਾਮੇ, ਚਾਚੇ, ਤਾਏ, ਮਾਸੜ, ਫੁੱਫੜ, ਮਾਮੀ, ਚਾਚੀ, ਤਾਈ, ਮਾਸੀ, ਭੂਆ ਆਦਿ ਨਜਦੀਕੀ ਰਿਸਤਿਆਂ ਦੀ ਜਗ੍ਹਾ ਅੰਕਲ ਤੇ ਆਂਟੀ ਨੇ ਲੈ ਲਈ ਹੈ ਜੋ ਪਿਆਰ ਤੇ ਨਿੱਘ ਤੋਂ ਸੱਖਣੇ ਹਨ। ਪਿਤਾ ਜੀ, ਪਾਪਾ ਜੀ, ਮਾਤਾ ਜੀ, ਬੀਬੀ ਜੀ ਆਦਿ ਸਬਦਾਂ ਦੀ ਜਗ੍ਹਾ ਡੈਡ ਜਾਂ ਪਾਪਾ, ਮੰਮੀ ਜਾਂ ਮੌਮ ਸਬਦਾਂ ਨੇ ਲੈ ਲਈ ਹੈ। ਇਸ ਤਰ੍ਹਾਂ ਰਿਸਤਿਆਂ ਦੇ ਨਾਂ ਬਦਲ ਜਾਣਾ ਪੰਜਾਬੀ ਭਾਸਾ ਨਾਲ ਹੋ ਰਿਹਾ ਮਾੜਾ ਵਿਵਹਾਰ ਹੈ। ਜਿਹੜੇ ਲੋਕ ਪੰਜਾਬੀ ਦੇ ਪ੍ਰਚਾਰ ਤੇ ਪ੍ਰਸਾਰ ਲਈ ਹੱਥਾਂ ਵਿਚ ਬੈਨਰ ਚੁੱਕੀ ਫਿਰਦੇ ਹਨ, ਉਨ੍ਹਾਂ ਵਿੱਚੋਂ ਬਹੁਤਿਆਂ ਦੇ ਬੱਚੇ ਅਜਿਹੇ ਸਕੂਲਾਂ ਵਿਚ ਪੜ੍ਹਦੇ ਹਨ ਜਿੱਥੇ ਪੰਜਾਬੀ ਬੋਲਣਾ ਮਨ੍ਹਾ ਹੈ। ਪੰਜਾਬੀ ਬੋਲਣ 'ਤੇ ਬੱਚਿਆਂ ਨੂੰ ਜੁਰਮਾਨਾ ਕੀਤਾ ਜਾਂਦਾ ਹੈ। ਹੋਰ ਤਾਂ ਹੋਰ, ਪਿੰਡਾਂ ਦੇ ਬੱਚੇ ਜੋ ਸਹਿਰਾਂ ਵਿਚ ਪੜ੍ਹਨ ਜਾਂਦੇ ਹਨ, ਉਹ ਵੀ ਅੰਗਰੇਜੀ ਵਿਚ ਗੱਲ ਕਰਨੀ ਆਪਣੀ ਸਾਨ ਸਮਝਦੇ ਹਨ। ਉਹ ਪੰਜਾਬੀ ਨੂੰ ਗਵਾਰਾਂ ਦੀ ਭਾਸਾ ਮੰਨਦੇ ਹਨ। ਪੰਜਾਬੀ ਬੋਲੀ ਬੋਲਣ ਵਿਚ ਸਰਮ ਮਹਿਸੂਸ ਕਰਨ ਵਾਲੇ ਲੋਕਾਂ ਨੂੰ ਬਾਬਾ ਨਜਮੀ ਗਦਾਰ ਕਹਿੰਦਾ ਹੈ। ਅੱਜ-ਕੱਲ੍ਹ ਅਸੀਂ ਵੇਖਦੇ ਹਾਂ ਕਿ ਵਿਆਹਾਂ ਸਮੇਂ ਛਪਵਾਏ ਜਾਣ ਵਾਲੇ ਕਾਰਡ ਪੰਜਾਬੀ ਦੀ ਬਜਾਏ ਅੰਗਰੇਜੀ 'ਚ ਛਪਵਾਉਣ ਨੂੰ ਤਰਜੀਹ ਦਿੱਤੀ ਜਾਂਦੀ ਹੈ। ਪੰਜਾਬੀ ਭਾਸਾ ਦਾ ਸਫਰ ਬਹੁਤ ਪੁਰਾਣਾ ਹੈ। ਸਾਡੇ ਗੁਰੂਆਂ ਦੀ ਬਾਣੀ ਇਸੇ ਭਾਸਾ ਵਿਚ ਹੀ ਰਚੀ ਹੋਈ ਹੈ, ਇਸ ਤੋਂ ਇਲਾਵਾ ਪੁਰਾਤਨ ਤੇ ਆਧੁਨਿਕ ਕਵੀਆਂ ਨੇ ਆਪਣੀਆਂ ਰਚਨਾਵਾਂ ਇਸ ਬੋਲੀ ਵਿਚ ਰਚ ਕੇ ਇਸ ਨੂੰ ਅਮੀਰ ਬਣਾਇਆ ਹੈ। ਬਾਬਾ ਬੁੱਲੇ ਸਾਹ, ਵਾਰਿਸ ਸਾਹ, ਸਾਹ ਹੁਸੈਨ, ਪੀਲੂ, ਦਮੋਦਰ, ਬਾਬੂ ਫਿਰੋਜਦੀਨ ਸਰਫ ਆਦਿ ਕਵੀਆਂ ਨੇ ਆਪਣੀਆਂ ਰਚਨਾਵਾਂ ਇਸੇ ਪੰਜਾਬੀ ਬੋਲੀ ਨੂੰ ਸਮਰਪਿਤ ਕੀਤੀਆਂ ਹਨ। ਪੰਜਾਬੀ ਸਾਹਿਤ ਵਿਚ ਪ੍ਰੋਫੈਸਰ ਪੂਰਨ ਸਿੰਘ ਭਾਵੇਂ ਅੰਗਰੇਜੀ ਦੇ ਵਿਦਵਾਨ ਸਨ ਪਰ ਉਨ੍ਹਾਂ ਨੇ ਪੰਜਾਬੀ ਵਿਚ ਖੁੱਲ੍ਹੀ ਕਵਿਤਾ ਦੀ ਰਚਨਾ ਕੀਤੀ। ਪੰਜਾਬੀ ਸੱਭਿਆਚਾਰ ਵਿਚਲੇ ਪੰਜਾਬੀ ਲੋਕ-ਗੀਤ, ਮਾਹੀਏ, ਢੋਲੇ, ਸੁਹਾਗ, ਘੋੜੀਆਂ, ਟੱਪੇ, ਸਿੱਠਣੀਆਂ ਆਦਿ ਪੰਜਾਬੀਅਤ ਦਾ ਅਨਮੋਲ ਖਜਾਨਾ ਹਨ। ਜੇ ਅਸੀਂ ਪੰਜਾਬੀ ਬੋਲੀ ਨੂੰ ਹੀ ਨਾ ਸਾਂਭ ਸਕੇ ਤਾਂ ਇਹ ਖਜਾਨਾ ਸਾਂਭਣਾ ਸਾਡੇ ਲਈ ਔਖਾ ਹੈ। ਆਪਣਾ ਵਿਰਸੇ, ਇਤਿਹਾਸ, ਸੱਭਿਆਚਾਰ ਤੇ ਨੈਤਿਕ ਕਦਰਾਂ-ਕੀਮਤਾਂ ਅਗਲੀਆਂ ਪੀੜ੍ਹੀਆਂ ਤੱਕ ਪਹੁੰਚਾਉਣ ਲਈ ਮਾਂ-ਬੋਲੀ ਦੀ ਸਮਝ ਹੋਣੀ ਜਰੂਰੀ ਹੈ। ਬੇਸ਼ੱਕ ਅਸੀਂ ਆਪਣੀ ਮਾਂ-ਬੋਲੀ ਦੀ ਸੰਭਾਲ ਕਰਨ ਪੱਖੋਂ ਬਹੁਤ ਸਮਾਂ ਅਜਾਈਂ ਗੁਆ ਲਿਆ ਹੈ ਪਰ ਅਜੇ ਵੀ ਡੁੱਲ੍ਹੇ ਬੇਰਾਂ ਦਾ ਕੁਝ ਨਹੀਂ ਵਿਗੜਿਆ। ਅਜੇ ਵੀ ਅਸੀਂ ਹਾਲਾਤ ਨੂੰ ਬਦਲ ਸਕਦੇ ਹਾਂ। ਸਾਡੇ ਯਤਨਾਂ ਨਾਲ ਹੀ ਸਾਡੀ ਮਾਂ-ਬੋਲੀ ਨੂੰ ਬਣਦਾ ਮਾਣ-ਸਤਿਕਾਰ ਮਿਲ ਸਕਦਾ ਹੈ। ਸੋ, ਆਓ! ਅਸੀਂ ਆਪਣੀ ਮਾਂ-ਬੋਲੀ ਦੇ ਸੁਨਹਿਰੀ ਭਵਿੱਖ ਵਾਸਤੇ ਹੰਭਲਾ ਮਾਰੀਏ।

ਵੀਰਪ੍ਰੀਤ ਕੌਰ

# ਕੋਮਲ ਹਿਰਦੇ ਦੇ ਮਾਲਕ ਸੱਤਵੇਂ ਪਾਤਸ਼ਾਹ ਗੁਰੂ ਹਰਿਰਾਇ ਜੀ

## ਗੁਰਗੱਦੀ ਦਿਵਸ 'ਤੇ ਵਿਸ਼ੇਸ਼

ਸੱਤਵੇਂ ਪਾਤਸ਼ਾਹ ਧੰਨ ਧੰਨ ਗੁਰੂ ਹਰਿਰਾਇ ਸਾਹਿਬ ਮਹਾਰਾਜ ਜੀ ਦਾ ਪ੍ਰਕਾਸ਼ ਕੀਰਤਪੁਰ ਸਾਹਿਬ ਦੀ ਧਰਤੀ 'ਤੇ ਸਨ 1630 ਈਸਵੀ ਨੂੰ ਬਾਬਾ ਗੁਰਦਿੱਤਾ ਜੀ ਦੇ ਗ੍ਰਹਿ ਮਾਤਾ ਨਿਹਾਲ ਕੌਰ ਜੀ ਦੀ ਕੁੱਖੋਂ ਹੋਇਆ। ਬਾਬਾ ਗੁਰਦਿੱਤਾ ਜੀ ਛੇਵੇਂ ਪਾਤਸ਼ਾਹ ਧੰਨ ਗੁਰੂ ਹਰਗੋਬਿੰਦ ਸਾਹਿਬ ਮਹਾਰਾਜ ਜੀ ਦੇ ਸਭ ਤੋਂ ਵੱਡੇ ਪੁੱਤਰ ਸਨ। ਇਸ ਹਿਸਾਬ ਨਾਲ ਗੁਰੂ ਹਰਿਰਾਇ ਸਾਹਿਬ ਜੀ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਰਿਸ਼ਤੇ ਵਿੱਚ ਪੋਤਰੇ ਲੱਗਦੇ ਸਨ। ਜਿਸ ਸਮੇਂ ਗੁਰੂ ਜੀ ਦਾ ਪ੍ਰਕਾਸ਼ ਹੋਇਆ, ਉਸ ਸਮੇਂ ਛੇਵੇਂ ਪਾਤਸ਼ਾਹ ਜੀ ਗੁਰਤਾਗੱਦੀ 'ਤੇ ਬਿਰਾਜਮਾਨ ਸਨ। ਤਕਰੀਬਨ ਚੌਦਾਂ ਸਾਲ ਸ੍ਰੀ ਗੁਰੂ ਹਰਿਰਾਇ ਸਾਹਿਬ ਮਹਾਰਾਜ ਜੀ ਨੂੰ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਹਜ਼ੂਰੀ ਵਿੱਚ ਰਹਿ ਕੇ ਗੁਰਮਤਿ ਦੀ ਵਿੱਦਿਆ ਪੜ੍ਹਨ ਦਾ ਸਮਾਂ ਪ੍ਰਾਪਤ ਹੋਇਆ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਉਨ੍ਹਾਂ ਦੀ ਪੜ੍ਹਾਈ ਲਿਖਾਈ, ਗੁਰਮਤਿ ਵਿੱਦਿਆ, ਸ਼ਸਤਰ ਵਿੱਦਿਆ ਅਤੇ ਘੋੜ ਸਵਾਰੀ ਵੱਲ ਵਿਸੇਸ਼ ਧਿਆਨ ਦਿੱਤਾ ਸੀ। ਗੁਰੂ ਜੀ ਬਹੁਤ ਘੱਟ ਉਮਰ ਵਿਚ ਹੀ ਹਰੇਕ ਪ੍ਰਕਾਰ ਦੀ ਵਿੱਦਿਆ ਵਿੱਚ ਨਿਪੁੰਨ ਹੋ ਚੁੱਕੇ ਸਨ।

ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਬਹੁਤ ਸ਼ਾਂਤਮਈ ਅਤੇ ਕੋਮਲ ਹਿਰਦੇ ਦੇ ਮਾਲਕ ਸਨ। ਗੁਰੂ ਜੀ ਦੇ ਹਿਰਦੇ ਦੀ ਕੋਮਲਤਾ ਦਾ ਪਤਾ ਬਚਪਨ ਦੇ ਸਮੇਂ 'ਚ ਵਾਪਰੀ ਉਨ੍ਹਾਂ ਦੀ ਇੱਕ ਘਟਨਾ ਤੋਂ ਲੱਗਦਾ ਹੈ। ਇੱਕ ਦਿਨ ਕੀਰਤਪੁਰ ਸਾਹਿਬ ਦੀ ਧਰਤੀ 'ਤੇ ਧੰਨ ਗੁਰੂ ਹਰਿਗੋਬਿੰਦ ਸਾਹਿਬ ਮਹਾਰਾਜ ਜੀ ਸਵੇਰ ਸਮੇਂ ਬਾਗ ਵਿੱਚ ਟਹਿਲਣ ਵਾਸਤੇ ਗਏ ਸਨ, ਥੋੜ੍ਹੀ ਦੇਰ ਬਾਅਦ ਉਨ੍ਹਾਂ ਦੇ ਪਿੱਛੇ ਪਿੱਛੇ ਗੁਰੂ ਹਰਿਰਾਇ ਸਾਹਿਬ ਜੀ ਵੀ ਆਪਣੇ ਦਾਦਾ ਜੀ ਨੂੰ ਮਿਲਣ ਵਾਸਤੇ ਪਹੁੰਚੇ। ਉਨ੍ਹਾਂ ਨੇ ਖੁੱਲ੍ਹੇ ਆਕਾਰ ਦਾ ਚੋਲਾ ਪਹਿਨਿਆ ਹੋਇਆ ਸੀ, ਤੁਰੇ ਜਾਂਦਿਆਂ ਚੋਲੇ ਨਾਲ ਅਟਕ ਜਾਣ ਕਰਕੇ ਕੁਝ ਫੁੱਲ ਟੁੱਟ ਕੇ ਜ਼ਮੀਨ ਉੱਪਰ ਡਿੱਗ ਗਏ। ਜਦੋਂ ਗੁਰੂ ਜੀ ਨੇ ਉਨ੍ਹਾਂ ਫੁੱਲਾਂ ਨੂੰ ਟੁੱਟਾ ਹੋਇਆ ਵੇਖਿਆ ਤਾਂ ਗੁਰੂ ਜੀ ਉੱਥੇ ਹੀ ਬੈਠ ਗਏ ਅਤੇ ਉਨ੍ਹਾਂ ਦੇ ਮਨ ਵਿੱਚ ਬਹੁਤ ਅਫਸੋਸ ਹੋ ਰਿਹਾ ਸੀ। ਉਸ ਵੇਲੇ ਗੁਰੂ ਹਰਗੋਬਿੰਦ ਸਾਹਿਬ ਜੀ ਨੇ ਬਚਨ ਕਹੇ, "ਬੇਟਾ ਜੇਕਰ ਚੋਲਾ ਖੁੱਲ੍ਹਾ ਪਹਿਨਿਆ ਹੋਵੇ ਤਾਂ ਚੋਲੇ ਨੂੰ ਸੰਕੋਚ ਕੇ ਚੱਲਣਾ ਚਾਹੀਦਾ ਹੈ।" ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਕਹੇ ਹੋਏ ਬਚਨਾਂ ਦੇ ਵਿੱਚ ਬੜੀ ਗਹਿਰਾਈ ਸੀ, ਉਨ੍ਹਾਂ ਦੇ ਕਹਿਣ ਦਾ ਭਾਵ ਸੀ ਕਿ ਜੇਕਰ ਪਰਮਾਤਮਾ ਕਿਸੇ ਨੂੰ ਉੱਚੀ ਪਦਵੀ ਦੇ ਦੇਵੇ ਤਾਂ ਉਸ ਇਨਸਾਨ ਨੂੰ ਸਮਝਦਾਰੀ ਨਾਲ ਸੰਸਾਰ ਵਿੱਚ ਤੁਰਨਾ ਚਾਹੀਦਾ ਹੈ, ਕਿ ਕਿਤੇ ਮੇਰੇ ਕਾਰਨ ਕਿਸੇ ਹੋਰ ਦਾ ਨੁਕਸਾਨ ਨਾ ਹੋ ਜਾਵੇ। ਗੁਰੂ ਹਰਿਰਾਇ ਸਾਹਿਬ ਮਹਾਰਾਜ ਜੀ ਨੇ ਆਪਣੇ ਦਾਦਾ ਜੀ ਦੇ ਕਹੇ ਇਨ੍ਹਾਂ ਬਚਨਾਂ ਨੂੰ ਸਾਰੀ ਜ਼ਿੰਦਗੀ ਨਹੀਂ ਭੁਲਾਇਆ।

ਗੁਰੂ ਜੀ ਦਾ ਵਿਆਹ 1640 ਈ: ਨੂੰ ਮਾਤਾ ਕ੍ਰਿਸ਼ਨ ਕੌਰ (ਸੁਲੱਖਣੀ ਜੀ) ਨਾਲ ਹੋਇਆ। ਗੁਰੂ ਜੀ ਦੇ ਘਰ ਦੋ ਪੁੱਤਰਾਂ ਨੇ ਜਨਮ ਲਿਆ, ਵੱਡੇ ਪੁੱਤਰ ਬਾਬਾ ਰਾਮ ਰਾਇ ਜੀ ਸਨ ਅਤੇ ਛੋਟੇ ਪੁੱਤਰ ਦਾ ਨਾਮ ਗੁਰੂ ਹਰਿਕ੍ਰਿਸ਼ਨ ਸਾਹਿਬ ਸੀ।

ਸੰਨ 1644 ਵਿੱਚ ਧੰਨ ਗੁਰੂ ਹਰਿਗੋਬਿੰਦ ਸਾਹਿਬ ਜੀ ਜਦੋਂ ਜੋਤੀ ਜੋਤ ਸਮਾਏ ਤਾਂ ਉਨ੍ਹਾਂ ਨੇ ਗੁਰਤਾਗੱਦੀ ਦੇ ਯੋਗ ਜਾਣ ਕੇ ਆਪਣੇ ਪੋਤਰੇ ਧੰਨ ਗੁਰੂ ਹਰਿਰਾਇ ਸਾਹਿਬ ਜੀ ਨੂੰ ਗੁਰਤਾਗੱਦੀ ਦੀ ਦਾਤ ਬਖਸ਼ਿਸ਼ ਕੀਤੀ। ਕਿਉਂਕਿ ਸ੍ਰੀ ਗੁਰੂ ਨਾਨਕ ਸਾਹਿਬ ਸੱਚੇ ਪਾਤਸ਼ਾਹ ਜੀ ਦੇ ਸਮੇਂ ਤੋਂ ਹੀ ਇਹ ਰੀਤ ਚਲੀ ਆ ਰਹੀ ਸੀ ਕਿ ਗੁਰੂ ਸਾਹਿਬ ਜੀ ਆਪਣੇ ਜੋਤੀ ਜੋਤਿ ਸਮਾਉਣ ਤੋਂ ਪਹਿਲਾਂ ਹੀ





ਆਪਣੇ ਅਗਲੇ ਉੱਤਰਾਧਿਕਾਰੀ ਨੂੰ ਗੁਰਤਾਗੱਦੀ ਦੀ ਦਾਤ ਦੇ ਦਿੰਦੇ ਸਨ। ਇਹ ਗੱਲ ਨੋਟ ਕਰਨ ਵਾਲੀ ਹੈ ਕਿ ਇਹ ਦਾਤ ਕਿਸੇ ਰਿਸਤੇਦਾਰੀ ਦੇ ਕਾਰਨ ਨਹੀਂ ਬਲਕਿ ਕੇਵਲ ਯੋਗਤਾ ਦੇ ਆਧਾਰ 'ਤੇ ਹੀ ਦਿੱਤੀ ਜਾਂਦੀ ਸੀ।

ਸ੍ਰੀ ਗੁਰੂ ਅਰਜਨ ਸਾਹਿਬ ਸੱਚੇ ਪਾਤਸ਼ਾਹ ਜੀ ਦੀ ਸ਼ਹਾਦਤ ਤੋਂ ਬਾਅਦ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਮੀਰੀ ਪੀਰੀ ਦੀਆਂ ਦੋ ਕਿਰਪਾਨਾਂ ਪਹਿਨੀਆਂ ਸਨ ਅਤੇ ਫ਼ੌਜਾਂ ਤਿਆਰ ਕਰਕੇ ਮੁਗਲ ਸਲਤਨਤ ਦੇ ਨਾਲ ਚਾਰ ਜੰਗਾਂ ਲੜੀਆਂ ਸਨ। ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦੇ ਸਮੇਂ ਭਾਵੇਂ ਜੰਗਾਂ ਤਾਂ ਨਹੀਂ ਹੋਈਆਂ ਪਰ ਇਤਿਹਾਸ ਮੁਤਾਬਕ ਬਾਈ ਸੌ ਘੋੜ ਸਵਾਰ ਉਨ੍ਹਾਂ ਦੇ ਨਾਲ ਹਮੇਸ਼ਾਂ ਤਿਆਰ ਬਰ ਤਿਆਰ ਹੁੰਦੇ ਸਨ ਤਾਂ ਕਿ ਜੇ ਕਿਤੇ ਲੋੜ ਪੈ ਜਾਵੇ ਤਾਂ ਦੁਸ਼ਮਣ ਫ਼ੌਜਾਂ ਦੇ ਨਾਲ ਦੋ-ਦੋ ਹੱਥ ਕੀਤੇ ਜਾ ਸਕਣ।

ਗੁਰੂ ਘਰ ਦੀਆਂ ਮਹਾਨ ਵਡਿਆਈਆਂ ਵਿਚੋਂ ਇਕ ਵਡਿਆਈ ਇਹ ਵੀ ਹੈ ਕਿ ਏਥੇ ਜੇ ਕੋਈ ਆਤਮਕ ਤੌਰ 'ਤੇ ਭੁੱਖਾ ਹੋਵੇ ਤਾਂ ਉਸ ਨੂੰ ਗੁਰਬਾਣੀ ਰੂਪੀ ਆਤਮਿਕ ਲੰਗਰ (ਕਥਾ ਅਤੇ ਕੀਰਤਨ ਰੂਪ ਵਿੱਚ) ਤਿਆਰ ਬਰ ਤਿਆਰ ਮਿਲਦਾ ਹੈ ਅਤੇ ਜੇਕਰ ਕੋਈ ਸਰੀਰਕ ਤੌਰ 'ਤੇ ਭੁੱਖਾ ਹੋਵੇ ਤਾਂ ਗੁਰੂ ਕੇ ਲੰਗਰ ਵਿੱਚੋਂ ਪ੍ਰਸ਼ਾਦਾ ਤਿਆਰ ਬਰ ਤਿਆਰ ਮਿਲਦਾ ਹੈ। ਗੁਰੂ ਹਰਿਰਾਇ ਸਾਹਿਬ ਜੀ ਨੇ ਦੋਨੋਂ ਪ੍ਰਕਾਰ ਦੇ ਲੰਗਰ ਆਪਣੇ ਸਮੇਂ ਦੇ ਵਿੱਚ ਸੁਚਾਰੂ ਰੂਪ ਦੇ ਨਾਲ ਚੱਲਦੇ ਰੱਖੇ। ਇਸ ਤੋਂ ਇਲਾਵਾ ਗੁਰੂ ਹਰਿਰਾਇ ਸਾਹਿਬ ਜੀ ਦੇ ਸਮੇਂ ਗੁਰੂ ਘਰ ਦਾ ਦਵਾਖਾਨਾ ਉਸ ਸਮੇਂ ਬਹੁਤ ਮਸ਼ਹੂਰ ਸੀ। ਜਦੋਂ ਔਰੰਗਜ਼ੇਬ ਨੇ ਆਪਣੇ ਸਕੇ ਭਰਾ ਦਾਰਾ ਸ਼ਿਕੋਹ ਨੂੰ ਆਪਣੇ ਰਾਹ ਤੋਂ ਹਟਾਉਣ ਵਾਸਤੇ ਸ਼ੇਰ ਦੀ ਮੁੱਛ ਦਾ ਵਾਲ ਭੋਜਨ ਵਿੱਚ ਪਾ ਕੇ ਖਵਾ ਦਿੱਤਾ ਸੀ ਤਾਂ ਦਾਰਾ ਸ਼ਿਕੋਹ ਬਹੁਤ ਜਿਆਦਾ ਬਿਮਾਰ ਹੋ ਗਿਆ ਸੀ।

ਸ਼ਾਹੀ ਵੈਦਾਂ ਨੇ ਕਿਹਾ ਕਿ ਇਸ ਨੂੰ ਬਚਾਉਣ ਲਈ ਅਸੀਂ ਦਵਾਈ ਬਣਾ ਸਕਦੇ ਹਾਂ ਪਰ ਦਵਾਈ ਲਈ ਵਿਸ਼ੇਸ਼ ਪ੍ਰਕਾਰ ਦੀਆਂ ਜੜੀ ਬੂਟੀਆਂ ਅਤੇ ਹਰੜਾਂ ਦੀ ਲੋੜ ਹੈ। ਸਾਰੇ ਦੇਸ਼ ਵਿੱਚ ਉਨ੍ਹਾਂ ਨੇ ਫਿਰ ਕੇ ਵੇਖ ਲਿਆ ਕਿਸੇ ਵੀ ਜਗ੍ਹਾ ਤੋਂ ਉਨ੍ਹਾਂ ਨੂੰ ਉਹ ਜੜੀ ਬੂਟੀਆਂ ਪ੍ਰਾਪਤ ਨਾ ਹੋਈਆਂ। ਅਖੀਰ ਜਦੋਂ ਕੀਰਤਪੁਰ ਸਾਹਿਬ ਦੀ ਧਰਤੀ 'ਤੇ ਗੁਰੂ ਹਰਿਰਾਇ ਸਾਹਿਬ ਜੀ ਦੇ ਦਵਾਖਾਨੇ ਵਿਚ ਪਹੁੰਚੇ, ਤਾਂ ਇੱਥੋਂ ਉਨ੍ਹਾਂ ਨੂੰ ਉਹ ਜੜੀ ਬੂਟੀਆਂ ਅਤੇ ਹਰੜਾਂ ਪ੍ਰਾਪਤ ਹੋਈਆਂ। ਦਾਰਾ ਸ਼ਿਕੋਹ ਠੀਕ ਹੋਣ ਤੋਂ ਬਾਅਦ ਸਤਿਗੁਰੂ ਜੀ ਦਾ ਧੰਨਵਾਦ ਕਰਨ ਕੀਰਤਪੁਰ ਸਾਹਿਬ ਵੀ ਆਇਆ। ਜੇਕਰ ਕਿਸੇ ਨੂੰ ਵੀ ਲੋੜ ਹੁੰਦੀ ਤਾਂ ਗੁਰੂ ਘਰ ਦੇ ਦਵਾਖਾਨੇ ਵਿੱਚੋਂ ਉਸ ਨੂੰ ਦਵਾਈ ਪ੍ਰਾਪਤ ਹੋ ਜਾਂਦੀ ਸੀ।

ਗੁਰੂ ਹਰਿਰਾਇ ਸਾਹਿਬ ਜੀ ਨੇ ਗੁਰਬਾਣੀ ਦਾ ਸਤਿਕਾਰ ਕਰਨ ਲਈ ਸੰਗਤ 'ਚ ਵਿਸ਼ੇਸ਼ ਪੂਰਨੇ ਪਾਏ, ਜਦੋਂ ਗੁਰੂ ਜੀ ਦੇ ਵਡੇ ਪੁੱਤਰ ਰਾਮ ਰਾਇ ਨੇ ਔਰੰਗਜ਼ੇਬ ਦੀ ਖੁਸ਼ੀ ਲੈਣ ਲਈ ਗੁਰਬਾਣੀ ਦੀ ਤੁਕ ਬਦਲੀ ਤਾਂ ਗੁਰੂ ਪਾਤਸ਼ਾਹ ਜੀ ਨੇ ਬਿਨਾਂ ਝਿਜਕ ਤੋਂ ਆਪਣੇ ਪੁੱਤਰ ਨੂੰ ਮਿਲਣ ਤੋਂ ਇਨਕਾਰ ਕਰ ਦਿੱਤਾ ਸੀ ਅਤੇ ਕਿਹਾ, ਕਿ ਜਿਸ ਪਾਸੇ ਉਸਦਾ ਮੁੱਖ ਹੈ, ਉਸੇ ਪਾਸੇ ਤੁਰ ਜਾਵੇ।

ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਕੀਰਤਪੁਰ ਸਾਹਿਬ 'ਚ ਇਕ ਬਾਗ ਬਣਵਾਇਆ, ਜਿਸਦਾ ਬਹੁਤਾ ਵਿਕਾਸ ਗੁਰੂ ਹਰਿਰਾਇ ਸਾਹਿਬ ਜੀ ਦੇ ਸਮੇਂ ਹੋਇਆ, ਉਸ ਵਿਚ ਕਈ ਤਰਾਂ ਦੇ ਫਲ ਤੇ ਜੜੀ ਬੂਟੀਆਂ ਲਗਵਾਈਆਂ ਗਈਆਂ, ਜੋ ਗੁਰੂ ਜੀ ਦੇ ਦਵਾਖਾਨੇ ਵਿਚ ਕੰਮ ਆਈਆਂ। ਗੁਰੂ ਜੀ ਦੇ ਸਮੇਂ ਕੀਰਤਪੁਰ ਸਾਹਿਬ ਦੀ ਅਬਾਦੀ ਇੰਨੀ ਵਧ ਗਈ ਕੀ ਕਈ ਬਸਤੀਆਂ ਬਣ ਗਈਆਂ। ਵੱਖ-ਵੱਖ ਥਾਵਾਂ 'ਤੇ ਸ਼ਹਿਰ ਨੂੰ ਸੁੰਦਰ ਬਣਾਉਣ ਲਈ 52 ਬਾਗ ਲਗਵਾਏ।

ਗੁਰੂ ਹਰਿਰਾਏ ਸਾਹਿਬ ਜੀ ਸਰਬਤ ਸੰਗਤ ਨੂੰ ਇੱਕ ਅਕਾਲ ਪੁਰਖ ਪ੍ਰਮਾਤਮਾ ਦੀ ਬੰਦਗੀ ਕਰਨ, ਗੁਰਬਾਣੀ ਦੇ ਮੁਤਾਬਕ ਜੀਵਨ ਬਣਾਉਣ ਅਤੇ ਧਰਮ ਦੀ ਦਸਾਂ ਨਹੁੰਆਂ ਦੀ ਕਿਰਤ ਕਰਨ ਦੀ ਪ੍ਰੇਰਨਾ ਕਰਦੇ ਸਨ। ਇੱਕ ਵਾਰ ਜਦੋਂ ਭਾਈ ਨੰਦ ਲਾਲ ਪੁਰੀ ਅਤੇ ਉਨ੍ਹਾਂ ਦੇ ਪੋਤਰੇ ਭਾਈ ਹਕੀਕਤ ਰਾਏ ਗੁਰੂ ਜੀ ਨੂੰ ਮਿਲਣ ਲਈ ਆਏ ਅਤੇ ਉਨ੍ਹਾਂ ਨੇ ਉਪਦੇਸ਼ ਮੰਗਿਆ ਤਾਂ ਗੁਰੂ ਜੀ ਨੇ ਉਪਦੇਸ਼ ਦਿੰਦਿਆਂ ਤਿੰਨ ਗੱਲਾਂ ਦੀ ਮਨਾਹੀ ਕੀਤੀ...ਪਹਿਲੀ ਟੋਪੀ ਪਹਿਨਣ ਤੋਂ ਮਨਾਹੀ, ਨਸ਼ੇ ਤੋਂ ਮਨਾਹੀ ਅਤੇ ਕੇਸ ਕਤਲ ਕਰਵਾਉਣ ਦੀ ਮਨਾਹੀ। ਜਿਸ ਨੂੰ ਉਨ੍ਹਾਂ ਨੇ ਸਾਰੇ ਜੀਵਨ ਲਈ ਪੱਲੇ ਬੰਨ ਲਿਆ।

1661 ਈ: ਨੂੰ ਗੁਰੂ ਜੀ ਜੋਤੀ ਜੋਤਿ ਸਮਾਏ। ਜੋਤੀ ਜਤਿ ਸਮਾਉਣ ਤੋਂ ਪਹਿਲਾਂ ਗੁਰੂ ਜੀ ਨੇ ਆਪਣੇ ਛੋਟੇ ਪੁੱਤਰ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੂੰ ਗੁਰਤਾਗੱਦੀ ਦੀ ਦਾਤ ਬਖਸ਼ਿਸ਼ ਕੀਤੀ। ਆਓ ਗੁਰੂ ਹਰਿਰਾਇ ਸਾਹਿਬ ਜੀ ਦੇ ਗੁਰਤਾਗੱਦੀ ਦਿਹਾੜੇ ਦੇ ਉਨ੍ਹਾਂ ਦੇ ਪਾਏ ਹੋਏ ਪੂਰਨਿਆਂ 'ਤੇ ਚੱਲਣ ਦਾ ਯਤਨ ਕਰੀਏ।

ਭਾਈ ਹਰਦੀਪ ਸਿੰਘ ਪਾਤੜਾਂ




ਦਾ ਪੰਜਾਬ ਹੈਰਲਡ

ਵਿਚ ਕਿਸੇ ਵੀ ਤਰ੍ਹਾਂ ਦੀਆਂ ਖਬਰਾਂ, ਸਾਹਿਤਕ ਕ੍ਰਿਤਾਂ, ਜਾਇਦਾਦ ਸੰਬੰਧੀ ਸੂਚਨਾਵਾਂ ਤੇ ਵਿਆਹ ਸ਼ਾਦੀਆਂ ਸੰਬੰਧੀ ਇਸ਼ਤਿਹਾਰ ਛਪਵਾਉਣ ਲਈ ਤੁਸੀਂ ਸਾਡੇ ਨਾਲ ਹੇਠ ਲਿਖੇ ਨੰਬਰ ਅਤੇ ਈ-ਮੇਲ ਤੇ ਸੰਪਰਕ ਕਰ ਸਕਦੇ ਹੋ। ਚੰਗਾ ਹੋਵੇਗਾ ਜੇ ਇਹ ਸਭ ਪ੍ਰਕਾਰ ਦੀ ਸਮਗਰੀ ਹਰ ਮਹੀਨੇ 20 ਤਰੀਖ ਤੋਂ ਪਹਿਲਾਂ ਪਹਿਲਾਂ ਸਾਡੇ ਪਾਸ ਪਹੁੰਚ ਜਾਵੇ।

ਸੰਪਰਕ 0437641033 | thepunjabherald1@gmail.com

# ਹੋਲਾ ਮਹੱਲਾ

## ਹੋਲਾ ਮਹੱਲਾ ਤੇ ਵਿਸ਼ੇਸ਼

ਬਸੰਤ ਦੀ ਰੁਤ ਸ਼ੁਰੂ ਹੋਣ ਨਾਲ ਸਰਦੀ ਦਾ ਪ੍ਰਭਾਵ ਘਟਣ ਲਗਦਾ ਹੈ। ਝੜ ਚੁੱਕੇ ਦਰੱਖ਼ਤ ਮੁੜ ਹਰੇ ਹੋਣੇ ਸ਼ੁਰੂ ਹੋ ਜਾਂਦੇ ਹਨ। ਰੰਗ ਬਿਰੰਗੇ ਪਤੰਗ ਅਸਮਾਨ ਵਿਚ ਉਡਦੇ ਵਿਖਾਈ ਦਿੰਦੇ ਹਨ। ਧੁੰਦ ਦੀ ਲਪੇਟ ਵਿਚ ਆਇਆ ਸੂਰਜ ਵੀ ਚਮਕਾਂ ਮਾਰਨ ਲਗਦਾ ਹੈ, ਖੇਤਾਂ ਵਿਚ ਖੜੀ ਸਰ੍ਹੋਂ ਦੇ ਫੁੱਲ ਅਤੇ ਗੇਂਦਿਆਂ ਦੇ ਖਿੜ ਰਹੇ ਸੁਨਹਿਰੀ ਫੁੱਲ ਇਸ ਰੁੱਤ ਨੂੰ ਚਾਰ ਚੰਨ ਲਾਉਂਦੇ ਹਨ। ਇਸ ਖਿੜੀ ਹੋਈ ਰੁੱਤ ਵਿਚ ਆਉਂਦਾ ਹੈ ਰੰਗਾਂ ਦਾ ਤਿਉਹਾਰ ਹੋਲੀ। ਕਿਹਾ ਜਾਂਦਾ ਹੈ ਕਿ ਇਸ ਦਿਨ ਰਾਜਾ ਹਰਣਾਖਸ਼ ਨੇ ਭਗਤ ਪ੍ਰਹਿਲਾਦ ਨੂੰ ਅਪਣੀ ਭੈਣ ਹੋਲਿਕਾ ਦੀ ਗੋਦੀ ਵਿਚ ਬਿਠਾ ਕੇ ਸਾੜਨ ਦੀ ਕੋਸ਼ਿਸ਼ ਕੀਤੀ। ਹੋਲਿਕਾ ਨੂੰ ਵਰ ਸੀ ਕਿ ਉਹ ਅੱਗ ਵਿਚ ਨਹੀਂ ਸੜਦੀ ਪਰ ਹੋਲਿਕਾ ਸੜ ਗਈ ਤੇ ਪ੍ਰਹਿਲਾਦ ਬਚ ਗਿਆ।

ਪ੍ਰਮਾਤਮਾ ਦੇ ਭਗਤ ਦੀ ਲਾਜ ਰੱਖਣ ਸਬੰਧੀ ਜ਼ਿਕਰ ਗੁਰਬਾਣੀ ਵਿਚ ਵੀ ਆਉਂਦਾ ਹੈ :-

ਹਰਿ ਜੁਗੁ ਜੁਗੁ ਭਗਤ ਉਪਾਇਆ
ਪੈਜ ਰਖਦਾ ਆਇਆ ਰਾਮ ਰਾਜੇ
ਹਰਣਾਖਸੁ ਦੁਸਟੁ ਹਰਿ ਮਾਰਿਆ
ਪ੍ਰਹਲਾਦੁ ਤਰਾਇਆ॥

ਉਸ ਦਿਨ ਤੋਂ ਹੀ ਹੋਲੀ ਦਾ ਤਿਉਹਾਰ ਪੂਰੇ ਭਾਰਤ 'ਚ ਹਰ ਸਾਲ ਮਨਾਇਆ ਜਾਣ ਲੱਗਾ। ਹੌਲੀ-ਹੌਲੀ ਇਸ ਤਿਉਹਾਰ ਵਿਚ ਵਿਗਾੜ ਆਉਣਾ ਸ਼ੁਰੂ ਹੋ ਗਿਆ। ਬ੍ਰਾਹਮਣਾਂ ਵਲੋਂ ਤਿਉਹਾਰਾਂ ਦੀ ਵੰਡ, ਵਰਣਾਂ ਦੀ ਵੰਡ ਮੁਤਾਬਕ ਕਰ ਦਿਤੀ ਗਈ ਜਿਸ ਅਨੁਸਾਰ ਵਿਸਾਖੀ ਬ੍ਰਾਹਮਣਾਂ ਦੀ, ਦੁਸ਼ਹਿਰਾ ਕਸ਼ਤਰੀਆਂ ਦਾ, ਦਿਵਾਲੀ ਵੈਸ਼ਾਂ ਦੀ ਅਤੇ ਹੋਲੀ ਆਈ ਸ਼ੂਦਰਾਂ ਦੇ ਹਿੱਸੇ। ਹੋਲੀ ਦੇ ਤਿਉਹਾਰ ਦੌਰਾਨ ਗੰਦ ਸੁਟਣਾ, ਸ਼ਰਾਬ ਪੀਣਾ ਅਤੇ ਸ਼ੂਦਰਾਂ ਦੀ ਬੇਇਜ਼ਤੀ ਕਰਨੀ ਜਾਂ ਔਰਤਾਂ ਨੂੰ ਤੰਗ ਕਰਨਾ ਇਸ ਤਿਉਹਾਰ ਦਾ ਇਕ ਅੰਗ ਬਣ ਗਿਆ।

ਸਮਾਂ ਬਦਲਿਆ, ਇਸ ਗਿਰਾਵਟ ਨੂੰ ਦੂਰ ਕਰਨ ਲਈ ਅਤੇ ਲਿਤਾੜੇ ਜਾ ਰਹੇ ਲੋਕਾਂ ਹੱਥ ਕ੍ਰਿਪਾਨ ਫੜਾਉਣ ਲਈ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਤਿਉਹਾਰ ਨੂੰ ਨਾ ਸਿਰਫ਼ ਨਵੇਂ ਰੰਗਾਂ ਵਿਚ ਹੀ ਰੰਗਿਆ ਸਗੋਂ ਲੋਕਾਂ ਨੂੰ ਅਣਖ ਨਾਲ ਜਿਊਣ ਦੀ ਜਾਚ ਵੀ ਸਿਖਾਈ। ਜਿਹੜੇ ਲੋਕਾਂ ਨੂੰ ਆਸ





ਨਹੀਂ ਸੀ ਕਿ ਉਨ੍ਹਾਂ ਦੇ ਹੱਥ ਵਿਚ ਕੱਚੇ ਭਾਂਡਿਆਂ ਦੀ ਥਾਂ ਤਲਵਾਰਾਂ ਹੋਣਗੀਆਂ, ਉਨ੍ਹਾਂ ਨੇ ਬੜੇ ਜੋਸ਼ ਨਾਲ ਤਲਵਾਰ ਦੇ ਮੁੱਠੇ ਨੂੰ ਹੱਥ ਪਾਇਆ। ਪਹਿਲਾਂ ਤਾਂ ਗੁਰੂ ਗੋਬਿੰਦ ਸਿੰਘ ਜੀ ਨੇ ਲੋਕਾਂ ਵਿਚ 'ਮਰਦਊਪੁਣੇ' ਦੀ ਭਾਵਨਾ ਜਾਗ੍ਰਿਤ ਕਰਨ ਲਈ ਇਸ ਦਾ ਨਾਂ ਬਦਲ ਕੇ 'ਹੋਲਾ' ਰਖਿਆ ਜਿਸ ਤਰ੍ਹਾਂ ਪਹਿਲਾਂ ਕਈ ਚੀਜ਼ਾਂ ਦੇ ਮਰਦਾਵੇਂ ਨਾਂ ਰੱਖੇ ਸਨ। ਫਿਰ ਸ਼ਬਦ 'ਮਹੱਲਾ' ਨਾਲ ਲਾ ਕੇ ਇਸ ਨੂੰ 'ਹੋਲੇ ਮਹੱਲੇ' ਦਾ ਨਾਂ ਦਿਤਾ ਗਿਆ। ਹੋਲੇ ਦਾ ਅਰਥ ਹੈ ਹੱਲਾ, ਮਹੱਲਾ ਉਸ ਥਾਂ ਨੂੰ ਕਿਹਾ ਜਾਂਦਾ ਹੈ ਜਿਸ ਨੂੰ ਜਿੱਤ ਕੇ ਉਥੇ ਆਸਣ ਲਾਇਆ ਜਾਵੇ। ਇਸ ਰੀਤ ਨੂੰ ਕਾਇਮ ਰੱਖਣ ਲਈ ਦਸਮੇਸ਼ ਪਿਤਾ ਨੇ 1757 ਬਿ. ਵਿਚ ਕਿਲ੍ਹਾ ਹੋਲਗੜ੍ਹ ਦੀ ਸਥਾਪਨਾ ਕੀਤੀ ਅਤੇ ਹੋਲੇ ਮਹੱਲੇ ਦੇ ਤਿਉਹਾਰ ਨੂੰ ਅਪਣੀ ਦੇਖ-ਰੇਖ ਹੇਠ ਮਨਾਉਣਾ ਸ਼ੁਰੂ ਕੀਤਾ। ਸਿੰਘਾਂ ਦੀਆਂ ਫ਼ੌਜਾਂ ਦੇ ਦੋ ਦਲ ਬਣਾ ਲਏ ਜਾਂਦੇ ਸਨ। ਇਕ ਦਲ ਨੇ ਕੇਸਰੀ ਬਸਤਰ ਪਹਿਨੇ ਹੁੰਦੇ ਸਨ ਅਤੇ ਦੂਸਰੇ ਦਲ ਨੇ ਚਿੱਟੇ। ਇਕ ਦਲ ਕਿਲ੍ਹਾ ਹੋਲਗੜ੍ਹ ਦੀ ਰਾਖੀ ਕਰਦਾ ਅਤੇ ਦੂਜਾ ਦਲ ਉਸ ਉਪਰ ਹਮਲਾ ਕਰਦਾ। ਜਿੱਤਣ ਵਾਲੇ ਦਲ ਨੂੰ ਗੁਰੂ ਗੋਬਿੰਦ ਸਿੰਘ ਜੀ ਅਪਣੇ ਹੱਥੀਂ ਇਨਾਮ ਦਿੰਦੇ। ਇਹ ਬਨਾਉਟੀ ਯੁਧ ਕਰਨੇ ਉਸ ਸਮੇਂ ਦੀ ਲੋੜ ਬਣ ਚੁੱਕੀ ਸੀ ਕਿਉਂਕਿ ਗੁਰੂ ਸਾਹਿਬ ਇਕ ਬਹੁਤ ਵੱਡੇ ਮਨੋਵਿਗਿਆਨੀ ਵੀ ਸਨ। ਉਹ ਜਾਣਦੇ ਸਨ ਕਿ ਜਿਹੜੇ ਲੋਕੀ ਇਸ ਬਨਾਉਟੀ ਜੰਗ ਵਿਚ ਭਾਗ ਲੈਣਗੇ ਜਾਂ ਇਸ ਜੰਗ ਨੂੰ ਵੇਖਣਗੇ, ਉਨ੍ਹਾਂ ਦੇ ਹੌਂਸਲੇ ਹੋਰ ਬੁਲੰਦ ਹੋਣਗੇ। ਇਹ ਗੁਰੂ ਸਾਹਿਬ ਦੀ ਸੋਚ ਹੀ ਸੀ, ਜਿਨ੍ਹਾਂ ਨੇ ਬੜੇ ਸੁੰਦਰ ਤਰੀਕੇ ਨਾਲ ਲੋਕਾਂ ਨੂੰ ਜਿਊਣ ਦਾ ਢੰਗ ਸਿਖਾਇਆ ਜਿਹੜਾ ਸ਼ਾਇਦ ਕਿਸੇ ਹੋਰ ਕੋਲੋਂ ਨਹੀਂ ਸੀ ਹੋਣਾ।

ਅੱਜ ਵੀ ਹਰ ਸਾਲ ਹੋਲੇ ਮਹੱਲੇ ਦੇ ਦਿਨ ਅਨੰਦਪੁਰ ਸਾਹਿਬ ਵਿਖੇ ਭਾਰੀ ਜੋੜ ਮੇਲਾ ਲਗਦਾ ਹੈ। ਤਿਆਰ-ਬਰ-ਤਿਆਰ ਹੋਏ ਨਿਹੰਗ ਸਿੰਘ ਕਿਲ੍ਹਾ ਆਨੰਦਗੜ੍ਹ ਦੇ ਸਾਹਮਣਿਉਂ ਗੁਰਦੁਆਰਾ ਸ਼ਹੀਦੀ ਬਾਗ ਸਾਹਿਬ ਤੋਂ ਇਕ ਨਗਰ ਕੀਰਤਨ ਆਰੰਭ ਕਰਦੇ ਹਨ। ਗਤਕਾ ਖੇਡਦੇ ਗੁਲਾਲ ਦੀ ਵਰਖਾ ਕਰਦੇ ਹੋਏ ਨਿਹੰਗ ਸਿੰਘ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਕਿਲ੍ਹਾ ਹੋਲਗੜ੍ਹ ਅਤੇ ਦੇਹੁਰਾ ਮਾਤਾ ਜੀਤੋ ਜੀ ਨੂੰ ਮੱਥਾ ਟੇਕਣ ਉਪ੍ਰੰਤ 'ਚਰਨ ਗੰਗਾ' ਦੇ ਸਥਾਨ 'ਤੇ ਖੁੱਲ੍ਹੀ ਜਗ੍ਹਾ ਵਿਚ ਅਪਣੀ ਕਲਾ ਦੇ ਜੌਹਰ ਵਿਖਾਉਂਦੇ ਹੋਏ ਮੇਲੇ ਦੀ ਸਮਾਪਤੀ ਕਰਦੇ ਹਨ। ਇਹ ਦ੍ਰਿਸ਼ ਬੜਾ ਮਨਮੋਹਕ ਹੁੰਦਾ ਹੈ।

ਪਾਉਂਟਾ ਸਾਹਿਬ ਦੀ ਪਵਿੱਤਰ ਧਰਤੀ 'ਤੇ ਵੀ ਬੜੀ ਸ਼ਾਨੋ-ਸ਼ੌਕਤ ਨਾਲ ਹੋਲਾ-ਮਹੱਲਾ ਮਨਾਇਆ ਜਾਂਦਾ ਹੈ। ਉਂਜ ਤਾਂ ਹਰ ਤਿਉਹਾਰ ਦੀ ਅਪਣੀ ਵਿਸ਼ੇਸ਼ਤਾ ਹੈ। ਬਾਕੀ ਸਾਰੇ ਤਿਉਹਾਰਾਂ ਤੇ ਲੋਕ ਨਵੇਂ-ਨਵੇਂ ਸੋਹਣੇ ਕਪੜੇ ਪਾ ਕੇ ਮੇਲਾ ਵੇਖਣ ਜਾਂਦੇ ਹਨ ਪਰ ਸਿਰਫ਼ ਹੋਲੀ ਦਾ ਤਿਉਹਾਰ ਹੀ ਇਕ ਅਜਿਹਾ ਤਿਉਹਾਰ ਹੈ ਜਿਸ ਦਿਨ ਲੋਕੀਂ ਅਪਣੇ ਪੁਰਾਣੇ ਤੋਂ ਪੁਰਾਣੇ ਕਪੜੇ ਕਢ ਕੇ ਪਾਉਂਦੇ ਹਨ ਪਰ ਉਨ੍ਹਾਂ ਦੇ ਚਿਹਰਿਆਂ 'ਤੇ ਰੌਣਕ ਅਤੇ ਖ਼ੁਸ਼ੀ ਕਿਤੇ ਦੂਗਣੀ-ਚੌਗਣੀ ਝਲਕਦੀ ਹੁੰਦੀ ਹੈ। ਇਹ ਤਿਉਹਾਰ ਇਸ ਗੱਲ ਦਾ ਵੀ ਪ੍ਰਤੀਕ ਹੈ ਕਿ ਖ਼ੁਸ਼ ਰਹਿਣ ਲਈ ਕੇਵਲ ਭੌਤਿਕ ਵਸਤਾਂ ਜਾਂ ਗਹਿਣਿਆਂ ਦੀ ਹੀ ਲੋੜ ਨਹੀਂ ਹੁੰਦੀ ਸਗੋਂ ਅੰਦਰੂਨੀ ਖ਼ੁਸ਼ੀ ਦਾ ਹੋਣਾ ਬਹੁਤ ਜ਼ਰੂਰੀ ਹੈ।

ਜਿਥੇ ਇਹ ਰੰਗ ਅਪਣੀ ਮਹਿਕ ਨਾਲ ਲੋਕਾਂ ਦੇ ਚਿਹਰੇ ਨਸ਼ਿਆਉਂਦੇ ਹਨ, ਉਥੇ ਇਨ੍ਹਾਂ ਰੰਗਾਂ ਵਿਚ ਰੰਗੇ ਲੋਕ ਧਰਮਾਂ, ਜਾਤਾਂ, ਗੋਤਾਂ, ਮਜ਼੍ਹਬਾਂ ਅਤੇ ਗ਼ਰੀਬੀ-ਅਮੀਰੀ ਦੇ ਭੇਦ ਭੁਲਾ ਕੇ ਇਕ-ਦੂਜੇ ਨੂੰ ਗਲ ਨਾਲ ਲਾਉਂਦੇ ਹਨ। ਕਿੰਨਾ ਚੰਗਾ ਹੋਵੇ ਜੇ ਇਹ ਪਿਆਰ ਦੇ ਰੰਗ ਅਸੀ ਇਕ ਦੂਜੇ ਤੇ ਹਰ ਰੋਜ਼ ਛਿੜਕਦੇ ਰਹੀਏ ਅਤੇ ਨਫ਼ਰਤਾਂ ਦੀ ਚਲ ਰਹੀ ਹਨੇਰੀ ਨੂੰ ਠੱਲ੍ਹ ਪਾ ਸਕੀਏ, ਬਦੀ ਉਤੇ ਨੇਕੀ ਦੀ ਜਿੱਤ ਹੋਵੇ ਅਤੇ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਸਿਰਜੇ ਹੋਏ ਸੁਪਨੇ ਸਾਕਾਰ ਹੋਣ।

ਡਾ. ਅਮਨਦੀਪ ਸਿੰਘ ਟੱਲੇਵਾਲੀਆ



## ਮਾਂ-ਦੀ ਬੋਲੀ

ਭਰ
ਸਿਆਲ ਦੀ ਰੁੱਤੇ
ਕਪਾਹ ਦੀਆਂ
ਫੁੱਟੀਆਂ ਵਾਂਗੂ
ਲਿਸਕਦੇ ਦਿਨ
ਦੌੜਦੇ ਤੇ ਟਪੂਸੀਆਂ ਮਾਰਦੇ
ਟੈਸਲੇ (ਪਾਲਤੂ ਕੁੱਤੇ) ਦੇ
ਕੋਲੋਂ ਦੀ ਲੰਘਦਿਆਂ
ਤੇ ਗਹੁ ਨਾਲ ਝਾਕਦਿਆਂ
ਇਹ ਸੋਹਣਾ ਤੇ
ਗੋਲ-ਮਟੋਲ ਨਿਆਣਾ
'ਸਟਰੋਲਰ' ਦੇ ਵਿੱਚੋਂ
ਟਪੂਸੀਆਂ ਮਾਰਨ ਲੱਗਾ

ਆਪਣੇ
ਨਿੱਕੇ-ਨਿੱਕੇ ਹੱਥਾਂ
ਦੇ ਇਸ਼ਾਰਿਆਂ
ਤੇ
'ਤੋਤਲੇ ਬੋਲਾਂ' ਨਾਲ
ਕਈ ਕੁਝ ਬੋਲ ਗਿਆ

ਉਹ
ਕੀ ਬੋਲ ਗਿਆ ?
ਇਸ ਦੀ ਮੈਨੂੰ
ਸਮਝ ਨਾ ਲੱਗੀ
ਉਸ ਦੀ ਮਾਂ ਨੂੰ ਪੁੱਛਿਆ..
ਇਹ ਬੱਚਾ
ਕੀ ਕਹਿ ਰਿਹਾ ਹੈ ?
ਉਸ ਨੇ
ਮੁਸਕਰਾਉਂਦਿਆਂ ਜਵਾਬ ਦਿੱਤਾ
ਇਹ ਕਹਿੰਦਾ ਆ
ਮਾਂ ! ਮਾਂ ! ਔਹ- ਡੌਗੀ ਲੈਣਾ ਆ !

ਹੈਂਅ!
ਸੱਚ ਹੀ ?
ਮੈਂ ਪੁੱਛਿਆ
ਹਾਂ.. ਜੀ, ਉਸ ਨੇ ਕਿਹਾ
ਮੂੰਹ ਵਿੱਚ ਉਂਗਲ ਪਾ
ਮੈਂ ਸੋਚੀਂ ਪੈ ਗਿਆ
ਵਾਹ !
ਹੈ ਨਾ
ਮਾਂ ਦੀ ਬੋਲੀ ਦਾ ਕਮਾਲ !
ਬੱਚਾ
ਮਾਂ-ਬੋਲੀ ਬੋਲਿਆ
ਤੇ ਮਾਂ ਜਾਣ ਗਈ !!


ਕੁਲਵਿੰਦਰ ਬਾਠ

## ਪੁੱਤਰਾਂ ਵਾਲਿਓ

ਪੁੱਤਰਾਂ ਵਾਲਿਓ ,, ਸੁਣਿਓ ਗੱਲ ਮੇਰੀ,,
ਪੁੱਤਰ ਜੰਮ ਕੇ ,, ਪਾਲਣੇ ਬੜੇ ਔਖੇ।।

ਮੰਡੀ ਨਸ਼ਿਆਂ ਦੀ ,,ਬਣਿਆ ਪੰਜਾਬ ਮੇਰਾ,,
ਚੜ੍ਹਦੀ ਉਮਰ ,, ਸੰਭਾਲਣੇ ਬੜੇ ਔਖੇ।।

ਵਿਹਲੇ ਹੱਥਾਂ ਨੂੰ ,,ਭਾਲ ਰੁਜਗਾਰ ਵਾਲੀ,,
ਟੁੱਕਰ ਪੇਟ ਲਈ,, ਭਾਲਣੇ ਬੜੇ ਔਖੇ।।

ਆਪਣੇ ਲਈ, ਮਰਦੀ,,ਤੱਖਰਾ ਕੁਲ ਦੁਨੀਆਂ,,
ਓ ਜਫਰ ਹੋਰਾਂ ਲਈ,,ਜਾਲਣੇ ਬੜੇ ਔਖੇ।।

ਆਪਣੇ ਲਈ ਮਰਦੀ ,,ਏਥੇ ਕੁਲ ਦੁਨੀਆਂ,,
ਜਫਰ ਹੋਰਾਂ ਲਈ,, ਜਾਲਣੇ ਬੜੇ ਔਖੇ।।

ਗੁਰਨਾਮ ਤੱਖਰ

## ਮਹਿਕਾਂ ਵੰਡਦੇ ਫੁੱਲ ਨਾ ਤੋੜੋ

ਟਾਹਣੀਆਂ ਉੱਤੇ ਫੁੱਲ ਨੇ ਲੱਗੇ,
ਕਿੰਨੇ ਸੋਹਣੇ ਲੱਗਦੇ।
ਤਿੱਤਲੀਆਂ ਅਤੇ ਭੌਰੇ ਘੁੰਮਦੇ
ਫੁੱਲਾਂ ਉੱਤੇ ਫੱਬਦੇ।

ਦਿੰਦੇ ਸਾਨੂੰ ਮਹਿਕਾਂ, ਇਹ ਮੁੱਲ
ਨਾ ਕੋਈ ਮੰਗਦੇ।
ਹੋ ਜਾਂਦੇ ਨੇ ਖੁਸ਼ , ਜਦ ਵੀ ਰਾਹੀ
ਉੱਧਰੋਂ ਲੰਘਦੇ ।

ਧਰਤੀ ਦਾ ਸੁਹੱਪਣ ਹੈ, ਸਵਰਗ
ਦਾ ਨਜਾਰਾ।
ਸਾਡੇ ਵਾਂਗੂ ਖੁਸ਼ ਰਹੋ, ਕਰਦੇ
ਇਹ ਇਸ਼ਾਰਾ।

ਕੋਈ ਗੇਂਦਾਂ, ਗੁਲਾਬ, ਚਮੇਲੀ
ਤੇ ਕੋਈ ਗੁਲਮੋਹਰ।
ਵੱਖ ਵੱਖ ਰੰਗਾਂ ਦੇ ਵਿੱਚ ਵੇਖੋ
ਕਿੰਨੇ ਲੱਗੇ ਹੋਰ ।

ਬੱਚਿਓ ! ਹੱਥ ਨਾ ਲਾਇਓ , ਨਾ ਹੀ
ਤੁਸੀਂ ਤੋੜਿਓ।
ਕਿੰਨੀਆਂ ਕੋਮਲ ਟਾਹਣੀਆਂ ਨੇ,
ਇਹ ਨਾ ਮਰੋੜਿਓ।

ਆਪ ਮਸਤੀ ਵਿੱਚ ਰਹਿੰਦੇ ਤੇ
ਸਾਨੂੰ ਇਹੀ ਸਿਖਾਉਂਦੇ।
ਜਿੱਥੇ ਵੀ ਖਿੜ੍ਹਨ ਇਹ ਬੱਚਿਓ,
ਰੌਣਕਾਂ ਨੇ ਲਾਉਂਦੇ।

ਜੇ ਅਸੀਂ ਹੱਥ ਲਾਵਾਂਗੇ,
ਤਾਂ ਮਹਿਕ ਨੇ ਨੱਸ ਜਾਣਾ।
ਮੁਰਝਾ ਜਾਣਗੇ ਫੁੱਲ ਇਹ ਬੱਚਿਓ,
ਮੁੜ ਇਹਨਾਂ ਨਾ ਆਣਾ।

ਦੂਰੋਂ ਖੜ ਕੇ ਵੇਖੀ ਜਾਇਓ ਫੁੱਲ
ਪਿਆਰੇ ਪਿਆਰੇ।
'ਪੱਤੋ' ਆਖੇ ਉਸ ਕੁਦਰਤ ਦੇ ਜਾਈਏ
ਸਦਾ ਬਲਿਹਾਰੇ।


ਹਰਪ੍ਰੀਤ ਪੱਤੋ

## ਗ਼ਜ਼ਲ

ਕੋਰੇ ਕਾਗਜ ਤੇ ਤੱਕਿਓ ਖ਼ੂਬ, ਲਕੀਰ
ਬਣਾ ਕੇ ਜਾਵਾਂਗਾ।
ਕਵਿਤਾ ਆਪਣੀ ਨੂੰ ਸੋਨੇ ਦੀ ਤਸਵੀਰ
ਬਣਾ ਕੇ ਜਾਵਾਂਗਾ।
ਛੱਡ ਜਾਣੀ ਦੁਨੀਆਂ ਰੰਗਲੀ ਮੈਂ, ਹੱਸਦੇ
ਹੱਸਦੇ ਇੱਕ ਦਿਨ ਯਾਰੋ,
ਆਪਣੇ ਬੋਲਾਂ ਨੂੰ ਆਪਣਾ ਫੇਰ, ਸਰੀਰ
ਬਣਾ ਕੇ ਜਾਵਾਂਗਾ।
ਕੁੱਝ ਗਮ ਤੇ ਖੁਸ਼ੀਆਂ ਬੰਨ ਪੱਲੇ, ਮੈਂ
ਖ਼ਾਕ ਵਾਂਗ ਉੱਡ ਜਾਣਾ ਏ,
ਪਰ ਆਵਣ ਵਾਲੀ ਪੀੜੀ ਦੀ, ਤਕਦੀਰ
ਬਣਾ ਕੇ ਜਾਵਾਂਗਾ।
ਭਾਵੇਂ ਵਿੱਚ ਸ਼ਾਹੀ ਠਾਠ ਬਾਠ, ਮੈਂ ਰਿਹਾ
ਹਮੇਸਾ ਜੱਗ ਅੰਦਰ,
ਪਰ ਜਾਵਣ ਵੇਲੇ ਖ਼ੁਦ ਨੂੰ ਇੱਕ, ਫਕੀਰ
ਬਣਾ ਕੇ ਜਾਵਾਂਗਾ।
ਵਿਰਲੇ ਵਿਰਲੇ ਲੋਕਾਂ ਰੋਣਾ, ਜਦ ਕੂਚ
ਜਹਾਨੋਂ ਮੈਂ ਕਰਨਾ,
ਇਹ ਪੱਥਰ ਵਰਗਾ ਸੀਨਾ ਸਖ਼ਤ, ਸ਼ਤੀਰ
ਬਣਾ ਕੇ ਜਾਵਾਂਗਾ।
ਕਰ ਯਾਦ ਸਲੇਮਪੁਰੀ 'ਲੱਖਾ', ਮਹਿਫ਼ਲ
ਵੀ ਤੁਸਾਂ ਸਜਾ ਲੈਣੀ,
ਚੇਤੇ ਕਰੋਗੇ ਕਲਮ ਦੀ ਜੋ, ਸਮਸ਼ੀਰ
ਬਣਾ ਕੇ ਜਾਵਾਂਗਾ।


ਅਜੀਤ ਕਮਲ ਬਟਾਲਾ

## ਰੰਗ ਦਿਆ ਚਿੱਟਿਆ

ਰੰਗ ਦਿਆ ਚਿੱਟਿਆ ਤੇ ਦਿਲ ਦਿਆ
ਕਾਲ਼ਿਆ ।
ਮੇਰਾ ਤੂੰ ਪੰਜਾਬ ਬਿਨਾ ਦੰਦਾਂ ਤੋਂ ਹੀ ਖਾ
ਲਿਆ ।

ਦਮ ਘੁੱਟ ਮਾਰੀਆਂ ਤੂੰ ਡੋਲਿਆਂ 'ਚ
ਮੱਛੀਆਂ ।
ਕੀਰਨਿਆਂ, ਵੈਣਾਂ ਰੂਹਾਂ ਸਾਡੀਆਂ ਨੇ
ਪੱਛੀਆਂ ।
ਵੈਰੀਆ ਤੂੰ ਸਾਡੇ ਪਿੰਡ ਡੇਰਾ ਕਾਹਨੂੰ
ਲਾ ਲਿਆ ।
ਮੇਰਾ ਤੂੰ ਪੰਜਾਬ......

ਕਿੱਦਾਂ ਹੁਣ ਪੈਲਾਂ ਪਾਉਣ, ਪੱਟਾਂ ਉੱਤੇ
ਮੋਰ ਵੀ ।
ਫਿਰਦੀ ਗੁਆਚੀ ਇਹ ਜਵਾਨੀ ਭੁੱਲੀ
ਤੋਰ ਵੀ ।
ਸਾਡੇ ਪੁੱਤਾਂ ਧੀਆਂ ਨੂੰ ਤੂੰ ਚਾਟ ਉੱਤੇ
ਲਾ ਲਿਆ ।
ਮੇਰਾ ਤੂੰ ਪੰਜਾਬ.....

ਕਦੇ ਹਥਿਆਰ ਸਾਡੇ ਪੁੱਤਾਂ ਨੂੰ ਚੁਕਾਏਂ
ਤੂੰ ।
ਧਰਤੀ-ਧਕੇਲ ਯੋਧੇ, ਮੌਤ ਰਾਹੇ ਪਾਏਂ
ਤੂੰ ।
ਮਾਛੀਆ! ਤੂੰ ਜਾਲ਼ ਹੀ ਬਰੂਹਾਂ ਉੱਤੇ
ਲਾ ਲਿਆ ।
ਮੇਰਾ ਤੂੰ ਪੰਜਾਬ......

ਵੈਰ ਹੈ ਕਮਾਇਆ ਏਥੇ ਜ਼ਹਿਰ ਦੇ
ਵਪਾਰੀਆਂ ।
ਜੜ੍ਹ ਤੋਂ ਜਵਾਨੀ ਚੀਰੀ ਫੇਰ ਫੇਰ
ਆਰੀਆਂ ।
ਹਾਏ ਓ ਕੁਲਹਿਣਿਆ! ਦੁਪਹਿਰੇ
ਦੀਵਾ ਬਾਲਿਆ ।

ਰੰਗ ਦਿਆ ਚਿੱਟਿਆ ਤੇ ਦਿਲ ਦਿਆ
ਕਾਲ਼ਿਆ ।
ਮੇਰਾ ਤੂੰ ਪੰਜਾਬ ਬਿਨਾ ਦੰਦਾਂ ਤੋਂ ਹੀ ਖਾ
ਲਿਆ।


ਗੁਰਭਜਨ ਗਿੱਲ

## ਸਥਿਤੀ ਭਿਅੰਕਰ

ਸਥਿਤੀ ਭਿਅੰਕਰ ਆ ਰਹੀ ਹੈ
ਲਾਂਬੂ ਦਿਲ ਨੂੰ ਲਾ ਰਹੀ ਹੈ

ਖ਼ੂਨ ਮਹਿੰਗਾਈ ਚੂਸ ਰਹੀ ਹੈ
ਜਨਤਾ ਪਿਸਦੀ ਜਾ ਰਹੀ ਹੈ

ਖੇਤਾਂ ਵਿੱਚ ਸਲਫਾਸ ਉੱਗ ਰਹੀ,
ਖ਼ੁਦਕੁਸੀ ਵੱਧਦੀ ਜਾ ਰਹੀ ਹੈ।

ਤਮਾਸ਼ਾ ਇਹ ਖ਼ੂਬ ਵੇਖ ਕੇ
ਬੰਸਰੀ ਨੀਰੋ ਦੀ ਗਾ ਰਹੀ ਹੈ

ਖੌਰੇ ਅੱਗੇ ਕੀ ਹੋਰ ਬਣੂਗਾ
ਆਤਮਾ ਹਰੇਕ ਕੁਰਲਾ ਰਹੀ ਹੈ

ਰਾਖੇ ਹੀ ਹੁਣ ਵੇਚ ਰਹੇ ਨੇ
ਸੋਨ-ਚਿੜੀ ਵਿੱਕਦੀ ਜਾ ਰਹੀ ਹੈ


ਨਰਿੰਦਰ ਸਿੰਘ

## ਮੇਰੇ ਘਰ ਦੀ ਫਰਿਆਦ

ਚਿੱਤ ਕੀਤਾ ਮੇਰਾ, ਪਿੰਡ ਹੋ ਕੇ ਆਵਾਂ
।
ਭੁੱਲ ਨਾ ਜਾਵਾਂ , ਆਪਣਾ ਥਾਂ ਟਿਕਾਣਾ
।
ਘਰ ਮੇਰਾ ਮੈਨੂੰ , ਹਰ ਵਾਰ ਦੇ ਉਲਾਮੇ ।
ਮੈਨੂੰ ਸੁਨ੍ਹਾ ਛੱਡ ਜਾਨਾ ਏਂ ਮਾਰੇ ਤਾਹਨੇ।
।
ਤੂੰ ਕਰੇਂ ਕਮਾਈ , ਜਾਕੇ ਦੇਸ ਬੇਗਾਨੇ ।
ਘਰ ਕਦੇ ਤਾਂ ਗੇੜਾ, ਮਾਰ ਮੇਰੀਏ ਜਾਨੇ।।
ਘਰ ਆਪਣੇ ਨੂੰ ,ਕਿਉਂ ਭੁੱਲ ਗਿਆਂ ਏਂ ।
ਜਾਅ ਪ੍ਰਦੇਸਾਂ ਵਿੱਚ,ਕਿਉਂ ਰੁਲ ਗਿਆਂ ਏਂ
।
ਕਦੇ ਕਦਾਈਂ ਤਾਂ, ਮੈਨੂੰ ਯਾਦ ਕਰਿਆ ਕਰ ।
ਆਖਿਰ ਮੈਂ ਹਾਂ, ਤੇਰਾ ਜੱਦੀ ਘਰ ।
ਜੇ ਤੈਥੋਂ ਘਰ , ਨਾਂ ਗਏ ਸੰਭਾਲੇ ।
ਟੁਟੱਣ ਲੱਗ ਪੈ , ਹੁਣ ਛੱਤ ਦੇ ਬਾਲੇ ।
ਗੇਟ ਨੂੰ ਲੱਗੇ ਤਾਲੇ , ਹੁਣ ਗਏ ਜੰਗਾਲੇ ।
ਕੁਝੱ ਨਹੀਂ ਵਿਗੜਿਆ ,ਅਜੇ ਵੀ ਹਾਲੇ ।
ਖੋਲ ਦੇ ਆਕੇ, ਜੋ ਮੈਨੂੰ ਲੱਗੇ ਤਾਲੇ ।
ਲਾਹ ਦੇ ਆਕੇ, ਘਰ ਵਿੱਚ ਲੱਗੇ ਜਾਲੇ ।
ਮਿੱਤਰਾਂ ਕਦੇ ਤਾਂ, ਘਰ ਆਕੇ ਫੇਰਾ ਪਾ
।
ਦੀਵਾਲੀ ਨੂੰ ਆ, ਬਨੇਰਿਆਂ ਤੇ ਦੀਪ ਜੱਗਾ
ਮਨਿੰਆ ਤੈਨੂੰ ਕੰਮ ਤੋਂ, ਵੇਹਲ ਨਹੀਂ
ਮਿਲਦੀ
ਗੱਲ ਸੁਣਜਾ ਆਕੇ, ਕਦੇ ਮੇਰੇ ਦਿਲ ਦੀ
ਹੌਲੀ ਹੌਲੀ ਕਿਤੇ ਮੈਂ, ਢਹਿ ਨਾ
ਜਾਵਾਂ
ਰੋਕ ਲੈਂਦਾ ਤੈਨੂੰ ਮੈਂ, ਜੇ ਹੁੰਦਿਆ
ਬਾਂਹਵਾਂ
"ਸੰਧੂ" ਤੈਨੂੰ ਦਿਲ ਦੀ ਗੱਲ, ਕਹਿ ਨਾਂ
ਪਾਂਵਾਂ ।
ਆਪਣਾਂ ਦੁੱਖ ਮੈਂ ਤੈਨੂੰ , ਕਿੰਝ ਫੋਲ
ਸੁਣਾਂਵਾਂ ।


ਤਖਤਿੰਦਰ ਸਿੰਘ ਸੰਧੂ

## ਚੰਨ ਵੇ

ਬੜਾ ਦਸਦਾਂ ਏਂ ਦੇਸ ਤੂੰ ਹੈਂ ਮਹਾਨ ਵੇ।
ਖ਼ੁਦਕਸੀ ਕਾਹਤੋਂ ਕਰਦੇ ਕਿਸਾਨ ਵੇ ?
ਪੁੱਛਦੇ ਨੇ ਲੋਕ ਚੰਨ ਵੇ।
ਕਿਉਂ ਲੱਗਦੀ ਨਹੀਂ ਰੋਕ ਚੰਨ ਵੇ ?
ਕਿਉਂ ਲੱਗਦੀ ਨਹੀਂ ਰੋਕ ਚੰਨ ਵੇ ?
ਸੋਕਾ ਸਾੜਦਾ ਤੇ ਕਦੇ ਹੜ੍ਹ ਆਣ ਵੇ।
ਸਾਡੀ ਮੁੱਠੀ ਵਿੱਚ ਰਹਿੰਦੀ ਸਦਾ ਜਾਨ ਵੇ।
ਤੇ ਨੀਂਦਰਾਂ ਕੀ ਆਣ ਵੇ ?
ਧੀਆਂ ਬੂਹੇ ਉੱਤੇ ਬੈਠੀਆਂ ਜਵਾਨ ਵੇ।
ਸਾਥੋਂ ਹੁੰਦੇ ਨਹੀਉਂ ਦਰਦ ਬਿਆਨ ਵੇ।
ਪੁੱਛਦੇ ਨੇ ਲੋਕ ਚੰਨ ਵੇ।
ਕਿਉਂ ਲੱਗਦੀ ਨਹੀਂ ਰੋਕ ਚੰਨ ਵੇ ?
ਚੁੱਕ ਕਰਜੇ ਪੜ੍ਹਾਏ ਸੀ ਜਵਾਕ ਵੇ।
ਮਿਲੀ ਨੌਕਰੀ ਨਾ ਛੁੱਟ ਗਏ ਨੇ ਸਾਕ ਵੇ।
ਤੇ ਹੁੰਦੇ ਨੇ ਮਜਾਕ ਵੇ।
ਕੇਹਦੀ ਕੇਹਦੀ ਦੱਸ ਫੜ੍ਹੀਏ ਜਬਾਨ ਵੇ ?
ਤੀਰ ਤਾਨ੍ਹਿਆਂ ਦੇ ਸੀਨੇ ਵਿੰਨ੍ਹੀ ਜਾਣ ਵੇ।
ਪੁੱਛਦੇ ਨੇ ਲੋਕ ਚੰਨ ਵੇ।
ਕਿਉਂ ਲੱਗਦੀ ਨਹੀਂ ਰੋਕ ਚੰਨ ਵੇ ?
ਭਾਰੂ ਹੋ ਗਿਆ ਏ ਸਾਡੇ 'ਤੇ ਬਜਾਰ ਵੇ।
ਮਾਰੂ ਨੀਤੀਆਂ ਦੇ ਹੋਗੇ ਆਂ ਸਿਕਾਰ ਵੇ।
ਤੇ ਠੱਪ ਕਾਰੋਬਾਰ ਵੇ।
ਨਿੱਤ ਨਵੇਂ ਫਰਮਾਨ ਇੱਥੇ ਆਣ ਵੇ।
ਪੈਸੇ ਜੁਗਤਾਂ ਨਾ ਜੇਬ 'ਚ ਕਢਾਣ ਵੇ।
ਪੁੱਛਦੇ ਨੇ ਲੋਕ ਚੰਨ ਵੇ।
ਕਿਉਂ ਲੱਗਦੀ ਨਹੀਂ ਰੋਕ ਚੰਨ ਵੇ ?
ਜਦੋਂ ਆਪਣੀ ਆਈ 'ਤੇ ਲੋਕ ਆਉਣਗੇ।
ਨਾਅਰੇ ਹੱਕ ਸੱਚ ਵਾਲੇ ਡੱਟ ਲਾਉਣਗੇ।
ਨਾ ਪੈਰ ਪਿੱਛੇ ਪਾਉਣਗੇ।
ਅੱਗੇ ਵਧੇ ਜਦੋਂ ਬਣਕੇ ਤੂਫਾਨ ਵੇ।
ਤੋੜ ਦੇਣਗੇ ਉਹ " ਵਿਜੇ" ਦਾ ਗੁਮਾਨ ਵੇ।
ਉੱਠ ਪਏ ਨੇ ਲੋਕ ਚੰਨ ਵੇ।
ਤੇ ਸਕੂ ਕਿਹੜਾ ਰੋਕ ਚੰਨ ਵੇ।
ਤੇ ਸਕੂ ਕਿਹੜਾ
ਰੋਕ ਚੰਨ ਵੇ।


ਵਿਜੇ ਅਗਨੀਹੋਤਰੀ

## ਵੈਲਨਟਾਈਨ ਡੇਅ

ਆਜੋ ਥੋਨੂੰ ਅੱਜ ਸੁਣਾਵਾਂ ਮਿੱਤਰੋ
ਗੱਲ ਪੁਰਾਣੀ
ਇੱਕ ਮੌਡਰਨ ਰਾਂਝੇ ਵਾਲੀ , ਮਿੱਤਰੋ
ਪ੍ਰੇਮ ਕਹਾਣੀ

ਕਾਲਜ ਦੇ ਵਿੱਚ ਪੜਦਾ ਮੁੰਡਾ,
ਇੱਕ ਕੁੜੀ ਤੇ ਮਰਦਾ ਸੀ
ਬੰਬੂ ਕਾਟ ਤੇ ਫਿਰਦਾ
ਰਹਿੰਦਾ,ਕਾਲਜ ਘੱਟ ਹੀ ਵੜਦਾ
ਸੀ

ਇੱਕ ਕੁੜੀ ਨੂੰ ਲੱਭਦਾ ਇਕ ਦਿਨ,
ਬੱਸ ਅੱਡੇ ਤੇ ਆਇਆ
ਵਾਲਾਂ ਉੱਤੇ ਹੱਥ ਫੇਰ ਕੇ , ਫੁਕਰਾ
ਬਣ ਮੁਸਕਾਇਆ

ਟਿੱਚਰ ਕਰਕੇ ਫੇਰ ਕੁੜੀ ਨੂੰ, ਅੱਡੇ
ਵਿੱਚ ਬੁਲਾਇਆ
ਕੀ ਹਾਲ ਤੁਹਾਡਾ ਸੋਹਣਿਓ, ਮੁੱਖੋਂ
ਸੀ ਫੁਰਮਾਇਆ

ਟੁੱਕਿਓ ਬੇਰ ਦੇ ਵਾਂਗੂੰ ਓਹਨੂੰ, ਕੁੜੀ
ਨੇ ਮੂੰਹ ਨਾ ਲਾਇਆ
ਗੱਲ ਨਾ ਬਣਦੀ ਦੇਖ ਓਸ ਨੇ, ਹੋਰ
ਨੁਸਖਾ ਅਪਣਾਇਆ

ਹੈਪੀ ਵੈਲਨਟਾਈਨ ਆਖ ਕੇ
,ਗੁਲਾਬ ਦਾ ਫੁੱਲ ਫੜਾਇਆ
ਹਰਕਤ ਉਹਦੀ ਤੱਕ ਕੁੜੀ ਨੂੰ,
ਗੁੱਸਾ ਬੜਾ ਸੀ ਆਇਆ

ਫੇਰ ਕੁੜੀ ਨੇ ਜੋਰ ਲਗਾ ਕੇ , ਮੂੰਹ ਤੇ
ਥੱਪੜ ਜੜਤਾ
ਭੂੰਡ ਆਸਕ ਦਾ ਮਾਰ ਕੇ ਥੱਪੜ,
ਮੂੰਹ ਵਿੰਗਾ ਜਿਹਾ ਕਰਤਾ

ਇੰਨੇ ਚਿਰ ਨੂੰ ਓਸ ਜਗਾ ਤੇ , ਪੁਲਸ
ਵਾਲਾ ਇੱਕ ਆਇਆ
ਧੌਣੋਂ ਫੜਕੇ ਆਸਕ ਨੂੰ ਫਿਰ , ਸੜਕ
ਤੇ ਲੰਮਾ ਪਾਇਆ

ਚਾਦਰ ਵਾਂਗ ਵਿਛਾਤਾ ਰਾਂਝਾ,
ਛਿੱਤਰ ਬੜਾ ਵਰਾਇਆ
ਭੈਣ ਆਖ ਕੇ ਰਾਂਝਾ ਜੀ ਨੇ , ਫੇਰ
ਪੱਲਾ ਛਡਵਾਇਆ

ਏਸ ਆਸਕ ਦੇ ਵਾਂਗ ਕੁੜੀ ਨੂੰ, ਕਦੇ
ਵੀ ਫੁੱਲ ਫੜਾਇਓ ਨਾ
ਚੂਰੀ ਖਾਂਦੇ ਖਾਂਦੇ ਰਾਂਝਿਓ, ਐਵੇਂ ਈ
ਛਿੱਤਰ ਖਾਇਓ ਨਾ

ਇਸਕਾਂ ਦੇ ਇਹ ਨਸੇ ਦੋਸਤੋ ,
ਚੜ੍ਹਦੇ ਨਹੀਂ ਸਰਾਬਾਂ ਨਾਲ
ਦਿਲ ਮਿਲਿਆਂ ਦੇ ਮੇਲੇ
ਨਹੀਓਂ,ਮੰਨਦਾ ਕੋਈ ਗੁਲਾਬਾਂ ਨਾਲ

ਦਿਲ ਦਰਿਆ ਆਵਾਰਾ ਹੁੰਦੇ, ਕਦੇ
ਨਾ ਰੁਕਦੇ ਨੱਕਿਆਂ ਨਾਲ
ਡਾਣਸੀਵਾਲੀਆ ਪਿਆਰ
ਮੁਹੱਬਤ,ਕਦੇ ਨਾ ਹੁੰਦੇ ਧੱਕਿਆਂ
ਨਾਲ


ਕੁਲਵੀਰ ਸਿੰਘ ਡਾਨਸੀਵਾਲ

# ਲਿਓਨਲ ਮੈਸੀ ਨੂੰ ਧੱਕਾ ਮਾਰ ਕੇ ਪ੍ਰਸ਼ੰਸਕ ਨੇ ਮੈਦਾਨ ‘ਤੇ ਸੁੱਟਿਆ, ਮਹਾਨ ਫੁੱਟਬਾਲਰ ਦਾ ਰਿਐਕਸਨ ਹੋਇਆ ਵਾਇਰਲ

ਲਿਓਨਲ ਮੈਸੀ ਦੁਨੀਆ ਦੇ ਸਭ ਤੋਂ ਮਹਾਨ ਫੁੱਟਬਾਲਰਾਂ ਵਿੱਚੋਂ ਇੱਕ ਹਨ। ਉਨ੍ਹਾਂ ਨੇ ਆਪਣੀ ਕਪਤਾਨੀ ਹੇਠ ਅਰਜਨਟੀਨਾ ਨੂੰ ਫੀਫਾ ਵਰਲਡ ਕੱਪ ਵਿੱਚ ਜਿੱਤ ਦਿਵਾਈ। ਉਹ ਅਮਰੀਕਾ ਦੇ ਇੱਕ ਕਲੱਬ ਇੰਟਰ ਮਿਆਮੀ ਲਈ ਖੇਡਦੇ ਹਨ ਅਤੇ ਹਾਲ ਹੀ ਵਿੱਚ ਇੱਕ ਮੈਚ ਦੌਰਾਨ ਇੱਕ ਪ੍ਰਸ਼ੰਸਕ ਨੇ ਉਨ੍ਹਾਂ ਨੂੰ ਧੱਕਾ ਦੇ ਕੇ ਮੈਦਾਨ ‘ਤੇ ਸੁੱਟ ਦਿੱਤਾ। ਇਸ ਤੋਂ ਬਾਅਦ ਮੈਸੀ ਨੇ ਜੋ ਪ੍ਰਤੀਕਿਰਿਆ ਦਿੱਤੀ, ਉਹ ਸੋਸਲ ਮੀਡੀਆ ‘ਤੇ ਚਰਚਾ ਦਾ ਵਿਸਾ ਬਣੀ ਹੋਈ ਹੈ। ਮੈਸੀ ਇਸ ਘਟਨਾ ਤੋਂ ਬਾਅਦ ਬਿਲਕੁਲ ਸਾਂਤ ਦਿਖਾਈ ਦਿੱਤੇ।

ਇਹ ਵੀ ਪੜ੍ਹੋ

ਬਰਮਿੰਘਮ ਜਾ ਰਹੀ ਪੀ.ਵੀ. ਸਿੰਧੂ ਦੁਬਈ ਹਵਾਈ ਅੱਡੇ ‘ਤੇ ਹੋਈ ਪਰੇਸਾਨ, ਸੋਸਲ ਮੀਡੀਆ ਰਾਹੀਂ ਦੱਸੀ ਹੱਡਬੀਤੀ

ਵੀਰਵਾਰ ਨੂੰ ਪਿਊਰਟੋ ਰੀਕੋ ਵਿੱਚ ਇੰਡੀਪੈਂਡੀਅੰਟ ਡੇਲ ਵੈਲੇ ਵਿਰੁੱਧ ਇੰਟਰ ਮਿਆਮੀ ਸੀਐਫ ਦਾ ਇੱਕ ਦੋਸਤਾਨਾ ਮੁਕਾਬਲਾ ਖੇਡਿਆ ਜਾ ਰਿਹਾ ਸੀ। ਇਸ ਮੁਕਾਬਲੇ ਦੌਰਾਨ ਹੀ ਇੱਕ ਪ੍ਰਸ਼ੰਸਕ ਸਟੇਡੀਅਮ ਵਿੱਚ ਵੜ ਆਇਆ। ਉਸ ਨੇ ਮੈਸੀ ਨੂੰ ਡੇਗ ਦਿੱਤਾ, ਪਰ ਮਹਾਨ ਫੁੱਟਬਾਲਰ ਨੇ ਕੋਈ ਗੁੱਸਾ ਨਹੀਂ ਦਿਖਾਇਆ ਅਤੇ ਸਾਂਤ ਰਹੇ। ਇਸ ਦਾ ਵੀਡੀਓ ਹੁਣ ਸੋਸਲ ਮੀਡੀਆ ‘ਤੇ ਤੇਜੀ ਨਾਲ ਵਾਇਰਲ ਹੋ ਰਿਹਾ ਹੈ।




ਲਿਓਨਲ ਮੈਸੀ ਨੂੰ ਪ੍ਰਸ਼ੰਸਕ ਨੇ ਡੇਗਿਆ

ਇੰਟਰ ਮਿਆਮੀ ਦੇ ਇੱਕ ਦੋਸਤਾਨਾ ਮੈਚ ਦੌਰਾਨ ਇੱਕ ਪ੍ਰਸ਼ੰਸਕ ਸਟੇਡੀਅਮ ਵਿੱਚ ਵੜ ਆਇਆ। ਉਹ ਦੌੜਦਾ ਹੋਇਆ ਮੈਸੀ ਦੇ ਕੋਲ ਗਿਆ ਅਤੇ ਉਨ੍ਹਾਂ ਦੇ ਗਲੇ ਲੱਗਣ ਲੱਗਾ। ਹਾਲਾਂਕਿ, ਹੱਦ ਤਾਂ ਉਦੋਂ ਹੋ ਗਈ ਜਦੋਂ ਪ੍ਰਸ਼ੰਸਕ ਨੇ ਮੈਸੀ ਨੂੰ ਹੇਠਾਂ ਸੁੱਟ ਦਿੱਤਾ। ਪਰ ਮੈਸੀ ਖੁਦ ਨੂੰ ਛੁਡਾ ਕੇ ਖੜ੍ਹੇ ਹੋ ਗਏ। ਇਸ ਘਟਨਾ ਦੇ ਬਾਵਜੂਦ ਉਹ ਗੁੱਸੇ ਵਿੱਚ ਨਹੀਂ ਦਿਖੇ ਅਤੇ ਬਹੁਤ ਸਾਂਤ ਰਹੇ।

ਉਨ੍ਹਾਂ ਦੇ ਚਿਹਰੇ ਨੂੰ ਦੇਖ ਕੇ ਅਜਿਹਾ ਲੱਗ ਰਿਹਾ ਸੀ ਜਿਵੇਂ ਕੁਝ ਹੋਇਆ ਹੀ ਨਾ ਹੋਵੇ। ਜਿਹੜਾ ਪ੍ਰਸ਼ੰਸਕ ਸਟੇਡੀਅਮ ਵਿੱਚ ਵੜਿਆ ਸੀ, ਉਸ ਨੂੰ ਸੁਰੱਖਿਆ ਕਰਮਚਾਰੀ ਬਾਹਰ ਲੈ ਗਏ। ਮਹਾਨ ਫੁੱਟਬਾਲਰ ਦਾ ਅਜਿਹਾ ਰਿਐਕਸਨ ਦੇਖ ਕੇ ਪ੍ਰਸ਼ੰਸਕ ਵੀ ਉਨ੍ਹਾਂ ਦੀ ਤਾਰੀਫ ਕਰ ਰਹੇ ਹਨ।

ਇਹ ਮੈਚ ਬਯਾਮੋਨ ਦੇ ਜੁਆਨ ਰਾਮੋਨ ਲੌਬ੍ਰੀਏਲ ਸਟੇਡੀਅਮ ਵਿੱਚ ਖੇਡਿਆ ਗਿਆ। ਖੇਡ ਦੇ 88ਵੇਂ ਮਿੰਟ ਵਿੱਚ ਸਮਰਥਕ ਮੈਦਾਨ ਵਿੱਚ ਵੜਿਆ। ਦੱਸ ਦੇਈਏ ਕਿ ਮੈਚ ਦੌਰਾਨ ਕੋਈ ਇੱਕ ਨਹੀਂ ਸਗੋਂ ਕਈ ਪ੍ਰਸ਼ੰਸਕ ਮੈਦਾਨ ਵਿੱਚ ਵੜੇ ਸਨ। ਇੱਕ ਪ੍ਰਸ਼ੰਸਕ ਪਿੱਛੇ ਤੋਂ ਆਇਆ ਅਤੇ ਮੈਸੀ ਨੂੰ ਫੜ ਲਿਆ। ਸੁਰੱਖਿਆ ਕਰਮਚਾਰੀ ਉਸ ਨੂੰ ਛੁਡਾ ਰਹੇ ਸਨ ਪਰ ਇਸੇ ਚੱਕਰ ਵਿੱਚ ਮੈਸੀ ਵੀ ਹੇਠਾਂ ਡਿੱਗ ਗਏ। ਪ੍ਰਸ਼ੰਸਕ ਸੈਲਫੀ ਲੈਣ ਲਈ ਮੈਦਾਨ ਵਿੱਚ ਵੜੇ ਸਨ ਪਰ ਉਹ ਅਜਿਹਾ ਨਹੀਂ ਕਰ ਸਕੇ।

ਮੈਸੀ ਕਾਰਨ ਟਲ ਗਿਆ ਸੀ ਮੈਚ

ਜੇਕਰ ਇਸ ਮੈਚ ਦੀ ਗੱਲ ਕਰੀਏ ਤਾਂ ਇਹ 13 ਫਰਵਰੀ ਨੂੰ ਹੀ ਖੇਡਿਆ ਜਾਣਾ ਸੀ। ਹਾਲਾਂਕਿ, ਬਾਰਸੀਲੋਨਾ ਦੇ ਖਿਲਾਫ ਪਿਛਲੇ ਪ੍ਰਦਰਸਨੀ ਮੈਚ ਦੌਰਾਨ ਮੈਸੀ ਦੇ ਪੈਰ ਵਿੱਚ ਕੁਝ ਸਮੱਸਿਆ ਪੈਦਾ ਹੋ ਗਈ ਸੀ। ਇਸ ਤੋਂ ਬਾਅਦ ਮੁਕਾਬਲਾ ਮੁਲਤਵੀ ਕਰ ਦਿੱਤਾ ਗਿਆ ਸੀ। ਸੈਂਟੀਆਗੋ ਮੋਰਾਲੇਸ ਨੇ 16ਵੇਂ ਅਤੇ ਮੈਸੀ ਨੇ 70ਵੇਂ ਮਿੰਟ ਵਿੱਚ ਗੋਲ ਕੀਤਾ। ਇਸ ਦੇ ਨਾਲ ਹੀ ਇੰਟਰ ਮਿਆਮੀ ਨੇ 2-1 ਦੇ ਫਰਕ ਨਾਲ ਜਿੱਤ ਹਾਸਲ ਕੀਤੀ।

# ਆਲ ਇੰਗਲੈਂਡ ਚੈਂਪੀਅਨਸ਼ਿਪ ’ਚੋਂ ਬਾਹਰ ਹੋ ਸਕਦੀ ਹੈ ਸਿੰਧੂ



ਓਲੰਪਿਕ ਤਗ਼ਮਾ ਜੇਤੂ ਭਾਰਤੀ ਸ਼ਟਲਰ ਪੀ ਵੀ ਸਿੰਧੂ ਮੰਗਲਵਾਰ ਤੋਂ ਸ਼ੁਰੂ ਹੋ ਰਹੀ ਆਲ ਇੰਗਲੈਂਡ ਚੈਂਪੀਅਨਸ਼ਿਪ ’ਚੋਂ ਬਾਹਰ ਹੋ ਸਕਦੀ ਹੈ। ਅਮਰੀਕਾ ਤੇ ਇਜ਼ਰਾਈਲ ਵੱਲੋਂ ਇਰਾਨ ’ਤੇ ਕੀਤੀ ਬੰਬਾਰੀ ਅਤੇ ਤਹਿਰਾਨ ਦੇ ਜਵਾਬੀ ਹਮਲੇ ਦੇ ਸਿੱਟੇ ਵਜੋਂ ਖਾੜੀ ਖਿੱਤੇ ’ਚ ਹਵਾਈ ਖੇਤਰ ਬੰਦ ਕੀਤੇ ਜਾਣ ਕਰਕੇ ਸਿੰਧੂ ਇਸ ਵੇਲੇ ਦੁਬਈ ਵਿੱਚ ਅਟਕੀ ਹੋਈ ਹੈ। ਸਿੰਧੂ ਤੇ ਉਸ ਦੀ ਟੀਮ, ਜਿਸ ਵਿੱਚ ਇੰਡੋਨੇਸ਼ਿਆਈ ਕੋਚ ਇਰਵਾਨਸਿਆਹ ਆਦੀ ਪ੍ਰਤਾਮਾ ਵੀ ਸ਼ਾਮਲ ਹੈ, ਆਪਣੀ ਠਹਿਰ ਵਾਲੀ ਥਾਂ ਨੇੜੇ ਹੋਏ ਧਮਾਕੇ ’ਚ ਵਾਲ ਵਾਲ ਬਚ ਗਏ। ਖਾੜੀ ਵਿੱਚ ਤਣਾਅ ਵਧਣ ਮਗਰੋਂ ਉਨ੍ਹਾਂ ਨੂੰ ਸੁਰੱਖਿਅਤ ਟਿਕਾਣੇ ’ਤੇ ਤਬਦੀਲ ਕਰ ਦਿੱਤਾ ਗਿਆ ਹੈ।

ਭਾਰਤੀ ਸ਼ਟਲਰ ਨੇ ਆਲ ਇੰਗਲੈਂਡ ਚੈਂਪੀਅਨਸ਼ਿਪ ਦੇ ਆਪਣੇ ਸੁਰੂਆਤੀ ਮੁਕਾਬਲੇ ਵਿੱਚ ਥਾਈਲੈਂਡ ਦੀ ਸੁਪਾਨੀਦਾ ਕੇਤਥੌਂਗ ਨਾਲ ਖੇਡਣਾ ਸੀ, ਪਰ ਦੁਬਈ ਹਵਾਈ ਅੱਡਾ ਤੇ ਹਵਾਈ ਖੇਤਰ ਲਗਾਤਾਰ ਬੰਦ ਰਹਿਣ ਕਰਕੇ ਸਿੰਧੂ ਨੂੰ ਟੂਰਨਾਮੈਂਟ ’ਚੋਂ ਬਾਹਰ ਬੈਠਣ ਲਈ ਮਜਬੂਰ ਹੋਣਾ ਪੈ ਸਕਦਾ ਹੈ। ਚੈਂਪੀਅਨਸ਼ਿਪ ’ਚ ਸਿੰਧੂ ਦੀ ਸ਼ਮੂਲੀਅਤ ਬਾਰੇ ਬੇਯਕੀਨੀ ਬਰਕਰਾਰ ਹੈ, ਪਰ ਉਸ ਦੇ ਸਾਥੀ ਸ਼ਟਲਰ ਸਿੰਗਾਪੁਰ ਤੇ ਅਫਰੀਕਾ ਦੇ ਬਦਲਵੇਂ ਰੂਟ ਲੈ ਕੇ ਬਰਮਿੰਘਮ ਪਹੁੰਚਣ ਵਿੱਚ ਸਫਲ ਰਹੇ ਹਨ। ਪੁਰਸ਼ ਵਰਗ ’ਚ ਸਿੰਗਲਜ਼ ਖਿਤਾਬ ਦੇ ਦਾਅਵੇਦਾਰ ਲਕਸ਼ੈ ਸੈਨ ਤੇ ਨੌਜਵਾਨ ਖਿਡਾਰੀ ਆਯੂਸ਼ ਸ਼ੈੱਟੀ ਬਿਨਾਂ ਕਿਸੇ ਦਿੱਕਤ ਦੇ ਆਪਣੇ ਟਿਕਾਣੇ ’ਤੇ ਪਹੁੰਚ ਗਏ ਹਨ। ਲਕਸ਼ੈ ਚੀਨ ਦੇ ਨੰਬਰ 1 ਖਿਡਾਰੀ ਸ਼ੀ ਯੂ ਕੀ ਖਿਲਾਫ਼ ਆਪਣਾ ਸ਼ੁਰੂਆਤੀ ਮੁਕਾਬਲਾ ਖੇਡੇਗਾ।

# ਖਿਡਾਰੀਆਂ ’ਤੇ ਜੁਰਮਾਨੇ ਲਾਉਣ ਬਾਰੇ ਵਿਚਾਰ ਕਰ ਰਿਹੈ ਪੀ ਸੀ ਬੀ



ਟੀ-20 ਕ੍ਰਿਕਟ ਵਿਸ਼ਵ ਕੱਪ ਵਿੱਚ ਪਾਕਿਸਤਾਨ ਦੀ ਅਗਾਊਂ ਰੁਖ਼ਸਤਗੀ ਤੋਂ ਨਾਰਾਜ ਪਾਕਿਸਤਾਨ ਕ੍ਰਿਕਟ ਬੋਰਡ (ਪੀ ਸੀ ਬੀ) ਖਿਡਾਰੀਆਂ ’ਤੇ ਉਨ੍ਹਾਂ ਦੇ ਮਾੜੇ ਪ੍ਰਦਰਸਨ ਲਈ ਵਿੱਤੀ ਜੁਰਮਾਨੇ ਲਗਾਉਣ ਬਾਰੇ ਵਿਚਾਰ ਕਰ ਰਿਹਾ ਹੈ। ਇਤਬਾਰੀ ਸੂਤਰ ਨੇ ਕਿਹਾ ਕਿ ਪੀ ਸੀ ਬੀ ਵੱਲੋਂ ਖਿਡਾਰੀਆਂ ਦੇ ਮਿਹਨਤਾਨੇ ’ਚੋਂ ਕਟੌਤੀ ਦੀਆਂ ਖ਼ਬਰਾਂ ਗ਼ਲਤ ਸਨ, ਪਰ ਭਾਰਤ ਤੇ ਸ੍ਰੀਲੰਕਾ ਦੀ ਸਾਂਝੀ ਮੇਜਬਾਨੀ ਵਾਲੇ ਇਸ ਟੂਰਨਾਮੈਂਟ ਦੇ ਸੁਪਰ 8 ਪੜਾਅ ’ਚੋਂ ਟੀਮ ਦੇ ਬਾਹਰ ਹੋਣ ਕਰਕੇ ਮਾੜੀ ਕਾਰਗੁਜ਼ਾਰੀ ਵਾਲੇ ਖਿਡਾਰੀਆਂ ਖਿਲਾਫ਼ ਢੁਕਵੀਂ ਕਾਰਵਾਈ ’ਤੇ ਵਿਚਾਰ ਕੀਤਾ ਜਾ ਰਿਹਾ ਹੈ।

ਸੂਤਰ ਨੇ ਬਹੁਤੀ ਤਫ਼ਸੀਲ ਸਾਂਝਿਆਂ ਕਰਨ ਤੋਂ ਇਨਕਾਰ ਕਰਦਿਆਂ ਇਸ ਖਬਰ ਏਜੰਸੀ ਨੂੰ ਦੱਸਿਆ, “ਹਾਲ ਦੀ ਘੜੀ ਕੋਈ ਅੰਤਿਮ ਫੈਸਲਾ ਨਹੀਂ ਲਿਆ ਗਿਆ ਹੈ। ਪਰ ਖਿਡਾਰੀਆਂ ’ਤੇ ਜੁਰਮਾਨੇ ਲਾਉਣ ਦੀ ਤਜਵੀਜ਼ ਜ਼ਰੂਰ ਵਿਚਾਰਧੀਨ ਹੈ।” ਉਸ ਨੇ ਕਿਹਾ ਕਿ ਇਸ ਗੱਲ ’ਤੇ ਬਹਿਸ ਜਾਰੀ ਹੈ ਕਿ ਕੀ ਖਿਡਾਰੀਆਂ ਨੂੰ ਵਿੱਤੀ ਜੁਰਮਾਨੇ ਲਾਉਣਾ ਸਹੀ ਕਦਮ ਹੋਵੇਗਾ। ਚੇਤੇ ਰਹੇ ਕਿ ਪਾਕਿਸਤਾਨ ਸੈਮੀ ਫਾਈਨਲ ਲਈ ਕੁਆਲੀਫਾਈ ਕਰਨ ਵਿੱਚ ਅਸਫਲ ਰਿਹਾ ਅਤੇ ਰਵਾਇਤੀ ਵਿਰੋਧੀ ਭਾਰਤ ਅਤੇ ਇੰਗਲੈਂਡ ਵਰਗੀਆਂ ਵੱਡੀਆਂ ਟੀਮਾਂ ਤੋਂ ਹਾਰ ਗਿਆ ਜਦੋਂ ਕਿ ਨਿਊਜੀਲੈਂਡ ਖਿਲਾਫ਼ ਸੁਪਰ 8 ਮੁਕਾਬਲਾ ਮੀਂਹ ਦੀ ਭੇਟ ਚੜ੍ਹ ਗਿਆ। ਟੀਮ ਨੇ ਆਪਣੇ ਆਖਰੀ ਸੁਪਰ 8 ਮੈਚ ਵਿੱਚ ਸ੍ਰੀਲੰਕਾ ਨੂੰ ਹਰਾਇਆ ਪਰ ਸੈਮੀ ਫਾਈਨਲ ਲਈ ਕੁਆਲੀਫਾਈ ਨਹੀਂ ਕਰ ਸਕੀ। ਸੂਤਰ ਅਨੁਸਾਰ ਖਿਡਾਰੀਆਂ ਦੇ ਪ੍ਰਦਰਸਨ ਨੇ ਨਾ ਸਿਰਫ ਪੀ ਸੀ ਬੀ ਨੂੰ, ਸਗੋਂ ਸਰਕਾਰ ’ਚ ਪ੍ਰਭਾਵਸਾਲੀ ਵਿਅਕਤੀਆਂ ਨੂੰ ਵੀ ਪ੍ਰੇਸਾਨ ਕੀਤਾ ਹੈ। ਪਾਕਿਸਤਾਨੀ ਖਿਡਾਰੀ ਵੀ ਸ੍ਰੀਲੰਕਾ ਤੋਂ ਛੋਟੇ ਸਮੂਹਾਂ ਵਿੱਚ ਚੁੱਪ-ਚਾਪ ਘਰ ਪਰਤ ਗਏ। ਕਪਤਾਨ ਸਲਮਾਨ ਅਲੀ ਆਗਾ ਅਤੇ ਬੱਲੇਬਾਜ ਬਾਬਰ ਆਜਮ ਤੇ ਕੁਝ ਹੋਰ ਖਿਡਾਰੀ ਐਤਵਾਰ ਰਾਤੀਂ ਲਾਹੌਰ ਪਹੁੰਚੇ। ਖਿਡਾਰੀ, ਜਿਨ੍ਹਾਂ ਕੋਲ ਕੇਂਦਰੀ ਇਕਰਾਰਨਾਮੇ ਹਨ, ਉਨ੍ਹਾਂ ਨੂੰ ਮਹੀਨਾਵਾਰ ਰਿਟੇਨਰ ਤੇ ਮੈਚ ਫੀਸ ਅਤੇ ਬੋਰਡ ਦੇ ਟੀਮ ਸਪਾਂਸਰਸਿਪ ਸੌਦਿਆਂ ਵਿੱਚ ਬੋਨਸ ਅਤੇ ਹਿੱਸੇਦਾਰੀ ਮਿਲਦੀ ਹੈ।

# ‘ਇੱਕ ਰੁਪਇਆ ਨਹੀਂ ਕਮਾਇਆ…‘, ਸਾਬਕਾ ਪਤੀ ‘ਤੇ ਆਪਣੇ ਬਿਆਨ ਨੂੰ ਲੈ ਕੇ ਮੈਰੀਕਾਮ ਨੇ ਮੰਗੀ ਮਾਫ਼ੀ

ਪ੍ਰਸਿੱਧ ਭਾਰਤੀ ਮੁੱਕੇਬਾਜ ਮੈਰੀਕਾਮ ਨੇ ਆਪਣੇ ਸਾਬਕਾ ਪਤੀ ਵਿਰੁੱਧ ਆਪਣੇ ਬਿਆਨ ‘ਤੇ ਸਪੱਸਟੀਕਰਨ ਦਿੱਤਾ ਹੈ। ਮੈਰੀਕਾਮ ਕੁਝ ਸਮੇਂ ਤੋਂ ਆਪਣੀ ਨਿੱਜੀ ਜਿੰਦਗੀ ਨੂੰ ਲੈ ਕੇ ਖਬਰਾਂ ਵਿੱਚ ਹੈ। ਇੱਕ ਟੀਵੀ ਸੋਅ ਵਿੱਚ ਬੋਲਦਿਆਂ, ਕਾਮ ਨੇ ਆਪਣੇ ਸਾਬਕਾ ਪਤੀ ਕੇ. ਓਨਲਰ ਕਾਮ ਬਾਰੇ ਇੱਕ ਬਿਆਨ ਦਿੱਤਾ, ਜੋ ਸੋਸਲ ਮੀਡੀਆ ‘ਤੇ ਕਾਫੀ ਚਰਚਾ ਦਾ ਵਿਸਾ ਬਣ ਗਿਆ ਹੈ।

ਮੈਰੀਕਾਮ ਨੇ ਆਪਣੇ ਸਾਬਕਾ ਪਤੀ ਨੂੰ ਗਲੀ-ਗਲੀ ਫੁੱਟਬਾਲ ਖੇਡਣ ਵਾਲਾ ਅਤੇ ਆਪਣੀ ਪਤਨੀ ਦੀ ਕਮਾਈ ਖਾਣ ਵਾਲਾ ਦੱਸਿਆ। ਇਸ ਬਿਆਨ ਕਾਰਨ ਮਹਾਨ ਮੁੱਕੇਬਾਜ ਦੀ ਆਲੋਚਨਾ ਅਤੇ ਗੁੱਸਾ ਭੜਕਿਆ। ਉਸਨੇ ਹੁਣ ਇਸ ਬਿਆਨ ‘ਤੇ ਸਪੱਸਟੀਕਰਨ ਜਾਰੀ ਕੀਤਾ ਹੈ। ਉਸਦਾ ਮੰਨਣਾ ਹੈ ਕਿ ਉਸਨੇ ਭਾਵਨਾਵਾਂ ਵਿੱਚ ਵਹਿ ਕੇ ਅਜਿਹੀ ਭਾਸਾ ਦੀ ਵਰਤੋਂ ਕੀਤੀ। ਉਸਦਾ ਬਿਆਨ ਮਰਦਾਂ ਵੱਲ ਨਹੀਂ ਸੀ।

ਮੈਰੀ ਕੌਮ ਦਾ ਬਿਆਨ

ਮੈਰੀ ਕਾਮ ਨੇ ਹਾਲ ਹੀ ਵਿੱਚ ਸੋਅ ‘ਆਪ ਕੀ ਅਦਾਲਤ’ ਵਿੱਚ ਕਿਹਾ ਸੀ, “ਮੇਰੇ ਪਤੀ ਨੇ ਇੱਕ ਵੀ ਰੁਪਿਆ ਨਹੀਂ ਕਮਾਇਆ ਅਤੇ ਗਲੀਆਂ ਵਿੱਚ ਫੁੱਟਬਾਲ ਖੇਡਦਾ ਰਿਹਾ। ਉਸਦਾ ਕੋਈ ਸਫਲ ਕਰੀਅਰ ਨਹੀਂ ਸੀ ਜੋ ਉਹ ਮੇਰੇ ਲਈ ਕੁਰਬਾਨ ਕਰਦਾ।“ ਇਹ ਬਿਆਨ ਸੋਸਲ ਮੀਡੀਆ ‘ਤੇ ਵਾਇਰਲ ਹੋ ਗਿਆ, ਅਤੇ ਲੋਕਾਂ ਨੇ ਮੈਰੀ ਕਾਮ ਦੀ ਆਲੋਚਨਾ ਕੀਤੀ।



ਮੈਰੀ ਕਾਮ ਨੇ ਮੰਗੀ ਮਾਫ਼ੀ

ਮੈਰੀਕਾਮ ਨੇ ਹੁਣ ਆਪਣੇ ਸਾਬਕਾ ਪਤੀ ਵਿਰੁੱਧ ਦਿੱਤੇ ਬਿਆਨ ਲਈ ਮਾਫ਼ੀ ਮੰਗ ਲਈ ਹੈ। ਉਸਨੇ ਆਪਣੇ ਇੰਸਟਾਗ੍ਰਾਮ ‘ਤੇ ਇੱਕ ਵੀਡੀਓ ਸਾਂਝਾ ਕਰਦਿਆਂ ਕਿਹਾ, “ਸਭ ਤੋਂ ਪਹਿਲਾਂ, ਮੈਂ ਮਾਫ਼ੀ ਮੰਗਦੀ ਹਾਂ ਕਿ ਮੇਰੇ ਬਿਆਨ ਨੇ ਕੁਝ ਲੋਕਾਂ ਨੂੰ ਉਲਝਾਇਆ। ਅਜਿਹਾ ਨਹੀਂ ਹੈ ਕਿ ਮੇਰਾ ਵਿਆਹ ਕਦੇ ਸਫਲ ਨਹੀਂ ਹੋਇਆ। ਕਈ ਸਾਲਾਂ ਤੱਕ ਸਭ ਕੁਝ ਠੀਕ ਸੀ, ਪਰ ਫਿਰ ਵਿਸਵਾਸ ਪੂਰੀ ਤਰ੍ਹਾਂ ਟੁੱਟ ਗਿਆ, ਅਤੇ ਚੀਜਾਂ ਬਦਲ ਗਈਆਂ। ਅਪ੍ਰੈਲ 2025 ਵਿੱਚ ਮੇਰੇ ਤਲਾਕ ਤੋਂ ਬਾਅਦ, ਮੇਰੇ ਵਿਰੁੱਧ ਬਹੁਤ ਸਾਰੀਆਂ ਚੀਜਾਂ ਸਾਹਮਣੇ ਆਈਆਂ। ਉਸ ਸਮੇਂ, ਮੈਂ ਸੰਜਮ ਵਰਤਿਆ ਅਤੇ ਜਨਤਾ ਜਾਂ ਮੀਡੀਆ ਨੂੰ ਕੋਈ ਬਿਆਨ ਨਹੀਂ ਦਿੱਤਾ।“

ਮੇਰੇ ਬਿਆਨ ਬਾਰੇ ਭੰਬਲਭੂਸਾ

ਇਸ ਮਹਾਨ ਮੁੱਕੇਬਾਜ ਨੇ ਅੱਗੇ ਕਿਹਾ, “ਲੋਕਾਂ ਨੇ ਮੇਰੇ ਬਿਆਨ ਨੂੰ ਗਲਤ ਦਿਸਾ ਵਿੱਚ ਲਿਆ। ਮੈਂ ਕਿਸੇ ਵੀ ਫੁੱਟਬਾਲਰ ਦੇ ਵਿਰੁੱਧ ਨਹੀਂ ਹਾਂ ਅਤੇ ਮੈਨੂੰ ਫੁੱਟਬਾਲ ਬਹੁਤ ਪਸੰਦ ਹੈ। ਮੇਰਾ ਇਹ ਬਿਆਨ ਖਿਡਾਰੀਆਂ ਲਈ ਨਹੀਂ ਸੀ। ਸੁਨੀਲ ਛੇਤਰੀ ਬਣਨ ਵਾਲੇ ਸਾਰੇ ਖਿਡਾਰੀ ਸੜਕਾਂ ਤੋਂ ਸੁਰੂ ਹੁੰਦੇ ਹਨ। ਮੇਰੇ ਪਤੀ ਨੇ ਕਿਹਾ ਸੀ ਕਿ ਉਸਨੇ ਆਪਣਾ ਕਰੀਅਰ ਖਤਮ ਕਰ ਦਿੱਤਾ ਹੈ ਅਤੇ ਇਸ ਤੋਂ ਬਾਅਦ ਅਸੀਂ ਦਿੱਲੀ ਵਿੱਚ ਮਿਲੇ ਸੀ। ਮੈਂ ਉਨ੍ਹਾਂ ਆਦਮੀਆਂ ਤੋਂ ਮੁਆਫੀ ਮੰਗਦਾ ਹਾਂ ਜਿਨ੍ਹਾਂ ਨੂੰ ਮੇਰੇ ਬਿਆਨ ਤੋਂ ਦੁੱਖ ਹੋਇਆ ਹੈ, ਪਰ ਮੇਰਾ ਇਹ ਬਿਆਨ ਮਰਦਾਂ ਦੇ ਵਿਰੁੱਧ ਨਹੀਂ ਸੀ।“

# Op Epic Fury: The inmates are running the asylum



AMID the unprovoked and illegal attacks launched by the United States and Israel on the Islamic Republic of Iran on February 28, the rupee is falling, stock markets have crashed, oil prices have soared and there is a looming shortage of LNG and LPG. None of this is linked with the fiscal strategies of the Ministry of Finance or monetary policies of the Reserve Bank of India. And it comes in the wake of the chaos unleashed by US President Donald Trump's tariff tantrums and the turbulence created by Russia's invasion of Ukraine. Welcome to a brave new world where geopolitics has become the new macroeconomics.

In Trump's topsy-turvy Washington DC, there is a dense fog over the objectives of the attacks. Initially, the stated focus was on Iran's nuclear programme. Oman's Foreign Minister Badr Al Busaidi mediated several rounds of talks in Muscat that brought Iran and the US close to a final agreement. But the guns were locked and loaded, forcing the usually low-key Busaidi to make a desperate public plea. Give diplomacy a chance, he said, because Iran had finally agreed that it would not accumulate or stockpile any enriched uranium.

That didn't prevent Israel and the US from launching a volley of strikes on the morning of February 28 to assassinate Ayatollah Ali Khamenei and several other senior members of the theocratic regime in Iran. Because neither President Trump nor Israeli Prime Minister Benjamin Netanyahu could take Yes for an answer.

It wasn't just the nuclear programme; it was also Iran's missiles and launchers, US Secretary of State Marco Rubio later clarified. No, the real problem was the regime itself, Trump asserted. Regime change? Surely Washington hadn't already forgotten its disastrous experiments with regime change in Libya, Iraq and Afghanistan? In Iraq, Saddam Hussein's alleged nuclear weapons were never found but he was defeated, deposed and captured in 2003. The power vacuum created by the dismantling of the Ba'ath Party gave birth to the Islamic State and a host of other extremist groups. The Americans ended up with 37,000 casualties (dead or injured), a bill of $2.9 trillion and a battered and bruised country.

In Afghanistan, the Taliban paid the price for hosting Osama bin Laden in the wake of the 9/11 attacks. They were defeated and removed from power in 2001, only to triumphantly return to Kabul in 2021. The Americans suffered over 25,000 casualties and spent $2.3 trillion in the taxpayer-funded fiasco. In Libya, Muammar Qaddafi was taken down in 2011, but the country went through a destructive civil war and still remains cleaved into two antagonistic parts. Arms flowing into Libya have also fed into Islamist groups in the Sahel, leading to violent insurgencies in Mali, Burkina Faso and Niger. Regime change has consequences.

Israel, though, has no such misgivings. Netanyahu is quite clear that his end goal is to get a friendly regime in place in Tehran. "This is what I have aspired for 40 years," he crowed. Don't miss this opportunity to take back your country, he told the Iranians. And unlike the Americans who were looking for a quick exit, Israel is quite prepared for a campaign that would last several weeks. The emerging script suggests that we are, once again, witnessing a case of an aggressive tail wagging a befuddled dog.

For the Iranians, who have been at the receiving end of an unpopular and repressive regime, it isn't a question of simple binaries. Hating the theocratic regime doesn't mean embracing the US and Israel. The Central Intelligence Agency's (CIA's) Operation Ajax in 1953 to remove then Prime Minister Mohammad Mossadegh and install the Shah hasn't been forgotten. Bombing a school in Minab and killing over 160 schoolgirls isn't going to win hearts and minds in Iran. Nor will reports that the CIA is planning to arm the Kurdish minority to rise against Tehran. Having seen Iraq and Syria next door, they would also realise that even a bad government is better than having no government at all.

Iran's own response to the bombings appears to have caught the US by surprise. The regime has survived the decapitation of its top leaders by pivoting to a collective leadership and a more decentralised command-and-control structure. They have managed to land some blows on US military bases in Kuwait, Qatar and Bahrain. They have also hit airports, ports, hotels and energy infrastructure in each of the six Gulf Cooperation Council (GCC) states and announced the closure of the Strait of Hormuz to all shipping traffic.

In lashing out at its Arab neighbours, Tehran appears to have reserved a special ire for the UAE, despatching over a thousand missiles and drones at Abu Dhabi, Dubai, Sharjah and Fujairah. Effective air defence systems have kept damage to a minimum, but Tehran clearly hopes that its attacks will force the rulers of Qatar, UAE and Saudi Arabia to use their special relationship with Trump and bring the war to an early halt.

That tactic might backfire. Abu Dhabi has formidable defence capabilities but has so far chosen to act with restraint, as have the other Gulf nations. This is not our war, they have maintained, even as they have asserted their right to respond to Iran's aggression.

Over the last few years, the Gulf countries had worked assiduously to mend fences with Iran. They had actively opposed this war, not only for its potential to destabilise the region but also because a belligerent Israel had started to appear as a larger strategic threat than a weakened Iran. But Iran's actions over the last six days have endangered their economic security and may even push some into joining the US-Israel coalition. It is a choice between the devil and the deep blue sea.

Finally, spare a thought for Canadian PM Mark Carney's spirited plea in Davos for a concert of middle powers to counter Trump's unilateral violations of international law. The last week has shown Carney, along with the leaders of France, Germany, Australia, UK and even India, delicately tiptoeing around the debris of the rules-based order. Because the inmates in Washington DC are running the asylum. And nobody wants to mess with them.

***Navdeep Suri***

# Conflict in West Asia will test India's economic resilience



THE escalating crisis in West Asia, triggered by the US-Israeli strikes on Iran and the latter's retaliation, is causing economic tremors beyond the region. The stability of the energy market is at grave risk amid the threat to key global shipping routes. Oil and liquefied natural gas (LNG) shipments have already been disrupted due to attacks near the Strait of Hormuz, a strategic chokepoint for roughly one-fifth of the global oil supply. Ship insurers have pulled back war-risk coverage, freight costs are climbing and some ships are rerouting or halting operations. The immediate result has been a spike in crude prices, with Brent crude rising notably.

Higher crude prices will fuel inflationary pressures worldwide, challenging central banks that are already balancing inflation with growth. Industries reliant on petroleum and its derivatives — from transportation to chemicals and plastics — face rising input costs that can compress margins and slow down investment. Delayed deliveries will add to the woes of supply chains.

India imports 80-90 per cent of its crude oil, of which West Asia accounts for more than 40 per cent. Disruptions in Hormuz or even elevated geopolitical risk premiums could increase India's oil import bill as well as the fiscal deficit. A rise of even $10 per barrel could hike import costs substantially. India's trade corridors, especially for exports to the Gulf region, face rough weather. Electronics exports and other merchandise reliant on shipping through Hormuz and onward freight networks are at risk of delays, rising costs and lost opportunities. The Indian government is putting on a brave face, but a prolonged and deepening regional conflict would significantly aggravate the economic challenges. Navigating this storm will require agile policy responses, diversification of energy sources and stronger economic buffers to cushion against instability.

# Iran is prepared for the long haul



THERE are wars of choice and wars of necessity. The US-Israel military strikes on Iran fall in the former category, the ownership of which is firmly vested in US President Donald Trump and Israeli PM Benjamin Netanyahu. Operation Epic Fury, launched by the US and Israel, and the Iranians' Operation True Promise-4 have entered the fourth day. While Iran was caught off guard by last June's Operation Midnight Hammer, this time the speed and fierceness of its counter-force missile strikes, launched within the first 24 hours of hostilities, appear to have taken the US and Israel by surprise.

Iran has so far absorbed massive US-Israeli aerial bombardments and missile strikes and has counter-attacked by targeting Gulf countries and US military bases in the region, extensively damaging the US Navy's 5th Fleet headquartered in Bahrain and shooting down four US jet fighters over Kuwaiti airspace. Both are unprecedented US losses. The Bahrain strikes have degraded US naval supply and replenishment operations. The Iranians are clearly better prepared and have gamed multiple conflict scenarios, identifying targets in advance.

For the present, the conflict is on an escalatory ladder with a high risk of turning into a regional war of attrition. It's a question of when and whether the Gulf countries will enter the fray. Following an Iranian strike on a Saudi Aramco refinery, a Saudi official blamed the Americans, saying that they had "left all Gulf states that host American military bases at the mercy of Iranian strikes". Iran has successfully delivered a warning to members of the Gulf Cooperation Council to shed the pretence of hosting US bases on their territories while distancing themselves from American actions emanating from those very bases.

Iran is not Venezuela and calculations of a regime collapse have shown to be a catastrophic misreading by the US administration. Equally confounding is the lack of clarity of US-Israeli war aims and desired endgame. Iran was widely assessed to be at its weakest position ever. The June 2025 US airstrikes "obliterated" its nuclear programme, as US President Donald Trump put it, burying it under tons of rubble. Israel's decimation of Iran's regional allies exposed the limits of the powerful Islamic Revolutionary Guard Corps' ambitious strategy of "forward defence" via its "Axis of Resistance", while US sanctions brought the Iranian economy to its knees. The latter development triggered the recent nationwide social upheaval and anti-regime demonstrations which shook the ruling clerical establishment.

The US-Israeli escalation comes while negotiations were still going on between Iran and the US. It mirrors the game plan of deception that the US adopted during the 12-day war with Iran last year. At that time, as is the case now, the US and Iran were engaged in detailed discussions on Iran's nuclear programme. Oman's Foreign Minister Badr Al Busaidi, who is mediating the talks, revealed after the recent Geneva meeting that the Iranians had offered unprecedented concessions on their nuclear programme. He said, "If the ultimate objective is to ensure forever that Iran cannot have a nuclear bomb, I think we have cracked that problem." Later, the usually reticent Omani publicly expressed his "dismay" as US launched military strikes.

It's possible that things may not have deteriorated this rapidly had the US and Israel not launched the airstrikes that led to the death of 86-year old Supreme Leader Ayatollah Ali Khamenei. Predictably, the Iranian response has been one of calculated ferocity and a conscious expansion of the conflict's geographic contours. For the Shia faithful, martyrdom (shahadat) is the ultimate sacrifice — embracing death in defence of their faith.

Two developments have quickly followed Khamenei's death — first, the succession process as laid down in the Iranian Constitution has been set in motion. A three-member interim leadership council has been set up, consisting of the President (Masoud Pezeshkian), the Head of Judiciary (Gholam Hossein Mohseni Ejei) and a representative of the clerics (Ayatollah Alireza Arafi). The announcement of the next Supreme Leader or Velayat-e-Faqih is expected as early as this week. The second pertains to calls to avenge Khamenei's killing that are spreading among the Shia Ummah, from Lebanon and Iraq to Pakistan. In Lebanon, the Hezbollah have opened a new front against Israel. The Lebanese Hezbollah had stayed silent during Operation Midnight Hammer. In Iraq, there was an attempt to storm the US Embassy in Baghdad by Khataib Hezbollah, a pro-Iranian militia group.

The turn of events are a matter of serious concern for India, given our dependence on oil imports from the Gulf and the presence of over nine million expatriate Indians in the region. Outside of Iran, India has the largest Shia population, based in Lucknow, Hyderabad and Kargil. Khamenei's death is echoing within the Shia community in the country.

India holds the presidency of the BRICS, of which Iran is a member. External Affairs Minister S Jaishankar has spoken to his Iranian counterpart. Following Iran's missile strikes on the Saudi Aramco refinery, Prime Minister Narendra Modi called up Crown Prince Mohammed bin Salman and underlined the "utmost importance" of early "restoration of regional peace and stability".

The adverse downstream consequences of the US-Israeli actions are stacking up multidimensionally, impacting global shipping, spiking oil and energy prices and causing air traffic disruptions, all of which are being closely followed across the world.

Saudi Aramco's Ras Tanura oil refinery is one of the world's largest refineries and export terminals. Its shutdown is likely to lead to a massive spike in global oil prices. Trump, however, has nonchalantly announced that the conflict could last several weeks. This declaration reveals a gross misreading of Iran's resilience and counter-strike capabilities, which are dragging the US into one of its most consequential conflicts in decades. In the process, notions of a clean decapitating strike have been demolished, along with expectations of an imminent collapse of Iran's clerical regime.

Gaddam Dharmendra

# There's more to growth than GDP

Two words – 'parivartan' and 'vikas' – are ringing through the air across Nepal. Also loud and clear is the tintinnabulation of the 'ghanti' (bell), the symbol of the Rashtriya Swatantra Party (RSP), which is headed for an astonishing victory, sweeping aside traditional parties like the Nepali Congress and CPN UML (Communist Party of Nepal-United Marxist Leninist).

It is election day, an election many thought was not feasible following the GenZ uprising last year, when properties of political parties across the country, especially those in Kathmandu, were burnt to the ground and several politicians barely escaped with their lives. Equally astonishing was the online election of interim PM Sushila Karki that followed — an attempt at diversifying the sources of power.

The mood in the Pokhara/Gandaki district is both tranquil and festive. I have witnessed several elections in Nepal, but this time around it's clear that voters, majority women, are determined to punish the old, traditional political parties like the Nepali Congress and United Communist Party. The graffiti near one of the booths along the Chinese built six-lane Pokhara Kathmandu highway reads 'No to KP, Sher and Prachanda' (referring to four time-CPNUML PM KP Oli, five-time NC PM Sher Bahadur Deuba and four-time Maoist PM, Prachanda).



Outside the booth I asked Puran Gurung whom he voted for. Pat came the reply: "RSP must get a chance". The Army in camouflage fatigues is patrolling the highway; the police, discredited during the GenZ protests, is guarding booths. The Army has refused to transport ballot boxes to counting centres tonight as sought by the Election Commission because the old parties feared mischief.

Holi came one day earlier in Nepal, compared to India, which also turned out to be the last day of campaigning. Two candidates for Kaski Constituency No. 2, Nepali Congress' Madhav Prasad Bastia and RSP's Uttam Prasad Poudyel were playing Holi in my village. Although the area is a traditional NC stronghold, it was the RSP candidate who was greeted with the sound of bells and thundering applause.

Today it seemed as if the tumultuous RSP wave catalysed by two iconic leaders who have joined it – rapper and former Kathmandu Mayor, Balen Shah, the chief crowd puller and RSP's PM face, and party president Ravi Lamichhane — will bury the Nepali Congress. While RSP election slogan "abki baar Balen sarkar" hits bullseye, NC's "abki baar sau paar", according to locals, misses the target.

By 5 pm, voting had ended; voter turnout in Kaski 1 declined from 62 per cent in 2022 to 60 per cent this time. Based on trends derived from campaigning programmes, most political commentators have estimated the following seat tallies: RSP: 90 to 110 (21); NC 60 to 65 (89); UML 50 to 55 (78) and NCP (regrouped Maoists) 20 to 25 (32). In Nepal's mixed electoral system, individuals cast two votes – preferred candidate and preferred party.

Balen Shah, a Madhesi by birth but Newar by education and culture, looks headed to become Prime Minister.

**Arun Maira**

# Universe: Vishnu's art of attracting fortune

In Indian mythology, Vishnu is described as the beloved of Lakshmi. His names are Sri-vallabha, beloved of fortune, and Srinivasa, abode of fortune. In art, the goddess is shown residing in his heart, or seated by his side. When he reclines, she is at his feet. This pairing is a metaphor. It explains why some leaders naturally attract opportunities while others struggle. Lakshmi follows Vishnu because Vishnu embodies the qualities that fortune favours.

The first quality is balance. Vishnu reclines on a serpent and rides an eagle. The snake represents the ground reality, the tactical view, the daily struggle. The eagle represents the strategic view, the big picture, the long horizon. Most leaders fall into one camp — either overly tactical or overly strategic. Vishnu holds both. He can see the forest and the tree. Lakshmi gravitates to those who can manage both detail and vision. The serpent and the eagle are natural enemies. Those who think tactically usually fail to see the strategy and those who think long-term forget short-term goals. Vishnu balances both.

The second quality is adaptability. In different eras, Vishnu appears as Ram or Krishna. Ram is in Treta Yuga and Krishna



in Dwapara Yuga. Ram's era is more stable than Krishna's. Ram has to deal with enemies who break rules while Krishna has to deal with people who manipulate the system and pretend to follow rules. Ram follows rules, upholds order, and flourishes in a stable market where consistency matters. Krishna bends rules, navigates chaos, and thrives in a volatile market where innovation is essential. Leaders who cling to one style often fail when circumstances shift. Vishnu adapts, and Lakshmi flows towards those who adapt with intelligence rather than panic.

The third quality is integration. Vishnu unites rivals. He gets the Devas and the Asuras to churn the ocean of milk for its treasures. The Devas do not share the treasures and so get trapped in an endless cycle of war. In his imagery, the serpent and eagle — natural enemies — coexist. This symbolises the ability to make competing interests collaborate. In any organisation, departments fight for budgets, teams compete for credit, and egos clash. The leader who can get rivals to work together becomes a magnet for opportunity. Lakshmi follows unity, not conflict. A good leader is able to harness the tension between competing groups, get them to help rather than hurt each other.

The fourth quality rests in Vishnu's four hands, which represent four leadership actions. The shankh, or conch, stands for communication. A leader must speak clearly and repeatedly so that the team knows what to do. The chakra stands for review — constant monitoring and feedback. The gada stands for discipline — enforcing standards and consequences. The lotus stands for appreciation — recognising good work. Two actions are pleasant, two are painful, but all are necessary. Leaders who practice all four hold Lakshmi close.

**Devdutt Pattanaik**

# Creating an enabling AI ecosystem is the big challenge for India

The Delhi AI Impact Summit has established India as a significant and aspiring AI power. New Delhi has been able to articulate a normative vision of how AI should be harnessed for the larger global good — and this is a lofty vision. Our Edit and Op-Ed pages dissected the gains and the learnings from the summit.

The summit's most consequential silence concerned labour, writes former financial adviser IMF & World Bank Udaibir S Das in his Op-Ed article India's AI ambition faces structural limits. Although its theme was 'Welfare for all, Happiness of all', India's technology services workforce — roughly 5.8 million people — had no structured presence in the summit's power forums.

The AI summit was part policy forum, part technology and trade exposition but, ambitions must be tempered by inescapable realities such as energy poverty and water stress, writes former Foreign Secretary Shyam Saran in his Edit article India's AI road dotted with challenges. AI depends upon immense data-crunching capacity which comes from high-end Graphics Processing Units (GPUs), he says. Compare the numbers: The US is estimated to have 1.5 million GPUs in operation, China has half a million GPUs, India has only 38,000.

While India seeks to play a significant role in the global AI pursuit, it has a very modest capability and does not rank among the top five AI-capable nations, writes C Uday Bhaskar Director, Society for Policy Studies, in his Op-Ed article India's AI vision lofty, capability limited. Yes, India is a major adopter of AI and the crowd surge at the Delhi summit reflects the enthusiasm of the younger Indian demography. Creating an ecosystem that is enabling and empathetic to nurturing AI in the long term will be the abiding Indian challenge.




In her Op-Ed Equipping kids to face AI's brave new world, senior financial journalist Sushma Ramachandran writes that this is the right time to empower the youth and schoolchildren with skill sets which will help them navigate the AI boom. The nature of jobs will change as the need for different types of skills emerges with new technology. Investment in basic education must be enhanced along with a significant upgrade of infrastructure. Only then will it be possible for the next generation to deal effectively with the problems and perils of a future with AI, she writes.

